**Reo-Bankowned Properties**

From San Jose to Sacramento

JASSI GILL Broker/Owner

510-304-9292

**Refinance Now**

@ZERO COST

Call Sukhi Gill:510-207-9067



Jassi Gill

CA DRE Lic.#01180969

CA DRE# 00966763

**Hardeep S.Rai**

ਇੰਮੇਗਰੇਸ਼ਨ ਵਕੀਲ

Attorney-at-Law

• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਐਂਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212

**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Twelfth Year in Publication · ਕੈਲੇਫੋਰਨੀਆ ਐਡੀਸ਼ਨ · Price 50¢

Email:punjabtimes1@sbcglobal.net

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 12, Issue 19, May 7, 2011 · 20451 N Plum Grove Rd. Palatine, IL 60074 · Ph:847-359-0746, Fax:847-705-9388


# ਉਸਾਮਾ ਹਲਾਕ, ਦਹਿਸ਼ਤ ਦੇ ਇਕ ਦੌਰ ਦਾ ਅੰਤ

## ਪਾਕਿਸਤਾਨ ਦੇ ਸ਼ਹਿਰ ਐਬਟਾਬਾਦ 'ਚ ਹੋਇਆ ਅਪਰੇਸ਼ਨ
## ਸਿਰਫ 40 ਮਿੰਟਾਂ 'ਚ ਉਸਾਮਾ ਦੀ ਖੇਡ ਖ਼ਤਮ
## ਉਸਾਮਾ ਦੀ ਮੌਤ 9/11 ਦਾ ਇਨਸਾਫ਼ ਕਰਾਰ

**ਇਸਲਾਮਾਬਾਦ/ਵਾਸ਼ਿੰਗਟਨ:** ਸੰਸਾਰ ਭਰ ਵਿਚ ਦਹਿਸ਼ਤ ਦਾ ਪ੍ਰਤੀਕ ਬਣੇ ਉਸਾਮਾ ਬਿਨ ਲਾਦਿਨ ਨੂੰ ਅਮਰੀਕੀ ਫ਼ੌਜੀਆਂ ਨੇ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਨੇੜਲੇ ਸ਼ਹਿਰ ਐਬਟਾਬਾਦ ਵਿਚ ਮਹਿਜ਼ 40 ਮਿੰਟ ਦੇ ਸੰਖੇਪ ਜਿਹੇ ਮੁਕਾਬਲੇ ਵਿਚ ਮਾਰ ਮੁਕਾਇਆ। ਅਮਰੀਕਾ ਨੇ ਲਾਦਿਨ ਨੂੰ 9/11 ਦੇ ਸਾਕੇ ਦਾ ਮੁੱਖ ਸਾਜ਼ਿਸ਼ੀ ਕਰਾਰ ਦਿੱਤਾ ਹੋਇਆ ਸੀ। ਇਸ ਨਾਲ ਲਾਦਿਨ ਦੀ ਜ਼ਿੰਦਗੀ ਅਤੇ ਮੌਤ ਬਾਰੇ ਪਿਛਲੇ ਇੱਕ ਦਹਾਕੇ ਤੋਂ ਚੱਲ ਰਹੀਆਂ ਕਿਆਸ-ਅਰਾਈਆਂ ਦਾ ਭੋਗ ਪੈ ਗਿਆ। ਅਮਰੀਕੀ ਪ੍ਰਸ਼ਾਸਨ ਨੇ ਇਸ ਨੂੰ ਆਪਣੀ ਬਹੁਤ ਵੱਡੀ ਜਿੱਤ ਕਰਾਰ ਦਿੱਤਾ ਹੈ, ਦੂਜੇ ਬੰਨ੍ਹੇ ਤਾਲਿਬਾਨ ਅਤੇ ਹੋਰ ਦਹਿਸ਼ਤਪਸੰਦ ਜਥੇਬੰਦੀਆਂ ਨੇ ਅਮਰੀਕਾ ਖ਼ਿਲਾਫ਼ ਲੜਾਈ ਜਾਰੀ ਰੱਖਣ ਦਾ ਐਲਾਨ ਕਰਦਿਆਂ ਬਦਲਾ ਲੈਣ ਦਾ ਪ੍ਰਣ ਕੀਤਾ ਹੈ। ਇਸ ਕਾਰਵਾਈ ਨਾਲ ਪਾਕਿਸਤਾਨ ਦੇ ਸਿਰ ਵੱਡਾ ਉਲਾਂਭਾ ਆ ਗਿਆ ਹੈ ਜੋ ਹੁਣ ਤੱਕ ਉਸਾਮਾ ਦੇ ਪਾਕਿਸਤਾਨ ਵਿਚ ਹੋਣ ਤੋਂ ਲਗਾਤਾਰ ਇਨਕਾਰ ਕਰ ਰਿਹਾ ਸੀ।

ਅਮਰੀਕਾ ਵਿਚ ਐਤਵਾਰ ਦੀ ਰਾਤ ਅਤੇ ਪਾਕਿਸਤਾਨੀ ਸਮੇ ਅਨੁਸਾਰ ਤੜਕੇ ਐਬਟਾਬਾਦ ਵਿਚ ਅਮਰੀਕੀ ਸੁਰੱਖਿਆ ਦਸਤਿਆਂ ਨੇ ਹੈਲੀਕਾਪਟਰਾਂ ਰਾਹੀਂ ਖੁਫੀਆ ਅਪਰੇਸ਼ਨ ਕੀਤਾ। ਇਸ ਅਪਰੇਸ਼ਨ ਬਾਰੇ ਪਾਕਿਸਤਾਨ ਨੂੰ ਕਿਸੇ ਵੀ ਪੱਧਰ 'ਤੇ ਰੱਤੀ ਭਰ ਵੀ ਭਿਣਕ ਨਹੀਂ ਪੈਣ ਦਿੱਤੀ ਗਈ। ਅਮਰੀਕੀ ਅਧਿਕਾਰੀਆਂ ਨੂੰ ਖਦਸ਼ਾ ਸੀ ਕਿ ਇਉਂ ਅਪਰੇਸ਼ਨ ਦੀ ਖ਼ਬਰ ਲੀਕ ਹੋ ਸਕਦੀ ਹੈ। ਜਦੋਂ ਨੂੰ ਪਾਕਿਸਤਾਨੀ ਫੌਜ ਆਪਣੇ ਖਿੱਤੇ ਵਿਚ ਓਪਰਿਆਂ ਕੇ ਆ ਵੜਨ 'ਤੇ ਅਫ਼ਰਾ-ਤਫਰੀ 'ਚ ਇਕੱਠੀ ਹੋ ਰਹੀ ਸੀ, ਉਦੋਂ ਨੂੰ ਅਮਰੀਕਾ ਆਪਣਾ ਕੰਮ ਮੁਕਾ ਕੇ ਜਾ ਚੁੱਕਿਆ ਸੀ। ਇਸ ਕਾਰਵਾਈ ਵਿਚ ਅਮਰੀਕਾ ਦਾ ਇਕ ਹੈਲੀਕਾਪਟਰ ਤਬਾਹ ਹੋਣ ਦੀ ਖਬਰ ਵੀ ਹੈ।

ਉਂਜ ਅਮਰੀਕੀ ਪ੍ਰਸ਼ਾਸਨ ਅਨੁਸਾਰ ਇਸ ਕਾਰਵਾਈ ਲਈ ਪਾਕਿਸਤਾਨੀ ਹਕੂਮਤ ਦਾ ਸਹਿਯੋਗ ਹਾਸਲ ਸੀ। ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੇ ਇਸ ਤਰ੍ਹਾਂ ਕੀਤੀ ਕਾਰਵਾਈ ਨੂੰ ਦੇਸ਼ ਦੀ ਪ੍ਰਭੂਸੱਤਾ ਦੇ ਨੇਮਾਂ ਦੀ ਉਲੰਘਣਾ ਕਰਾਰ ਦਿੱਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਇਹ ਪਾਕਿਸਤਾਨ ਦੇ ਖੁਫੀਆ ਤੰਤਰ ਦੀ ਵੀ ਨਾਕਾਮੀ ਹੈ। ਯਾਦ ਰਹੇ ਕਿ ਐਬਟਾਬਾਦ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੀ ਉਤਰੀ ਵੱਖੀ ਵੱਲ 120 ਕਿਲੋਮੀਟਰ ਦੂਰ ਪੈਂਦਾ ਹੈ। ਲਾਦਿਨ ਜਿਹੜੇ ਘਰ ਵਿਚ ਠਹਿਰਿਆ ਸੀ, ਉਹ ਪਾਕਿਸਤਾਨ ਦੀ ਵੱਡੀ ਮਿਲਟਰੀ ਅਕੈਡਮੀ ਦੇ ਕਾਫੀ ਨੇੜੇ ਸੀ ਅਤੇ ਹੁਣ ਇਹ ਸੁਆਲ ਉਠ ਰਹੇ ਹਨ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੂੰ ਉਸ ਬਾਰੇ ਪਤਾ ਸੀ ਜਾਂ ਨਹੀਂ?



ਪ੍ਰਾਪਤ ਵੇਰਵੇ ਅਨੁਸਾਰ ਚਾਰ ਅਮਰੀਕੀ ਹੈਲੀਕਾਪਟਰ ਐਤਵਾਰ ਰਾਤੀਂ 1 ਵਜੇ ਦੇ ਕਰੀਬ ਐਬਟਾਬਾਦ ਦੀ ਇਕ ਵੱਡੀ ਕੋਠੀ ਲਾਗੇ ਉਤਰੇ ਅਤੇ 40 ਕੁ ਮਿੰਟ ਚੱਲੇ ਅਪਰੇਸ਼ਨ ਦੌਰਾਨ ਅਲ-ਕਾਇਦਾ ਦਾ 54 ਸਾਲਾ ਮੁਖੀ ਉਸਾਮਾ ਬਿਨ ਲਾਦਿਨ ਮਾਰਿਆ ਗਿਆ। ਇਹ ਦੋ ਮੰਜ਼ਲਾ ਘਰ ਕਾਕੁਲ ਮਿਲਟਰੀ ਅਕੈਡਮੀ ਦੇ ਬਿਲਕੁਲ ਨੇੜੇ ਹੈ ਅਤੇ ਇਸ ਇਲਾਕੇ ਵਿਚ ਜ਼ਿਆਦਾਤਰ ਫੌਜੀ ਅਫਸਰਾਂ ਅਤੇ ਮੁਲਾਜ਼ਮਾਂ ਦੀ ਹੀ ਰਿਹਾਇਸ਼ ਹੈ। ਸੂਤਰਾਂ ਵੱਲੋਂ ਨਸ਼ਰ ਜਾਣਕਾਰੀ ਮੁਤਾਬਕ 2005 ਵਿਚ ਉਚੇਚੇ ਤੌਰ 'ਤੇ ਬਣਾਏ ਇਸ ਘਰ ਵਿਚ ਲਾਦਿਨ ਕਾਫੀ ਦੇਰ ਤੋਂ ਠਹਿਰਿਆ ਹੋਇਆ ਸੀ।

ਲਾਦਿਨ ਦੇ ਮਾਰੇ ਜਾਣ ਦੀ ਖਬਰ ਦੁਨੀਆਂ ਨੂੰ ਸਭ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਤੀਂ 11 ਵਜੇ (ਅਮਰੀਕੀ ਸਮਾਂ) ਦੱਸੀ। ਇਸ ਤੋਂ ਪਹਿਲਾਂ ਕੁਝ ਕੌਮਾਂਤਰੀ ਚੈਨਲਾਂ ਨੇ ਇਸ ਬਾਰੇ ਸ਼ੁਰੂਆਤੀ ਰਿਪੋਰਟਾਂ ਨਸ਼ਰ ਕੀਤੀਆਂ ਸਨ। ਰਾਸ਼ਟਰਪਤੀ ਓਬਾਮਾ ਨੇ ਕਿਹਾ, "ਬਿਨ ਲਾਦਿਨ ਮਾਰਿਆ ਗਿਆ ਹੈ ਤੇ ਉਸ ਦੀ ਲਾਸ਼ ਅਮਰੀਕਾ ਦੇ ਕਬਜ਼ੇ ਵਿਚ ਹੈ।" ਬਿਨ ਲਾਦਿਨ ਦੇ ਮਾਰੇ ਜਾਣ ਦੀ ਖਬਰ ਮਿਲਦਿਆਂ ਹੀ ਲੋਕ ਵ੍ਹਾਈਟ ਹਾਊਸ ਸਾਹਮਣੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ 'ਅਮਰੀਕਾ ਜ਼ਿੰਦਾਬਾਦ' ਦੇ ਨਾਅਰੇ ਲਾਏ।

ਲਾਦਿਨ ਦੇ ਸਿਰ 'ਤੇ 2.5 ਕਰੋੜ ਡਾਲਰ ਦਾ ਵੱਡਾ ਇਨਾਮ ਸੀ। ਅਪਰੇਸ਼ਨ ਦੌਰਾਨ ਲਾਦਿਨ ਦਾ ਪੁੱਤਰ, ਇਕ ਔਰਤ ਅਤੇ ਦੋ ਕੂਰੀਅਰ ਕਾਰਿੰਦੇ ਵੀ ਮਾਰੇ ਗਏ। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਹੈਲੀਕਾਪਟਰ ਸਵਾਰ ਅਮਰੀਕੀ ਸਪੈਸ਼ਲ ਫੋਰਸਿਜ਼ ਕਮਾਂਡੋਆਂ ਨੇ ਲਾਦਿਨ ਦੇ ਮੱਥੇ ਵਿਚ ਗੋਲੀ ਮਾਰੀ। ਇਸ ਤੋਂ ਪਹਿਲਾਂ ਥੋੜ੍ਹੀ-ਬਹੁਤ ਦੁਵੱਲੀ ਗੋਲੀਬਾਰੀ ਹੋਈ। ਅਮਰੀਕੀ ਹੈਲੀਕਾਪਟਰ ਇਸ ਘਰ ਦੇ ਨੇੜੇ ਉਤਰੇ ਅਤੇ ਜੁਆਇੰਟ ਸਪੈਸ਼ਲ ਅਪਰੇਸ਼ਨਜ਼ ਕਮਾਂਡ ਦੀ ਅਗਵਾਈ ਹੇਠ 20 ਤੋਂ 25 ਨੇਵੀ ਸਿਐਲਜ਼ (ਕਮਾਂਡੋ) ਨੇ ਘਰ 'ਤੇ ਧਾਵਾ ਬੋਲਿਆ। ਜਾਣਕਾਰੀ ਮੁਤਾਬਕ ਲਾਦਿਨ ਨੇ ਆਪ ਵੀ ਗੋਲੀਆਂ ਚਲਾਈਆਂ। ਅਮਰੀਕੀਆਂ ਨੇ ਪਾਕਿਸਤਾਨੀ ਸੁਰੱਖਿਆ ਅਧਿਕਾਰੀਆਂ ਨੂੰ ਇਸ ਅਪਰੇਸ਼ਨ ਦੀ ਭਿਣਕ ਨਾ ਲੱਗਣ ਦਿੱਤੀ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਦਹਿਸ਼ਤਪਸੰਦਾਂ ਨੂੰ ਜਾਣਕਾਰੀ ਲੀਕ ਨਾ ਹੋ ਜਾਵੇ। ਇਸੇ ਦੌਰਾਨ ਪਾਕਿਸਤਾਨੀ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਅਮਰੀਕੀ ਹੈਲੀਕਾਪਟਰ ਉਤਰ ਪੱਛਮੀ ਪਾਕਿਸਤਾਨ ਵਿਚ ਗਾਜ਼ੀ ਏਅਰਬੇਸ ਤੋਂ ਉਡੇ ਸਨ। ਜਾਣਕਾਰੀ ਅਨੁਸਾਰ ਅਮਰੀਕੀ ਕਮਾਂਡੋ ਕਾਲੀ ਬੋਲੀ ਰਾਤ ਨੂੰ ਅਫਗਾਨਿਸਤਾਨ ਦੇ ਜਲਾਲਾਬਾਦ ਫੌਜੀ ਅੱਡੇ ਰਾਹੀਂ ਐਬਟਾਬਾਦ ਪੁੱਜੇ ਸਨ।

ਲਾਦਿਨ ਦੀਆਂ ਦੋ ਪਤਨੀਆਂ ਅਤੇ ਚਾਰ ਬੱਚਿਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅਪਰੇਸ਼ਨ ਦੌਰਾਨ ਮਾਰੀ ਗਈ ਔਰਤ ਨੂੰ ਮਨੁੱਖੀ ਢਾਲ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਪਾਕਿਸਤਾਨੀ ਟੀ.ਵੀ. ਚੈਨਲਾਂ ਦੀਆਂ ਰਿਪੋਰਟਾਂ ਮੁਤਾਬਕ ਇਹ ਘਰ ਖੇਤਾਂ ਵਿਚ ਬਣਿਆ ਸੀ ਤੇ ਇਸ ਦੀ ਸੱਤ ਫੁੱਟ ਉਚੀ ਦੀਵਾਰ 'ਤੇ ਬਿਜਲੀ ਦੀ ਤਾਰ ਲਾਈ ਹੋਈ ਸੀ।

ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਲਾਦਿਨ ਹਜ਼ਾਰਾਂ ਲੋਕਾਂ ਦੇ ਕਤਲਾਂ ਲਈ ਕਸੂਰਵਾਰ ਸੀ। ਅਮਰੀਕਾ ਅਲ-ਕਾਇਦਾ ਅਤੇ ਹੋਰ ਅਤਿਵਾਦੀ ਜਥੇਬੰਦੀਆਂ ਨੂੰ ਤਹਿਸ ਨਹਿਸ ਕਰਨ ਲਈ ਦ੍ਰਿੜ੍ਹ ਹੈ। ਉਨ੍ਹਾਂ ਕਿਹਾ, "ਹੁਣ ਇਨਸਾਫ ਹੋ ਗਿਆ ਹੈ।"

ਅਮਰੀਕੀ ਪ੍ਰਸ਼ਾਸਨ ਦੇ ਸੂਤਰਾਂ ਮੁਤਾਬਕ ਅਮਰੀਕਾ ਨੇ ਲਾਦਿਨ ਖਿਲਾਫ ਕਾਰਵਾਈ ਲਈ ਕਰੋੜਾਂ ਡਾਲਰ ਅਤੇ ਅਣਗਿਣਤ ਮੁਲਜ਼ਮ ਝੋਕੇ ਹੋਏ ਸਨ। ਖੁਫੀਆ ਏਜੰਸੀ ਸੀ.ਆਈ.ਏ. ਦਾ ਇਕ ਵੱਖਰਾ ਵਿੰਗ ਇਸ ਉਤੇ ਲਗਾਤਾਰ ਕੰਮ ਕਰ ਰਿਹਾ ਸੀ। ਇਸ ਵਿੰਗ ਨੂੰ ਹਰ ਕਿਸਮ ਦੀ


*(ਬਾਕੀ ਸਫਾ 3 'ਤੇ)*

***ਹੋਰ ਖਬਰਾਂ ਅੰਦਰ ਸਫਾ 12-13 'ਤੇ***



**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL

Broker / Associate

MBA · SFR · CDPE

Century 21 M&M and Associates

209.918.6464

ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Raja™ SWEETS & CATERING®

follow us on

AUTHORIZED CATERER FOR MAJOR 5-STAR HOTELS

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617

Email:manpreet@gahralaw.com

ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ

ਪੰਥ ਕੀ ਜੀਤ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

ਗੁਰਦੁਆਰਾ ਸੈਨ ਹੋਜੇ ਵਿਖੇ ਸਨਿਚਰਵਾਰ 30 ਅਪਰੈਲ ਨੂੰ ਕਰਵਾਏ ਗਏ ਰੈਣ ਸਭਾਈ ਕੀਰਤਨ ਦਰਬਾਰ ਵਿਚ ਹਜ਼ਾਰਾਂ ਹੀ ਸਿੱਖ ਸ਼ਰਧਾਲੂਆਂ ਨੇ ਹਾਜ਼ਰੀਆਂ ਭਰ ਕੇ ਗੁਰੂ ਜਸ ਦਾ ਲਾਹਾ ਲਿਆ। ਐਤਵਾਰ ਵਾਲੇ ਦਿਨ ਗੁਰੂ ਘਰ ਵਲੋਂ ਰਣਜੀਤ ਕੌਰ ਪਤਨੀ ਸਵਰਗਵਾਸੀ ਪਿਆਰਾ ਸਿੰਘ ਉਭੀ ਦਾ ਸਨਮਾਨ ਕੀਤਾ ਗਿਆ। ਸ. ਪਿਆਰਾ ਸਿੰਘ ਉਭੀ ਸੈਨ ਹੋਜ਼ੇ ਗੁਰੂ ਘਰ ਨੂੰ ਸੂਰੂ ਕਰਨ ਵਾਲੇ ਮੋਢੀਆਂ ਵਿਚੋਂ ਸਨ ਅਤੇ ਉਨ੍ਹਾਂ ਬੜਾ ਲੰਬਾ ਸਮਾਂ ਗੁਰੂ ਘਰ 'ਚ ਮੁੱਖ ਖਜ਼ਾਨਚੀ ਵਜੋਂ ਸੇਵਾ ਨਿਭਾਈ ਸੀ।



ਸੂਬੇਦਾਰ ਸੁਰਜੀਤ ਸਿੰਘ ਲਤਾਲੇ ਵਾਲੇ

ਦੀਵਾਨ ਵਿਚ ਸੂਬੇਦਾਰ ਸੁਰਜੀਤ ਸਿੰਘ ਲਤਾਲੇ ਵਾਲੇ ਨੇ ਪਾਕਿਸਤਾਨ ਅਤੇ ਭਾਰਤ ਦੇ ਗੁਰੂ ਘਰਾਂ ਦੇ ਇਤਿਹਾਸ ਬਾਰੇ ਬਹੁਤ ਡੂੰਘਾਈ ਨਾਲ ਸੰਗਤ ਨੂੰ ਜਾਣਕਾਰੀ ਦਿਤੀ। ਉਨ੍ਹਾਂ ਸਮੂਹ ਸੰਗਤਾਂ ਨੂੰ ਸ਼ਰਾਰਤੀ ਲੋਕਾਂ ਅਤੇ ਗਲਤ ਪ੍ਰਚਾਰ ਕਰਨ ਵਾਲਿਆਂ ਤੋਂ ਸੁਚੇਤ ਰਹਿਣ ਦੀ ਬੇਨਤੀ ਵੀ ਕੀਤੀ।



ਬੀਬੀ ਰਣਜੀਤ ਕੌਰ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ

## ਗੁਰੂਘਰ ਵਲੋਂ ਲਏ ਗਏ ਨਵੇਂ ਕਰਜੇ ਅਤੇ ਕਿਸ਼ਤ ਬਾਰੇ

ਸਾਰੇ ਨਵੇਂ ਪ੍ਰੋਜੈਕਟ ਤੇ ਤਕਰੀਬਨ 20 ਮਿਲੀਅਨ ਡਾਲਰ ਦਾ ਖਰਚਾ ਹੋਇਆ ਹੈ। ਗੁਰੂਘਰ ਵਲੋਂ ਸਾਢੇ 13 ਮਿਲੀਅਨ ਡਾਲਰ ਦਾ ਬੈਂਕ ਆਫ ਅਮੈਰਿਕਾ ਤੋਂ 20 ਸਾਲ ਦਾ ਲੋਨ ਲਿਆ ਗਿਆ ਹੈ ਜਿਸਦੀ ਮਹੀਨਾਵਾਰ ਕਿਸ਼ਤ 65,800 ਡਾਲਰ ਹੈ, ਇਸ ਵਿਚ 30,800 ਡਾਲਰ ਵਿਆਜ ਅਤੇ 35,000 ਡਾਲਰ ਮੂਲ ਹੈ। ਵਿਆਜ ਦੀ ਦਰ ਪੌਣੇ ਤਿੰਨ ਪ੍ਰਤੀਸ਼ਤ (LIBOR + 2.5) ਹੈ।

ਵਿਆਜ ਦੀ ਦਰ ਵੱਧਣ 'ਤੇ ਮਹੀਨਾਵਾਰ ਕਿਸ਼ਤ ਵੱਧ ਤੋਂ ਵੱਧ 85,000 ਡਾਲਰ ਹੋ ਸਕਦੀ ਹੈ

## ਸੰਗਤ ਵਲੋਂ ਨਵੇਂ ਪ੍ਰਾਜੈਕਟ ਸ਼ੁਰੂ ਕਰਨ ਦੇ ਸੁਝਾਅ

*ਸੰਗਤ ਵਲੋਂ ਸੁਝਾਅ ਦਿਤਾ ਗਿਆ ਹੈ ਕਿ*

* ਪਹਾੜੀ ਵਾਲੀ ਜ਼ਮੀਨ ਦੇ ਆਲੇ ਦੁਆਲੇ ਗੁਰੂ ਨਾਨਕ ਪਗਡੰਡੀ ਬਣਾਈ ਜਾਵੇ, ਜਿਸ 'ਤੇ ਬਹੁਤ ਵਧੀਆ ਤਰੀਕੇ ਨਾਲ ਥਾਂ-ਥਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਸਿੱਖਿਆ ਬਾਰੇ ਲਿਖਿਆ ਹੋਵੇ, ਆਰਾਮ ਕਰਨ ਲਈ ਥਾਂਵਾਂ ਬਣੀਆਂ ਹੋਣ ਅਤੇ ਪੀਣ ਵਾਲੇ ਪਾਣੀ ਦਾ ਇੰਤਜ਼ਾਮ ਹੋਵੇ।
* ਨੌਰਥ ਸਾਈਡ 'ਤੇ ਖਾਲੀ ਪਈ 7 ਏਕੜ ਜ਼ਮੀਨ (ਜਿੱਥੇ ਵੱਡੇ ਪ੍ਰੋਗਰਾਮਾਂ 'ਤੇ ਕਾਰਾਂ ਪਾਰਕ ਕੀਤੀਆਂ ਜਾਂਦੀਆਂ ਹਨ) ਨੂੰ ਠੀਕ ਤਰੀਕੇ ਨਾਲ ਵਰਤੋਂ ਵਿਚ ਲਿਆਂਦਾ ਜਾਵੇ, ਪਾਰਕਿੰਗ ਲਾਟ ਬਣ ਜਾਵੇ ਜਾਂ ਖੇਡਣ ਲਈ ਗਰਾਂਉਂਡ ਬਣਾਈ ਜਾਵੇ।
* ਪਹਾੜੀ ਵਾਲੀ ਨਾਵਰਤੋਂ ਵਾਲੀ ਜ਼ਮੀਨ 'ਚ ਜੇ ਸੋਲਰ ਸਿਸਟਮ ਲਾਇਆ ਜਾਵੇ ਤਾਂ ਬਿਜਲੀ ਕੰਪਨੀ ਨੂੰ ਬਿਜਲੀ ਵੇਚ ਕੇ ਗੁਰੂ ਘਰ ਨੂੰ 10,000 ਡਾਲਰ ਪ੍ਰਤੀ ਮਹੀਨਾ ਆਮਦਨ ਹੋ ਸਕਦੀ ਹੈ। ਇਸ ਪ੍ਰਾਜੈਕਟ ਉਤੇ ਗੁਰੂ ਘਰ ਦਾ ਕੋਈ ਖਰਚ ਵੀ ਨਹੀ ਆਉਣਾ।
* ਸੀਨੀਅਰ ਸਿਟੀਜ਼ਨਾਂ ਦੇ ਬੈਠਣ-ਉਠਣ ਅਤੇ ਆਰਾਮ ਕਰਨ ਲਈ ਵਧੀਆ ਥਾਂ ਬਣਾਈ ਜਾਵੇ।
* ਗੁਰਦੁਆਰਾ ਸਾਹਿਬ ਅੰਦਰ ਅਜਾਇਬ ਘਰ ਬਣਾਇਆ ਜਾਵੇ।

## ਗੁਰੂ ਘਰ ਦੇ ਸੰਵਿਧਾਨ 'ਚ ਕੁਝ ਸੋਧਾਂ ਬਾਰੇ ਜਾਣਕਾਰੀ

ਗੁਰੂਘਰ ਅੰਦਰ 17 ਅਪਰੈਲ ਨੂੰ ਜਨਰਲ ਬਾਡੀ ਦੀ ਮੀਟਿੰਗ ਹੋਈ ਜਿਸ ਦੀ 12 ਮਾਰਚ ਨੂੰ ਅਨਾਊਂਸਮੈਂਟ ਕੀਤੀ ਗਈ ਸੀ ਅਤੇ 18 ਮਾਰਚ ਨੂੰ ਨੋਟਿਸ ਬੋਰਡ ਉਤੇ ਨੋਟ ਵੀ ਲਾਇਆ ਗਿਆ ਸੀ। ਇਸ ਮੀਟਿੰਗ ਵਿਚ ਸੰਗਤ ਦਾ ਬਹੁਤ ਭਾਰੀ ਇਕੱਠ ਸੀ। ਗੁਰੂਘਰ ਦੀ ਮਰਯਾਦਾ ਅਨੁਸਾਰ ਅਰਦਾਸ ਕਰਕੇ ਇਸ ਮੀਟਿੰਗ ਦੀ ਅਰੰਭਤਾ ਹੋਈ। ਪ੍ਰਬੰਧਕ ਕਮੇਟੀ ਵਲੋਂ ਡੂੰਘੀ ਵਿਚਾਰ ਕੀਤੀ ਗਈ ਕਿ ਸਾਰੀ ਕਮੇਟੀ ਇੱਕੋ ਵਾਰ ਬਦਲਣ ਦੀ ਬਜਾਏ ਹਰ ਸਾਲ ਚਾਰ ਮੈਂਬਰਾਂ ਨੂੰ ਸੇਵਾਮੁਕਤ ਕੀਤਾ ਜਾਵੇ ਅਤੇ ਚਾਰ ਮੈਂਬਰ ਨਵੇਂ ਆ ਜਾਣ। ਇਸ ਲਈ ਸੰਵਿਧਾਨ ਵਿਚ ਕੁੱਝ ਸੋਧਾਂ ਵਾਲੀ ਤਜਵੀਜ਼ (ਪ੍ਰੋਪੋਜ਼ਲ) ਸੰਗਤਾਂ ਸਾਹਮਣੇ ਰਖੀ ਗਈ। ਕੰਧ ਉਤੇ ਚੱਲ ਰਹੇ ਸਕਰੀਨ ਉਪਰ ਇਸ ਬਾਰੇ ਪੂਰਨ ਜਾਣਕਾਰੀ ਦਿੱਤੀ ਗਈ। ਹਰ ਸਾਲ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਸੇਵਾਮੁਕਤ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸੰਗਤ ਨੂੰ ਪੁੱਛਿਆ ਗਿਆ ਕਿ ਜੇ ਤੁਸੀ ਰੱਖੇ ਗਏ ਮਤਿਆਂ ਨਾਲ ਸਹਿਮਤ ਹੋ ਤਾਂ ਹੱਥ ਖੜੇ ਕਰਕੇ ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿਉ। ਦੋ ਤਿਆਹੀ ਤੋਂ ਵੱਧ ਸੰਗਤ ਨੇ ਹੱਥ ਖੜੇ ਕਰਕੇ ਰੱਖੇ ਗਏ ਸਾਰੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

ਸੰਗਤ ਵਲੋਂ ਪ੍ਰਬੰਧਕ ਕਮੇਟੀ ਦੀ ਭਰਪੂਰ ਸ਼ਲਾਘਾ ਕੀਤੀ ਗਈ ਜਿਸ ਨੇ ਬਹੁਤ ਮਿਹਨਤ ਕਰਕੇ ਇਸ ਆਲੀਸ਼ਾਨ ਗੁਰੂ ਘਰ ਨੂੰ ਬਣਾਉਣ ਵਿਚ ਇੰਨਾ ਵੱਡਾ ਯੋਗਦਾਨ ਪਾਉਣ ਤੋਂ ਬਾਦ ਆਪ ਹੀ ਕਮੇਟੀ ਤੋਂ ਸੇਵਾ ਮੁਕਤ ਹੋਣ ਦਾ ਇਕ ਬਹੁਤ ਵਧੀਆ ਸਿਸਟਮ ਬਣਾਇਆ ਹੈ।

ਹਰ ਸਾਲ ਪ੍ਰਬੰਧਕ ਕਮੇਟੀ ਸੰਗਤ ਵਿਚੋਂ ਤਿੰਨ ਮੈਬਰਾਂ ਦੀ ਇਕ ਤਲਾਸ਼/ਨਾਮੀਨੇਸ਼ਨ ਕਮੇਟੀ ਬਣਾਵੇਗੀ। ਇਸ ਤਲਾਸ਼ ਕਮੇਟੀ ਵਿਚ ਤਿੰਨ ਮੈਂਬਰਾਂ 'ਚੋਂ ਇਕ ਮੈਂਬਰ ਸੇਵਾ ਮੁਕਤ ਹੋ ਰਹੇ ਪ੍ਰਬੰਧਕ ਕਮੇਟੀ ਮੈਂਬਰਾਂ 'ਚੋਂ ਵੀ ਲਿਆ ਜਾ ਸਕਦਾ ਹੈ। ਇਹ ਤਿੰਨ ਮੈਂਬਰੀ ਤਲਾਸ਼ ਕਮੇਟੀ ਸੰਗਤ ਵਿਚੋਂ 4 ਮੈਬਰਾਂ ਦੀ ਤਲਾਸ਼ ਕਰੇਗੀ ਜੋ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਵਧੀਆ ਤਰੀਕੇ ਨਾਲ ਸੇਵਾ ਨਿਭਾ ਸਕਦੇ ਹੋਣ। ਸੰਵਿਧਾਨ ਅਨੁਸਾਰ ਜਨਰਲ ਬਾਡੀ ਦੀ ਮੀਟਿੰਗ ਸੱਦੀ ਜਾਵੇਗੀ ਜਿਸ ਵਿਚ ਤਿੰਨ ਮੈਂਬਰੀ ਤਲਾਸ਼ ਕਮੇਟੀ ਤਲਾਸ਼ ਕੀਤੇ ਗਏ ਚਾਰ ਮੈਂਬਰਾਂ ਬਾਰੇ ਜਾਣਕਾਰੀ ਦੇਵੇਗੀ ਅਤੇ ਮੀਟਿੰਗ ਵਿਚ ਵੀ ਅਨਾਉਂਸਮੈਂਟ ਕਰੇਗੀ ਕਿ ਜੇਕਰ ਹੋਰ ਕੋਈ ਪ੍ਰਬੰਧਕ ਕਮੇਟੀ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਆਪਣਾ ਨਾਂ ਦੇ ਸਕਦਾ ਹੈ। ਇਸ ਤੋਂ ਬਾਅਦ ਜਨਰਲ ਬਾਡੀ ਤੋਂ ਹਰ ਇਕ ਨਾਮਜ਼ਦ ਮੈਂਬਰ ਦੀ ਨਿਯੁਕਤੀ ਲਈ ਪ੍ਰਵਾਨਗੀ ਲਈ ਜਾਵੇਗੀ। ਇਸ ਤਰ੍ਹਾਂ ਹਰ ਸਾਲ 4 ਪ੍ਰਬੰਧਕ ਕਮੇਟੀ ਮੈਂਬਰ ਸੇਵਾ ਮੁਕਤ ਹੋਇਆ ਕਰਨਗੇ ਅਤੇ 4 ਨਵੇਂ ਲਏ ਜਾਣਗੇ। ਸੰਵਿਧਾਨ ਅਨੁਸਾਰ ਪ੍ਰਬੰਧਕ ਕਮੇਟੀ ਮੈਂਬਰ ਐਗਜ਼ੈਕਟਿਵ ਕਮੇਟੀ ਦੀ ਚੋਣ ਕਰ ਲਿਆ ਕਰਨਗੇ।

ਸੰਗਤ ਵਲੋਂ ਸੰਵਿਧਾਨ ਵਿਚ ਕੀਤੀਆਂ ਗਈਆ ਸੋਧਾਂ ਬਾਰੇ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ (www.sikhgurudwarasj.org) ਜਾਂ ਪ੍ਰਬੰਧਕ ਕਮੇਟੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸੰਗਤ ਨੂੰ ਅਪੀਲ

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਹਮੇਸ਼ਾਂ ਹੀ ਗੁਰੂਘਰ ਦੀ ਤਰੱਕੀ ਤੇ ਉਸਾਰੀ ਵਾਲਾ ਕਾਰਜ ਕਰਦੀ ਆ ਰਹੀ ਹੈ ਜਿਸ ਦਾ ਇਲਾਕੇ ਦੀ ਸਾਰੀ ਸੰਗਤ ਨੂੰ ਭਲੀ ਭਾਂਤ ਪਤਾ ਹੈ। ਗੁਰਦੁਆਰਾ ਸਾਹਿਬ ਦੀ ਖੂਬਸੂਰਤ ਇਮਾਰਤ ਇਕ ਠੋਸ ਸਬੂਤ ਹੈ ਜਿਸ ਦੀ ਇਲਾਕੇ ਦੀ ਹੀ ਨਹੀਂ, ਸਗੋਂ ਬਾਹਰੋਂ ਆਈ ਸਾਰੀ ਸਾਧ ਸੰਗਤ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਗੁਰੂ ਘਰ ਨੂੰ ਵੱਡੀਆਂ ਵੱਡੀਆਂ ਡੋਨੇਸ਼ਨਾਂ ਦਿੱਤੀਆਂ ਹਨ। ਸਿੱਖ ਪਰਿਵਾਰਾਂ ਨੇ ਖਾਲਸਾ ਸਕੂਲ ਦੇ ਸਾਰੇ 14 ਕਮਰਿਆਂ ਦੀ ਸੇਵਾ ਦੀ ਲੈ ਲਈ ਹੈ। ਪ੍ਰਬੰਧਕ ਕਮੇਟੀ ਮੈਂਬਰ ਇਕ ਹੋਰ ਸਿੱਖ ਪਰਿਵਾਰ ਨਾਲ ਗੁਰੂ ਘਰ 'ਚ ਅਜਾਇਬ ਘਰ ਬਣਾਉਣ ਦੀ ਸੇਵਾ ਲਈ ਗੱਲਬਾਤ ਕਰ ਰਹੇ ਹਨ।

ਗੁਰੂ ਘਰ ਦੀ ਕਮੇਟੀ ਵਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਓ, ਸਾਰੇ ਰਲ-ਮਿਲ ਕੇ ਨਵੇਂ ਬਣੇ ਗੁਰੂ ਘਰ ਦੀ ਵਧੀਆ ਤਰੀਕੇ ਨਾਲ ਸਾਂਭ ਸੰਭਾਲ ਕਰੀਏ, ਨਵੇਂ ਪ੍ਰਾਜੈਕਟ ਸ਼ੁਰੂ ਕਰੀਏ ਅਤੇ ਹਰ ਰੋਜ਼ ਗੁਰੂ ਦਰਬਾਰ ਅੰਦਰ ਹਾਜ਼ਰੀ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sikhgurudwarasj.org

# ਕੈਨੇਡਾ ਚੋਣਾਂ:ਪੰਜਾਬੀਆਂ ਨੇ ਨਵਿਆਂ ਸਿਰ ਸਜਾਏ ਤਾਜ

## ਉਜਲ ਦੁਸਾਂਝ, ਰੂਬੀ ਢੱਲਾ, ਗੁਰਬਖਸ਼ ਮੱਲੀ, ਨਵਦੀਪ ਬੈਂਸ ਤੇ ਸੁਖ ਧਾਲੀਵਾਲ ਹਾਰੇ

**ਟੋਰਾਂਟੋ:** ਕੈਨੇਡਾ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੇ ਸੰਸਦੀ ਚੋਣਾਂ 'ਚ ਬਹੁਮਤ ਹਾਸਲ ਕਰਕੇ ਸੱਤਾ 'ਚ ਵਾਪਸੀ ਹਾਸਲ ਕੀਤੀ ਹੈ। 2006 ਤੇ 2008 ਵਿਚ ਬਹੁਮਤ ਦਾ ਅੰਕੜਾ ਹਾਸਲ ਕਰਨ ਤੋਂ ਖੁੰਝੀ ਕੰਜ਼ਰਵੇਟਿਵ ਪਾਰਟੀ ਨੇ ਐਤਕੀਂ 308 ਮੈਂਬਰੀ ਹਾਊਸ ਆਫ ਕਾਮਨਜ਼ ਵਿਚ 166 ਸੀਟਾਂ ਜਿੱਤੀਆਂ ਹਨ। ਉਂਜ ਕਈ ਮੋਹਰੀ ਇੰਡੋ-ਕੈਨੇਡੀਅਨ ਆਗੂ ਜਿਵੇਂ ਉਜੱਲ ਦੁਸਾਂਝ, ਕੈਨੇਡਾ ਦੀ ਪਹਿਲੀ ਸਿੱਖ ਐਮ.ਪੀ. ਰੂਬੀ ਢੱਲਾ, ਸਭ ਤੋਂ ਲੰਮਾ ਸਮਾਂ ਐਮ.ਪੀ. ਰਹੇ ਗੁਰਬਖਸ਼ ਮੱਲੀ, ਨਵਦੀਪ ਬੈਂਸ ਤੇ ਸੁਖ ਧਾਲੀਵਾਲ ਆਪੋ-ਆਪਣੀਆਂ ਸੀਟਾਂ ਤੋਂ ਹਾਰ ਗਏ ਹਨ। ਇਹ ਸਾਰੇ ਵਿਰੋਧੀ ਲਿਬਰਲ ਪਾਰਟੀ ਦੀ ਨੁਮਾਇੰਦਗੀ ਕਰਦੇ ਸਨ ਤੇ ਪਾਰਟੀ ਦੇ ਸੰਸਦ ਮੈਂਬਰਾਂ ਦੀ ਗਿਣਤੀ ਘੱਟ ਕੇ 35 ਰਹਿ ਗਈ ਹੈ।

ਸ੍ਰੀ ਦੁਸਾਂਝ ਨੇ 2008 ਵਿਚ 20 ਵੋਟਾਂ ਦੇ ਫਰਕ ਨਾਲ ਵੈਨਕੂਵਰ ਸਾਊਥ ਸੀਟ ਜਿੱਤੀ ਸੀ ਪਰ ਇਸ ਵਾਰ ਉਹ ਸੱਤਾਧਾਰੀ ਪਾਰਟੀ ਦੇ ਵੇਈ ਯੰਗ ਕੋਲੋਂ ਹਾਰ ਗਏ। ਬੀਬੀ ਢੱਲਾ ਜੋ 2004 ਵਿਚ ਕੈਨੇਡਾ ਦੀ ਸੰਸਦ 'ਚ ਪੁੱਜਣ ਵਾਲੀ ਪਹਿਲੀ ਮਹਿਲਾ ਸਿੱਖ ਔਰਤ ਬਣੀ ਸੀ, ਬਰੈਂਪਟਨ-ਸਪਰਿੰਗਡੇਲ ਸੀਟ ਤੋਂ ਸੱਤਾਧਾਰੀ ਪਾਰਟੀ ਦੇ ਪਰਮ ਗਿੱਲ ਕੋਲੋਂ ਹਾਰ ਗਈ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਆਵਾਸ ਮੰਤਰੀ ਜੈਸਨ ਕੈਨੀ ਨੇ ਢੱਲਾ ਤੋਂ ਸੀਟ ਖੋਹਣ ਲਈ ਵੱਕਾਰ ਦਾਅ 'ਤੇ ਲਾ ਦਿੱਤਾ ਸੀ। ਉਨ੍ਹਾਂ ਇਸ ਹਲਕੇ ਦਾ ਚਾਰ ਵਾਰ ਦੌਰਾ ਕੀਤਾ ਤੇ ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਤੋਂ ਵੀ ਪ੍ਰਚਾਰ ਕਰਾਇਆ।

2004 ਤੋਂ ਮਿਸੀਸਾਗ-ਬਰੈਂਪਟਨ ਸਾਊਥ ਸੀਟ ਤੋਂ ਲਗਾਤਾਰ ਤਿੰਨ ਵਾਰ ਚੋਣ ਜਿੱਤਣ ਵਾਲੇ ਨਵਦੀਪ ਬੈਂਸ ਵੀ ਇਸ ਵਾਰ ਚਿੱਤ ਹੋ ਗਏ। ਛੇ ਵਾਰ ਐਮ.ਪੀ. ਰਹੇ ਗੁਰਬਖਸ਼ ਮੱਲੀ ਜਿਨ੍ਹਾਂ 1993 'ਚ ਪਹਿਲੇ ਪਗੜੀਧਾਰੀ ਸਿੱਖ ਐਮ.ਪੀ. ਬਣਨ ਦਾ ਮਾਣ ਹਾਸਲ ਕੀਤਾ ਸੀ, ਨੂੰ ਬ੍ਰਾਮੈਲੀਆ-ਗੋਰ-ਮਾਲਟਨ ਸੀਟ ਤੋਂ ਸੱਤਾਧਾਰੀ ਪਾਰਟੀ ਦੇ ਬਲਸ ਗੋਸਲ ਨੇ ਹਰਾਇਆ। ਕੈਨੇਡਾ ਇੰਡੀਆ ਬਿਜ਼ਨੈਸ ਕੌਂਸਲ (ਸੀ.ਆਈ.ਬੀ.ਸੀ.) ਦੇ ਸਾਬਕਾ ਪ੍ਰਧਾਨ ਸਰਕਾਰ ਰਾਣਾ ਟੋਰਾਂਟੋ ਦੇ ਨੀਮ ਸ਼ਹਿਰੀ ਸਕਾਰਬੋਰੋ ਰਾਊਜ ਹਲਕੇ ਤੋਂ ਚੋਣ ਹਾਰ ਗਏ। ਵੈਨਕੂਵਰ ਦੇ ਨੀਮ ਸ਼ਹਿਰੀ ਨਿਊਟਨ-ਨਾਰਥ ਡੈਲਟਾ ਹਲਕੇ ਤੋਂ ਸਿਟਿੰਗ ਐਮ.ਪੀ. ਸੁਖ ਧਾਲੀਵਾਲ ਨੂੰ ਨਿਊ ਡੈਮੋਕਰੈਟਿਕ ਪਾਰਟੀ ਦੀ ਜਿੰਨੀ ਸਿਮਜ਼ ਜੋਗਿੰਦਰ ਕੌਰ ਨੇ ਹਰਾਇਆ। ਐਨ.ਡੀ.ਪੀ. ਨੂੰ ਇਕ ਹੋਰ ਇੰਡੋ-ਕੈਨੇਡੀਅਨ ਐਮ.ਪੀ. ਵੈਨਕੂਵਰ ਦੇ ਨੀਮ ਸ਼ਹਿਰੀ ਸਰੀ ਨਾਰਥ ਤੋਂ ਮਿਲਿਆ ਜਿੱਥੇ ਇਸ ਦੇ ਉਮੀਦਵਾਰ ਜਸਬੀਰ ਸੰਧੂ ਨੇ ਲਿਬਰਲ ਪਾਰਟੀ ਦੇ ਸ਼ਿੰਦਰ ਪੁਰੇਵਾਲ ਨੂੰ ਹਰਾਇਆ।

### ਕੰਜ਼ਰਵੇਟਿਵ ਪਾਰਟੀ ਨੂੰ ਬਹੁਮਤ

ਕੰਜ਼ਰਵੇਟਿਵ ਪਾਰਟੀ ਦੇ ਸਾਰੇ ਸਿਟਿੰਗ ਇੰਡੋ-ਕੈਨੇਡੀਅਨ ਐਮ.ਪੀ ਦੀਪਕ ਓਬਰਾਏ (ਕੈਲਗਰੀ ਈਸਟ), ਦਵਿੰਦਰ ਸ਼ੋਰੀ (ਕੈਲਗਰੀ ਨਾਰਥ ਈਸਟ), ਟਿਮ ਉਪਲ (ਐਡਮੰਟਨ-ਸ਼ੇਰਵੁਡ) ਤੇ ਨੀਨਾ ਗਰੇਵਾਲ (ਫਲੀਟਵੁਡ ਪੋਰਟ ਕੈਲਜ਼ ਆਪੋ-ਆਪਣੀਆਂ ਸੀਟਾਂ ਬਚਾਉਣ ਵਿਚ ਸਫਲ ਰਹੇ। ਐਤਕੀਂ 23 ਇੰਡੋ-ਕੈਨੇਡੀਅਨ ਉਮੀਦਵਾਰ ਚੋਣ ਮੈਦਾਨ ਵਿਚ ਸਨ ਪਰ ਸੰਸਦ 'ਚ ਸਿਰਫ ਅੱਠ ਹੀ ਪਹੁੰਚ ਸਕੇ। ਪਿਛਲੀ ਵਾਰ ਇਹ ਗਿਣਤੀ ਨੌਂ ਸੀ।

ਸੋਮਵਾਰ ਨੂੰ ਕੈਨੇਡਾ ਨੇ ਇਸ ਗੱਲੋਂ ਇਤਿਹਾਸ ਰਚਿਆ ਕਿ ਖੱਬੇ ਝੁਕਾਅ ਵਾਲੀ ਐਨ.ਡੀ.ਪੀ. 102 ਸੀਟਾਂ ਜਿੱਤ ਕੇ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਵਿਰੋਧੀ ਪਾਰਟੀ ਬਣ ਗਈ। ਇਸ ਤੋਂ ਵੀ ਵੱਧ ਅਹਿਮ ਗੱਲ ਇਹ ਰਹੀ ਕਿ ਕੈਨੇਡਾ ਦੇ ਫਰੈਂਚ ਭਾਸ਼ੀ ਕਿਊਬੈਕ ਸੂਬੇ ਨੇ ਵੱਖਵਾਦੀ ਬਲਾਕ ਕਿਊਬੈਕੋਇਸ ਪਾਰਟੀ ਨੂੰ ਰੱਦ ਕਰਕੇ ਰਾਸ਼ਟਰਵਾਦੀ ਐਨ.ਡੀ.ਪੀ. ਨੂੰ ਗਲ ਨਾਲ ਲਾਇਆ। ਪਿਛਲੀ ਵਾਰ 48 ਸੀਟਾਂ ਜਿੱਤਣ ਵਾਲੀ ਬਲਾਕ ਕਿਊਬੈਕੋਇਸ ਨੂੰ ਸਿਰਫ ਚਾਰ ਸੀਟਾਂ ਮਿਲੀਆਂ ਤੇ ਇਸ ਦਾ ਨੇਤਾ ਜਾਇਲਜ਼ ਡੁਕੇਪੀ ਵੀ ਚੋਣ ਹਾਰ ਗਿਆ। ਗਰੀਨ ਪਾਰਟੀ ਦੀ ਨੇਤਾ ਅਲਿਜ਼ਾਬੈਥ ਮੇਅ ਨੇ ਚੋਣ ਜਿੱਤ ਕੇ ਪਾਰਟੀ ਨੂੰ ਸੰਸਦ 'ਚ ਦਾਖਲਾ ਦੁਆਇਆ। ਵਿਦੇਸ਼ ਮੰਤਰੀ ਲਾਰੇਂਸ ਕੈਨਨ ਚੋਣ ਹਾਰ ਗਏ।




# ਉਸਾਮਾ ਬਿਨ ਲਾਦਿਨ ਹਲਾਕ

ਸਹੂਲਤ ਮੁਹੱਈਆ ਕੀਤੀ ਗਈ ਸੀ।

ਇਸੇ ਦੌਰਾਨ ਇਹ ਖਬਰ ਵੀ ਨਸ਼ਰ ਹੋਈ ਹੈ ਕਿ ਲਾਦਿਨ ਆਪਣੇ ਹੀ ਕਿਸੇ ਗਾਰਡ ਦੀ ਗੋਲੀ ਨਾਲ ਮਾਰਿਆ ਹੋ ਸਕਦਾ ਹੈ ਕਿਉਂਕਿ ਉਹਦੀ ਇੱਛਾ ਸੀ ਕਿ ਉਹਨੂੰ ਫੜੇ ਜਾਣ ਤੋਂ ਰੋਕਿਆ ਜਾਵੇ। ਅਮਰੀਕੀ ਟੀਮ ਦੀ ਵਾਪਸੀ ਮਗਰੋਂ ਫੌਰੀ ਮੌਕੇ 'ਤੇ ਗਏ ਇਕ ਅਧਿਕਾਰੀ ਨੇ ਦੱਸਿਆ ਕਿ ਲੜਾਈ ਵਾਲੀ ਥਾਂ ਤੋਂ ਨਹੀਂ ਲੱਗਦਾ ਕਿ ਅਮਰੀਕੀ ਕਮਾਂਡੋ ਉਹਦੇ ਵੱਲੋਂ ਮੁਕਾਬਲਾ ਕੀਤੇ ਜਾਣ ਕਰਕੇ ਉਹਨੂੰ ਬਿਲਕੁਲ ਨੇੜਿਓਂ ਗੋਲੀ ਮਾਰ ਸਕੇ ਹੋਣਗੇ। ਇਹ ਵੀ ਸੰਕੇਤ ਨਹੀਂ ਮਿਲਦੇ ਕਿ ਹੈਲੀਕਾਪਟਰਾਂ 'ਤੇ ਰਾਕਟ ਹਮਲਾ ਹੋਇਆ ਹੋਏਗਾ ਜਾਂ ਜ਼ਮੀਨ ਤੋਂ ਗੋਲੀਬਾਰੀ ਕੀਤੀ ਗਈ ਹੋਏਗੀ। ਡਿੱਗੇ ਹੈਲੀਕਾਪਟਰ ਤੋਂ ਹਮਲੇ ਦੇ ਨਹੀਂ ਬਲਕਿ ਹਾਦਸੇ ਦੇ ਸੰਕੇਤ ਮਿਲਦੇ ਹਨ। ਇਹਦੇ ਨਾਲ ਹੀ ਅਮਰੀਕੀ ਦਾਅਵਿਆਂ ਦੇ ਉਲਟ ਲਾਦਿਨ ਦੇ ਤਿੰਨ ਗਾਰਡ ਮਾਰੇ ਗਏ ਸਨ।

ਉਧਰ ਪਾਕਿਸਤਾਨ ਦੇ ਧੁਰ ਅੰਦਰ ਫੌਜੀ ਟਰੇਨਿੰਗ ਅਕਾਦਮੀ ਦੇ ਨੇੜੇ ਅਮਰੀਕਾ ਵੱਲੋਂ ਛਾਪਾ ਮਾਰ ਕੇ ਲਾਦਿਨ ਨੂੰ ਖਤਮ ਕਰਨ ਮਗਰੋਂ ਸ਼ਰਮਿੰਦਾ ਹੋਈ ਦੇਸ਼ ਦੀ ਫੌਜ ਅਤੇ ਖੁਫੀਆ ਤੰਤਰ ਹੁਣ ਇਹ ਕਹਿ ਕੇ ਆਪਣਾ ਬਚਾਅ ਕਰ ਰਹੇ ਹਨ ਕਿ ਇਹ 'ਖੁਫੀਆ ਤੰਤਰ ਦਾ ਫੇਲ੍ਹ ਹੋਣਾ' ਸੀ। ਫੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ 'ਡਾਨ' ਨੂੰ ਦੱਸਿਆ ਕਿ ਉਸਾਮਾ ਨੂੰ ਉਨ੍ਹਾਂ ਨੇ ਸੁੰਨੀਆਂ ਥਾਵਾਂ 'ਤੇ ਵੀ ਭਾਲਿਆ ਪਰ ਕੀ ਪਤਾ ਸੀ ਕਿ ਉਹ ਫੌਜ ਦੇ ਹੀ ਅਹਿਮ ਟਿਕਾਣੇ ਦੇ ਨਾਲ ਢੁੱਕ ਕੇ ਲੁਕਿਆ ਹੋਇਆ ਹੈ। ਇਸ ਅਧਿਕਾਰੀ ਨੇ ਮੰਨਿਆ ਕਿ ਇਹ ਖੁਫੀਆ ਤੰਤਰ ਦੀ ਨਾਕਾਮੀ ਰਹੀ ਹੈ।

ਪਾਕਿਸਤਾਨ ਦੇ ਮੀਡੀਆ ਨੇ ਪਾਕਿਸਤਾਨ ਦੇ ਧੁਰ ਅੰਦਰ ਮਾਰ ਕਰਕੇ ਅਮਰੀਕਾ ਵੱਲੋਂ ਲਾਦਿਨ ਨੂੰ ਮਾਰੇ ਜਾਣ 'ਤੇ ਪਾਕਿਸਤਾਨੀ ਸਰਕਾਰ ਅਤੇ ਫੌਜ ਲਈ ਸੁਆਲ ਖੜ੍ਹੇ ਕੀਤੇ ਹਨ। ਦੇਸ਼ ਦੇ ਅਖਬਾਰਾਂ ਨੇ ਫੌਜ ਖੁਫੀਆ ਸੇਵਾਵਾਂ ਦੀ ਨਲਾਇਕੀ ਅਤੇ ਅਮਰੀਕਾ ਦੇ ਧੱਕੜਪੁਣੇ ਨੂੰ ਪ੍ਰਗਟਾਉਂਦੀਆਂ ਸੁਰਖੀਆਂ ਨਾਲ ਕਈ ਕੁਝ ਕਿਹਾ ਹੈ। ਸੰਪਾਦਕੀ ਪੰਨਿਆਂ 'ਤੇ ਸੁਆਲਾਂ ਦੀਆਂ ਝੜੀਆਂ ਲਾਈਆਂ ਹਨ। ਐਕਸਪ੍ਰੈੱਸ ਟ੍ਰਿਬਿਊਨ ਨੇ ਬੈਨਰ ਹੈਡਲਾਈਨ "ਮਰ ਕੇ ਵੀ ਪਾਕਿਸਤਾਨ ਦਾ ਖਹਿੜਾ ਨਹੀਂ ਛੱਡ ਰਿਹਾ ਉਸਾਮਾ ਦਾ ਜਿੰਨ" ਲਾਈ ਹੈ। ਬਿਜ਼ਨਸ ਰਿਕਾਰਡਰ ਨੇ ਆਪਣੀ ਰਿਪੋਰਟ ਨੂੰ "ਲਿਕੂਈਡੇਟਿਡ" ਦਾ ਸਿਰਲੇਖ ਦਿੱਤਾ ਹੈ।

ਦੇਸ਼ ਦੇ ਮੀਡੀਆ ਨੇ ਇਹ ਸੁਆਲ ਛੇੜਿਆ ਹੈ ਕਿ ਪਾਕਿਸਤਾਨ ਦੀ ਚੋਟੀ ਦੀ ਲੀਡਰਸ਼ਿਪ ਲਗਾਤਾਰ ਉਸਾਮਾ ਦੇ ਇਥੇ ਹੋਣ ਤੋਂ ਇਨਕਾਰ ਕਰਦੀ ਆ ਰਹੀ ਸੀ ਜਦਕਿ ਉਹ ਐਬਟਾਬਾਦ 'ਚ ਫੌਜੀ ਟ੍ਰੇਨਿੰਗ ਅਕਾਡਮੀ ਦੇ ਲਾਗੇ ਇਕ ਹਵੇਲੀ 'ਚ ਮਾਰਿਆ ਗਿਆ। ਅਮਰੀਕਾ ਦੇ ਚੁੱਪ-ਚਪੀਤੇ ਛਾਪੇ ਨੇ ਇਸ ਦੀ ਪਾਕਿਸਤਾਨ ਖੁਫੀਆ ਤੰਤਰ ਤੇ ਫੌਜ ਨਾਲ ਭਾਈਵਾਲੀ ਤੇ ਤਾਲਮੇਲ ਬਾਰੇ ਵੀ ਬਹੁਤ ਸੁਆਲ ਮੀਡੀਆ ਨੇ ਕੀਤੇ ਹਨ।



*ਗਿਆਨੀ ਕੁਲਜੀਤ ਸਿੰਘ 'ਦਿਲਬਰ' ਨਵਾਂ ਸ਼ਹਿਰ ਵਾਲ਼ਿਆਂ ਦਾ ਢਾਡੀ ਜਥਾ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ 2 ਮਈ ਤੋਂ 8 ਮਈ ਤੱਕ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਾ ਕੇ ਨਿਹਾਲ ਕਰੇਗਾ। ਫੋਟੋ ਤੇ ਵੇਰਵਾ: ਤਰਲੋਚਨ ਸਿੰਘ ਦੁਪਾਲਪੁਰ*


# ਰੇਡੀਓ ਚੜ੍ਹਦੀ ਕਲਾ ਸੁਣੋ

**ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ**

***ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ***

**ਗੁਰਚਰਨ ਸਿੰਘ ਮਾਨ, 510-557-0061**
**ਲਖਵੀਰ ਸਿੰਘ, 510-768-9882**




ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**

**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*



# Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG, starting at $69/mo.***
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: **773-416-8526**
or 773-935-VISA, SagarATM@yahoo.com

**www.GoldCoastATM.com**

**FREE CREDIT CARD TERMINAL!**

# ਯੂਬਾ ਸਿਟੀ ’ਚ ਪੰਜਾਬੀ ਸਕੂਲ ਦੇ ਬੱਚਿਆਂ ਨੇ ਵਿਸਾਖੀ ਦਿਹਾੜਾ ਮਨਾਇਆ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਚ ਚੱਲ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਖਾਲਸੇ ਦੇ ਜਨਮ ਦਿਹਾੜੇ ਸਬੰਧੀ ਲੰਘੇ ਐਤਵਾਰ ਵਿਸ਼ੇਸ਼ ਸਮਾਗਮ ਕੀਤਾ। ਸਭ ਤੋਂ ਪਹਿਲਾਂ ਬੱਚਿਆਂ ਦੀ ਅਸੈਂਬਲੀ ਕਰਕੇ ਸਕੂਲ ਦੀ ਕੋ-ਆਰਡੀਨੇਟਰ ਸ੍ਰੀਮਤੀ ਪ੍ਰਭਜੋਤ ਕੌਰ ਜੌਹਲ ਨੇ ਬੱਚਿਆਂ ਨੂੰ ਖਾਲਸੇ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ।

ਇਸ ਮੌਕੇ ਹਾਲ ਹੀ ਵਿਚ ਕਰਵਾਏ ਗਏ ਪਰਮਿੰਦਰ ਸਿੰਘ ਗਰੇਵਾਲ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਕੁਲਵੰਤ ਸਿੰਘ ਜੌਹਲ, ਭਾਈ ਕਸ਼ਮੀਰ ਸਿੰਘ ਰਾਏ, ਭਾਈ ਪੁਰੇਵਾਲ ਅਤੇ ਭਾਈ ਸਰਬਜੀਤ ਸਿੰਘ ਜੌਹਲ ਨੇ ਕੀਤੀ। ਜਿਹੜੇ ਬੱਚਿਆਂ ਨੂੰ ਟਰਾਫੀਆਂ ਨਹੀਂ ਦਿੱਤੀਆਂ ਜਾ ਸਕੀਆਂ ਉਹ 8 ਮਈ ਨੂੰ ਲੈ ਸਕਦੇ ਹਨ।

ਇਕ ਬੱਚੀ ਹਰਮਨਜੋਤ ਕੌਰ ਬੈਂਸ ਨੇ ਪਾਵਰ ਪੁਆਇੰਟ ਰਾਹੀਂ ਵਿਸਾਖੀ ਦੀ ਬਹੁਤ ਸੁੰਦਰ ਸ਼ਬਦਾਂ ਵਿਚ ਵਿਆਖਿਆ ਕੀਤੀ। ਹੋਰ ਬੱਚਿਆਂ






ਗੁਰਬਾਣੀ ਕੰਠ ਮੁਕਾਬਲੇ ਵਿਚ ਜੇਤੂ ਰਹੇ ਬੱਚਿਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਟਰਾਫੀਆਂ ਦੀ ਸੇਵਾ ਭਾਈ ਪਵਿੰਦਰ ਸਿੰਘ ਕਰੀਹਾ, ਭਾਈ ਬਲਰਾਜ ਸਿੰਘ ਢਿੱਲੋਂ, ਭਾਈ ਨੇ ਕਵਿਤਾਵਾਂ ਅਤੇ ਤਕਰੀਰਾਂ ਰਾਹੀਂ ਆਪਣੇ ਵਿਚਾਰ ਰੱਖੇ। ਮੰਚ ਸੰਚਾਲਨ ਬੀਬੀ ਮਨਜੋਤ ਕੌਰ ਗਰੇਵਾਲ ਨੇ ਕੀਤਾ। ਬਾਅਦ ਵਿਚ ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ।



## ਯੁਧਵੀਰ ਤੰਦਰੁਸਤੀ ਵੱਲ

**ਫਰਿਜ਼ਨੋ (ਐਸ ਅਸ਼ੋਕ ਭੌਰਾ):** ਕੁਲਦੀਪ ਮਾਣਕ ਦੇ ਲੱਖਾਂ ਪ੍ਰੇਮੀਆਂ, ਪ੍ਰਸ਼ੰਸਕਾਂ ਅਤੇ ਉਪਾਸ਼ਕਾਂ ਦੀਆਂ ਦੁਆਵਾਂ-ਅਰਦਾਸਾਂ ਨੂੰ ਉਦੋਂ ਬੂਰ ਪਿਆ ਜਦੋਂ ਮਾਣਕ ਦਾ ਸਪੁਤਰ ਯੁਧਵੀਰ ਮਾਣਕ ਜੋ ਦਿਆ ਨੰਦ ਮੈਡੀਕਲ ਕਾਲਜ, ਲੁਧਿਆਣਾ ਵਿਚ ਬਰੇਨ ਹੈਮਰੇਜ ਕਰਕੇ ਜੇਰੇ ਇਲਾਜ ਸੀ, ਵੈਂਟੀਲੇਟਰ ਅਤੇ ਆਈ ਸੀ ਯੂ ਤੋਂ ਬਾਹਰ ਆ ਗਿਆ। ਮਾਣਕ ਦੀ ਧਰਮ ਪਤਨੀ ਸਰਬਜੀਤ ਕੌਰ ਅਤੇ ਬੇਟੀ ਸ਼ਕਤੀ ਨੇ ਡਾਕਟਰਾਂ ਦੇ ਹਵਾਲੇ ਨਾਲ ਦੱਸਿਆ ਕਿ ਯੁਧਵੀਰ ਹੁਣ ਖਤਰੇ ਤੋਂ ਬਾਹਰ ਹੈ। ਹਾਲਾਂਕਿ ਉਹ ਚੰਗੀ ਤਰ੍ਹਾਂ ਬੋਲਣ ਦੇ ਸਮਰਥ ਨਹੀਂ ਪਰ ਫਿਰ ਵੀ ਆਏ ਗਏ ਨੂੰ ਪਹਿਚਾਣਦਾ ਹੈ ਅਤੇ ਜੇ ਕੋਈ ਉਹਦੇ ਗੀਤ ਦੀ ਪਹਿਲੀ ਸਤਰ ਕਹੇ ਤਾਂ ਉਹ ਦੂਸਰੀ ਆਪਣੇ ਆਪ ਗੁਣਗੁਣਾਉਣ ਲੱਗ ਪੈਂਦਾ ਹੈ।

ਡਾਕਟਰਾਂ ਦਾ ਮੰਨਣਾ ਹੈ ਕਿ ਉਸ ਨੂੰ ਪੂਰੀ ਤਰ੍ਹਾਂ ਠੀਕ ਹੋਣ ਲਈ ਲੰਮਾ ਸਮਾਂ ਲੱਗ ਸਕਦਾ ਹੈ ਅਤੇ ਅਗਲੇ ਕੁਝ ਮਹੀਨਿਆਂ ਤੱਕ ਉਸ ਨੂੰ ਹਸਪਤਾਲ ਹੀ ਰਹਿਣਾ ਪਵੇਗਾ। ਕੁਲਦੀਪ ਮਾਣਕ ਅਤੇ ਸਰਬਜੀਤ ਨੇ ਦੇਸ਼ ਵਿਦੇਸ਼ ਵਿਚ ਬੈਠੇ ਉਨ੍ਹਾਂ ਸਭ ਪੰਜਾਬੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦੇ ਪੁੱਤਰ ਲਈ ਵਾਹਿਗੁਰੂ-ਪਰਮਾਤਮਾ ਅੱਗੇ ਹੱਥ ਜੋੜੇ।

# ਯੂਨਾਈਟਿਡ ਸਿੱਖਸ ਵਲੋਂ ਜਪਾਨ ਵਿਚ ਰਾਹਤ ਕਾਰਜ ਜਾਰੀ

**ਚੀਬਾ, ਜਪਾਨ (ਬਿਊਰੋ):** ਜਪਾਨ ਵਿਚ ਆਏ ਭੂਚਾਲ ਅਤੇ ਸੁਨਾਮੀ ਨੂੰ ਕਰੀਬ ਦੋ ਮਹੀਨੇ ਹੋ ਗਏ ਹਨ, ਅਜੇ ਵੀ ਲੋਕ ਇਸ ਕੁਦਰਤੀ ਆਫਤ ਦੀ ਗ੍ਰਿਫਤ ਵਿਚੋਂ ਬਾਹਰ ਨਹੀਂ ਆ ਸਕੇ। ਯੂਨਾਈਟਿਡ ਸਿੱਖਸ ਨਾਂ ਦੀ ਸਿੱਖ ਜਥੇਬੰਦੀ ਸਥਾਨਕ ਅਧਿਕਾਰੀਆਂ ਦੀ ਨਿਗਰਾਨੀ ਅਤੇ ਹਦਾਇਤ ਹੇਠ ਬਿਪਤਾ ਮਾਰੇ ਲੋਕਾਂ ਨੂੰ ਭੋਜਨ ਅਤੇ ਨਿੱਤ ਵਰਤੋਂ ਦੀਆਂ ਚੀਜ਼ਾਂ ਪਹੁੰਚਾਉਣ ਲਈ ਸਰਗਰਮ ਹੈ। ਇਸ ਸੰਸਥਾ ਵਲੋਂ ਸਕੂਬਾ ਸ਼ਹਿਰ ਵਿਚ ਇਕ ਰਾਹਤ ਕੈਂਪ ਵਿਚ ਰਹਿੰਦੇ 500 ਤੋਂ ਵੱਧ ਲੋਕਾਂ ਨੂੰ ਭੋਜਨ ਮੁਹੱਈਆ ਕੀਤਾ ਗਿਆ। ਇਸ ਰਾਹਤ ਕੈਂਪ ਵਿਚ ਲੋਕ ਫੁਕੂਸ਼ੀਮਾ ਅਤੇ ਇਬਰਾਕੀ ਵਰਗੇ ਸ਼ਹਿਰਾਂ ਤੋਂ ਆਏ ਹੋਏ ਸਨ। ਸੰਸਥਾ ਦੇ ਵਾਲੰਟੀਅਰ ਕੈਸਨੂਮਾ ਸ਼ਹਿਰ ਵਿਚ ਬਣਾਏ ਗਏ ਇਕ ਹੋਰ ਰਾਹਤ ਕੈਂਪ ਵਿਚ ਵੀ ਗਏ ਜਿਥੇ 1200 ਤੋਂ ਵੱਧ ਲੋਕ ਠਹਿਰੇ ਹੋਏ ਸਨ। ਸੰਸਥਾ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਸਾਬਣ, ਕੱਪੜੇ, ਖਾਣ-ਪੀਣ ਦਾ ਸਾਮਾਨ, ਬੱਚਿਆਂ ਦੇ ਨੈਪਕਿਨ ਵਗੈਰਾ ਮੁਹੱਈਆ ਕੀਤੇ।

ਇਥੇ ਜ਼ਿਕਰਯੋਗ ਹੈ ਕਿ ਜਪਾਨ ਦੀ ਇਸ ਕੁਦਰਤੀ ਆਫਤ ਨੇ 127,817 ਲੋਕ ਘਰੋਂ ਬੇਘਰ ਕੀਤੇ। ਸਮਝਿਆ ਜਾਂਦਾ ਹੈ ਕਿ ਇਸ ਆਫਤ ਦੌਰਾਨ 26,000 ਤੋਂ ਵੱਧ ਲੋਕ ਮਾਰੇ ਗਏ ਜਦੋਂਕਿ ਲਾਸ਼ਾਂ ਸਿਰਫ 14,500 ਲੋਕਾਂ ਦੀਆਂ ਹੀ ਬਰਾਮਦ ਹੋਈਆਂ ਹਨ। ਬਾਕੀ ਲੋਕ ਸ਼ਾਇਦ ਸਮੁੰਦਰ ਵਿਚ ਹਮੇਸ਼ਾ ਲਈ ਸਮਾ ਗਏ। ਯੂਨਾਈਟਿਡ ਸਿੱਖਸ ਦੀ ਤਰਫੋਂ ਇਸ ਦੀ ਵਾਲੰਟੀਅਰ ਗੁਰਸ਼ਰਨਜੀਤ ਕੌਰ ਆਪਣੇ ਸਾਥੀਆਂ ਨਾਲ ਰਾਹਤ ਕਾਰਜਾਂ ਵਿਚ ਜੁਟੀ ਹੋਈ ਹੈ।

## ਯੂਬਾ ਸਿਟੀ ‘ਚ ਡਾ. ਅੰਬੇਦਕਰ ਦਾ ਜਨਮ ਦਿਹਾੜਾ ਮਨਾਇਆ

**ਯੂਬਾ ਸਿਟੀ (ਬਿਊਰੋ):** ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਦਕਰ ਦਾ 120ਵਾਂ ਜਨਮ ਦਿਨ ਇਥੇ ਗੁਰਦੁਆਰਾ ਸ੍ਰੀ ਰਵਿਦਾਸ ਟੈਂਪਲ ਵਿਚ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਹੈਡ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਅਤੇ ਹੋਰ ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਅੰਬੇਦਕਰ ਟਾਈਮਜ਼ ਅਖਬਾਰ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਡਾ. ਅੰਬੇਦਕਰ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਦਾ ਨਾਅਰਾ ਸੀ-ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਿਤ ਹੋਵੋ। ਇਸ ਮੌਕੇ ਪੱਤਰਕਾਰ ਦੇਸ ਰਾਜ ਬੰਗੜ ਅਤੇ ਪਲਵਿੰਦਰ ਮਾਹੀ ਨੇ ਵੀ ਆਪਣੇ ਵਿਚਾਰ ਰੱਖੇ। ਸ੍ਰੀ ਬੰਗੜ, ਸ੍ਰੀ ਚੁੰਬਰ, ਮੋਹਨ ਲਾਲ ਗਿੱਲ, ਸੋਹਨ ਲਾਲ ਅਤੇ ਕੁਝ ਹੋਰ ਸੱਜਣਾਂ ਦਾ ਮਾਣ ਸਨਮਾਨ ਕੀਤਾ ਗਿਆ।




## ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

**909 Garden Hwy**

**660 Culussa Hwy**




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001


## ਸਿੱਖ ਬੱਚਿਆਂ ਲਈ ਕਮਿਊਨਿਟੀ ਆਊਟਰੀਚ ਸੈਂਟਰ ਦੀ ਸਥਾਪਨਾ

**ਫਰੀਮਾਂਟ (ਬਿਊਰੋ):** ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖਸ ਨੇ ਬੱਚਿਆਂ ਦੀਆਂ ਵਿੱਦਿਅਕ ਲੋੜਾਂ ਨੂੰ ਮੁੱਖ ਰੱਖ ਕੇ ਇੱਕ ਵਿਸ਼ੇਸ਼ ਪੁਲਾਂਘ ਪੁੱਟਦਿਆਂ

‘ਫਰੀਮਾਂਟ ਰਿਸੋਰਸ ਸੈਂਟਰ’ ਨਾਂ ਦੇ ਇੱਕ ਅਦਾਰੇ ਦੇ ਸਹਿਯੋਗ ਨਾਲ, ‘ਯੂਨਾਈਟਿਡ ਸਿੱਖਸ ਕਮਿਊਨਿਟੀ ਰੀਸੋਰਸ ਐਂਡ ਆਊਟਰੀਚ ਸੈਂਟਰ’ ਦੀ ਸਥਾਪਨਾ ਕੀਤੀ ਹੈ, ਜੋ 28 ਮਈ ਤੋਂ ਬਕਾਇਦਗੀ ਨਾਲ ਆਪਣਾ ਕੰਮਕਾਜ ਸ਼ੁਰੂ ਕਰ ਦੇਵੇਗਾ। ਇਸ ਸੈਂਟਰ ਦਾ ਪਤਾ ਹੈ, 39126 ਸਟੇਟ ਸਟਰੀਟ, ਫਰੀਮਾਂਟ ਅਤੇ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

ਇਸ ਸੈਂਟਰ ਵਿਚ ਲੋੜਵੰਦ ਬੱਚਿਆਂ ਦੇ ਲਾਭ ਲਈ, ਅੱਡ-ਅੱਡ ਕਲਾਸਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਨ੍ਹਾਂ ਵਿਚ ਈ. ਐਸ. ਐਲ., ਕੰਪਿਊਟਰ, ਐਸ. ਏ. ਟੀ. ਆਦਿ ਕਲਾਸਾਂ ਸ਼ਾਮਲ ਹਨ। ਬੱਚਿਆਂ ਨੂੰ ਸਕੂਲ ਵਿਚ ਮਿਲਿਆ ਹੋਮਵਰਕ ਕਰਵਾਉਣ ਦੀ ਵਿਸ਼ੇਸ਼ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਬੱਚਿਆਂ ਦੀਆਂ ਕਲਾਸਾਂ ਦੇ ਪ੍ਰੋਜੈਕਟ ਦੀ ਮੁੱਢਲੀ ਸਫਲਤਾ ਤੋਂ ਬਾਅਦ, ਜਿਹੜੇ ਲੰਮੇ ਸਮੇਂ ਦੇ ਟੀਚੇ ਮਿੱਥੇ ਗਏ ਹਨ, ਉਨ੍ਹਾਂ ਵਿਚ ਕੈਂਪ, ਵੀਚਾਰ-ਗੋਸ਼ਟੀਆਂ (ਸੈਮੀਨਾਰ), ਬਜ਼ੁਰਗਾਂ ਦੀ ਸਹੂਲਤ ਲਈ ਸਲਾਹ ਮਸ਼ਵਰੇ ਆਦਿ ਸ਼ਾਮਲ ਹਨ। ਬੱਚਿਆਂ ਦੀ ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ। ਹੋਰ ਜਾਣਕਾਰੀ ਲਈ ਫੋਨ 1-888-243-1690 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


*To Advertise with Punjab Times Call: 847-359-0746*
*Visit us on the web:**wwwpunjabtimesusa.com***

**TAJ INSURANCE SERVICES**

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available



Gurdawar S. Mann

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*
Lic#0F34231

# ਕਿੰਜ ਹੋਇਆ ਉਸਾਮਾ ਹੰਟ ਅਪਰੇਸ਼ਨ

**ਮਾਨ ਮਨਦੀਪ**

ਸ਼ੁਕਰਵਾਰ 29 ਅਪਰੈਲ ਦਾ ਦਿਨ। ਵ੍ਹਾਈਟ ਹਾਊਸ ਵਿਚ ਇਕ ਅਜੀਬ ਜਿਹੀ ਬੇਚੈਨੀ ਦਾ ਮਾਹੌਲ। ਰਾਸ਼ਟਰਪਤੀ ਬਰਾਕ ਓਬਾਮਾ ਤੂਫਾਨ ਪੀੜਤ ਅਲਬਾਮਾ ਦੇ ਦੌਰੇ 'ਤੇ ਜਾਣ ਲਈ ਤਿਆਰ ਸਨ ਪਰ ਆਪਣਾ ਮਨ ਇਕ ਅਹਿਮ ਦਸਤਾਵੇਜ਼ ਉਪਰ ਦਸਤਖਤ ਕਰਨ ਲਈ ਨਹੀਂ ਬਣਾ ਪਾ ਰਹੇ ਸਨ। ਇਸੇ ਸਸ਼ੋਪੰਜ ਵਿਚ ਉਹ ਅਲਬਾਮਾ ਲਈ ਰਵਾਨਾ ਹੋ ਗਏ। ਰਾਸ਼ਟਰਪਤੀ ਦੇ ਚਲੇ ਜਾਣ ਉਪਰੰਤ ਉਨ੍ਹਾਂ ਦੇ ਨੈਸ਼ਨਲ ਸਕਿਓਰਟੀ ਸਲਾਹਕਾਰਾਂ ਅਤੇ ਸੀ ਆਈ ਏ ਦੇ ਉਚ ਅਧਿਕਾਰੀਆਂ ਦੀਆਂ ਉਪਰੋ-ਥਲੀ ਪੰਜ ਮੀਟਿੰਗਾਂ ਵ੍ਹਾਈਟ ਹਾਊਸ ਵਿਚ ਹੋਈਆਂ ਅਤੇ ਅਖੀਰ ਰਾਸ਼ਟਰਪਤੀ ਦੇ ਵਾਪਸ ਪਰਤਣ ਦਾ ਇੰਤਜ਼ਾਰ ਹੋਣ ਲੱਗਾ।

ਜਿਉਂ ਹੀ ਰਾਸ਼ਟਰਪਤੀ ਨੂੰ ਲੈ ਕੇ ਫੌਜੀ ਹੈਲੀਕਾਪਟਰ ਵ੍ਹਾਈਟ ਹਾਊਸ ਵਿਚ ਉਤਰਿਆ, ਓਬਾਮਾ ਹੈਲੀਕਾਪਟਰ ਵਿਚੋਂ ਨਿਕਲ ਕੇ ਤੇਜੀ ਨਾਲ ਵ੍ਹਾਈਟ ਹਾਊਸ ਵਿਚਲੇ ਓਵਲ ਆਫਿਸ ਪਹੁੰਚੇ ਜਿਥੇ ਪਹਿਲਾਂ ਹੀ ਉਨ੍ਹਾਂ ਦੇ ਸੀਨੀਅਰ ਸਲਾਹਕਾਰ ਅਤੇ ਸੀ ਆਈ ਏ ਦੇ ਮੁਖੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਰਸਮੀ ਦੁਆ-ਸਲਾਮ ਤੋਂ ਬਾਅਦ ਰਾਸ਼ਟਰਪਤੀ ਅਗੇ ਇਕ ਫਾਈਲ ਪੇਸ਼ ਕੀਤੀ ਗਈ ਜਿਸ ਉਪਰ ਉਨ੍ਹਾਂ ਤੁਰੰਤ ਦਸਤਖਤ ਕਰ ਦਿਤੇ। ਜਾਪਦਾ ਸੀ, ਉਹ ਪਹਿਲਾਂ ਹੀ ਇਸ ਖਾਤਰ ਮਨ ਬਣਾ ਕੇ ਆਏ ਸਨ।

ਕੀ ਸੀ ਇਹ ਦਸਤਾਵੇਜ਼ ਜਾਂ ਫਾਈਲ? ਇਹ ਸੀ ਅਮਰੀਕਾ ਦੇ ਸਭ ਤੋਂ ਵਡੇ ਦੁਸ਼ਮਣ ਅਤੇ ਦੁਨੀਆਂ ਦੇ ਨੰਬਰ ਇਕ ਦਹਿਸ਼ਤਪਸੰਦ ਉਸਾਮਾ ਬਿਨ ਲਾਦਿਨ ਦੇ ਮੌਤ ਦੇ ਵਾਰੰਟ। ਦਸਤਖਤ ਕਰਨ ਤੋਂ ਬਾਦ ਸਭ ਚੁਪ-ਚਾਪ ਆਪੋ-ਆਪਣੇ ਥਾਂਈਂ ਚਲੇ ਗਏ ਤੇ ਇਸ ਭੇਤ ਨੂੰ ਗੁਪਤ ਹੀ ਰਖਿਆ ਗਿਆ।

ਅਗਲੇ ਦਿਨ ਰਾਸ਼ਟਰਪਤੀ ਓਬਾਮਾ ਇਕ ਸਮਾਗਮ ਵਿਚ ਬੈਠੇ ਸਨ ਅਤੇ ਇਕ ਕਾਂਗਰਸਮੈਨ ਸਭਾ ਨੂੰ ਸੰਬੋਧਨ ਕਰਦਿਆਂ ਕਹਿ ਰਿਹਾ ਸੀ, "ਅਸੀਂ ਛੇਤੀ ਹੀ ਲਾਦਿਨ ਨੂੰ ਲੱਭ ਲਵਾਂਗੇ।" ਠੀਕ ਉਸੇ ਸਮੇਂ ਕੈਮਰਾ ਰਾਸ਼ਟਰਪਤੀ ਦੇ ਮੂੰਹ ਉਪਰ ਚਲਾ ਗਿਆ, ਉਹ ਮਿੰਨਾ-ਮਿੰਨਾ ਮੁਸਕਰਾ ਰਹੇ ਸਨ। ਸ਼ਾਇਦ ਦਿਲ ਹੀ ਦਿਲ ਵਿਚ ਕਾਂਗਰਸਮੈਨ ਨੂੰ ਕਹਿ ਰਹੇ ਹੋਣ, "ਲੱਭ ਲਵਾਂਗੇ ਨਹੀਂ, ਲੱਭ ਲਿਆ ਹੈ ਅਤੇ ਮੈਂ ਉਸ ਦੀ ਮੌਤ ਦੇ ਵਾਰੰਟ ਵੀ ਜਾਰੀ ਕਰ ਦਿਤੇ ਹਨ।"

ਉਸੇ ਰਾਤ ਕਰੀਬ ਦੋ ਵਜੇ ਪਾਕਿਸਤਾਨ ਦੇ ਸ਼ਹਿਰ ਐਬਟਾਬਾਦ ਦੇ ਇਕ ਵਡੇ ਸਾਰੇ ਘਰ ਨੇੜੇ ਹੈਲੀਕਾਪਟਰ ਉਤਰਦੇ ਹਨ ਅਤੇ ਅਮਰੀਕੀ ਨੇਵੀ ਦੇ 40 ਕਮਾਂਡੋ ਉਸ ਘਰ ਉਪਰ ਧਾਵਾ ਬੋਲਣ ਲਈ ਤਿਆਰ ਹਨ ਜਿਸ ਵਿਚ ਮੌਜੂਦ ਲੋਕਾਂ ਨੂੰ ਕੰਨੋ-ਕੰਨ ਖਬਰ ਨਹੀਂ ਹੋਣ ਦਿਤੀ ਗਈ। ਬਿਜਲੀ ਦੀ ਫੁਰਤੀ ਨਾਲ 24 ਕਮਾਂਡੋ ਇਸ ਤਿੰਨ ਮੰਜਿਲਾ ਘਰ ਵਿਚ ਦਾਖਲ ਹੁੰਦੇ ਹਨ ਅਤੇ ਤੀਜੀ ਮੰਜਿਲ ਉਪਰ ਇਕ ਬੈਡ ਰੂਮ ਵਿਚ ਦਾਖਲ ਹੋ ਕੇ ਉਥੇ ਮੌਜੂਦ ਵਿਅਕਤੀ ਨੂੰ ਆਤਮ ਸਮਰਪਣ ਕਰਨ ਲਈ ਕਹਿੰਦੇ ਹਨ ਪਰ ਉਸ ਵਿਅਕਤੀ ਵਲੋਂ ਆਪਣੀ ਪਤਨੀ ਨੂੰ ਢਾਲ ਬਣਾਏ ਜਾਣ ਪਿਛੋਂ ਕਮਾਂਡਰ ਤੁਰੰਤ ਉਸ ਦੇ ਮੱਥੇ ਅਤੇ ਛਾਤੀ ਵਿਚ ਗੋਲੀ ਮਾਰ ਦਿੰਦੇ ਹਨ। ਫਿਰ ਆਪਣੇ ਹੈਡ ਕੁਆਰਟਰ ਸੁਨੇਹਾ ਭੇਜਦੇ ਹਨ, "ਜੀਰਾਨੋ ਈ. ਕੇ. ਆਈ. ਏ." ਅਰਥਾਤ ਉਸਾਮਾ ਬਿਨ ਲਾਦਿਨ ਖਤਮ। ਇਹ ਉਸਾਮਾ ਦਾ ਕਮਾਂਡੋਆਂ ਵਲੋਂ ਰਖਿਆ ਕੋਡ ਨਾਂ ਸੀ। ਇਸ ਸਾਰੇ ਅਪਰੇਸ਼ਨ ਨੂੰ ਰਾਸ਼ਟਰਪਤੀ ਓਬਾਮਾ, ਉਪ ਰਾਸ਼ਟਰਪਤੀ ਜੋ ਬਿਡਨ, ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਵ੍ਹਾਈਟ ਹਾਊਸ ਦੇ ਹੋਰ ਅਧਿਕਾਰੀ ਦਿਲ ਫੜ ਕੇ ਕਮਾਂਡੋਆਂ ਦੇ ਹੈਲਮਟਾਂ ਉਪਰ ਲਗੇ ਵੀਡੀਓ ਕੈਮਰਿਆਂ ਰਾਹੀਂ ਨਾਲੋ-ਨਾਲ ਦੇਖ ਰਹੇ ਸਨ।



ਇਹ ਅਪਰੇਸ਼ਨ ਅਮਰੀਕਾ ਦੇ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਕਾਮਯਾਬ ਅਪਰੇਸ਼ਨ ਸੀ।

ਅਸਲ ਵਿਚ ਇਸਲਾਮਾਬਾਦ ਤੋਂ 60 ਮੀਲ ਦੂਰ ਇਸ ਘਰ ਉਪਰ ਪਿਛਲੇ ਸਾਲ ਅਗਸਤ ਤੋਂ ਹੀ ਅਮਰੀਕਾ ਵਲੋਂ ਸੈਟੇਲਾਈਟ ਰਾਹੀਂ ਪੂਰੀ ਨਿਗਰਾਨੀ ਰੱਖੀ ਜਾ ਰਹੀ ਸੀ। ਦੋ ਏਕੜ ਵਿਚ ਬਣੇ ਇਸ ਤਿੰਨ ਮੰਜਿਲੇ ਘਰ ਦੀਆਂ ਬਾਹਰਲੀਆਂ ਕੰਧਾਂ 30 ਫੁੱਟ ਉਚੀਆਂ ਹਨ ਅਤੇ ਇਹ ਪਾਕਿਸਤਾਨੀ ਫੌਜ ਦੀ ਅਕੈਡਮੀ ਤੋਂ ਸਿਰਫ ਅੱਧੇ ਮੀਲ ਦੀ ਦੂਰੀ 'ਤੇ ਹੈ। ਇਸ ਘਰ ਦਾ ਕੂੜਾ ਕਰਕਟ ਵੀ ਬਾਹਰ ਨਹੀਂ ਸੀ ਸੁਟਿਆ ਜਾਂਦਾ ਸਗੋਂ ਘਰ ਦੇ ਅੰਦਰ ਹੀ ਸਾੜ ਦਿੱਤਾ ਜਾਂਦਾ ਸੀ। ਆਖਰ ਉਸਾਮਾ ਦੀ ਮਦਦ ਕੌਣ ਕਰ ਰਿਹਾ ਸੀ? ਉਸ ਦੇ ਲਈ ਖਾਣ ਪੀਣ ਦਾ ਸਾਮਾਨ ਅਤੇ ਦਵਾਈਆਂ ਵਗੈਰਾ ਕੌਣ ਲੈ ਕੇ ਆਉਂਦਾ ਸੀ? ਇਹ ਕੁਝ ਸਵਾਲ ਹਨ ਜੋ ਆਉਣ ਵਾਲੇ ਦਿਨਾਂ ਵਿਚ ਹੀ ਹੱਲ ਹੋਣਗੇ।

ਉਸਾਮਾ ਹੰਟ ਅਪਰੇਸ਼ਨ ਸਿਰਫ 38 ਮਿੰਟਾਂ ਵਿਚ ਹੀ ਖਤਮ ਹੋ ਗਿਆ। ਜਿਸ ਵਿਚ ਉਸਾਮਾ ਤੋਂ ਬਿਨਾ ਉਸ ਦਾ ਪੁੱਤਰ ਅਤੇ ਉਸ ਦੇ ਤਿੰਨ ਅੰਗ ਰੱਖਿਅਕ ਵੀ ਮਾਰੇ ਗਏ। ਉਸਾਮਾ ਦੇ ਜਿਊਂਦੇ ਬਚੇ ਪੁੱਤਰ ਅਤੇ ਪਤਨੀ ਹੁਣ ਪਾਕਿਸਤਾਨੀ ਹਿਰਾਸਤ ਵਿਚ ਹਨ। ਅਪਰੇਸ਼ਨ ਤੋਂ ਬਾਅਦ ਉਸਾਮਾ ਦੀ ਲਾਸ਼ ਨੂੰ ਕਮਾਂਡੋਆਂ ਨੇ ਆਪਣੇ ਕਬਜ਼ੇ ਵਿਚ ਲੈ ਕੇ ਅਫਗਾਨਿਸਤਾਨ ਵਿਚ ਆਪਣੇ ਮਿਲਟਰੀ ਬੇਸ ਵਿਚ ਪਹੁੰਚਾਇਆ ਅਤੇ ਡੀ ਐਨ ਏ ਟੈਸਟ ਕਰਨ ਤੋਂ ਬਾਅਦ ਜਦੋਂ ਇਹ ਪੱਕ ਹੋ ਗਿਆ ਕਿ ਇਹ ਲਾਸ਼ ਬਿਨ ਲਾਦਿਨ ਦੀ ਹੀ ਹੈ ਤਾਂ ਅਮਰੀਕੀ ਸਮੇਂ ਅਨੁਸਾਰ ਰਾਤੀਂ ਕਰੀਬ 11:30 ਵਜੇ ਰਾਸ਼ਟਰਪਤੀ ਨੇ ਉਸ ਦੀ ਮੌਤ ਦੀ ਪੁਸ਼ਟੀ ਕੀਤੀ। ਇਸ ਦੇ ਤੁਰੰਤ ਪਿਛੋਂ ਹਜ਼ਾਰਾਂ ਅਮਰੀਕਨ ਸੜਕਾਂ ਉਪਰ ਨਿਕਲ ਆਏ ਅਤੇ ਖੁਸ਼ੀ ਵਿਚ ਅਮਰੀਕਾ, ਅਮਰੀਕਾ ਦੇ ਨਾਅਰੇ ਲਾਉਣ ਲੱਗੇ।

ਇਸ ਕਮਾਂਡੋ ਅਪਰੇਸ਼ਨ ਦੌਰਾਨ ਅਤਿ ਆਧੁਨਿਕ ਹਥਿਆਰਾਂ ਦੀ ਵਰਤੋਂ ਕੀਤੀ ਗਈ ਅਤੇ ਅਪਰੇਸ਼ਨ ਤੋਂ ਪਹਿਲਾਂ ਠੀਕ ਬਿਨ ਲਾਦਿਨ ਦੇ ਘਰ ਵਰਗਾ ਘਰ ਬਣਾ ਕੇ ਛੇ ਵਾਰੀ ਘਰ ਅੰਦਰ ਦਾਖਲ ਹੋਣ ਦਾ ਅਭਿਆਸ ਕੀਤਾ ਗਿਆ ਤਾਂ ਜੋ ਉਹ ਕਿਸੇ ਵੀ ਤਰੀਕੇ ਜਿੰਦਾ ਦਾ ਬਚ ਸਕੇ।

ਕਿਸੇ ਮੁਸਲਮਾਨ ਦੀ ਮੌਤ ਤੋਂ ਬਾਅਦ ਉਸ ਦੀ ਦੇਹ ਨੂੰ 24 ਘੰਟਿਆਂ ਅੰਦਰ ਸਪੁਰਦ-ਏ-ਖਾਕ ਕਰਨਾ ਹੁੰਦਾ ਹੈ ਅਤੇ ਅਮਰੀਕਾ ਨੇ ਵੀ ਇਸ ਮੁਸਲਿਮ ਰੀਤ ਅਨੁਸਾਰ ਬਿਨ ਲਾਦਿਨ ਦੀ ਦੇਹ ਨੂੰ ਨੁਹਾ-ਧੁਆ ਕੇ ਚਿੱਟੇ ਕੱਪੜਿਆਂ ਵਿਚ ਲਪੇਟ ਇਕ ਭਾਰੀ ਪੇਟੀ ਵਿਚ ਪਾ ਅਰਬ ਸਾਗਰ ਵਿਚ ਕਿਤੇ ਦਫਨ ਕਰ ਦਿੱਤਾ। ਉਸਾਮਾ ਦੀ ਦੇਹ ਨੂੰ ਧਰਤੀ ਉਪਰ ਇਸ ਕਰਕੇ ਨਹੀਂ ਦਫਨਾਇਆ ਗਿਆ ਕਿ ਕਿਧਰੇ ਉਸ ਦੀ ਕਬਰ ਉਪਰ ਕੱਟੜਪੰਥੀ ਕੋਈ ਵੱਡੀ ਯਾਦਗਾਰ ਨਾ ਬਣਾ ਦੇਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਹਿਸ਼ਤਗਰਦ ਬਣਨ ਲਈ ਉਸ ਤੋਂ ਪ੍ਰੇਰਨਾ ਨਾ ਲੈਣ ਲੱਗ ਪੈਣ। ਉਸ ਦਾ ਪਾਕਿਸਤਾਨ ਵਿਚ ਮਿਲਣਾ ਅਤੇ ਉਹ ਵੀ ਫੌਜੀ ਅਕੈਡਮੀ ਤੋਂ ਅੱਧੇ ਮੀਲ ਦੀ ਵਿੱਥ 'ਤੇ, ਇਹ ਸਾਬਤ ਕਰਦਾ ਹੈ ਕਿ ਪਾਕਿਸਤਾਨੀ ਫੌਜ ਅਤੇ ਖੁਫੀਆ ਏਜੰਸੀ ਆਈ ਐਸ ਆਈ ਹੀ ਉਸਾਮਾ ਨੂੰ ਸੁਰੱਖਿਆ ਦੇ ਰਹੀਆਂ ਸਨ। ਸ਼ਾਇਦ ਇਸੇ ਕਰਕੇ ਅਮਰੀਕੀ ਪ੍ਰਸ਼ਾਸਨ ਨੇ ਪਾਕਿਸਤਾਨ ਨੂੰ ਖਬਰ ਕੀਤੇ ਬਿਨਾ ਹੀ ਆਪਣੇ ਹੀ ਦਮ 'ਤੇ ਉਸਾਮਾ ਨੂੰ ਮਾਰ ਮੁਕਾਇਆ। ਉਸਾਮਾ ਦੀ ਮੌਤ ਤੋਂ ਬਾਅਦ ਪਾਕਿਸਤਾਨ ਵਿਚਲੇ ਸਾਰੇ ਦੂਤਘਰ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ।

## ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 10 ਜੁਲਾਈ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਯੂਨਿਟ ਵੱਲੋਂ ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਆਉਂਦੀ 10 ਜੁਲਾਈ ਐਤਵਾਰ ਨੂੰ ਕਰਵਾਈ ਜਾਵੇਗੀ ਜਿਸ ਵਿਚ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਅਮਰੀਕੀ ਪੰਜਾਬੀ ਕਹਾਣੀ ਬਾਰੇ ਆਪਣੇ ਨਵੇਂ ਖੋਜ ਪੇਪਰ ਪੜ੍ਹਨਗੇ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਬੁਲਾਰੇ ਸ੍ਰੀ ਹਰਜਿੰਦਰ ਪੰਧੇਰ ਨੇ ਇਕ ਬਿਆਨ ਵਿਚ ਦੱਸਿਆ ਕਿ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਲੇਖਕਾ ਸੁਰਜੀਤ ਕਲਸੀ ਅਤੇ ਕਹਾਣੀਕਾਰ ਅਮਰਜੀਤ ਚਾਹਲ (ਦੋਵੇਂ ਕਨੈਡਾ ਤੋਂ) ਸ਼ਾਮਲ ਹੋਣਗੇ। ਕਾਨਫਰੰਸ ਇਥੇ ਸਵਾਗਤ ਇੰਡੀਅਨ ਕੁਜ਼ੀਨ (2233 ਗਰੈਂਡ ਕੈਨਾਲ ਬਲੇਵਾਰਡ#205) ਵਿਚ ਸਵੇਰੇ ਗਿਆਰਾਂ ਵਜੇ ਸ਼ੁਰੂ ਹੋਵੇਗੀ।

ਕਾਨਫਰੰਸ ਦੌਰਾਨ ਅਮਰੀਕੀ ਪੰਜਾਬੀ ਕਹਾਣੀ ਬਾਰੇ ਖੋਜ ਪੱਤਰ ਪੜ੍ਹੇ ਜਾਣਗੇ ਅਤੇ ਨਵ-ਪ੍ਰਕਾਸ਼ਿਤ ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ। ਪੁਸਤਕਾਂ ਦਾ ਸਟਾਲ ਵੀ ਲਾਇਆ ਜਾਵੇਗਾ। ਕਹਾਣੀ ਦਰਬਾਰ ਹੋਵੇਗਾ ਅਤੇ ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਉਸਾਰੂ ਬਹਿਸ ਹੋਵੇਗੀ। ਕਹਾਣੀ ਦਰਬਾਰ ਤੋਂ ਬਾਅਦ ਇਕ ਕਵੀ ਦਰਬਾਰ ਹੋਵੇਗਾ।

ਹੋਰ ਜਾਣਕਾਰੀ ਲਈ ਹਰਜਿੰਦਰ ਸਿੰਘ ਪੰਧੇਰ (ਫੋਨ: 209-610-5055) ਜਾਂ ਪ੍ਰੋ. ਹਰਭਜਨ ਸਿੰਘ (ਫੋਨ: 408-246-2976) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




**Guaranteed Save $5,000!**

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

Get Free list of Homes at www.statewideteam.net

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 2-ਜੀ ਸਪੈਕਟ੍ਰਮ:ਲੋਕ ਲੇਖਾ ਕਮੇਟੀ ਦੀ ਰਿਪੋਰਟ ਨੇ ਦਿੱਲੀ ਹਿਲਾਈ

**ਨਵੀਂ ਦਿੱਲੀ:** ਸੰਸਦ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਦੀ 2-ਜੀ ਸਪੈਕਟ੍ਰਮ ਘੁਟਾਲੇ ਬਾਰੇ ਰਿਪੋਰਟ ਨੇ ਦੇਸ਼ ਦੀ ਸਿਆਸਤ 'ਚ ਕਾਫ਼ੀ ਹਿੱਲਜੁਲ ਪੈਦਾ ਕੀਤੀ ਹੈ ਪਰ ਪੀ.ਏ.ਸੀ. ਦੀ 28 ਅਪਰੈਲ ਦੀ ਹੰਗਾਮਾ ਭਰਪੂਰ ਰਹੀ ਮੀਟਿੰਗ 'ਚ ਯੂ.ਪੀ.ਏ. ਬਸਪਾ ਤੇ ਸਮਾਜਵਾਦੀ ਪਾਰਟੀ ਦੇ ਮੈਂਬਰਾਂ ਸਦਕਾ ਬਹੁਗਿਣਤੀ ਬਣਾਉਣ 'ਚ ਸਫਲ ਰਹੀ ਤੇ ਇਸ ਬਹੁਗਿਣਤੀ ਨੇ ਰਿਪੋਰਟ ਰੱਦ ਕਰ ਦਿੱਤੀ। ਰਿਪੋਰਟ ਰੱਦ ਕਰਨ ਵਾਲਿਆਂ ਵਿਚ ਸਮਾਜਵਾਦੀ ਪਾਰਟੀ ਤੇ ਬਸਪਾ ਦਾ ਇਕੋ ਇਕ ਮੈਂਬਰ ਵੀ ਸ਼ਾਮਲ ਹੈ।

ਲੋਕ ਲੇਖਾ ਕਮੇਟੀ ਦੀ ਮੀਟਿੰਗ ਕਾਫੀ ਰੌਲੇ-ਰੱਪੇ ਵਾਲੀ ਰਹੀ। ਇੱਥੋਂ ਤੱਕ ਕਿ ਸੱਤਾਧਾਰੀ ਧਿਰ 'ਚੋਂ 7 ਕਾਂਗਰਸੀ ਤੇ ਦੋ ਡੀ.ਐਮ.ਕੇ. ਮੈਂਬਰਾਂ ਨੇ ਸਮਾਜਵਾਦੀ ਪਾਰਟੀ ਤੇ ਬਸਪਾ ਦੇ ਸਹਿਯੋਗ ਨਾਲ ਸੈਫ਼ੂਦੀਨ ਸੋਜ਼ ਨੂੰ ਚੇਅਰਮੈਨ ਚੁਣ ਲਿਆ ਜਿਸ ਨੇ ਰਿਪੋਰਟ ਰੱਦ ਕਰਨ ਲਈ ਮਤਾ ਪਾ ਦਿੱਤਾ। ਇਹ ਚੋਣ ਉਦੋਂ ਕੀਤੀ ਗਈ ਜਦੋਂ ਪੀ.ਏ.ਸੀ. ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਮੀਟਿੰਗ ਛੱਡ ਕੇ ਚਲੇ ਗਏ। ਸੋਜ਼ ਨੇ ਖਰੜਾ ਰਿਪੋਰਟ ਗ੍ਰਹਿਣ ਕਰਨ ਲਈ ਵੋਟ ਪਾਏ ਜਾਣ ਦਾ ਮਤਾ ਪਾ ਦਿੱਤਾ। ਸੋਜ਼ ਨੇ ਦਾਅਵਾ ਕੀਤਾ ਕਿ ਵਿਰੋਧੀ ਪਾਰਟੀਆਂ (ਭਾਜਪਾ, ਜਨਤਾ ਦਲ ਯੂ., ਬੀ.ਜੇ.ਡੀ. ਤੇ ਏ. ਆਈ. ਡੀ.ਐਮ.ਕੇ.) ਦੇ 9 ਮੈਂਬਰਾਂ ਦੇ ਚਲੇ ਜਾਣ ਮਗਰੋਂ 11 ਮੈਂਬਰਾਂ ਨੇ ਰਿਪੋਰਟ ਰੱਦ ਕਰ ਦਿੱਤੀ।

ਉਧਰ ਇਸ ਰਿਪੋਰਟ ਨੂੰ ਲੈ ਕੇ ਕਾਂਗਰਸ ਤੇ ਵਿਰੋਧੀ ਧਿਰ ਦਰਮਿਆਨ ਤਿੱਖੀ ਸ਼ਬਦੀ ਜੰਗ ਛਿੜ ਗਈ ਹੈ। ਇਸ ਰਿਪੋਰਟ ਦੇ ਖਰੜੇ ਵਿਚ ਜਿੱਥੇ ਇਸ ਘੁਟਾਲੇ ਲਈ ਪ੍ਰਧਾਨ ਮੰਤਰੀ ਦਫ਼ਤਰ, ਕੈਬਨਿਟ ਸਕੱਤਰੇਤ ਤੇ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਦੀ ਭੂਮਿਕਾ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ ਉਥੇ ਪ੍ਰਧਾਨ ਮੰਤਰੀ ਨੂੰ ਕੁਝ 'ਮੰਦਭਾਗੀਆਂ ਊਣਤਾਈਆਂ' ਦਾ ਦੋਸ਼ੀ ਦੱਸਿਆ ਗਿਆ ਹੈ। ਅਜਿਹੀਆਂ ਟਿੱਪਣੀਆਂ ਤੋਂ ਖ਼ਫ਼ਾ ਹੋਈ ਕਾਂਗਰਸ ਤੇ ਉਸ ਦੀ ਭਾਈਵਾਲ ਡੀ.ਐਮ.ਕੇ. ਨੇ ਪੀ.ਏ.ਸੀ. ਦੇ ਮੁਖੀ ਤੇ ਭਾਜਪਾ ਨੇਤਾ ਡਾ. ਮੁਰਲੀ ਮਨੋਹਰ ਜੋਸ਼ੀ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਉਨ੍ਹਾਂ 'ਤੇ ਪੱਖਪਾਤੀ ਹੋਣ ਦੇ ਦੋਸ਼ ਲਾਏ ਤੇ ਅਸਤੀਫ਼ੇ ਦੀ ਮੰਗ ਕੀਤੀ।

## ਕਾਂਗਰਸ ਤੇ ਵਿਰੋਧੀ ਧਿਰ ਆਹਮੋ-ਸਾਹਮਣੇ

ਪੀ.ਏ.ਸੀ. ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ 21 ਮੈਂਬਰੀ ਕਮੇਟੀ ਦਾ ਤਵਾਜ਼ਨ ਸਮਾਜਵਾਦੀ ਪਾਰਟੀ ਤੇ ਬਸਪਾ ਦੇ ਇਕ-ਇਕ ਮੈਂਬਰ ਦੇ ਹੱਥ ਹੈ। ਕਮੇਟੀ ਵਿਚ ਕਾਂਗਰਸ ਦੇ 7, ਭਾਜਪਾ ਦੇ 4, ਅੰਨਾ ਡੀ.ਐਮ.ਕੇ. ਤੇ ਡੀ.ਐਮ.ਕੇ. ਦੇ 2-2 ਤੇ ਸ਼ਿਵ ਸੈਨਾ, ਬੀਜੂ ਜਨਤਾ ਦਲ, ਜਨਤਾ ਦਲ (ਯੂ), ਸਮਾਜਵਾਦੀ ਪਾਰਟੀ, ਬਸਪਾ ਤੇ ਸੀ.ਪੀ.ਐਮ. ਦਾ ਇਕ-ਇਕ ਮੈਂਬਰ ਹੈ। ਰਿਪੋਰਟ ਵਿਚ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਨੂੰ ਦੋਸ਼ੀ ਮੰਨਦਿਆਂ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੇ ਕੈਬਨਿਟ ਸਕੱਤਰੇਤ ਦੀ ਇਸ ਗੱਲੋਂ ਭਾਰੀ ਆਲੋਚਨਾ ਕੀਤੀ ਗਈ ਹੈ ਕਿ ਉਨ੍ਹਾਂ ਨੇ ਸਾਰਾ ਕੁਝ ਸਹੀ ਕਰਨ ਲਈ ਉਪਰਾਲੇ ਨਹੀਂ ਕੀਤੇ ਜਦਕਿ ਕਮੇਟੀ ਨੇ ਪ੍ਰਧਾਨ ਮੰਤਰੀ ਨੂੰ ਵੀ ਨਾ ਬਖਸ਼ਦਿਆਂ ਕੁਝ 'ਮੰਦਭਾਗੀਆਂ ਊਣਤਾਈਆਂ' ਕਰਨ ਲਈ ਉਨ੍ਹਾਂ ਦੀ ਵੀ ਸਖਤ ਖਿਚਾਈ ਕੀਤੀ ਹੈ।

ਲੋਕ ਲੇਖਾ ਕਮੇਟੀ ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਵੱਲੋਂ ਵੰਡੀ ਗਈ ਖਰੜਾ ਰਿਪੋਰਟ 'ਚ ਉਸ ਵੇਲੇ ਦੇ ਵਿੱਤ ਮੰਤਰੀ ਪੀ. ਚਿਦੰਬਰਮ ਦੀ ਵੀ ਖਿਚਾਈ ਕੀਤੀ ਗਈ ਹੈ ਜਿਸ ਨੇ ਪ੍ਰਧਾਨ ਮੰਤਰੀ ਨੂੰ 'ਮਾਮਲਾ ਬੰਦ ਸਮਝਿਆ ਜਾਵੇ' ਦੀ ਸਿਫਾਰਸ਼ ਕੀਤੀ ਸੀ ਜਦਕਿ ਇਸ ਦੀ ਥਾਂ ਖਜ਼ਾਨੇ ਨੂੰ ਪਏ ਘਾਟੇ ਲਈ ਜ਼ਿੰਮੇਵਾਰ ਲੋਕਾਂ ਵਿਰੁਧ ਕਾਰਵਾਈ ਕਰਨੀ ਬਣਦੀ ਸੀ। ਇਸ ਵੱਡ-ਅਕਾਰੀ ਰਿਪੋਰਟ ਵਿਚ ਪ੍ਰਧਾਨ ਮੰਤਰੀ ਵਿਰੁਧ ਵੀ ਸਖਤ ਸ਼ਬਦ ਵਰਤੇ ਗਏ ਹਨ ਜਿਸ ਨੇ 2-ਜੀ ਸਪੈਕਟ੍ਰਮ ਦੇ ਮੁੱਦੇ 'ਤੇ ਆਪਣੇ ਸਕੱਤਰੇਤ ਨੂੰ ਇੰਨਾ ਲਾਂਭੇ ਕਰੀ ਰੱਖਿਆ ਜਿਸ ਨਾਲ ਰਾਜਾ ਨੂੰ ਆਪਣੇ ਨਾਜਾਇਜ਼, ਆਪਮੁਹਾਰੇ ਤੇ ਸ਼ੱਕੀ ਜਾਪਦੇ ਮਨਸੂਬੇ ਨੇਪਰੇ ਚਾੜ੍ਹਨ 'ਚ ਮਦਦ ਮਿਲੀ। ਰਿਪੋਰਟ 'ਚ ਕਿਹਾ ਗਿਆ ਹੈ ਕਿ 3 ਜਨਵਰੀ 2008 ਨੂੰ ਪ੍ਰਧਾਨ ਮੰਤਰੀ ਦੇ ਸਕੱਤਰੇਤ ਨੇ 'ਲਾਂਭੇ ਰਹਿੰਦਿਆਂ' ਅਸਿੱਧੇ ਢੰਗ ਨਾਲ ਰਾਜਾ ਨੂੰ 'ਹਰੀ ਝੰਡੀ' ਦੇ ਦਿੱਤੀ ਸੀ।

## ਡੀ.ਐਮ.ਕੇ. ਕਾਨੂੰਨੀ ਲੜਾਈ ਲੜੇਗੀ

ਡੀ.ਐਮ.ਕੇ. ਨੇ 2-ਜੀ ਦੇ ਮੁੱਦੇ 'ਤੇ ਯੂ.ਪੀ.ਏ. ਗਠਜੋੜ 'ਚੋਂ ਬਾਹਰ ਨਾ ਹੋ ਕੇ ਇਹ ਕੇਸ ਕਾਨੂੰਨੀ ਤੌਰ 'ਤੇ ਲੜਨ ਦਾ ਫੈਸਲਾ ਲਿਆ ਹੈ। ਪਾਰਟੀ ਦੀ ਉਚ ਪੱਧਰੀ ਕਮੇਟੀ ਦੀ ਮੀਟਿੰਗ ਮਗਰੋਂ ਡੀ.ਐਮ.ਕੇ. ਦੇ ਪ੍ਰਧਾਨ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਸਪੈਕਟ੍ਰਮ ਦੀ ਵੰਡ ਦੇ ਮਾਮਲੇ 'ਚ ਸੀ.ਬੀ.ਆਈ. ਵੱਲੋਂ ਦਾਇਰ ਦੂਜੀ ਚਾਰਜਸ਼ੀਟ 'ਚ ਕਾਨੀਮੋੜੀ ਦਾ ਨਾਮ ਸ਼ਾਮਲ ਕੀਤੇ ਜਾਣ 'ਤੇ 'ਗਹਿਰੇ ਸੰਤਾਪ' ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਆਪਣੀ ਧੀ ਤੇ ਪਾਰਟੀ ਨੂੰ ਨਿਰਦੋਸ਼ ਸਿੱਧ ਕਰਨ ਲਈ ਉਹ ਇਸ ਮੁੱਦੇ 'ਤੇ ਕਾਨੂੰਨੀ ਲੜਾਈ ਲੜਨਗੇ। ਜਦੋਂ ਤੋਂ ਸੀ.ਬੀ.ਆਈ. ਨੇ ਕਾਨੀਮੋੜੀ ਦੀ ਸ਼ਮੂਲੀਅਤ ਵਾਲੀ ਦੂਜੀ ਚਾਰਜਸ਼ੀਟ ਸੋਮਵਾਰ ਨੂੰ ਦਿੱਲੀ ਕੋਰਟ 'ਚ ਫਾਈਲ ਕੀਤੀ ਸੀ ਤਦ ਤੋਂ ਇਹ ਕਿਆਸਅਰਾਈਆਂ ਚੱਲ ਰਹੀਆਂ ਸਨ ਕਿ ਡੀ.ਐਮ.ਕੇ. ਸਖ਼ਤ ਪੈਂਤੜਾ ਅਖਤਿਆਰ ਕਰ ਸਕਦੀ ਹੈ ਤੇ ਕੇਂਦਰੀ ਮੰਤਰਾਲੇ ਵੀ ਛੱਡਣ 'ਤੇ ਵਿਚਾਰ ਕਰ ਸਕਦੀ ਹੈ।

# ਪੁਲਿਸ ਨੂੰ ਅਜੇ ਵੀ ਖਾੜਕੂ ਬਸ਼ੀਰ ਮੁਹੰਮਦ ਦੀ ਤਲਾਸ਼

**ਚੰਡੀਗੜ੍ਹ:** ਪੁਲਿਸ ਨੂੰ ਅਜੇ ਵੀ ਖਾੜਕੂ ਬਸ਼ੀਰ ਮੁਹੰਮਦ ਦੀ ਤਲਾਸ਼ ਹੈ। ਬੱਬਰ ਖਾਲਸਾ (ਇੰਟਰਨੈਸ਼ਨਲ) ਦਾ ਖਾੜਕੂ ਬਸ਼ੀਰ ਮੁਹੰਮਦ ਮਾਨਸਾ ਪੁਲਿਸ ਨੂੰ ਵੀ ਲੋੜੀਂਦਾ ਹੈ। ਤਕਰੀਬਨ 17 ਵਰ੍ਹਿਆਂ ਤੋਂ ਇਸ ਅਤਿਵਾਦੀ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਬਠਿੰਡਾ ਤੇ ਮਾਨਸਾ 'ਚ ਉਸ ਖ਼ਿਲਾਫ਼ ਕਰੀਬ 900 ਪੁਲਿਸ ਕੇਸ ਦਰਜ ਹਨ। ਉਹ ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਦਾ ਵਸਨੀਕ ਹੈ। ਬਠਿੰਡਾ ਪੁਲਿਸ ਦੀ ਭਗੌੜਿਆਂ ਦੀ ਸੂਚੀ 'ਚ ਅੱਜ ਵੀ ਇਸ ਖਾੜਕੂ ਦਾ ਨਾਮ ਬੋਲ ਰਿਹਾ ਹੈ।

## *ਬਸ਼ੀਰ 1993 'ਚ ਝੂਠੇ ਮੁਕਾਬਲੇ 'ਚ ਹੋਇਆ ਸੀ ਸ਼ਹੀਦ*

ਅਸਲ 'ਚ 1993 ਦੌਰਾਨ ਮੁਹੰਮਦ ਪੱਛਮੀ ਬੰਗਾਲ ਵਿਚ ਇਕ ਝੂਠੇ ਪੁਲਿਸ ਮੁਕਾਬਲੇ 'ਚ ਸ਼ਹੀਦ ਹੋ ਚੁੱਕਾ ਹੈ। ਕਲਕੱਤਾ ਹਾਈ ਕੋਰਟ ਵੱਲੋਂ ਪੰਜਾਬ ਪੁਲਿਸ ਦੀ ਪੰਜ ਮੈਂਬਰੀ ਟੀਮ ਨੂੰ ਉਮਰ ਕੈਦ ਦੀ ਸਜ਼ਾ ਵੀ ਸੁਣਾਈ ਗਈ ਸੀ। ਮਗਰੋਂ ਪੱਛਮੀ ਬੰਗਾਲ ਦੇ ਰਾਜਪਾਲ ਨੇ ਇਹ ਸਜ਼ਾ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਕੇ ਮੁਆਫ ਕਰ ਦਿੱਤੀ ਸੀ। ਬਸ਼ੀਰ ਦੇ ਸ਼ਹੀਦ ਹੋਣ ਬਾਰੇ ਹਾਈ ਕੋਰਟ ਵੱਲੋਂ ਸਜ਼ਾ ਦੇਣ ਤੇ ਮਗਰੋਂ ਰਾਜਪਾਲ ਵੱਲੋਂ ਮੁਆਫੀ ਦਿੱਤੇ ਜਾਣ ਦੇ ਬਾਵਜੂਦ ਪੁਲਿਸ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੈ। ਜ਼ਿਲ੍ਹਾ ਪੁਲਿਸ ਬਠਿੰਡਾ ਵੱਲੋਂ ਜੋ 460 ਭਗੌੜਿਆਂ ਦੀ ਸੂਚੀ ਤਿਆਰ ਕੀਤੀ ਗਈ ਹੈ ਉਸ ਵਿਚ ਬਸ਼ੀਰ ਮੁਹੰਮਦ ਨੂੰ ਪੰਜ ਪੁਲਿਸ ਕੇਸਾਂ 'ਚ ਭਗੌੜਾ ਦਿਖਾਇਆ ਗਿਆ ਹੈ। ਇਹ ਕੇਸ ਥਾਣਾ ਤਲਵੰਡੀ ਸਾਬੋ 'ਚ ਦਰਜ ਹੋਏ ਸਨ। ਉਸ ਖ਼ਿਲਾਫ਼ ਤਲਵੰਡੀ ਸਾਬੋ ਤੇ ਰਾਮਾਂ ਥਾਣੇ 'ਚ ਪੁਲਿਸ ਕੇਸ 1993 'ਚ 28 ਜਨਵਰੀ, 15 ਫਰਵਰੀ, 16 ਅਪਰੈਲ ਨੂੰ ਦੋ ਤੇ 21 ਅਗਸਤ ਨੂੰ ਦਰਜ ਹੋਏ ਸਨ। ਇਨ੍ਹਾਂ ਕੇਸਾਂ 'ਚੋਂ ਚਾਰ ਕੇਸ ਧਾਰਾ 302 ਤਹਿਤ ਤੇ ਦੋ ਕੇਸ ਧਾਰਾ 307 ਤਹਿਤ ਦਰਜ ਹਨ। ਜ਼ਿਲ੍ਹਾ ਪੁਲਿਸ ਮਾਨਸਾ ਵੱਲੋਂ ਵੀ ਇਸੇ ਤਰ੍ਹਾਂ ਇਸ ਖਾੜਕੂ ਨੂੰ ਚਾਰ ਪੁਲਿਸ ਕੇਸਾਂ 'ਚ ਭਗੌੜਾ ਦਿਖਾਇਆ ਗਿਆ ਹੈ।



*ਬਸ਼ੀਰ ਮੁਹੰਮਦ*

ਸੂਤਰ ਆਖਦੇ ਹਨ ਕਿ ਬਸ਼ੀਰ ਮੁਹੰਮਦ ਦੇ ਮੁਕਾਬਲੇ ਦਾ ਕੇਸ ਬੜਾ ਚਰਚਿਤ ਰਿਹਾ ਹੈ ਜਿਸ 'ਚ ਪੁਲਿਸ ਅਫਸਰਾਂ ਨੂੰ ਪੱਛਮੀ ਬੰਗਾਲ ਦੇ ਕਾਫੀ ਵਰ੍ਹੇ ਚੱਕਰ ਕੱਟਣੇ ਪਏ ਸਨ। ਜ਼ਿਲ੍ਹਾ ਪੁਲਿਸ ਬਠਿੰਡਾ ਦੇ ਐਸ.ਪੀ. (ਅਪਰੇਸ਼ਨ) ਤੇ ਡੀ.ਐਸ.ਪੀ. ਤਲਵੰਡੀ ਸਾਬੋ ਦੀ ਅਗਵਾਈ 'ਚ ਪੁਲਿਸ ਟੀਮ 1993 'ਚ ਬਸ਼ੀਰ ਮੁਹੰਮਦ ਦੀ ਭਾਲ ਵਿਚ ਕਲਕੱਤਾ ਦੇ ਤਿਲਜਲਾ ਵਿਖੇ ਗਈ ਸੀ। ਪੁਲਿਸ ਅਫਸਰ ਤਾਂ ਹਵਾਈ ਰਸਤੇ ਰਾਹੀਂ ਗਏ ਸਨ ਜਦੋਂ ਕਿ ਬਾਕੀ ਟੀਮ ਸੜਕੀ ਰਸਤੇ ਪੱਛਮੀ ਬੰਗਾਲ ਗਈ ਸੀ। ਜਦੋਂ ਮੁਕਾਬਲਾ ਹੋਇਆ ਤਾਂ ਉਦੋਂ ਤਿਲਜਲਾ ਇਲਾਕੇ 'ਚ ਰੌਲਾ ਪੈ ਗਿਆ ਜਿਸ ਕਰਕੇ ਪੁਲਿਸ ਬਸ਼ੀਰ ਮੁਹੰਮਦ ਤੇ ਉਸ ਦੀ ਪਤਨੀ ਦੀਆਂ ਲਾਸ਼ਾਂ ਲੈ ਕੇ ਭੱਜ ਗਈ ਸੀ। ਪੰਜਾਬ ਪੁਲਿਸ ਦੀ ਟੀਮ ਨੇ ਕਲਕੱਤਾ ਪੁਲਿਸ ਨੂੰ ਵੀ ਇਸ ਦੀ ਸੂਚਨਾ ਨਹੀਂ ਦਿੱਤੀ ਸੀ।

ਝੂਠੇ ਮੁਕਾਬਲੇ ਮਗਰੋਂ ਬਸ਼ੀਰ ਮੁਹੰਮਦ ਦੇ ਰਿਸ਼ਤੇਦਾਰਾਂ ਵੱਲੋਂ ਹਾਈ ਕੋਰਟ 'ਚ ਕੇਸ ਪਾ ਦਿੱਤਾ ਗਿਆ ਜਿਸ 'ਚ ਪੁਲਿਸ ਅਫਸਰਾਂ ਸਮੇਤ ਪੰਜ ਜਣਿਆ ਨੂੰ ਉਮਰ ਕੈਦ ਹੋ ਗਈ ਸੀ। ਪੰਜਾਬ ਪੁਲਿਸ ਵੱਲੋਂ ਉਦੋਂ ਪੁਲਿਸ ਅਫਸਰਾਂ ਨੂੰ ਵਿਸ਼ੇਸ਼ ਹੈਲੀਕਾਪਟਰ 'ਚ ਕਲਕੱਤਾ ਭੇਜਿਆ ਗਿਆ ਸੀ ਜਿਸ ਦੇ ਸਬੂਤ ਵੀ ਹਾਈ ਕੋਰਟ 'ਚ ਪੇਸ਼ ਹੋਏ ਸਨ। ਬਸ਼ੀਰ ਦੀ ਮੌਤ ਤੋਂ 18 ਵਰ੍ਹਿਆਂ ਮਗਰੋਂ ਵੀ ਬਠਿੰਡਾ ਤੇ ਮਾਨਸਾ ਪੁਲਿਸ ਦੇ ਰਿਕਾਰਡ 'ਚ ਇਹ ਅਤਿਵਾਦੀ ਜ਼ਿੰਦਾ ਹੈ।

ਜ਼ਿਲ੍ਹਾ ਪੁਲਿਸ ਬਠਿੰਡਾ ਦੇ ਰਿਕਾਰਡ 'ਚ 13 ਅਤਿਵਾਦੀ ਹਾਲੇ ਵੀ ਭਗੌੜੇ ਹਨ ਜਿਨ੍ਹਾਂ 'ਚ ਪਿੰਡ ਭਗਵਾਨਪੁਰਾ ਦਾ ਨਿੰਦਰਜੀਤ ਉਰਫ ਮਿਠੂ ਵੀ ਸ਼ਾਮਲ ਹੈ। ਸਭ ਤੋਂ ਪੁਰਾਣਾ ਭਗੌੜਾ ਸੁਭਾਸ਼ ਕੁਮਾਰ ਹੈ ਜਿਸ 'ਤੇ ਥਾਣਾ ਕੋਤਵਾਲੀ 'ਚ 25 ਮਾਰਚ 1978 ਨੂੰ ਪੁਲਿਸ ਕੇਸ ਦਰਜ ਹੋਇਆ ਸੀ। ਉਸ ਨੂੰ ਅਦਾਲਤ ਵੱਲੋਂ 14 ਸਤੰਬਰ 1980 ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਜ਼ਿਲ੍ਹਾ ਪੁਲਿਸ 31 ਸਾਲਾਂ ਮਗਰੋਂ ਵੀ ਉਸ ਨੂੰ ਫੜ ਨਹੀਂ ਸਕੀ ਹੈ। ਇਸ ਤੋਂ ਇਲਾਵਾ ਪਰਮਜੀਤ ਸਿੰਘ 'ਤੇ ਥਾਣਾ ਕੋਤਵਾਲੀ 'ਚ ਹੀ 17 ਜਨਵਰੀ 1981 ਨੂੰ ਪੁਲਿਸ ਕੇਸ ਦਰਜ ਹੋਇਆ ਸੀ ਤੇ ਉਸ ਨੂੰ ਅਦਾਲਤ ਵੱਲੋਂ 11 ਮਈ 1982 ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ। ਪੁਲਿਸ 29 ਵਰ੍ਹਿਆਂ 'ਚ ਇਸ ਨੂੰ ਪਕੜ ਨਹੀਂ ਸਕੀ। ਐਸ.ਐਸ.ਪੀ. ਡਾ. ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਬਸ਼ੀਰ ਦੀ ਮੌਤ ਬਾਰੇ ਉਨ੍ਹਾਂ ਕੋਲ ਕੋਈ ਲਿਖਤੀ ਸਬੂਤ ਜਾਂ ਸੂਚਨਾ ਨਹੀਂ ਆਈ ਹੈ। ਇਸ ਕਰਕੇ ਇਹ ਹਾਲੇ ਵੀ ਭਗੌੜਿਆਂ ਦੀ ਸੂਚੀ ਵਿਚ ਸ਼ਾਮਲ ਹੈ।

# ਨਾਟੋ ਹਮਲੇ 'ਚ ਗੱਦਾਫ਼ੀ ਦਾ ਪੁੱਤਰ ਤੇ ਪੋਤੇ-ਪੋਤੀਆਂ ਹਲਾਕ

**ਤ੍ਰਿਪੋਲੀ**: ਲਿਬੀਆ ਦੇ ਹੁਕਮਰਾਨ ਮੁਅੱਮਾਰ ਗੱਦਾਫ਼ੀ ਦਾ ਸਭ ਤੋਂ ਛੋਟਾ ਪੁੱਤਰ ਤੇ ਤਿੰਨ ਪੋਤੇ-ਪੋਤੀਆਂ ਨਾਟੋ ਹਵਾਈ ਹਮਲੇ 'ਚ ਮਾਰੇ ਗਏ ਪਰ ਗੱਦਾਫ਼ੀ ਖ਼ੁਦ ਵਾਲ-ਵਾਲ ਬਚ ਗਿਆ। ਇਸ ਤੋਂ ਕੁਝ ਘੰਟੇ ਪਹਿਲਾਂ ਹੀ ਇਸ ਆਗੂ ਨੇ ਗੋਲੀਬੰਦੀ ਅਤੇ ਗੱਲਬਾਤ ਲਈ ਸਹਿਮਤੀ ਪ੍ਰਗਟਾਈ ਸੀ। ਗੱਦਾਫ਼ੀ ਤੇ ਉਸ ਦੀ ਪਤਨੀ ਤ੍ਰਿਪੋਲੀ 'ਚ ਆਪਣੇ 29 ਸਾਲਾ ਪੁੱਤਰ ਸੈਫ਼-ਅਲ-ਅਰਬ ਦੇ ਘਰ ਸਨ ਜਦੋਂ 30 ਅਪਰੈਲ ਦੀ ਰਾਤ ਨਾਟੋ ਦੇ ਜਹਾਜ਼ ਨੇ ਇਸ ਘਰ 'ਤੇ ਮਿਜ਼ਾਈਲ ਦਾਗ਼ੀ। ਇਹ ਜਾਣਕਾਰੀ ਲਿਬੀਆ ਸਰਕਾਰ ਦੇ ਤਰਜਮਾਨ ਮੂਸਾ ਇਬਰਾਹਮ ਨੇ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਇਸ ਘਰ 'ਤੇ ਹਮਲਾ 'ਪੂਰੀ ਸ਼ਕਤੀ' ਨਾਲ ਕੀਤਾ ਗਿਆ ਸੀ। 68 ਸਾਲਾ ਗੱਦਾਫ਼ੀ ਆਪਣੀ ਪਤਨੀ ਤੇ ਹੋਰ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਇਸ ਘਰ ਵਿਚ ਸੀ। ਉਸ ਦੀ ਸਿਹਤ ਕਾਫ਼ੀ ਚੰਗੀ ਸੀ। ਇਸ ਹਮਲੇ 'ਚ ਉਸ ਦਾ ਤੇ ਉਸ ਦੀ ਪਤਨੀ ਦਾ ਕੋਈ ਨੁਕਸਾਨ ਨਹੀਂ ਹੋਇਆ ਜਦਕਿ ਘਰ ਵਿਚਲੇ ਹੋਰ ਲੋਕ ਜ਼ਖ਼ਮੀ ਹੋ ਗਏ। ਇਬਰਾਹਮ ਨੇ ਕਿਹਾ ਕਿ ਦੇਸ਼ ਦੇ ਆਗੂ ਦੀ ਹੱਤਿਆ ਕਰਨ ਲਈ ਇਹ ਸਿੱਧਾ ਹਮਲਾ ਕੀਤਾ ਗਿਆ ਸੀ ਜਦਕਿ ਕੌਮਾਂਤਰੀ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦਾ। ਕੋਈ ਵੀ ਸਿਧਾਂਤਕ ਜ਼ਾਬਤਾ ਜਾਂ ਸਿਧਾਂਤ ਵੀ ਇਸ ਦੀ ਆਗਿਆ ਨਹੀਂ ਦਿੰਦਾ। ਇਬਰਾਹਮ ਨੇ ਕਿਹਾ ਕਿ ਇਸ ਵੇਲੇ ਉਹ ਜੰਗਲ ਰਾਜ 'ਚ ਹਨ। ਤਰਜਮਾਨ ਅਨੁਸਾਰ ਉਹ ਸਾਰੇ ਮੰਨਦੇ ਹਨ ਕਿ ਇਸ ਵੇਲੇ ਲਿਬੀਆ 'ਚ ਜੋ ਕੁਝ ਹੋ ਰਿਹਾ ਹੈ ਉਸ ਦਾ ਆਮ ਨਾਗਰਿਕਾਂ ਦੀ ਸੁਰੱਖਿਆ ਨਾਲ ਕੋਈ ਵਾਸਤਾ ਨਹੀਂ ਹੈ। ਇਨ੍ਹਾਂ ਹਮਲਿਆਂ ਨੇ 29 ਸਾਲਾ ਸੈਫ਼-ਅਲ-ਅਰਬ ਤੇ ਉਸ ਦੇ ਤਿੰਨ ਭਤੀਜੇ-ਭਤੀਜੀਆਂ ਦੀ ਜਾਨ ਲੈ ਲਈ।

ਇਹ ਤਿੰਨੇ ਬੱਚੇ 12 ਸਾਲ ਤੋਂ ਘੱਟ ਉਮਰ ਦੇ ਸਨ। ਨਾਟੋ ਦੇ ਤਰਜਮਾਨ ਨੇ ਕਿਹਾ ਕਿ ਬਾਬ ਅਲ-ਅਜ਼ੀਜ਼ਿਆ ਵਿਚ ਇਹ ਹਮਲਾ ਰਾਖੀ ਹੇਠਲੀ ਇਕ ਇਮਾਰਤ 'ਤੇ ਕੀਤਾ ਗਿਆ ਸੀ। ਨਾਟੋ ਫ਼ੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਚਾਰਲਸ ਬਾਊਚਰਡ ਨੇ ਕਿਹਾ ਕਿ ਇਤਿਹਾਦੀ ਫ਼ੌਜਾਂ ਲੋਕਾਂ 'ਤੇ ਹਮਲੇ ਨਹੀਂ ਕਰਦੀਆਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਤਾ ਹੈ ਕਿ ਗੱਦਾਫ਼ੀ ਦੇ ਪਰਿਵਾਰ ਦੇ ਕੁਝ ਜੀਅ ਮਾਰੇ ਗਏ ਹਨ। ਅਲ-ਜਜ਼ੀਰਾ ਅਨੁਸਾਰ ਸੈਫ਼-ਅਲ-ਅਰਬ, ਗੱਦਾਫ਼ੀ ਦਾ ਸਭ ਤੋਂ ਘੱਟ ਚਰਚਿਤ ਪੁੱਤਰ ਸੀ। ਬੇਂਗਹਾਜ਼ੀ ਚ ਬਾਗ਼ੀਆਂ ਦਾ ਕਹਿਣਾ ਹੈ ਕਿ ਉਹ ਗੱਦਾਫ਼ੀ ਦਾ ਭਰੋਸਾ ਨਹੀਂ ਕਰ ਸਕਦੇ। ਉਹ ਹਮਦਰਦੀ ਹਾਸਲ ਕਰਨ ਲਈ ਕੁਝ ਵੀ ਕਹਿ ਸਕਦਾ ਹੈ। ਉਧਰ ਨਾਟੋ ਵੱਲੋਂ ਲਿਬੀਆ 'ਚ ਜ਼ਮੀਨੀ ਫ਼ੌਜੀ ਹਮਲੇ ਦੀ ਯੋਜਨਾ ਤੋਂ ਸੁਚੇਤ ਰੂਸ ਨੇ ਕਿਹਾ ਹੈ ਕਿ ਅਜਿਹਾ ਕੁਝ ਕਰਨ ਲਈ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਰੂਸ ਦੇ ਵਿਦੇਸ਼ ਮੰਤਰੀ ਸੇਰਗੇਈ ਲੇਵਰੋਵ ਨੇ ਕਿਹਾ ਕਿ ਮਿਲੀ ਜਾਣਕਾਰੀ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਨਾਟੋ ਤੇ ਯੂਰਪੀ ਯੂਨੀਅਨਾਂ ਇਨ੍ਹਾਂ ਹੀ ਯੋਜਨਾਵਾਂ 'ਤੇ ਕੰਮ ਕਰ ਰਹੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਭਾਜਪਾ ਨੂੰ 23 ਸੀਟਾਂ ਨਾਲ ਹੀ ਸਬਰ ਕਰਨਾ ਪਵੇਗਾ

**ਚੰਡੀਗੜ੍ਹ:** ਬਥੇਰੇ ਹੱਥ-ਪੈਰ ਮਾਰਨ ਤੋਂ ਬਾਅਦ ਵੀ ਭਾਜਪਾ ਦੇ ਪੱਲੇ ਕੁਝ ਵੀ ਨਹੀਂ ਪਿਆ ਤੇ ਉਸ ਨੂੰ ਪਹਿਲਾਂ ਜਿੰਨੀਆਂ ਸੀਟਾਂ ਨਾਲ ਹੀ ਗੁਜ਼ਾਰਾ ਕਰਨਾ ਪਵੇਗਾ। ਅਗਲੀਆਂ ਵਿਧਾਨ ਸਭਾ ਚੋਣਾਂ ’ਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਪੁਰਾਣੀ ਗਿਣਤੀ ਮੁਤਾਬਕ ਸੀਟਾਂ ’ਤੇ ਚੋਣਾਂ ਲੜਣ ਦੀ ਰਜ਼ਾਮੰਦੀ ਹੋ ਗਈ।ਦੋਵਾਂ ਧਿਰਾਂ ਨੇ ਨਵੀਂ ਹਲਕਾਬੰਦੀ ਮੁਤਾਬਕ ਸੀਟਾਂ ਦੇ ਆਪਸੀ ਤਬਾਦਲੇ ’ਤੇ ਵੀ ਸਹਿਮਤੀ ਦੇ ਦਿੱਤੀ ਹੈ।

ਸੂਤਰਾਂ ਅਨੁਸਾਰ ਦੋਵੇਂ ਪਾਰਟੀਆਂ ਦੇ ਸੀਨੀਅਰ ਆਗੂਆਂ ਦੀਆਂ ਇਸ ਮਾਮਲੇ ’ਤੇ ਦੋ ਮੀਟਿੰਗਾਂ ਹੋ ਗਈਆਂ ਹਨ। ਇਨ੍ਹਾਂ ਮੀਟਿੰਗਾਂ ’ਚ ਫੈਸਲਾ ਲਿਆ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਹੋਰ ਸੀਟਾਂ ਦੀ ਮੰਗ ਨਹੀਂ ਕਰੇਗੀ। ਉਸ ਦੇ ਹਿੱਸੇ ਸਿਰਫ਼ 23 ਸੀਟਾਂ ਹੀ ਰਹਿਣਗੀਆਂ। ਦੋਵਾਂ ਧਿਰਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਨਵੀਂ ਹਲਕਾਬੰਦੀ ਅਨੁਸਾਰ ਦਿਹਾਤੀ ਖੇਤਰ ਦੇ ਹਲਕੇ ਸ਼੍ਰੋਮਣੀ ਅਕਾਲੀ ਦਲ ਨੂੰ ਤਬਦੀਲ ਕਰ ਦਿੱਤੇ ਜਾਣ ਤੇ ਉਸ ਦੇ ਬਦਲੇ ਵੱਧ ਸ਼ਹਿਰੀ ਰਕਬੇ ਵਾਲੇ ਹਲਕੇ ਭਾਜਪਾ ਦੇ ਖਾਤੇ ਵਿਚ ਚਲੇ ਜਾਣ। ਇਸ ਗੱਲ ’ਤੇ ਵੀ ਰਜ਼ਾਮੰਦੀ ਹੋਈ ਹੈ ਕਿ ਜਿਨ੍ਹਾਂ ਹਲਕਿਆਂ ਤੋਂ ਭਾਜਪਾ ਦੀ ਕਾਰਗੁਜ਼ਾਰੀ ਬਹੁਤੀ ਵਧੀਆ ਨਹੀਂ ਰਹੀ ਜਾਂ ਜਿਹੜੀਆਂ ਸੀਟਾਂ ’ਤੇ ਭਾਜਪਾ ਹਾਰਦੀ ਰਹੀ ਹੈ, ਉਨ੍ਹਾਂ ਸੀਟਾਂ ’ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਕਿਸਮਤ ਅਜ਼ਮਾਉਣ ਦਾ ਮੌਕਾ ਦਿੱਤਾ ਜਾਵੇ। ਇਨ੍ਹਾਂ ਗੁਪਤ ਮੀਟਿੰਗਾਂ ’ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਥਾਨਕ ਸਰਕਾਰ ਮੰਤਰੀ ਮਨੋਰੰਜਨ ਕਾਲੀਆ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਨੇ ਸ਼ਮੂਲੀਅਤ ਕੀਤੀ ਸੀ। ਮੀਟਿੰਗ ਵਿਚ ਅਗਲੀ ਵਾਰ ਦੀ ਗੜ੍ਹਸ਼ੰਕਰ, ਨੰਗਲ, ਅੰਮ੍ਰਿਤਸਰ ਤੇ ਬਟਾਲਾ ਦੀ ਇਕ ਸੀਟ ਤੋਂ ਭਾਜਪਾ ਦੀ ਥਾਂ ਦਲ ਦੇ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਨ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਹੋਰ ਸੀਟਾਂ ’ਤੇ ਅਗਲੀ ਮੀਟਿੰਗ ’ਚ ਵਿਚਾਰ ਕਰਨ ਦਾ ਫੈਸਲਾ ਹੋਇਆ ਹੈ।

ਭਾਜਪਾ ਦੇ ਸੂਤਰਾਂ ਨੇ ਦੱਸਿਆ ਹੈ ਕਿ ਇਸ ਵਾਰ ਉਮੀਦਵਾਰਾਂ ਦੀ ਚੋਣ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਮੌਜੂਦਾ ਕਾਰਗੁਜ਼ਾਰੀ ਨੂੰ ਮੁੱਖ ਆਧਾਰ ਬਣਾਇਆ ਜਾ ਰਿਹਾ ਹੈ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਵੱਲੋਂ ਪੰਜਾਬ ਦੇ ਪਾਰਟੀ ਉਮੀਦਵਾਰਾਂ ਬਾਰੇ ਗੁਪਤ ਰਿਪੋਰਟਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਵਲੋਂ ਗੁਪਤ ਸਰਵੇਖਣ ਵੀ ਕਰਵਾਇਆ ਜਾ ਚੁੱਕਾ ਹੈ ਜਦੋਂਕਿ ਦੂਜਾ ਸਰਵੇਖਣ ਇਸੇ ਅਕਤੂਬਰ ਵਿਚ ਕਰਵਾਉਣ ਦੀ ਤਿਆਰੀ ਹੈ। ਗਡਕਰੀ ਵਲੋਂ ਪੰਜਾਬ ਦਾ ਸਰਵੇਖਣ ਵੀ ਉਸੇ ਕੰਪਨੀ ਨੂੰ ਸੌਂਪਿਆ ਗਿਆ ਹੈ ਜਿਸ ਕੰਪਨੀ ਤੋਂ ਭਾਜਪਾ ਹਾਈਕਮਾਨ ਨੇ ਬਿਹਾਰ ਰਾਜ ਦੀਆਂ ਚੋਣਾਂ ਤੋਂ ਪਹਿਲਾਂ ਕਰਵਾਇਆ ਸੀ। ਭਾਜਪਾ ਪ੍ਰਧਾਨ ਵੱਲੋਂ ਇਸ ਰਿਪੋਰਟ ਵਿਚ ਮੰਤਰੀਆਂ ਤੇ ਵਿਧਾਇਕਾਂ ਦੀ ਬੂਥ ਪੱਧਰ ਦੀ ਕਾਰਗੁਜ਼ਾਰੀ ਦਾ ਪਤਾ ਲਾਇਆ ਜਾ ਰਿਹਾ ਹੈ।

ਭਾਜਪਾ ਵਿਧਾਇਕਾਂ ਤੇ ਮੰਤਰੀਆਂ ਵਿਚ ਇਸ ਨਾਲ ਇਕ ਤਰ੍ਹਾਂ ਦੀ ਬੇਚੈਨੀ ਫੈਲ ਗਈ ਹੈ ਤੇ ਉਹ ਪਹਿਲਾਂ ਨਾਲੋਂ ਵੋਟਰਾਂ ਦੇ ਵਧੇਰੇ ਨੇੜੇ ਹੋ ਕੇ ਉਨ੍ਹਾਂ ਦੇ ਦੁਖ-ਸੁਖ ਸੁਣਨ ਲੱਗ ਪਏ ਹਨ। ਭਾਜਪਾ ਦੇ ਮੰਤਰੀਆਂ ਨੇ ਹਰੇਕ ਬੁੱਧਵਾਰ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫਤਰ ਵਿਚ ਲੋਕ ਦਰਬਾਰ ਲਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

# ਵਿਸਟਾ ਟੈਕਨਾਲੋਜੀ ਅਤੇ ਇਜ਼ੀਚੇਜ਼ ਦਾ ਰਲੇਵਾਂ

ਬੇਕਰਜ਼ਫੀਲਡ (ਮਾਨ ਮਨਦੀਪ): ਨਾਮੀ ਪੰਜਾਬੀ ਕੰਪਨੀ ਵਿਸਟਾ ਸੀ ਸੀ ਕੈਮਰਾ ਟੈਕਨਾਲੋਜੀ ਰਲੇਵੇਂ ਪਿਛੋਂ ਹੁਣ ਇਜ਼ੀਚੇਜ਼ ਦਾ ਹਿੱਸਾ ਬਣ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਕੰਪਨੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਜ਼ੀਚੇਜ਼ ਅਮਰੀਕਾ ਦੀ ਆਪਣੇ ਖੇਤਰ ਵਿਚ ਪਹਿਲੇ ਨੰਬਰ ਦੀ ਕੰਪਨੀ ਹੈ। ਇਹ ਕੰਪਨੀ ਬਿਜਨਸ ਅਤੇ ਘਰਾਂ ਵਾਸਤੇ ਹਾਈ ਡੈਫੀਨੇਸ਼ਨ ਦੇ ਕਲੋਜ਼ ਕਟ ਕੈਮਰੇ ਅਤੇ ਡੀ ਵੀ ਆਰ ਮੁਹੱਈਆ ਕਰਦੀ ਹੈ। ਕੁਆਲਿਟੀ ਅਤੇ ਕੀਮਤਾਂ ਪੱਖੋਂ ਇਹ ਕੰਪਨੀ ਹੋਰ ਬਹੁਤ ਸਾਰੀਆਂ ਕੰਪਨੀਆਂ ਨੂੰ ਮਾਤ ਪਾਉਂਦੀ ਹੈ। ਕੈਮਰੇ ਵਗੈਰਾ ਗਾਹਕ ਕੰਪਨੀ ਦੀ ਵੈਬਸਾਈਟ www.ezchase.com ‘ਤੇ ਜਾ ਕੇ ਆਪ ਵੀ ਖਰੀਦ ਸਕਦਾ ਹੈ। ਇਸ ਸਿਸਟਮ ਦੇ ਜ਼ਰੀਏ ਆਈ ਫੋਨ ‘ਤੇ ਕਿਤੇ ਵੀ ਬੈਠ ਕੇ ਆਪਣੇ ਬਿਜਨਸ ‘ਤੇ ਨਿਗ੍ਹਾ ਰੱਖੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੁਖਪਾਲ ਨਾਲ ਫੋਨ 661-586-5080 ਉਤੇ ਸੰਪਰਕ ਕੀਤਾ ਜਾ ਸਕਦਾ ਹੈ।







ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

**4585 Pell Dr. Secramento CA, 95838**



**Short Sale Specialist**

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet ‘Sam’ Chahal*
**@916-612-5773**

Serving from Bay Area to Sacramento

Call for free listing of
Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਬਾਦਲਾਂ ਵੱਲੋਂ ਬਰਨਾਲਾ ਪਰਿਵਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਬਾਦਲ ਪਰਿਵਾਰ ਨਾਲ ਸਬੰਧ ਵਿਗੜਣ ਮਗਰੋਂ ਪੰਜਾਬ ਦੀ ਸਿਆਸਤ ਦੇ ਹਾਸ਼ੀਏ ’ਤੇ ਜਾ ਚੁੱਕੇ ਬਰਨਾਲਾ ਪਰਿਵਾਰ ਨੇ ਹੁਣ ਜਦੋਂ ਮੁੜ ਤੋਂ ਸਰਗਰਮੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਨਵੀਂ ਮੁਸੀਬਤ ਵਿਚ ਫਸਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਵਾਰ ਸਰਕਾਰ ਨੇ ਬਰਨਾਲਾ ਪਰਿਵਾਰ ਦੇ ਕਾਰੋਬਾਰ ਦੀ ਪੈੜ ਨੱਪ ਲਈ ਹੈ ਤੇ ਉਹ ਤਾਮਿਲਨਾਡੂ ਦੇ ਰਾਜਪਾਲ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਪੁੱਤਰ ਜਸਜੀਤ ਸਿੰਘ ਧਾਲੀਵਾਲ ਦੀ ਸੰਗਰੂਰ ਸਥਿਤ ਫੈਕਟਰੀ ਜੈਪਸਨ ਫਾਰਮਾਸਿਊਟੀਕਲ ਲਿਮਟਿਡ ਦਾ ਲਾਇਸੈਂਸ ਰੱਦ ਕਰਨ ਦੀ ਤਿਆਰੀ ’ਚ ਹੈ।



ਪੰਜਾਬ ਸਿਹਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸਤੀਸ਼ ਚੰਦਰ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਫੈਕਟਰੀ ਤੋਂ ਦਵਾਈਆਂ ਦੀ ਖਰੀਦ ਦੇ ਮਾਮਲੇ ਬਾਰੇ ਬੇਨਿਯਮੀਆਂ ਸਾਹਮਣੇ ਆਈਆਂ ਹਨ ਤੇ ਇਸ ਦੀ ਉੱਚ ਪੱਧਰੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮਾਮਲੇ ਵਿਚ ਸਰਕਾਰ ਨੇ ਹਾਲ ਹੀ ਦੌਰਾਨ ਡਰੱਗ ਕੰਟਰੋਲਰ ਭਾਗ ਸਿੰਘ ਸਣੇ ਹੋਰ ਕਈ ਅਧਿਕਾਰੀਆਂ ਅਜੇ ਸਿੰਗਲਾ, ਵਿਜੇ ਮੱਟੂ, ਐਸ.ਪੀ.ਐਸ. ਸੋਹਲ ਤੇ ਰਾਕੇਸ਼ ਗੁਪਤਾ ਨੂੰ ਚਾਰਜਸ਼ੀਟ ਕੀਤਾ ਹੈ। ਚਾਰਜਸ਼ੀਟ ਕਰਨ ਦੇ ਬਾਵਜੂਦ ਸਰਕਾਰ ਨੇ ਨਾ ਤਾਂ ਇਨ੍ਹਾਂ ਤੋਂ ਕੰਮ ਵਾਪਸ ਲਿਆ ਤੇ ਨਾ ਹੀ ਇਨ੍ਹਾਂ ਨੂੰ ਮੁਅੱਤਲ ਕੀਤਾ। ਸਰਕਾਰ ਨੇ ਸਾਲ 2006 ਤੋਂ ਬਾਅਦ ਇਸ ਕੰਪਨੀ ਦੇ ਲਾਇਸੈਂਸ ਦਾ ਨਵੀਨੀਕਰਨ ਨਹੀਂ ਕੀਤਾ ਤੇ ਇਸ ਦੇ ਬਾਵਜੂਦ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਕੰਪਨੀ ਸਰਕਾਰ ਨੂੰ ਦਵਾਈਆਂ ਦੀ ਸਪਲਾਈ ਕਰਦੀ ਰਹੀ। ਜੈਪਸਨ ਫਾਰਮਾਸਿਊਟੀਕਲ ਲਿਮਟਿਡ ਦੀ ਸਥਾਪਨਾ 1986 ਵਿਚ ਪੰਜਾਬ ਰਾਜ ਸਨਅਤੀ ਵਿਕਾਸ ਨਿਗਮ ਦੀ ਵਿੱਤੀ ਸਹਾਇਤਾ ਨਾਲ ਕੀਤੀ ਗਈ ਸੀ। ਮਗਰੋਂ ਨਿਗਮ ਨੇ ਇਸ ’ਚੋਂ ਆਪਣੀ ਹਿੱਸੇਦਾਰੀ ਕੱਢ ਲਈ ਤੇ ਕੰਪਨੀ 8.36 ਕਰੋੜ ਦਾ ਕਰਜ਼ਾ ਨਾ ਮੋੜਨ ਕਰਕੇ ਡਿਫਾਲਟਰ ਹੋ ਗਈ।

ਵਰਨਣਯੋਗ ਹੈ ਕਿ 1980 ਦੇ ਦਹਾਕੇ ਵਿਚ ਸਰਕਾਰ ਨੇ ਇਕ ਨੀਤੀ ਬਣਾਈ ਸੀ ਕਿ ਜਿਸ ਕੰਪਨੀ ਵਿਚ ਨਿਗਮ ਦੀ ਘੱਟੋ-ਘੱਟ 50 ਫੀਸਦੀ ਹਿੱਸੇਦਾਰੀ ਹੋਵੇਗੀ, ਸਰਕਾਰ ਉਸ ਕੋਲੋਂ ਦਵਾਈਆਂ ਦੀ ਖਰੀਦ ਕਰੇਗੀ ਪਰ ਨਿਗਮ ਵੱਲੋਂ ਹਿੱਸੇਦਾਰੀ ਕੱਢਣ ਦੇ ਬਾਵਜੂਦ ਸਿਹਤ ਵਿਭਾਗ ਇਸ ਕੰਪਨੀ ਤੋਂ ਦਵਾਈਆਂ ਦੀ ਖਰੀਦ ਜਾਰੀ ਰੱਖੀ।

ਇਸ ਤੋਂ ਇਲਾਵਾ ਕੰਪਨੀ ਉਦੋਂ ਸੁਰਖੀਆਂ ਵਿਚ ਆਈ ਜਦੋਂ ਇਹ ਗੱਲ ਸਾਹਮਣੇ ਆਈ ਕਿ ਉਸ ਨੇ 1994 ਤੋਂ 1996 ਦਰਮਿਆਨ ਪਟਿਆਲਾ ਕੇਂਦਰੀ ਜੇਲ੍ਹ ਨੂੰ 75 ਲੱਖ ਰੁਪਏ ਦੀਆਂ ਦਵਾਈਆਂ ਦੀ ਸਪਲਾਈ ਕੀਤੀ। ਇਹ ਖਰਚਾ ਕੈਦੀਆਂ ਨੂੰ ਦਿੱਤੀ ਜਾਂਦੀ ਖੁਰਾਕ ਤੋਂ ਵੀ ਵੱਧ ਸੀ। ਜੈਪਸਨ ਤੋਂ ਖਰੀਦੀ ਦਵਾਈ ਉਸ ਖਰਚੇ ਤੋਂ ਵੀ ਵੱਧ ਸੀ ਜਿਹੜਾ ਖਰਚਾ ਦਵਾਈਆਂ ਲਈ ਰੱਖਿਆ ਗਿਆ ਸੀ। ਸੀ.ਬੀ.ਆਈ. ਨੇ ਇਸ ਮਾਮਲੇ ਦੀ ਜਾਂਚ ਕੀਤੀ ਤੇ ਉਸ ਜਾਂਚ ਦਾ ਕੀ ਬਣਿਆ ਇਸ ਦਾ ਭੇਤ ਵੀ ਬਰਕਰਾਰ ਹੈ।

# ਸ਼ਾਰਜਾਹ ’ਚ ਫਸੇ ਭਾਰਤੀਆਂ ਨੂੰ ਸਮਝੌਤੇ ਲਈ ਮੋਹਲਤ

**ਦੁਬਈ:** ਸ਼ਾਰਜਾਹ ਦੀ ਅਪੀਲ ਕੋਰਟ ਨੇ ਸ਼ਰਾਬ ਕੱਢਣ ਦੇ ਧੰਦੇ ਤੇ ਕਤਲ ਦੇ ਮਾਮਲੇ ’ਚ ਫਸੇ ਤੇ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 17 ਭਾਰਤੀ ਮੁੰਡਿਆਂ ਨੂੰ ਮ੍ਰਿਤਕ ਮਿਸ਼ਰੀ ਖਾਨ (ਪਾਕਿਸਤਾਨ) ਦੇ ਪਰਿਵਾਰ ਨਾਲ ਕਿਸੇ ਸਮਝੌਤੇ ’ਤੇ ਪੁੱਜਣ ਲਈ ਤਿੰਨ ਹਫਤਿਆਂ ਦਾ ਹੋਰ ਸਮਾਂ ਦਿੱਤਾ ਹੈ।

ਅਦਾਲਤ ਨੇ ਬਚਾਓ ਪੱਖ ਦੇ ਵਕੀਲ ਤੇ ਮ੍ਰਿਤਕ ਦੀ ਧਿਰ ਨੂੰ 19 ਮਈ ਤਕ ਜਾਂ ਇਸ ਤੋਂ ਪਹਿਲਾਂ ਅਦਾਲਤ ਤੋਂ ਬਾਹਰ ਮਾਮਲਾ ਹੱਲ ਕਰਨ ਲਈ ਕਿਹਾ ਹੈ। ਮ੍ਰਿਤਕ ਦੇ ਪਰਿਵਾਰ ਵੱਲੋਂ ਮੁਹੰਮਦ ਰਮਜ਼ਾਨ ਇਸ ਕੇਸ ਲਈ ਨਾਮਜ਼ਦ ਹੈ। ਰਮਜ਼ਾਨ ਤੋਂ ਇਲਾਵਾ ਅਪਰਾਧ ਬਾਰੇ ਗਵਾਹ ਮੁਹੰਮਦ ਮੁਸ਼ਤਾਕ ਤੇ 17 ਭਾਰਤੀ ਮੁੰਡੇ ਅਦਾਲਤ ਚ ਹਾਜ਼ਰ ਸਨ।

ਭਾਰਤੀ ਕੌਂਸਲੇਟ ਜਨਰਲ ਵੱਲੋਂ ਅੰਸ਼ੁਲ ਸ਼ਰਮਾ ਤੇ ਪਾਕਿਸਤਾਨ ਕੌਂਸਲੇਟ ਜਨਰਲ ਵੱਲੋਂ ਰਿਆਜ਼ ਨਾਂਗਾ ਤੇ ਜ਼ਰੀਨਾ ਪੁੱਜੇ ਹੋਏ ਸਨ। ਅਦਾਲਤ ਅਨੁਸਾਰ ਯੂ.ਏ.ਈ. ’ਚ ਸ਼ਰੱਈ ਕਾਨੂੰਨ ਮੁਤਾਬਕ ਵੱਧ ਤੋਂ ਵੱਧ ਦੀਆ (ਬਲੱਡ ਮਨੀ) ਦੋ ਲੱਖ ਦਰਹਾਮ ਹੋ ਸਕਦੀ ਹੈ। ਪਰ ਪੀੜਤ ਦਾ ਪਰਿਵਾਰ ਤੇ ਬਚਾਓ ਪੱਖ ਰਾਸ਼ੀ ਤੈਅ ਕਰਨ ਲਈ ਸੁਤੰਤਰ ਹਨ। ਦੁਬਈ ਦੇ ਕਾਰੋਬਾਰੀ ਐਸ.ਪੀ. ਸਿੰਘ ਉਬਰਾਏ ਜੋ ਮੁੰਡਿਆਂ ਦਾ ਕੇਸ ਲੜ ਰਹੇ ਹਨ, ਨੂੰ ਆਸ ਹੈ ਕਿ ਅਗਲੀ ਸੁਣਵਾਈ ਤੋਂ ਪਹਿਲਾਂ ਮਿਸ਼ਰੀ ਖਾਨ ਦੇ ਪਰਿਵਾਰ ਨਾਲ ਮਸਲੇ ਦਾ ਹੱਲ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 30 ਦਸੰਬਰ ਨੂੰ ਬਚਾਓ ਟੀਮ ਦੀਆ ਦੀ ਰਕਮ ਵੱਲ ਰੁਚਿਤ ਨਹੀਂ ਸੀ। ਬਚਾਓ ਪੱਖ ਦੀ ਦਲੀਲ ਸੀ ਕਿ ਭਾਰਤੀ ਮੁੰਡੇ ਨਿਰਦੋਸ਼ ਹਨ।

# ਬੀਬੀ ਜਗੀਰ ਕੌਰ ਨੂੰ ਜ਼ਬਰਦਸਤ ਝਟਕਾ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਉਸ ਵੇਲੇ ਜ਼ਬਰਦਸਤ ਝਟਕਾ ਲੱਗਾ ਜਦੋਂ ਉਨ੍ਹਾਂ ਦੀ ਬੇਟੀ ਹਰਪ੍ਰੀਤ ਕੌਰ ਰੋਜ਼ੀ ਦੀ ਮੌਤ ਬਾਰੇ ਇਥੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਚੱਲ ਰਹੇ ਕਤਲ ਕੇਸ ਦੇ ਮੁੱਖ ਗਵਾਹ ਕਮਲਜੀਤ ਸਿੰਘ ਵੱਲੋਂ ਆਪਣੇ ਮੁੜ ਬਿਆਨ ਦਰਜ ਕਰਵਾਉਣ ਬਾਰੇ ਦਾਇਰ ਕੀਤੀ ਗਈ ਅਰਜ਼ੀ ਅਦਾਲਤ ਵੱਲੋਂ ਮਨਜ਼ੂਰ ਕਰ ਲਈ ਗਈ।



ਕਮਲਜੀਤ ਸਿੰਘ ਨੇ ਆਪਣੇ ਵਕੀਲ ਆਰ.ਕੇ. ਸਿੰਗਲਾ ਰਾਹੀਂ ਇਹ ਅਰਜ਼ੀ 21 ਮਾਰਚ ਨੂੰ ਦਾਇਰ ਕੀਤੀ ਗਈ ਸੀ। ਇਸ ਵਿਚ ਧਾਰਾ 311 ਤਹਿਤ ਆਪਣੇ ਬਿਆਨ ਮੁੜ ਦਰਜ ਕਰਵਾਉਣ ਦੀ ਫਰਿਆਦ ਕਰਦਿਆਂ ਉਸ ਨੇ ਕਿਹਾ ਸੀ ਕਿ ਪਹਿਲਾਂ ਬਿਆਨਾਂ ਮੌਕੇ ਉਹ ਮਾਨਸਿਕ ਦਬਾਅ ਹੇਠ ਸੀ ਜਿਸ ਕਰਕੇ ਉਹ ਕਥਿਤ ਹਕੀਕਤ ਬਿਆਨ ਨਹੀਂ ਸੀ ਕਰ ਸਕਿਆ। ਇਸ ਤਰ੍ਹਾਂ ਸੀ.ਬੀ.ਆਈ. ਕੋਰਟ ਦੇ ਜੱਜ ਬਲਬੀਰ ਸਿੰਘ ਵੱਲੋਂ ਆਪਣੇ ਫੈਸਲੇ ਦੌਰਾਨ ਕਮਲਜੀਤ ਸਿੰਘ ਦੀ ਇਹ ਅਰਜ਼ੀ ਸਵੀਕਾਰ ਕਰ ਲਈ ਗਈ ਹੈ। ਦੱਸਣਯੋਗ ਹੈ ਕਿ ਕਮਲਜੀਤ ਸਿੰਘ ਦੀ ਗਵਾਹੀ ਪਹਿਲਾਂ ਹੀ ਮੁਕੰਮਲ ਹੋ ਚੁੱਕੀ ਹੈ ਜਿਸ ਦੌਰਾਨ ਉਸ ਨੇ ਸੀ.ਬੀ.ਆਈ. ਕੋਲ ਪਹਿਲਾਂ ਦਰਜ ਕਰਵਾਏ ਬਹੁਤੇ ਬਿਆਨਾਂ ਤੋਂ ਕਿਨਾਰਾ ਹੀ ਕਰ ਲਿਆ ਸੀ। ਇਸ ਕਰਕੇ ਜਾਂਚ ਏਜੰਸੀ ਵੱਲੋਂ ਇਸ ਗਵਾਹ ਨੂੰ ਮੁੱਕਰਿਆ ਗਵਾਹ ਗਰਦਾਨਿਆ ਜਾ ਚੁੱਕਾ ਹੈ। ਇਸ ਤਰ੍ਹਾਂ ਅੱਜ ਦੀ ਇਸ ਕਾਰਵਾਈ ਨੇ ਇਸ ਕੇਸ ’ਚ ਨਵਾਂ ਮੋੜ ਲੈ ਆਂਦਾ ਹੈ ਜਿਸ ਬਾਰੇ ਕਾਨੂੰਨੀ ਮਾਹਰਾਂ ਵਿਚ ਵੱਖ-ਵੱਖ ਤਰ੍ਹਾਂ ਦੀ ਚਰਚਾ ਹੈ।

# ਅਮਰੀਕਾ ’ਚ ਗੋਲੀ ਮਾਰ ਕੇ ਭਾਰਤੀ ਦੀ ਹੱਤਿਆ

**ਟ੍ਰੈਂਟਨ:** ਇਥੋਂ ਦੀ ਫਾਰਮੇਸੀ ਦੇ ਭਾਰਤੀ-ਅਮਰੀਕੀ ਮਾਲਕ ਨੂੰ ਇਕ ਨੌਜਵਾਨ ਨੇ ਗੋਲੀ ਮਾਰ ਕੇ ਮਾਰ ਦਿੱਤਾ। ਉਸ ਨੇ ਲੜਕੇ ਨੂੰ ਢੁਕਵੀਂ ਪਰਚੀ ਤੋਂ ਬਗੈਰ ਦਵਾਈ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ। ਬਰਾਡ ਸਟਰੀਟ ਵਿਚ ਬਰੰਨਜ਼ਵਿਕ ਐਵੇਨਿਊ ਫਾਰਮੇਸੀ ਦੇ ਮਾਲਕ ਅਰਜਨ ਰੈਡੀ ਦਿਆਪਾ (52) ਦੇ ਛਾਤੀ ਵਿਚ ਗੋਲੀ ਵੱਜੀ ਤੇ ਕੈਪੀਟਲ ਹੈਲਥ ਰੀਜਨਲ ਮੈਡੀਕਲ ਸੈਂਟਰ ਲਿਆਉਣ ’ਤੇ ਉਸ ਦੀ ਮੌਤ ਹੋ ਗਈ। ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਖੌਫਨਾਕ ਸ਼ਕਲ ਸੂਰਤ ਵਾਲਾ ਇਕ ਅਫਰੀਕੀ-ਅਮਰੀਕੀ ਨੌਜਵਾਨ ਕਾਊਂਟਰ ’ਤੇ ਆਇਆ ਤੇ ਉਸ ਨੇ ਕਿਸੇ ਡਾਕਟਰ ਦੀ ਲਿਖੀ ਪਰਚੀ ਪੇਸ਼ ਕੀਤੇ ਬਿਨਾਂ ਕੋਈ ਦਵਾਈ ਮੰਗੀ। ਦਿਆਪਾ ਨੇ ਉਸ ਨੂੰ ਨਰਮਾਈ ਨਾਲ ਮਨ੍ਹਾ ਕਰ ਦਿੱਤਾ ਪਰ ਜਦੋਂ ਉਹ ਨਾ ਹਟਿਆ ਤਾਂ ਉਸ ਨੇ ਲੜਕੇ ਨੂੰ ਆਖਿਆ ਕਿ ਉਸ ਨੂੰ ਇਵੇਂ ਦਵਾਈ ਦੇ ਕੇ ਉਸ ਨੇ ਆਪਣਾ ਲਾਇਸੈਂਸ ਨਹੀਂ ਗੁਆਉਣਾ। ਨੌਜਵਾਨ ਉਸ ਵੇਲੇ ਤਾਂ ਆਪਣਾ ਸਿਰ ਫੜ ਕੇ ਮੁੜ ਗਿਆ ਪਰ ਥੋੜ੍ਹੀ ਦੇਰ ਬਾਅਦ ਫੇਰ ਆਇਆ ਤੇ ਉਸ ਨੇ ਦਿਆਪਾ ’ਤੇ ਗੋਲੀ ਚਲਾ ਦਿੱਤੀ।

ਪੁਲੀਸ ਨੇ ਵੀਡੀਓ ਕੈਮਰਾ ਰਿਕਾਰਡਿੰਗ ਹਾਸਲ ਕਰ ਲਈ ਹੈ ਤੇ ਹਮਲਾਵਰ ਨੂੰ ਛੇਤੀ ਦਬੋਚ ਲੈਣ ਦਾ ਭਰੋਸਾ ਪ੍ਰਗਟ ਕੀਤਾ ਹੈ। ਦਿਆਪਾ ਆਂਧਰਾ ਪ੍ਰਦੇਸ਼ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਪਿੰਡ ਜੜਚਰਾਲਾ ਦਾ ਮੂਲ ਵਾਸੀ ਸੀ। ਪਿੱਛੇ ਪਰਿਵਾਰ ’ਚ ਉਸ ਦੀ ਪਤਨੀ ਗੀਤਾ ਤੇ ਇਕ 16 ਸਾਲਾਂ ਦੀ ਧੀ ਹੈ।


Rising Sun Transport Roanoke,VA



ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ

*ਡਰਾਈ ਅਤੇ ਰੀਫਰ ਲੋਡ *ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ

*ਕਾਗਜ਼ ਪੂਰੇ ਕਰਨ ‘ਤੇ ਤੁਰਤ ਭੁਗਤਾਨ

ਕਾਲ ਕਰੋ:ਹਰਮੀਤ ਸਿੰਘ ਮਥੌਡਾ, ਫੋਨ:540-632-3671



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

*Law Offices Of Jaspreet Singh*

*4491 W. Shaw Ave., Suite 300 B (Near Costco) Fresno, CA 93722*
***Ph: 559-271-5511***

*44790 S. Grimmer Blvd. #204 Fremont CA-94538*
***Ph:510-657-6444***
*Fax: 510-657-6443*

*2945 W. Capitol Ave, Sacramento CA-95691*
***Ph: 916-372-4448***
*Fax: 916-372-4440*



Akal Immigration & Allied Services

In Association with

Max Berger Law Corporation



Canadian Immigration





**Max Berger B.F.A. LL.B.**
*Immigration Lawyer since 1983*

***Narinder Paul Singh B.Sc.***
*(Kashmir University -1971)*

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਦੁਆ ਸਕਦੇ ਹਾਂ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas
⇒ Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

*Nanak Plaza 1380- Cardiff Blvd. #: 2 Mississauga (On.) L5S1P9 Canada*
*E-mail: info@akalimmigration.com Website: www.akalimmigration.com*

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business**
***Workers Compensation**

Call for consultation

## Ph: 408-771-2438

*408-580-6063, 408-687-7566*

Fax: 408-573-3829

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

## Gurbans Gill 209-815-1869



# ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

8 ਮਈ 2011 ਦਿਨ ਐਤਵਾਰ

ਗੁਰਦੁਆਰਾ ਸਾਹਿਬ, ਫਰੀਮਾਂਟ
ਗੁਰਦੁਆਰਾ ਸਾਹਿਬ, ਹੈਚ ਰੋਡ ਮੋਡਿਸਟੋ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

**ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ**
**ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35**

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone ਤੇ Android Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।



## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : ਅੰਮ੍ਰਿਤ ਵੇਲਾ ਸਚ ਨਾਉ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਦੋ ਘੰਟੇ ਬਾਅਦ
- ਸਵੇਰੇ 10 ਤੋਂ 11 ਵਜੇ : ਆਤਮਿਕ ਆਨੰਦ ਪ੍ਰੋਗਰਾਮ – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7 ਵਜੇ : ਸਰਬ ਸਾਂਝੀ ਗੁਰਬਾਣੀ – ਰਹਿਰਾਸ ਸਾਹਿਬ ਤੇ ਕੀਰਤਨ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ
- ਰਾਤ 7 ਤੋਂ 8 ਵਜੇ ਤੱਕ : ਕਥਾ ਭਾਈ ਪਿੰਦਰਪਾਲ ਸਿੰਘ (Live Coverage)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ - ਗੁਰਪ੍ਰੀਤ ਸਿੰਘ ਤੇ ਸਿਮਰਨ, ਲਹਿੰਦੇ ਪੰਜਾਬ ਦੀਆਂ ਬਾਂਗਾਂ - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : ਦੇਸੋ ਪਰਦੇਸ – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : ਝਿਲਮਿਲ ਤਾਰੇ – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : ਇਕ ਖ਼ਾਸ ਮੁਲਾਕਾਤ – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**

Listen LIVE
www.punjabiradiousa.com

Email: info@punjabiradiousa.com
3750 McKee Road, # B, San Jose CA 95127

# ਸੈਨ ਹੋਜ਼ੇ ਵਿਸਾਖੀ ਮੇਲੇ ਵਿਚ ਲੋਕਾਂ ਦਾ ਰਿਕਾਰਡ ਤੋੜ ਇਕੱਠ

**ਸੈਨ ਹੋਜ਼ੇ (ਬਿਊਰੋ):** ਬੇ-ਏਰੀਆ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਕਰਵਾਇਆ ਜਾਂਦਾ ਵਿਸਾਖੀ ਮੇਲਾ ਇਸ ਵਾਰ ਇਤਿਹਾਸਕ ਹੋ ਨਿਬੜਿਆ ਕਿਉਂਕਿ ਇਸ ਵਾਰ ਮੇਲੇ ਵਿਚ ਰਿਕਾਰਡ ਤੋੜ ਇਕੱਠ ਹੋਇਆ। ਸਵੇਰ ਤੋਂ ਹੀ ਮੇਲਾ ਪ੍ਰੇਮੀਆ ਦਾ ਇਕ ਕਿਸਮ ਦਾ ਹੜ੍ਹ ਜਿਹਾ ਆ ਗਿਆ। ਯੂ ਐਸ ਏ ਕਬੱਡੀ ਫੈਡਰੇਸ਼ਨ ਵਲੋਂ ਕਰਵਾਏ ਗਏ ਕਬੱਡੀ ਦੇ ਮੈਚ ਅਤੇ ਬਲਜੀਤ ਮਾਲਵਾ ਤੇ ਸਤਵਿੰਦਰ ਬਿੱਟੀ ਜਿਹੇ ਨਾਮਵਰ ਕਲਾਕਾਰ ਵੀ ਲੋਕਾਂ ਲਈ ਖਿਚ ਦਾ ਵਿਸ਼ੇਸ਼ ਕਾਰਨ ਸਨ। ਮੇਲੇ ਵਿਚ ਇਕ ਪਾਸੇ ਕਬੱਡੀ ਦੇ ਫਸਵੇਂ ਮੈਚ ਚਲ ਰਹੇ ਸਨ, ਦੂਸਰੇ ਪਾਸੇ ਸਭਿਆਚਾਰਕ ਸਟੇਜ 'ਤੇ ਗਿੱਧੇ, ਭੰਗੜੇ ਦੀਆਂ ਟੀਮਾਂ ਕਲਾ ਦੇ ਜ਼ੌਹਰ ਦਿਖਾ ਰਹੀਆਂ ਸਨ। ਕਬੱਡੀ ਓਪਨ ਵਿਚ ਲੱਢਰ ਭਰਾਵਾਂ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਜੇਤੂ ਰਹੀ।




ਮੇਲੇ ਦਾ ਅਰੰਭ ਭਾਈ ਕੁਲਵੰਤ ਸਿੰਘ ਦੇ ਰਾਗੀ ਜਥੇ ਵਲੋਂ ਅਰਦਾਸ ਅਤੇ ਹਰਮਨਦੀਪ ਕੌਰ ਅਤੇ ਪ੍ਰਭਜੋਤ ਸਿੰਘ ਵਲੋਂ "ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋ" ਦੇ ਸ਼ਬਦ ਪੜ੍ਹੇ ਜਾਣ ਨਾਲ ਹੋਇਆ।

ਸਭਿਆਚਾਰਕ ਸਟੇਜ 'ਤੇ ਜਸਪਾਲ ਸਿੰਘ ਖਾਲਸਾ ਅਤੇ ਸੁਖਵਿੰਦਰ ਸਿੰਘ ਗੋਗੀ ਵਲੋਂ ਚਲਾਈ ਜਾ ਰਹੀ ਅਜ਼ੇ ਭੰਗੜਾ ਅਕੈਡਮੀ ਦੀਆਂ ਗਿਆਰਾਂ ਟੀਮਾਂ ਨੇ ਗਿੱਧੇ ਅਤੇ ਭੰਗੜੇ ਦਾ ਧਮੱਚੜ ਪਾਇਆ। ਇਸ ਤੋਂ ਇਲਾਵਾ ਡਾਈਨੈਸਟੀ ਭੰਗੜਾ, ਮਨਟੀਕਾ ਅਤੇ ਸ਼ੌਕੀਨ ਪੰਜਾਬਣਾਂ, ਸੈਨ ਹੋਜ਼ੇ ਦੀਆਂ ਲੜਕੀਆ ਨੇ ਭੰਗੜੇ ਦੀ ਖ਼ੂਬਸੂਰਤ ਅਈਟਮ ਪੇਸ਼ ਕੀਤੀ। ਅਜ਼ੇ ਭੰਗੜਾ ਅਕੈਡਮੀ ਦੀਆਂ ਛੋਟੀਆਂ ਛੋਟੀਆਂ ਲੜਕੀਆਂ ਦਾ ਗਿੱਧਾ ਬਹੁਤ ਹੀ ਸ਼ਲਾਘਾਯੋਗ ਸੀ।

ਮੇਲੇ ਵਿਚ ਹਾਜ਼ਰ ਬੀਬੀਆਂ ਵਲੋਂ ਸਤਵਿੰਦਰ ਬਿੱਟੀ ਦੀ ਬੇਸਬਰੀ ਨਾਲ ਕੀਤੀ ਜਾ ਰਹੀ ਉਡੀਕ ਕੋਈ ਤਿੰਨ ਵਜੇ ਖਤਮ ਹੋਈ ਜਦ ਬਿੱਟੀ ਨੇ ਸਿਰ ਢਕ ਕੇ ਦੋ ਧਾਰਮਿਕ ਗੀਤ ਗਾ ਕੇ ਆਪਣੀ ਗਾਇਕੀ ਦਾ ਪ੍ਰੋਗਰਾਮ ਅਰੰਭ ਕੀਤਾ। ਬਿੱਟੀ ਨੇ ਤਕਰੀਬਨ ਡੇਢ ਘੰਟਾ ਆਪਣੇ ਨਵੇਂ-ਪੁਰਾਣੇ ਗੀਤਾਂ ਨਾਲ ਮੇਲਾ ਹੀ ਲੁੱਟ ਲਿਆ। ਜਦੋਂ ਬਿੱਟੀ ਗਾ ਰਹੀ ਸੀ, ਬੀਬੀਆ ਗਿੱਧਾ ਪਾ ਕੇ ਉਸ ਦਾ ਸਾਥ ਦੇ ਰਹੀਆਂ ਸਨ। ਲੋਕ ਗਾਇਕਾਂ ਜਤਿੰਦਰ ਜਰਗੀਆ, ਮੈਨੀ ਦਿਉਲ ਅਤੇ ਸੁਖਦੇਵ ਸਾਹਿਲ ਨੇ ਆਪਣੇ ਹਿੱਟ ਗੀਤਾਂ ਨਾਲ ਚੰਗਾ ਪਿੜ ਬੰਨਿਆ।



ਇਸ ਸਭਿਆਚਾਰਕ ਸਟੇਜ ਦਾ ਸਿੱਖਰ ਸੀ, ਲੰਬੀ ਹੇਕ ਦਾ ਮਾਲਕ ਬਲਜੀਤ ਮਾਲਵਾ ਜਿਸ ਨੇ ਪਰਿਵਾਰਕ ਅਤੇ ਭੰਗੜੇ ਦੀ ਬੀਟ ਵਾਲੇ ਗੀਤ ਗਾ ਕੇ ਸਰੋਤਿਆਂ ਨੂੰ ਸ਼ਾਮ ਦੇ ਸੱਤ ਵਜੇ ਤੱਕ ਬੰਨੀ ਰੱਖਿਆ। ਬਲਜੀਤ ਮਾਲਵਾ ਨੇ ਮੌਜਾਂ ਅਤੇ ਪੰਜਾਬਣਾਂ ਗੀਤ ਗਾ ਕੇ ਆਪਣੇ ਅਮੀਰ ਵਿਰਸੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਸਟੇਜ ਸੰਚਾਲਨ ਸਟਾਕਟਨ ਤੋਂ ਆਏ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਕੀਤਾ ਅਤੇ ਉਸ ਦਾ ਸਾਥ ਦਿੱਤਾ ਇੰਦਰਜੀਤ ਸਿੰਘ ਥਿੰਦ, ਸਤਵਿੰਦਰ ਸਰਾਂ ਅਤੇ ਜਸਵੀਰ ਸਿੰਘ ਪਵਾਰ ਨੇ।





ਵਿਸਾਖੀ ਮੇਲੇ ਦੇ ਖੇਡਾਂ ਵਾਲੇ ਹਿੱਸੇ ਵਿਚ ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਕਬੱਡੀ ਦੀਆਂ ਅੰਡਰ-21 ਟੀਮਾਂ-ਸੈਨ ਹੋਜ਼ੇ ਸਪੋਰਟਸ ਕਲੱਬ, ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਗਦਰ ਸਪੋਰਟਸ ਕਲੱਬ ਲੋਡਾਈ, ਗੋਲਡਨ ਟੈਂਪਲ ਸਟਾਕਟਨ, ਫਤਿਹ ਸਪੋਰਟਸ ਕਲੱਬ ਟਰਲਕ ਤੋਂ ਇਲਾਵਾ ਸੈਨ ਹੋਜ਼ੇ-ਮਾਡੈਸਟੋ ਸਪੋਰਟਸ ਕਲੱਬ, ਫਤਿਹ ਸਪੋਰਟਸ ਕਲੱਬ ਟਰਲਕ, ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕਲੱਬ ਯੂਬਾ ਸਿਟੀ ਅਤੇ ਗੋਲਡਨ ਟੈਂਪਲ ਸਟਾਕਟਨ ਨੇ ਹਿੱਸਾ ਲਿਆ।







ਅੰਡਰ-21 ਮੈਚਾਂ ਵਿਚ ਪਹਿਲਾ ਇਨਾਮ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਫਤਿਹ ਸਪੋਰਟਸ ਕਲੱਬ ਟਰਲਕ ਨੂੰ ਹਰਾ ਕੇ ਜਿੱਤਿਆ। ਜਦੋਂਕਿ ਓਪਨ ਕਬੱਡੀ ਵਿਚ ਪਹਿਲਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਦੀ ਟੀਮ ਨੇ ਜਿੱਤਿਆ। ਦੂਸਰਾ ਇਨਾਮ ਫਤਿਹ ਸਪੋਰਟਸ ਕਲੱਬ ਟਰਲੱਕ ਦੇ ਹਿੱਸੇ ਆਇਆ। ਕਬੱਡੀ ਦੇ ਫਸਵੇਂ ਮੈਚਾਂ ਵਿਚ ਨੀਲੋ, ਕਾਲਾ, ਜੋਨੀ, ਅਰਸ਼ੀ, ਜੱਸਾ, ਫੌਜੀ, ਯੋਧਾ, ਗੁਰਬਖਸ਼, ਟਿਮ, ਮੌਲਾ, ਬੱਲੀ ਆਦਿ ਧਾਕੜ ਖਿਡਾਰੀਆਂ ਨੇ ਕਬੱਡੀ ਮੈਚਾਂ ਦਾ ਸਵਾਦ ਦੂਣਾ ਕਰੀ ਰੱਖਿਆ। ਕਬੱਡੀ ਦੀ ਕੁਮੈਂਟਰੀ ਸੁਖਵਿੰਦਰ ਸਿੰਘ ਸੰਘੇੜਾ ਨੇ ਕੀਤੀ।

ਰੈਸਲਿੰਗ ਵਿਚ 135 ਪੌਂਡ ਵਰਗ ਵਿਚ ਸਟਾਕਟਨ ਤੋਂ ਡੇਵਿਡ ਅਤੇ ਬੇਕਰਜ਼ਫੀਲਡ ਯੂਨੀਵਰਸਿਟੀ ਤੋਂ ਐਰਨ ਵਿਚਾਲੇ ਹੋਈ ਫਸਵੀਂ ਕੁਸ਼ਤੀ ਵਿਚ ਐਰਨ ਜੇਤੂ ਰਿਹਾ। 190 ਪੌਂਡ ਵਰਗ ਵਿਚ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਦੇ ਗੁਰਬਖਸ਼ ਸੋਹਲ ਸਟੈਨਫੋਰਡ ਪਾਲੋ ਅਲਟੋ ਯੂਨੀਵਰਸਿਟੀ ਦੇ ਕਾਰਲੋਸ ਨੂੰ ਹਰਾ ਕੇ ਜੇਤੂ ਰਿਹਾ।





ਵਿਸ਼ੇਸ਼ ਗੱਲ ਇਹ ਸੀ ਕਿ ਕੁਸ਼ਤੀ ਮੁਕਾਬਲਿਆਂ ਦੀ ਰੈਫਰੀ ਰੈਸਲਿੰਗ ਕੋਚ ਅਤੇ ਇੰਟਨੈਸ਼ਨਲ ਰੈਫਰੀ ਅਤੇ ਵਰਲਡ ਚੈਂਪੀਅਨ ਗੁਰਚਰਨ ਸਿੰਘ ਢਿੱਲੋਂ ਨੇ ਕੀਤੀ ਅਤੇ ਇਨਾਮ ਵੰਡੇ। ਖਾਲਸਾ ਸਕੂਲ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਬੱਚਿਆਂ ਨੇ ਦੌੜਾਂ ਵਿਚ ਹਿੱਸਾ ਲਿਆ। ਇਨ੍ਹਾਂ ਦਾ ਪ੍ਰਬੰਧ ਰੂਬਨ ਸਿੰਘ ਅਤੇ ਜਸਵਿੰਦਰ ਸਿੰਘ ਸੋਹਲ ਨੇ ਕੀਤਾ।

ਮੇਲੇ ਵਿਚ ਸੈਨ ਹੋਜ਼ੇ ਪੁਲੀਸ ਚੀਫ ਕ੍ਰਿਸ ਮੋਰ ਅਤੇ ਸੈਨ ਹੋਜ਼ੇ ਸਿਟੀ ਕੌਂਸਲ ਮੈਂਬਰ ਰੋਜ਼ ਹਰੇਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਆਪਣੀ ਤਕਰੀਰ ਵਿਚ ਉਨ੍ਹਾਂ ਨੇ ਪੰਜਾਬੀਆਂ ਦੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ। ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਹਰਦੇਵ ਸਿੰਘ ਤੱਖਰ, ਜਰਨਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਮੈਂਬਰ ਕਿਰਪਾਲ ਸਿੰਘ ਅਟਵਾਲ, ਸਰਬਜੋਤ ਸਿੰਘ ਸਵੱਦੀ, ਸੁਰਜੀਤ ਸਿੰਘ ਬੈਂਸ, ਨੀਤੂ ਸਿੰਘ ਕਾਹਲੋਂ, ਸੁਖਦੇਵ ਸਿੰਘ ਬੈਨੀਵਾਲ, ਸੁਰਿੰਦਰ ਸਿੰਘ ਪੁਰੇਵਾਲ, ਗੁਰਦੇਵ ਸਿੰਘ ਕਲਸੀ ਅਤੇ ਕੁਲਵੰਤ ਸਿੰਘ ਸਿੱਧੂ ਨੇ ਹਾਜ਼ਰੀ ਭਰੀ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਸਾਬਕਾ ਵਿਦਿਆਰਥੀਆਂ ਗੁਰਜੰਟ ਸਿੰਘ ਸੰਘਾ, ਹਰਪ੍ਰਕਾਸ਼ ਸਿੰਘ ਢਿੱਲੋਂ, ਸੁਰਿੰਦਰ ਸਿੰਘ ਢੀਂਡਸਾ, ਟੋਨੀ ਗਰੇਵਾਲ ਅਤੇ ਜਰਨੈਲ ਸਿੰਘ ਬਨਵੈਤ ਵੀ ਪਹੁੰਚੇ ਹੋਏ ਸਨ। ਹਿੰਦੂ ਮੰਦਿਰ ਸੰਨੀਵੇਲ ਦੇ ਪ੍ਰਧਾਨ ਰਾਜ ਭਨੋਟ ਅਤੇ ਜਸਵੀਰ ਸਿੰਘ ਥਾਂਦੀ (ਗਲੋਬਲ ਹਾਕ ਇੰਸ਼ੋਰੈਂਸ), ਡਾ. ਹਰਦੇਵ ਸਿੰਘ ਮਾਗਟ, ਇਕਬਾਲ ਸਿੰਘ ਗਾਖਲ, ਮੰਗਲ ਭੰਡਾਲ, ਰਵਿੰਦਰ ਬੈਨੀਵਾਲ, ਗੁਰਪ੍ਰੀਤ ਸਿੰਘ ਰੰਧਾਵਾ, ਅਸ਼ੋਕ ਕੁਮਾਰ ਸੈਂਟਰਲ ਯੂ ਐਸ ਏ, ਮਨਜੀਤ ਸਿੰਘ ਸੰਧੂ, ਮਹਿੰਗਾ ਸਿੰਘ ਸਰਪੰਚ, ਅਵਤਾਰ ਸਿੰਘ ਤਾਰੀ, ਕੁਲਵੰਤ ਸਿੰਘ ਨਿੱਝਰ ਅਤੇ ਹੋਰ ਬਹੁਤ ਸਾਰੇ ਸੱਜਣ ਮੇਲੇ ਵਿਚ ਹਾਜ਼ਰੀ ਭਰਨ ਪਹੁੰਚੇ।

ਮੇਲੇ ਨੂੰ ਕਾਮਯਾਬ ਬਣਾਉਣ ਲਈ ਇਸ ਦੇ ਪ੍ਰਬੰਧਕਾਂ-ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਇੰਦਰਜੀਤ ਸਿੰਘ ਥਿੰਦ, ਸਤਵਿੰਦਰ ਸਿੰਘ ਸਰਾਂ, ਜਸਵੀਰ ਸਿੰਘ ਪਵਾਰ, ਗੁਰਬਖਸ਼ ਸਿੰਘ ਢਿੱਲੋਂ, ਗੁਰਸ਼ਰਨ ਸਿੰਘ ਸੇਖੋਂ ਅਤੇ ਸਰਬਜੋਤ ਸਿੰਘ ਸਵੱਦੀ ਨੇ ਅਣਥੱਕ ਮਿਹਨਤ ਕੀਤੀ ਅਤੇ ਮੇਲੇ ਲਈ ਸਹਿਯੋਗ ਵਾਸਤੇ ਸਮੂਹ ਪੰਜਾਬੀ ਭਾਈਚਾਰੇ, ਸਮੂਹ ਸਪਾਂਸਰਾਂ ਅਤੇ ਵੈਂਡਰਾਂ ਦਾ ਧੰਨਵਾਦ ਕੀਤਾ।







**ਤਸਵੀਰਾਂ: ਮੀਕਾ ਸਟੂਡੀਓ**

# ਪੰਜਾਬ ਨੂੰ ਬਚਾਉਣ ਪਰਵਾਸੀ ਅੱਗੇ ਆਉਣ: ਭਗਵੰਤ ਮਾਨ

**ਸੈਕਰਾਮੈਂਟੋ (ਬਿਊਰੋ):** "ਪਰਵਾਸੀ ਪੰਜਾਬੀਓ, ਜਿਸ ਪੰਜਾਬ ਨੂੰ ਤੁਸੀਂ ਪਿੱਛੇ ਛੱਡ ਕੇ ਆਏ ਸੀ, ਉਸ ਪੰਜਾਬ ਨੂੰ ਭ੍ਰਿਸ਼ਟ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੇ ਰਲ ਕੇ ਤਬਾਹ ਕਰ ਦਿਤਾ ਹੈ ਅਤੇ ਪੰਜਾਬ ਦਾ ਹਰ ਬੱਚਾ ਕਰਜਾਈ ਹੈ। ਪਹਿਲਾਂ ਦੇਸ਼ ਪੰਜਾਬ ਨੂੰ ਲੁੱਟਣ ਲਈ ਬਾਹਰੋਂ ਧਾੜਵੀ ਆਉਂਦੇ ਸਨ ਪਰ ਹੁਣ ਤਾਂ ਆਪਣਿਆਂ ਨੇ ਹੀ ਪੰਜਾਬ ਨੂੰ ਦੋਵੀਂ ਹੱਥੀ ਲੁੱਟ ਲਿਆ ਹੈ। ਫਿਰ ਵਕਤ ਆ ਗਿਆ ਹੈ ਕਿ ਪਰਵਾਸੀ ਪੰਜਾਬੀ ਆਪਣੇ ਪੰਜਾਬ ਨੂੰ ਬਚਾਉਣ ਲਈ ਗਦਰ ਲਹਿਰ ਵਾਲਾ 100 ਸਾਲਾ ਪੁਰਾਣਾ ਇਤਿਹਾਸ ਦੁਹਰਾਉਣ।"



*ਸੈਕਰਾਮੈਂਟੋ ਵਿਚ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਬੁਲਾਰੇ (ਤਸਵੀਰ: ਲੌਂਗਮੈਨ ਸਟੂਡੀਓ)*

ਪਰਵਾਸੀ ਪੰਜਾਬੀਆਂ ਨੂੰ ਇਹ ਅਪੀਲ ਪੰਜਾਬ ਪੀਪਲਜ਼ ਪਾਰਟੀ ਦੇ ਸੀਨੀਅਰ ਆਗੂ ਭਗਵੰਤ ਮਾਨ ਨੇ ਲੰਘੇ ਸਨਿਚਰਵਾਰ ਨੂੰ ਸੈਕਰਾਮੈਂਟੋ ਅਤੇ ਫਰੀਮਾਂਟ ਵਿਚ ਪਰਵਾਸੀ ਪੰਜਾਬੀਆਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੀਤੀ। ਸੈਕਰਾਮੈਂਟੋ ਵਾਲੀ ਮੀਟਿੰਗ ਦਾ ਪ੍ਰਬੰਧ ਸੈਂਟਰ ਆਫ ਇੰਡੋ-ਯੂ.ਐਸ. ਡਾਇਲਾਗ ਦੇ ਪ੍ਰਧਾਨ ਕੁਲਦੀਪ ਧਾਲੀਵਾਲ ਅਤੇ ਮੁੱਖ ਸਲਾਹਕਾਰ ਗੁਲਿੰਦਰ ਗਿੱਲ, ਬਲਵਿੰਦਰ ਸਿੰਘ ਡੁਲਕੂ, ਗੁਰਦੀਪ ਸਿੰਘ ਗਿੱਲ ਵੱਲੋਂ ਕੀਤਾ ਗਿਆ ਜਦੋਂਕਿ ਫਰੀਮਾਂਟ ਮੀਟਿੰਗ ਦਾ ਪ੍ਰਬੰਧ ਲਾਲੀ ਧਨੋਆ, ਡਾ. ਜਗਤਾਰ ਸਿੰਘ ਸੰਧੂ ਅਤੇ ਜੰਗ ਬਦੇਸ਼ਾ ਵੱਲੋਂ ਕੀਤਾ ਗਿਆ।

ਸੈਕਰਾਮੈਂਟੋ ਵਿਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ 100 ਸਾਲ ਪਹਿਲਾਂ ਇਸੇ ਸ਼ਹਿਰ ਵਿਚ ਭਾਰਤੀਆਂ ਨੇ ਹਿੰਦੁਸਤਾਨ ਨੂੰ ਆਜਾਦ ਕਰਾਉਣ ਲਈ ਸਹੁੰ ਖਾਧੀ ਸੀ। ਅਸੀਂ ਪਰਵਾਸੀ ਪੰਜਾਬੀਆਂ ਕੋਲੋਂ ਡਾਲਰ ਲੈਣ ਨਹੀਂ ਆਏ ਅਸੀਂ ਤਾਂ ਪੰਜਾਬ ਬਚਾਉਣ ਲਈ ਪੰਜਾਬ ਨੂੰ ਪਿਆਰ ਕਰਨ ਵਾਲੇ ਪੰਜਾਬੀਆਂ ਨੂੰ ਲੈਣ ਆਏ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕੁਰੱਪਟ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਤੋਂ ਮੁਕਤ ਕਰਵਾ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲੇ ਪੰਜਾਬ ਵਿਚ ਤਦ ਹੀ ਬਦਲਿਆ ਜਾ ਸਕਦਾ ਹੈ, ਜੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਵਸਦੇ ਪੰਜਾਬੀ ਪੰਜਾਬ ਪੀਪਲਜ਼ ਪਾਰਟੀ ਅਤੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਲੋਕ ਲਹਿਰ ਵਿਚ ਵਧ ਚੜ ਕੇ ਹਿੱਸਾ ਪਾਉਣ।

ਭਗਵੰਤ ਮਾਨ ਨੇ ਕਿਹਾ ਕਿ ਜਿਵੇਂ ਪੰਜਾਬ ਵਿਚ ਪਾਰਟੀ ਦਾ ਗਠਨ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਕੀਤਾ ਗਿਆ, ਇਸੇ ਤਰ੍ਹਾਂ ਮਨਪ੍ਰੀਤ ਸਿੰਘ ਬਾਦਲ ਦੀ ਅਮਰੀਕਾ ਫੇਰੀ ਸੈਕਰਾਮੈਂਟੋ ਤੋਂ ਜੁਲਾਈ ਦੇ ਆਖਰੀ ਹਫਤੇ ਸ਼ੁਰੂ ਕੀਤੀ ਜਾਵੇਗੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਜੁਲਾਈ ਦੇ ਆਖਰੀ ਹਫਤੇ ਮਨਪ੍ਰੀਤ ਬਾਦਲ ਦੀ ਅਮਰੀਕਾ ਫੇਰੀ ਦੇ ਪਹਿਲੇ ਦਿਨ ਸੈਕਰਾਮੈਂਟੋ ਵਿਚ ਇਤਿਹਾਸਕ ਕਾਨਫਰੰਸ ਕੀਤੀ ਜਾਵੇਗੀ। ਇਸ ਕਾਨਫਰੰਸ ਵਿਚ ਪੰਜਾਬ ਵਿਚ ਇਨਕਲਾਬੀ ਤਬਦੀਲੀ ਲਈ ਮਨਪ੍ਰੀਤ ਸਿੰਘ ਬਾਦਲ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਜਾਵੇਗਾ। ਮੀਟਿੰਗ ਨੂੰ ਗੁਲਿੰਦਰ ਗਿੱਲ, ਮਦਨ ਸ਼ਰਮਾ, ਡਾ. ਰਮੇਸ਼ ਜਾਪਰਾ, ਅਸ਼ਵਨੀ ਭਾਖੜੀ ਅਟਾਰਨੀ ਆਫ ਲਾਅ, ਨਵਤੇਜ ਸਿੰਘ ਰਿਆੜ, ਨਰਿੰਦਰਪਾਲ ਸਿੰਘ ਹੁੰਦਲ, ਦਿਲ ਨਿੱਝਰ, ਕੁਲਵਿੰਦਰ ਮਾਵੀ, ਗੁਰਜਤਿੰਦਰ ਸਿੰਘ ਰੰਧਾਵਾ, ਗੁਰਬਖਸ਼ੀਸ਼ ਸਿੰਘ ਗਰੇਵਾਲ, ਲਖਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਬਿੰਦਰਾ ਅਤੇ ਪਿੰਕੂ ਗਿੱਲ ਨੇ ਸੰਬੋਧਨ ਕੀਤਾ। ਫਰੀਮਾਂਟ ਵਿਚ ਹੋਈ ਮੀਟਿੰਗ ਦੌਰਾਨ ਹਾਜਰ ਵਿਅਕਤੀਆਂ ਨੇ ਪੰਜਾਬ ਪੀਪਲਜ਼ ਪਾਰਟੀ ਦੇ ਭਵਿੱਖ ਦੇ ਪ੍ਰੋਗਰਾਮ ਅਤੇ ਪੰਜਾਬ ਦੀ ਸਿਆਸੀ ਅਤੇ ਆਰਥਿਕ ਅਤੇ ਪੁਲਿਸ ਵਧੀਕੀਆਂ ਬਾਰੇ ਭਗਵੰਤ ਮਾਨ ਤੇ ਸਵਾਲਾਂ ਦੀ ਝੜੀ ਲਾ ਦਿਤੀ।

## ਐਰੀਜ਼ੋਨਾ ਦੀ ਗਵਰਨਰ ਵੱਲੋਂ ਸਿੱਖ ਭਾਈਚਾਰੇ ਦੇ ਹੱਕ ਵਿਚ ਬਿੱਲ ਵੀਟੋ

**ਫ਼ੀਨਿਕਸ:** ਐਰੀਜ਼ੋਨਾ ਦੀ ਗਵਰਨਰ ਬੀਬੀ ਜਾਨ ਬਰੀਊਅਰ ਨੇ 9/11 ਸਾਕੇ ਦੀ ਯਾਦ ਵਿਚ ਬਣਾਈ ਯਾਦਗਾਰ ਤੋਂ ਸ. ਬਲਬੀਰ ਸਿੰਘ ਸੋਢੀ ਦਾ ਨਾਂ ਹਟਾਉਣ ਬਾਰੇ ਸਪਾਂਸਰ ਕੀਤਾ ਬਿੱਲ ਵੀਟੋ ਕਰ ਦਿੱਤਾ ਹੈ। ਇਸ ਬਾਰੇ ਸ. ਸੋਢੀ ਦੇ ਪਰਿਵਾਰ ਦੇ ਮੈਂਬਰ ਉਨ੍ਹਾਂ ਨੂੰ ਉਚੇਚੇ ਮਿਲੇ ਸਨ ਅਤੇ ਬੇਨਤੀ ਕੀਤੀ ਸੀ ਕਿ ਸ. ਸੋਢੀ ਦਾ ਨਾਂ ਪਲੇਕ ਤੋਂ ਨਾ ਹਟਾਇਆ ਜਾਵੇ। ਸਿੱਖ ਜਥੇਬੰਦੀ ਸੈਲਡੈਫ ਨੇ ਇਸ ਸਬੰਧੀ ਵਿਸ਼ੇਸ਼ ਮੁਹਿੰਮ ਚਲਾਈ ਸੀ। 9/11 ਦੇ ਹਮਲੇ ਤੋਂ ਬਾਅਦ 15 ਸਤੰਬਰ ਨੂੰ ਮੁਸਲਮਾਨਾਂ ਖਿਲਾਫ ਭੜਕੇ ਗੁੱਸੇ ਕਾਰਨ ਸ. ਸੋਢੀ ਨੂੰ ਮਾਰ ਦਿੱਤਾ ਗਿਆ ਸੀ।

ਯਾਦ ਰਹੇ ਕਿ 15 ਸਤੰਬਰ 2001 ਨੂੰ ਸ਼ੈਵਰਨ ਗੈਸ ਸਟੇਸ਼ਨ ਉਤੇ ਕਿਸੇ ਨੇ ਸ. ਸੋਢੀ ਨੂੰ ਮੁਸਲਮਾਨ ਸਮਝ ਕੇ ਉਸ ਉਤੇ ਹਮਲਾ ਕਰ ਦਿੱਤਾ ਸੀ। ਇਹ ਹਮਲਾ ਮੁਸਲਮਾਨ ਹੋਣ ਦੇ ਭੁਲੇਖੇ ਕੀਤਾ ਗਿਆ ਸੀ ਕਿਉਂਕਿ ਸ. ਸੋਢੀ ਨੇ ਸਿੱਖ ਰੀਤ ਮੁਤਾਬਕ ਦਾੜ੍ਹੀ-ਕੇਸ ਰੱਖੇ ਹੋਏ ਸਨ। ਬਾਅਦ ਵਿਚ 9/11 ਦੀ ਯਾਦ ਵਿਚ ਜੋ ਪਲੇਕ ਤਿਆਰ ਕੀਤੀ ਗਈ, ਉਸ ਉਤੇ ਸ. ਸੋਢੀ ਦਾ ਨਾਂ ਦਰਜ ਸੀ। ਬੀਬੀ ਬਰੀਊਅਰ ਨੇ ਆਏ ਪਰਿਵਾਰ ਨਾਲ ਦੁੱਖ ਵੀ ਜ਼ਾਹਿਰ ਕੀਤਾ। ਐਰੀਜ਼ੋਨਾ ਦਾ ਸਿੱਖ ਭਾਈਚਾਰਾ ਇਸ ਸਬੰਧੀ ਬਿੱਲ ਸਪਾਂਸਰ ਕਰਨ ਵਾਲੇ ਜੌਹਨ ਕਵਾਨੌਅ ਨੂੰ ਵੀ ਮਿਲਿਆ। ਉਨ੍ਹਾਂ ਪਰਿਵਾਰ ਤੋਂ ਮੁਆਫੀ ਵੀ ਮੰਗੀ ਕਿ ਉਨ੍ਹਾਂ ਜਾਣਕਾਰੀ ਦੀ ਕਮੀ ਕਾਰਨ ਇਸ ਤਰ੍ਹਾਂ ਦਾ ਬਿੱਲ ਸਪਾਂਸਰ ਕੀਤਾ।

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

### ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250






Business Opportunity
International Company looking for serious people to work from home-part time or full time. Great earning potential, full training and support provided. To attend training in your area and For more info. call:
Surjit Singh or Satwant K. Takk Cell:
(416) 889-9886
Sukhpreet Kaur Indiana
Ph:317-884-3557
www.safeandeasyweightloss.com
e-mail:sstakk@hotmail.com

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service



FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅਪਰੇਸ਼ਨ ਉਸਾਮਾ ਬਿਨ ਲਾਦਿਨ

## ਅਮਰੀਕਾ ਦੀ ਜਿੱਤ ਜਾਂ ਦਹਿਸ਼ਤਪਸੰਦੀ ਲਈ ਖੁਰਾਕ

ਤਕਰੀਬਨ ਇਕ ਦਹਾਕੇ ਤੋਂ ਭਗੌੜੇ ਹੋਏ ਉਸਾਮਾ ਬਿਨ ਲਾਦਿਨ ਦੀ ਅਮਰੀਕੀ ਫੌਜੀਆਂ ਵੱਲੋਂ ਕੀਤੇ ਅਪਰੇਸ਼ਨ ਵਿਚ ਹੋਈ ਮੌਤ ਨਾਲ ਸੰਸਾਰ ਭਰ 'ਚ ਨਵੇਂ ਸਿਰਿਓਂ ਚਰਚਾ ਛਿੜ ਗਈ ਹੈ। ਕਈ ਰਣਨੀਤਕ ਮਾਹਿਰਾਂ ਦੀ ਰਾਏ ਹੈ ਕਿ ਉਸਾਮਾ ਤਾਂ ਆਪਣਾ ਕੰਮ ਬਹੁਤ ਪਹਿਲਾਂ ਮੁਕਾ ਚੁੱਕਾ ਸੀ। ਉਸ ਨੇ ਮੁਸਲਿਮ ਜਗਤ 'ਚ ਅਮਰੀਕਾ ਅਤੇ ਪੱਛਮ ਦੇ ਖ਼ਿਲਾਫ਼ ਨਫ਼ਰਤ ਦਾ ਜੋ ਬੀਜ ਸੁੱਟਿਆ, ਉਹ ਗਾਹੇ-ਬਗਾਹੇ ਅਤੇ ਕਿਤੇ ਨਾ ਕਿਤੇ ਅਕਸਰ ਫੁੱਟਦਾ ਰਹਿੰਦਾ ਹੈ। ਚੰਗੀ ਗੱਲ ਇਹ ਹੋਈ ਕਿ ਉਸ ਦੇ ਖ਼ਿਆਲ ਸਮੁੱਚੇ ਮੁਸਲਿਮ ਜਗਤ ਨੂੰ ਆਪਣੇ ਪ੍ਰਭਾਵ ਅਤੇ ਘੇਰੇ 'ਚ ਲੈਣ 'ਚ ਨਾਕਾਮ ਰਹੇ ਹਨ। ਉਸ ਦੀ ਕੱਟੜਪੰਥੀ ਵਿਚਾਰਧਾਰਾ ਨੂੰ ਮੁਸਲਿਮ ਜਗਤ ਦੇ ਵੱਡੇ ਹਿੱਸੇ ਨੇ ਮੂੰਹ ਤੱਕ ਨਹੀਂ ਲਾਇਆ। ਹੁਣ ਉਸ ਦੀ ਸਰੀਰਕ ਮੌਤ ਨਾਲ ਅਮਰੀਕਾ ਅਤੇ ਪੱਛਮੀ ਜਗਤ ਲਈ ਆਪਣੀਆਂ ਨੀਤੀਆਂ 'ਤੇ ਨਜ਼ਰਸ਼ਾਨੀ ਕਰਨ ਦਾ ਇਕ ਮੌਕਾ ਹੈ ਕਿਉਂਕਿ ਉਸਾਮਾ ਦਾ ਆਪਣਾ ਪ੍ਰਭਾਵ ਇੰਨਾ ਨਹੀਂ ਸੀ, ਜਿੰਨਾ ਉਸ ਨੂੰ ਅਮਰੀਕਾ ਦੇ ਵਿਰੋਧ ਕਰਕੇ ਹੁੰਗਾਰਾ ਮਿਲਿਆ। ਅੱਜ ਲੋੜ ਉਸਾਮਿਆਂ ਦੀ ਕੱਟੜ ਵਿਚਾਰਧਾਰਾ ਨੂੰ ਤੱਜ ਕੇ ਅਜਿਹਾ ਮਾਹੌਲ ਸਿਰਜਣ ਦੀ ਹੈ। ਜਿਸ ਵਿਚ ਮਨੁੱਖਤਾ ਦੀ ਭਲਾਈ ਲਈ ਵੱਧ ਤੋਂ ਵੱਧ ਰਸਤੇ ਖੁੱਲ੍ਹ ਸਕਣ। ਇਹ ਤਾਂ ਹੀ ਸੰਭਵ ਹੈ ਜੇਕਰ ਅਗਵਾਈ ਕਰ ਰਹੇ ਲੋਕ ਪੂਰੇ ਸੁੱਚਮ ਅਤੇ ਸਾਫ਼ਗੋਈ ਨਾਲ ਮਨੁੱਖਤਾ ਨੂੰ ਦਰਪੇਸ਼ ਔਕੜਾਂ ਨਾਲ ਆਢਾ ਲਾਉਣ। – ਸੰਪਾਦਕ





ਐਬਟਾਬਾਦ ਦਾ ਉਹ ਘਰ ਜਿੱਥੇ ਉਸਾਮਾ ਬਿਨ ਲਾਦਿਨ ਨੂੰ ਮਾਰਨ ਦਾ ਦਾਅਵਾ ਕੀਤਾ ਗਿਆ

## ਅਪਰੇਸ਼ਨ ਬਾਰੇ ਪਾਕਿਸਤਾਨ ਨੂੰ ਭਿਣਕ ਨਾ ਪੈਣ ਦਿੱਤੀ

**ਵਾਸ਼ਿੰਗਟਨ:** ਅਮਰੀਕੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਇਸਲਾਮਾਬਾਦ ਨੇੜੇ ਉਸਾਮਾ-ਬਿਨ-ਲਾਦਿਨ ਨੂੰ ਮਾਰਨ ਦੇ ਅਪਰੇਸ਼ਨ ਬਾਰੇ ਪਾਕਿਸਤਾਨ ਨਾਲ ਕੋਈ ਸਲਾਹ ਕਰਨੀ ਤਾਂ ਪਾਸੇ, ਅਪਰੇਸ਼ਨ ਮੁਕੰਮਲ ਹੋਣ ਤੱਕ ਨੂੰ ਇਸ ਬਾਰੇ ਕੁੱਝ ਵੀ ਦੱਸਿਆ ਨਹੀਂ ਗਿਆ। ਸਿਆਸੀ ਅਤੇ ਰਣਨੀਤਕ ਮਾਹਿਰਾਂ ਮੁਤਾਬਕ ਇਸ ਨਾਲ ਹੁਣ ਦੋਹਾਂ ਵਿਚਕਾਰ ਸਬੰਧਾਂ ਵਿਚਕਾਰ ਤਰੇੜਾਂ ਆਉਣ ਦਾ ਖਦਸ਼ਾ ਹੈ।

### ਅਮਰੀਕੀ ਅਪਰੇਸ਼ਨ ਪਾਕਿਸਤਾਨ ਦੀ ਪ੍ਰਭੂਸੱਤਾ ਦੀ ਉਲੰਘਣਾ: ਮੁਸ਼ੱਰਫ਼

**ਲੰਡਨ:** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੇ ਅੱਜ ਕਿਹਾ ਹੈ ਕਿ ਉਸਾਮਾ ਬਿਨ ਲਾਦਿਨ ਵਿਰੁੱਧ ਪਾਕਿਸਤਾਨ ਦੀ ਧਰਤੀ 'ਤੇ ਅਮਰੀਕੀ ਅਪਰੇਸ਼ਨ 'ਪ੍ਰਭੂਸੱਤਾ ਦੀ ਉਲੰਘਣਾ' ਹੈ। ਅਮਰੀਕੀ ਪ੍ਰਸ਼ਾਸਨ ਨੂੰ ਗਿਲਾਨੀ ਸਰਕਾਰ ਨੂੰ ਭਰੋਸੇ 'ਚ ਰੱਖਣਾ ਚਾਹੀਦਾ ਸੀ। ਜੇਕਰ ਵਿਸ਼ਵਾਸ ਦੀ ਕਮੀ ਹੈ ਤਾਂ ਇਹ ਬਹੁਤ ਗਲਤ ਗੱਲ ਹੈ। ਅਸੀਂ ਇਕ ਹੀ ਦੁਸ਼ਮਣ ਨਾਲ ਲੜ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਇਹ ਆਪਰੇਸ਼ਨ ਪਾਕਿ ਖੁਫੀਆ ਤੰਤਰ ਦੀ ਨਾਕਾਮੀ ਹੈ।

ਸ੍ਰੀ ਮੁਸ਼ੱਰਫ਼ ਜੋ ਅਮਰੀਕੀ ਖੁਫੀਆ ਏਜੰਸੀਆਂ ਦੇ ਇਹ ਦਾਅਵੇ ਵਾਰ-ਵਾਰ ਝੁਠਲਾਉਂਦੇ ਰਹੇ ਹਨ ਕਿ ਲਾਦਿਨ ਪਾਕਿਸਤਾਨ 'ਚ ਹੈ, ਨੇ ਹੈਰਾਨੀ ਜ਼ਾਹਰ ਕੀਤੀ ਹੈ ਕਿ ਐਬਟਾਬਾਦ 'ਚ ਉਹ ਵਿਸ਼ਾਲ ਘਰ 'ਚੋਂ ਕਿਵੇਂ ਲੱਭ ਗਿਆ? ਨਾਲ ਹੀ ਉਨ੍ਹਾਂ ਕਿਹਾ ਕਿ ਲਾਦਿਨ ਦਾ ਮਾਰੇ ਜਾਣਾ ਪਾਕਿਸਤਾਨ ਦੇ ਲੋਕਾਂ ਅਤੇ ਦੁਨੀਆਂ ਭਰ ਦੇ ਅਮਨਪਸੰਦ ਲੋਕਾਂ ਦੀ ਜਿੱਤ ਹੈ।

ਸ੍ਰੀ ਮੁਸ਼ੱਰਫ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਬੇਹੱਦ ਹੈਰਾਨੀ ਹੋਈ ਹੈ ਕਿ ਲਾਦਿਨ ਐਬਟਾਬਾਦ ਵਿਚ ਸੀ ਜੋ ਰਾਜਧਾਨੀ ਇਸਲਾਮਾਬਾਦ ਦੇ ਬਹੁਤ ਹੀ ਨੇੜੇ ਹੈ।

ਚਾਰ ਹੈਲੀਕਾਪਟਰਾਂ ਰਾਹੀਂ ਉੱਤਰੇ ਵਿਸ਼ੇਸ਼ ਬਲਾਂ ਵੱਲੋਂ ਦੋ ਮੰਜ਼ਿਲੇ ਘਰ 'ਚ ਲਾਦਿਨ ਨੂੰ ਘੇਰ ਕੇ ਮਾਰਨ ਤੋਂ ਮਗਰੋਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਪਾਕਿਸਤਾਨੀ ਹਮ-ਰੁਤਬਾ ਆਸਿਫ ਅਲੀ ਜ਼ਰਦਾਰੀ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਮਿਸ਼ਨ ਪੂਰਾ ਹੋ ਗਿਆ ਹੈ। ਇਹਦੇ ਨਾਲ ਹੀ ਓਬਾਮਾ ਨੇ ਪਾਕਿਸਤਾਨ ਦੀ ਤਾਰੀਫ ਵੀ ਕੀਤੀ ਅਤੇ ਕਿਹਾ ਕਿ ਅਮਰੀਕਾ ਇਸ ਨਾਲ ਰਲ ਕੇ ਕੰਮ ਕਰਦਾ ਰਹੇਗਾ।

ਓਬਾਮਾ ਪ੍ਰਸ਼ਾਸਨ ਨੇ ਲਾਦਿਨ ਅਪਰੇਸ਼ਨ ਬਾਰੇ ਪਾਕਿਸਤਾਨ ਸਮੇਤ ਕਿਸੇ ਵੀ ਹੋਰ ਦੇਸ਼ ਕੋਲ ਭਾਫ਼ ਨਹੀਂ ਕੱਢੀ ਸੀ। ਇਸ ਦਾ ਇਕੋ-ਇਕ ਕਾਰਨ ਅਪਰੇਸ਼ਨ ਅਤੇ ਜਵਾਨਾਂ ਦੀ ਸੁਰੱਖਿਆ ਦੱਸਿਆ ਗਿਆ ਹੈ। ਅਮਰੀਕੀ ਸਰਕਾਰ 'ਚ ਵੀ ਬੜੇ ਥੋੜ੍ਹੇ ਲੋਕਾਂ ਨੂੰ ਇਸ ਬਾਰੇ ਪਤਾ ਸੀ। ਅਮਰੀਕਾ ਨੇ ਇਹ ਵੀ ਭੇਤ ਹੀ ਰੱਖਿਆ ਹੋਇਆ ਹੈ ਕਿ ਹੈਲੀਕਾਪਟਰਾਂ ਅਤੇ ਵਿਸ਼ੇਸ਼ ਬਲਾਂ ਨੇ ਕਿੱਥੋਂ ਅਪਰੇਸ਼ਨ ਚਲਾਇਆ ਤੇ ਨੇਪਰੇ ਚਾੜ੍ਹਿਆ।

**ਅਤਿਵਾਦੀ ਖੇਮੇ ਖ਼ਾਮੋਸ਼ :** ਪਾਕਿਸਤਾਨ ਦੀ ਅਫਗਾਨਿਸਤਾਨ ਨਾਲ ਲੱਗਦੀ ਕਬਾਇਲੀ ਪੱਟੀ ਜੋ ਅਤਿਵਾਦੀ ਜਥੇਬੰਦੀਆਂ ਦਾ ਗੜ੍ਹ ਹੈ, ਵਿਚ ਖੌਫ਼ਜ਼ਦਾ ਚੁੱਪ ਪੱਸਰੀ ਹੋਈ ਹੈ। ਉਸਾਮਾ ਦੇ ਮਾਰੇ ਜਾਣ ਨਾਲ ਇਕ ਅਜੀਬ ਕਿਸਮ ਦੀ ਚੁੱਪ ਦਹਿਸ਼ਤਗਰਦ ਖੇਮਿਆਂ 'ਤੇ ਤਾਰੀ ਹੈ। ਅਮਰੀਕੀ ਖੁਫੀਆ ਏਜੰਸੀਆਂ ਮੁਤਾਬਕ ਹੁਣ ਅਤਿਵਾਦੀਆਂ ਦੀ ਬਕ-ਬਕ ਬੰਦ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਅਲ-ਕਾਇਦਾ ਦੇ ਦੂਜੇ ਨੰਬਰ ਦੇ ਕਮਾਂਡਰ ਅਤੇ ਮਿਸਰ ਮੂਲ ਦੇ ਬਾਸ਼ਿੰਦੇ ਅਮਾਨ ਅਲ-ਜਵਾਹੀਰੀ ਵੱਲੋਂ ਭਾਵੇਂ ਜਥੇਬੰਦੀ ਦੀ ਕਮਾਨ ਸੰਭਾਲਣ ਦਾ ਐਲਾਨ ਹੋ ਚੁੱਕਾ ਹੈ ਪਰ ਉਹ ਨੂੰ ਉਸਾਮਾ ਦੇ ਸਾਰੇ ਵਫ਼ਾਦਾਰ ਪ੍ਰਵਾਨ ਨਹੀਂ ਕਰ ਸਕਣਗੇ ਜਾਂ ਨਹੀਂ, ਇਸ ਬਾਰੇ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ।

## ਉਸਾਮਾ ਬਿਨ ਲਾਦਿਨ ਦੀ ਜੀਵਨ ਦੌੜ

### *ਜੀਵਨ ਦੇ ਅਹਿਮ ਵੇਰਵੇ*

**1957:** ਸਾਊਦੀ ਅਰਬ ਵਿਚ ਜਨਮ। ਗੁਆਂਢੀ ਮੁਲਕ ਯਮਨ ਤੋਂ ਆ ਕੇ ਸਾਊਦੀ ਅਰਬ 'ਚ ਵਸੇ ਵੱਡੀ ਉਸਾਰੀ ਕੰਪਨੀ ਦੇ ਮਾਲਕ ਮੁਹੰਮਦ ਆਵਾਦ ਬਿਨ ਲਾਦਿਨ ਦੇ 52 ਬੱਚਿਆਂ 'ਚੋਂ ਉਸਾਮਾ 17ਵੀਂ ਔਲਾਦ ਸੀ।

1969: ਮੁਹੰਮਦ ਬਿਨ ਲਾਦਿਨ ਦੀ ਹੈਲੀਕਾਪਟਰ ਹਾਦਸੇ 'ਚ ਮੌਤ। 11 ਸਾਲਾ ਉਸਾਮਾ ਕੋਲ ਵਿਰਾਸਤ ਵਜੋਂ ਉਸ ਸਮੇਂ 80 ਮਿਲੀਅਨ ਡਾਲਰ ਸਨ। ਮਗਰੋਂ ਉਹ ਸਿਵਲ ਇੰਜੀਨੀਅਰਿੰਗ ਕਰਨ ਜਦਾਹ ਚਲਾ ਗਿਆ।

**1973:** ਲਾਦਿਨ ਦੇ ਇੰਤਹਾਪਸੰਦ ਮੁਸਲਿਮ ਜਥੇਬੰਦੀਆਂ ਨਾਲ ਸਬੰਧ। ਨਾਲ ਹੀ ਪਰਿਵਾਰਕ ਕਾਰੋਬਾਰ 'ਚ ਕੰਮ ਦੀ ਸ਼ੁਰੂਆਤ।

**1979:** ਨੌਜਵਾਨ ਲਾਦਿਨ ਮੁਜਾਹਿਦੀਨਾਂ ਦੀ ਮਦਦ ਲਈ ਅਫਗਾਨਿਸਤਾਨ ਪੁੱਜਿਆ।

**1988:** ਇਕ ਜਥੇਬੰਦੀ ਦਾ ਮੁੱਖ ਫਾਇਨਾਂਸਰ ਬਣਿਆ। ਇਹ ਜਥੇਬੰਦੀ ਮਗਰੋਂ ਅਲ-ਕਾਇਦਾ ਵਜੋਂ ਮਸ਼ਹੂਰ ਹੋਈ।



**1989:** ਸੋਵੀਅਤਾਂ ਦੇ ਅਫਗਾਨਿਸਤਾਨ 'ਚੋਂ ਨਿਕਲਣ ਮਗਰੋਂ ਲਾਦਿਨ ਸਾਊਦੀ ਅਰਬ ਪਰਤਿਆ ਅਤੇ ਪਰਿਵਾਰ ਦੀ ਉਸਾਰੀ ਕੰਪਨੀ 'ਚ ਰੁੱਝ ਗਿਆ। ਅਫਗਾਨ ਜੰਗ ਦੇ ਜੰਗਜੂਆਂ ਲਈ ਧਨ ਜੁਟਾਉਣ ਦਾ ਕੰਮ ਵੀ ਉਹ ਕਰਦਾ ਰਿਹਾ।

**1991:** ਇਰਾਕੀ ਫੌਜਾਂ ਨੂੰ ਕੁਵੈਤ 'ਚੋਂ ਕੱਢਣ ਲਈ ਅਮਰੀਕਾ ਦੀ ਅਗਵਾਈ 'ਚ ਇਤਿਹਾਦੀ ਫੌਜ ਵੱਲੋਂ ਜੰਗ ਦੀ ਸ਼ੁਰੂਆਤ। ਸਾਊਦੀ ਅਰਬ 'ਚ ਅਮਰੀਕੀ ਫੌਜ ਦੇ ਪੜਾਅ ਤੋਂ ਖ਼ਫ਼ਾ ਲਾਦਿਨ ਵੱਲੋਂ ਅਮਰੀਕਾ ਵਿਰੁੱਧ ਜਹਾਦ ਦਾ ਐਲਾਨ।

**1991:** ਸਰਕਾਰ ਵਿਰੋਧੀ ਕਾਰਵਾਈ ਲਈ ਸਾਊਦੀ ਅਰਬ 'ਚੋਂ ਦੇਸ਼ ਨਿਕਾਲਾ। ਲਾਦਿਨ ਨੇ ਸੂਡਾਨ 'ਚ ਪਨਾਹ ਲਈ।

**1993:** ਵਰਲਡ ਟਰੇਡ ਸੈਂਟਰ 'ਤੇ ਬੰਬ ਨਾਲ ਹਮਲਾ, ਛੇ ਮੌਤਾਂ ਤੇ ਸੈਂਕੜੇ ਜ਼ਖਮੀ। ਲਾਦਿਨ ਨਾਲ ਸਬੰਧਤ ਸਮਝੇ ਜਾਂਦੇ ਛੇ ਜਣਿਆਂ ਨੂੰ ਬੰਬ ਹਮਲੇ ਦੇ ਦੋਸ਼ੀ ਕਰਾਰ ਦਿੱਤਾ ਗਿਆ।

**ਨਵੰਬਰ 1993:** ਲਾਦਿਨ ਦੇ ਗਰੁੱਪ ਵੱਲੋਂ ਰਿਆਧ 'ਚ ਇਕ ਇਮਾਰਤ ਅੱਗੇ ਕਾਰ ਬੰਬ ਹਮਲਾ, 5 ਅਮਰੀਕੀ ਸੈਨਿਕ ਤੇ ਦੋ ਭਾਰਤੀ ਨਾਗਰਿਕ ਹਲਾਕ।

**1994:** ਸਾਊਦੀ ਅਰਬ ਵੱਲੋਂ ਉਹਦੀ ਨਾਗਰਿਕਤਾ ਰੱਦ।

**ਜੂਨ 1996:** ਸਾਊਦੀ ਅਰਬ ਦੇ ਖੋਬਰ ਖੇਤਰ 'ਚ ਅਮਰੀਕੀ ਫੌਜੀ ਅੱਡੇ ਦੀ ਇਕ ਇਮਾਰਤ 'ਤੇ ਧਮਾਕਾਖੇਜ਼ ਸਮੱਗਰੀ ਦੇ ਭਰੇ ਟਰੱਕ ਨਾਲ ਹਮਲਾ। 19 ਅਮਰੀਕੀ ਨਾਗਰਿਕ ਹਲਾਕ, 386 ਜ਼ਖਮੀ।

**1996:** ਅਮਰੀਕਾ ਅਤੇ ਸਾਊਦੀ ਅਰਬ ਦੇ ਦਬਾਅ ਹੇਠ ਸੂਡਾਨ ਨੇ ਲਾਦਿਨ ਨੂੰ ਦੇਸ਼ 'ਚੋਂ ਕੱਢਿਆ। ਲਾਦਿਨ ਵੱਲੋਂ 10 ਬੱਚਿਆਂ ਤੇ ਤਿੰਨ ਬੀਵੀਆਂ (ਅਫਵਾਹਾਂ ਅਨੁਸਾਰ ਚੌਥੀ ਵੀ) ਨਾਲ ਅਫਗਾਨਿਸਤਾਨ 'ਚ ਡੇਰੇ।

**7 ਅਗਸਤ, 1998:** ਬੰਬਾਂ ਨਾਲ ਭਰੇ ਟਰੱਕਾਂ ਨਾਲ ਨੈਰੋਬੀ, ਕੀਨੀਆ, ਦਾਰਾਇਸਲਾਮ, ਤਨਜ਼ਾਨੀਆ 'ਚ ਅਮਰੀਕੀ ਸਫਾਰਤਖਾਨਿਆਂ ਦੇ ਬਾਹਰ ਧਮਾਕੇ। 224 ਲੋਕ ਮਾਰੇ ਗਏ।

**11 ਸਤੰਬਰ, 2001:** ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ ਹਵਾਈ ਜਹਾਜ਼ਾਂ ਨਾਲ ਹਮਲੇ 'ਚ 3000 ਲੋਕ ਮਰੇ।

**2002:** ਲਾਦਿਨ ਨੇ ਸਰਗਰਮੀਆਂ ਘਟਾਈਆਂ ਪਰ ਅਲ ਜਜ਼ੀਰਾ ਟੀ.ਵੀ. ਚੈਨਲ ਰਾਹੀਂ ਟੇਪਾਂ ਦਾ ਪ੍ਰਸਾਰਨ।

**2003:** ਦੁਨੀਆ ਭਰ ਦੇ ਮੁਸਲਮਾਨਾਂ ਨੂੰ ਇਕਜੁੱਟ ਹੋ ਕੇ ਜਹਾਦ ਦਾ ਸੱਦਾ।

**2004:** ਅਮਰੀਕਾ ਵੱਲੋਂ ਅਫਗਾਨਿਸਤਾਨ 'ਚ ਪਾਕਿਸਤਾਨ ਸੀਮਾ ਨੇੜੇ ਲਾਦਿਨ ਦੀ ਭਾਲ ਤੇਜ਼।

**18 ਮਾਰਚ, 2004:** ਅਮਰੀਕੀ ਪ੍ਰਤੀਨਿਧ ਸਦਨ ਵੱਲੋਂ ਸਰਬਸੰਮਤੀ ਨਾਲ ਲਾਦਿਨ ਦੀ ਸੂਹ ਦੇਣ ਲਈ ਇਨਾਮ ਦੀ ਰਕਮ ਦੁੱਗਣੀ 50 ਮਿਲੀਅਨ ਡਾਲਰ ਕੀਤੀ।

**ਮਈ 2011:** ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਨੇੜੇ ਐਬਟਾਬਾਦ 'ਚ ਅਮਰੀਕਾ ਦੇ ਵਿਸ਼ੇਸ਼ ਅਪਰੇਸ਼ਨ 'ਚ ਲਾਦਿਨ ਦਾ ਅੰਤ।



ਉਸਾਮਾ ਬਿਨ ਲਾਦਿਨ ਦੀ ਮੌਤ ਦੇ ਐਲਾਨ ਤੋਂ ਬਾਅਦ ਵ੍ਹਾਈਟ ਹਾਊਸ ਦੇ ਬਾਹਰ ਜਸ਼ਨ ਮਨਾ ਰਹੇ ਅਮਰੀਕੀ।

# ਲਾਦਿਨ ਦਾ ਪਿਛਲੇ ਸਾਲ ਅਗਸਤ ਤੋਂ ਕੀਤਾ ਜਾ ਰਿਹਾ ਸੀ ਪਿੱਛਾ

**ਨਿਊ ਯਾਰਕ:** ਅਮਰੀਕਾ ਨੇ ਖੁਲਾਸਾ ਕੀਤਾ ਹੈ ਕਿ ਉਸਾਮਾ ਬਿਨ ਲਾਦਿਨ ਨੂੰ ਖ਼ਤਮ ਕਰਨ ਲਈ ਅਮਰੀਕੀ ਅਪਰੇਸ਼ਨ 'ਤੇ ਮੁੱਢਲਾ ਕੰਮ ਪਿਛਲੇ ਸਾਲ (2010) ਅਗਸਤ ਵਿਚ ਸ਼ੁਰੂ ਹੋਇਆ ਸੀ। ਉਦੋਂ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਦੇ ਮੁਲਾਜ਼ਮਾਂ ਨੇ ਐਬਟਾਬਾਦ ਵਿਚ ਲਾਦਿਨ ਦੇ ਟਿਕਾਣੇ 'ਤੇ ਆਉਂਦੇ ਇਕ ਭਰੋਸੇਮੰਦ ਕੂਰੀਅਰ ਦੀ ਪੈੜ ਨੱਪੀ ਸੀ।

ਲਾਦਿਨ ਬਾਹਰਲੀ ਦੁਨੀਆਂ ਨਾਲ ਰਾਬਤਾ ਰੱਖਣ ਲਈ ਜਿਹੜੇ ਕੂਰੀਅਰ 'ਤੇ ਭਰੋਸਾ ਰੱਖਦਾ ਸੀ, ਉਸ ਦਾ ਅਮਰੀਕੀ ਫੌਜੀ ਤੇ ਖੁਫੀਆ ਏਜੰਸੀਆਂ ਪਿੱਛਾ ਕਰ ਰਹੀਆਂ ਸਨ। ਇਸ ਬਾਬਤ ਵੱਡੀ ਸਫਲਤਾ ਉਦੋਂ ਮਿਲੀ ਜਦੋਂ ਅਮਰੀਕੀ ਅਧਿਕਾਰੀਆਂ ਨੂੰ ਚਾਰ ਸਾਲ ਪਹਿਲਾਂ ਉਸ ਦਾ ਅਸਲ ਨਾਂ ਪਤਾ ਲੱਗਿਆ ਸੀ। ਉਸ ਖਿੱਤੇ ਦੀ ਨਿਸ਼ਾਨਦੇਹੀ ਕਰਨ ਲਈ ਦੋ ਸਾਲ ਹੋਰ ਲੱਗ ਗਏ ਅਤੇ ਇਸਲਾਮਾਬਾਦ ਤੋਂ ਘੰਟੇ ਕੁ ਦੀ ਵਾਟ 'ਤੇ ਪੈਂਦੇ ਐਬਟਾਬਾਦ ਵਿਚੋਂ ਉਸ ਦੀ ਪੈੜ ਕੱਢ ਲਈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਸੀ.ਆਈ.ਏ. ਦੇ ਅਧਿਕਾਰੀਆਂ ਨੇ ਇਹ ਪਤਾ ਲਾਉਣ ਲਈ ਸੈਟੇਲਾਈਟ ਤਸਵੀਰਾਂ ਅਤੇ ਖੁਫੀਆ ਰਿਪੋਰਟਾਂ 'ਤੇ ਕਾਫੀ ਮਿਹਨਤ ਕੀਤੀ ਕਿ ਇਸ ਘਰ 'ਚ ਕੌਣ ਰਹਿੰਦਾ ਸੀ।

ਓਬਾਮਾ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਤੰਬਰ 2010 ਤੱਕ ਸੀ.ਆਈ.ਏ. ਨੂੰ ਚੋਖੇ ਸੰਕੇਤ ਮਿਲ ਗਏ ਸਨ ਕਿ ਲਾਦਿਨ ਉਥੇ ਲੁਕਿਆ ਹੋਇਆ ਹੈ। ਇਹ ਕੋਠੀ 2005 ਵਿਚ ਬਣੀ ਸੀ ਅਤੇ ਉਥੇ ਨਾ ਟੈਲੀਫੋਨ ਲੱਗਾ ਸੀ ਤੇ ਨਾ ਹੀ ਇੰਟਰਨੈੱਟ ਕੁਨੈਕਸ਼ਨ ਸੀ। ਇਥੋਂ ਦੇ ਵਾਸੀ ਆਪਣਾ ਕੂੜਾ ਕਰਕਟ ਸੜਕ 'ਤੇ ਸੁੱਟਣ ਦੀ ਥਾਂ ਅੰਦਰ ਹੀ ਦਬਾਅ ਦਿੰਦੇ ਸਨ।

ਭਰੋਸੇਮੰਦ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਅਮਰੀਕੀ ਜਾਸੂਸ ਇਸ ਸਿੱਟੇ 'ਚ ਪੁੱਜੇ ਕਿ ਲਾਦਿਨ ਉਸ ਘਰ ਵਿਚ ਹੀ ਹੈ। ਇਸ ਕਰਕੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਲ-ਕਾਇਦਾ ਮੁਖੀ ਦੇ ਸਫਾਏ ਦੇ ਮਿਸ਼ਨ ਨੂੰ ਹਰੀ ਝੰਡੀ ਦੇ ਦਿੱਤੀ।

# ਮੌਤ ਦੇ ਵਾਰੰਟਾਂ 'ਤੇ ਦਸਤਖ਼ਤ 29 ਅਪਰੈਲ ਨੂੰ ਹੋਏ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਸਾਮਾ ਬਿਨ ਲਾਦਿਨ ਦੀ ਮੌਤ ਦੇ ਵਾਰੰਟਾਂ 'ਤੇ 29 ਅਪਰੈਲ ਨੂੰ ਦਸਤਖ਼ਤ ਕੀਤੇ। ਇਸ ਤੋਂ ਪਹਿਲਾਂ ਕਈ ਮਹੀਨੇ ਇਸ ਵੱਡੇ ਨਿਸ਼ਾਨੇ ਬਾਰੇ ਯੋਜਨਾਵਾਂ ਬਣਦੀਆਂ ਰਹੀਆਂ ਅਤੇ ਬੜੀ ਬਰੀਕੀ ਨਾਲ ਹਰ ਪਹਿਲੂ 'ਤੇ ਵਿਚਾਰ ਚਰਚਾ ਹੁੰਦੀ ਰਹੀ।



ਓਬਾਮਾ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਲਾਦਿਨ ਵਿਰੁੱਧ ਅਪਰੇਸ਼ਨ ਦੇ ਹਰ ਪਹਿਲੂ ਦੇ ਜਾਇਜ਼ੇ ਵਿਚ ਰਾਸ਼ਟਰਪਤੀ ਪੂਰੀ ਸਰਗਰਮੀ ਨਾਲ ਸ਼ਾਮਲ ਸਨ ਅਤੇ 29 ਅਪਰੈਲ ਨੂੰ ਉਨ੍ਹਾਂ ਨੇ ਅਲਬਾਮਾ ਰਵਾਨਾ ਹੋਣ ਤੋਂ ਪਹਿਲਾਂ ਸਵੇਰੇ 8.20 ਵਜੇ ਗੁਪਤ ਅਪਰੇਸ਼ਨ ਲਈ 'ਹਾਂ' ਕਹਿ ਦਿੱਤੀ।

ਵ੍ਹਾਈਟ ਹਾਊਸ ਦੇ ਡਿਪ ਰੂਮ ਵਿਚ ਓਬਾਮਾ ਦੇ ਕੌਮੀ ਸੁਰੱਖਿਆ ਸਲਾਹਕਾਰ ਟੌਮ ਡੋਨਿਲਨ ਨੇ ਸਾਰੀ ਯੋਜਨਾ ਮੁਕੰਮਲ ਕਰਨ ਲਈ ਰਸਮੀ ਹੁਕਮ ਤਿਆਰ ਕੀਤੇ ਅਤੇ ਉਸੇ ਦਿਨ ਤਿੰਨ ਵਜੇ ਮੀਟਿੰਗ ਕੀਤੀ ਗਈ। ਵ੍ਹਾਈਟ ਹਾਊਸ ਦੇ ਸਟਾਫ ਨੇ ਲਗਾਤਾਰ ਬਦਲ ਰਹੇ ਘਟਨਾਕ੍ਰਮ ਦੇ ਮੱਦੇਨਜ਼ਰ ਐਤਵਾਰ ਨੂੰ ਮੀਟਿੰਗਾਂ ਦੇ ਕਈ ਦੌਰ ਚਲਾਏ ਅਤੇ ਸਭ ਹਾਂ-ਪੱਖੀ ਤੇ ਨਾਂਹ-ਪੱਖੀ ਪਹਿਲੂਆਂ ਦਾ ਜਾਇਜ਼ਾ ਲਿਆ। ਬਾਅਦ ਦੁਪਹਿਰ 2 ਵਜੇ ਓਬਾਮਾ ਨੇ ਫਿਰ ਚੋਟੀ ਦੇ ਸਲਾਹਕਾਰਾਂ ਨਾਲ ਮੀਟਿੰਗ ਕਰਕੇ ਅੰਤਿਮ ਹੁਕਮਾਂ 'ਤੇ ਸਹੀ ਪਾਈ। 3.32 ਵਜੇ ਉਹ ਫਿਰ 'ਸਿਚੁਏਸ਼ਨ ਰੂਮ' ਵਿਚ ਪਰਤੇ। 3.50 ਵਜੇ ਰਾਸ਼ਟਰਪਤੀ ਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਲਾਦਿਨ ਦੀ ਸ਼ਨਾਖਤ ਤਕਰੀਬਨ ਕਰ ਲਈ ਗਈ ਹੈ। ਸ਼ਾਮੀਂ 7.01 ਵਜੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਲਾਦਿਨ ਘੇਰੇ ਵਿਚ ਹੈ। 8.30 ਵਜੇ ਰਾਸ਼ਟਰਪਤੀ ਨੂੰ ਜੋ ਖ਼ਬਰ ਮਿਲੀ, ਉਹ ਨਸ਼ਰ ਕਰਨ ਲਈ ਪੱਤਰਕਾਰਾਂ ਨੂੰ ਫੌਰੀ ਬੁਲਾਇਆ ਗਿਆ। ਸ਼ੁਰੂ-ਸ਼ੁਰੂ ਵਿਚ ਰਾਸ਼ਟਰਪਤੀ ਨੇ ਖੁਫੀਆ ਸੇਵਾਵਾਂ ਨੂੰ ਰਸਮੀ ਤੌਰ 'ਤੇ ਕਿਹਾ ਸੀ ਕਿ ਉਹ ਲਾਦਿਨ ਨੂੰ ਸਿਖਰਲੀ ਤਰਜੀਹ ਦੇਣ। ਜੂਨ 2009 ਨੂੰ ਓਬਾਮਾ ਨੇ ਇਕ ਮੀਮੋ 'ਤੇ ਦਸਤਖ਼ਤ ਕਰਕੇ ਸੀ.ਆਈ.ਏ. ਨੂੰ 30 ਦਿਨਾਂ ਦੇ ਅੰਦਰ-ਅੰਦਰ ਲਾਦਿਨ ਨੂੰ ਲੱਭ ਕੇ ਨਿਆਂ ਦੀ ਗ੍ਰਿਫਤ ਵਿਚ ਲਿਆਉਣ ਦੀ ਅਪਰੇਸ਼ਨ ਯੋਜਨਾ ਤਿਆਰ ਕਰਨ ਲਈ ਕਿਹਾ ਸੀ। ਇਹ ਅਪਰੇਸ਼ਨ ਨੇਪਰੇ ਚਾੜ੍ਹਨ ਲਈ ਮੁਖੀਆਂ, ਉਪ ਮੁਖੀਆਂ ਦੀਆਂ ਮੀਟਿੰਗਾਂ ਦੇ ਦੌਰਾਂ ਦੇ ਦੌਰ ਚੱਲੇ। ਮਾਰਚ ਤੋਂ ਓਬਾਮਾ ਘੰਟੇ-ਘੰਟੇ ਪੰਜ ਮੀਟਿੰਗਾਂ ਆਪਣੀ ਕੌਮੀ ਸੁਰੱਖਿਆ ਟੀਮ ਨਾਲ ਕਰ ਚੁੱਕੇ ਸਨ। ਖੁਫੀਆ ਜਾਣਕਾਰੀ ਮੁਤਾਬਕ ਲਾਦਿਨ ਇਸਲਾਮਾਬਾਦ ਦੇ ਬਾਹਰਵਾਰ ਇਕ ਪੌਸ਼ ਇਲਾਕੇ ਵਿਚ ਇਕ ਵੱਡੇ ਘਰ ਵਿਚ ਰਹਿੰਦਾ ਸੀ। ਪਾਕਿਸਤਾਨੀ ਸਮੇਂ ਮੁਤਾਬਕ ਸਵੇਰੇ ਸਵੱਖਤੇ ਹਮਲਾ ਕੀਤਾ ਗਿਆ।

## ਉਸਾਮਾ ਮੁਸਲਮਾਨਾਂ ਦਾ ਰਹਿਬਰ ਨਹੀਂ ਸੀ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਸਾਮਾ-ਬਿਨ-ਲਾਦਿਨ ਦੇ ਮਾਰੇ ਜਾਣ ਦਾ ਐਲਾਨ ਕਰਦਿਆਂ ਕਿਹਾ ਕਿ ਅਲ-ਕਾਇਦਾ ਦਾ ਮੁਖੀ ਕੋਈ ਮੁਸਲਿਮ ਰਹਿਬਰ ਨਹੀਂ ਸੀ, ਸਗੋਂ ਮੁਸਲਮਾਨਾਂ ਸਣੇ ਹਜ਼ਾਰਾਂ ਲੋਕਾਂ ਦਾ ਹਤਿਆਰਾ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਅਮਰੀਕਾ ਦੀ ਇਸਲਾਮ ਨਾਲ ਕੋਈ ਲੜਾਈ ਨਹੀਂ ਹੈ।

ਸ੍ਰੀ ਓਬਾਮਾ ਨੇ ਕਿਹਾ, "ਅਸੀਂ ਆਪਣੇ ਨਾਗਰਿਕਾਂ, ਦੋਸਤਾਂ ਅਤੇ ਸਹਿਯੋਗੀਆਂ ਦੀ ਰੱਖਿਆ ਹਰ ਹਾਲ ਕਰਾਂਗੇ। ਅਸੀਂ ਆਪਣੇ ਸਿਧਾਂਤਾਂ 'ਤੇ ਕਾਇਮ ਰਹਾਂਗੇ। ਸਤੰਬਰ 11 ਨੂੰ ਅਲ-ਕਾਇਦਾ ਦੇ ਹਮਲਿਆਂ ਵਿਚ ਆਪਣਿਆਂ ਨੂੰ ਗੁਆਉਣ ਵਾਲੇ ਪਰਿਵਾਰਾਂ ਨੂੰ ਅੱਜ ਮੈਂ ਕਹਿ ਸਕਦਾ ਹਾਂ ਕਿ ਆਖਿਰਕਾਰ ਇਨਸਾਫ਼ ਹੋ ਗਿਆ ਹੈ।" ਉਨ੍ਹਾਂ ਕਿਹਾ ਕਿ ਅਮਰੀਕਾ ਇਸਲਾਮ ਦੇ ਖਿਲਾਫ਼ ਨਹੀਂ ਹੈ। ਲਾਦਿਨ ਮੁਸਲਮਾਨਾਂ ਦਾ ਰਹਿਬਰ ਨਹੀਂ ਸੀ, ਉਹ ਤਾਂ ਮੁਸਲਮਾਨਾਂ ਦਾ ਸਮੂਹਿਕ ਹਤਿਆਰਾ ਸੀ। ਅਲ-ਕਾਇਦਾ ਨੇ ਕਈ ਦੇਸ਼ਾਂ ਵਿਚ ਸੈਂਕੜੇ ਮੁਸਲਮਾਨਾਂ ਦਾ ਲਹੂ ਬਹਾਇਆ ਹੈ।

## ਤਾਲਿਬਾਨ ਵੱਲੋਂ ਹਮਲੇ ਦੀ ਧਮਕੀ

**ਪਿਸ਼ਾਵਰ:** ਪਾਕਿਸਤਾਨ ਵਿਚ ਤਾਲਿਬਾਨ ਦੇ ਬੁਲਾਰੇ ਅਹਿਸਾਨ ਉੱਲਾ ਅਹਿਸਾਨ ਨੇ ਕਿਸੇ ਅਣਦੱਸੀ ਥਾਂ ਤੋਂ ਟੈਲੀਫੋਨ 'ਤੇ ਖ਼ਬਰ ਏਜੰਸੀ ਨੂੰ ਦੱਸਿਆ, "ਜੇ ਉਸਾਮਾ ਨੂੰ ਸ਼ਹੀਦ ਕੀਤਾ ਗਿਆ ਹੈ ਤਾਂ ਅਸੀਂ ਉਸ ਦੀ ਮੌਤ ਦਾ ਬਦਲਾ ਲਵਾਂਗੇ ਅਤੇ ਅਮਰੀਕੀ ਤੇ ਪਾਕਿਸਤਾਨ ਸਰਕਾਰਾਂ ਤੇ ਉਨ੍ਹਾਂ ਦੇ ਸੁਰੱਖਿਆ ਦਸਤਿਆਂ 'ਤੇ ਹਮਲੇ ਕਰਾਂਗੇ। ਇਹ ਲੋਕ ਇਸਲਾਮ ਦੇ ਦੁਸ਼ਮਣ ਹਨ।"

# ਪਾਕਿਸਤਾਨ ਦਹਿਸ਼ਤਪਸੰਦੀ ਦਾ ਧੁਰਾ: ਮਨਮੋਹਨ ਸਿੰਘ

**ਨਵੀਂ ਦਿੱਲੀ:** ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਉਸਾਮਾ ਬਿਨ ਲਾਦਿਨ ਦੇ ਪਾਕਿਸਤਾਨ ਵਿਚ ਮਾਰੇ ਜਾਣ ਨਾਲ ਸਾਬਤ ਹੋ ਗਿਆ ਹੈ ਕਿ ਇਹ ਦੇਸ਼ ਦਹਿਸ਼ਤਪਸੰਦੀ ਦਾ ਧੁਰਾ ਬਣ ਚੁੱਕਾ ਹੈ। ਉਨ੍ਹਾਂ ਅਮਰੀਕੀ ਦੀ ਇਸ ਕਾਰਵਾਈ ਨੂੰ ਅਲ-ਕਾਇਦਾ ਲਈ ਵੱਡੀ ਸੱਟ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸਲਾਮਾਬਾਦ ਨੂੰ ਕਿਹਾ ਕਿ ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਤੁਰੰਤ ਫੜਿਆ ਜਾਵੇ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਸਾਮਾ ਦੇ ਮਾਰੇ ਜਾਣ ਨੂੰ ਅਹਿਮ ਕਦਮ ਕਰਾਰ ਦਿੰਦਿਆਂ ਕਿਹਾ ਕਿ ਇਹ ਅਲ-ਕਾਇਦਾ ਅਤੇ ਹੋਰਨਾਂ ਦਹਿਸ਼ਤਪਸੰਦ ਜਥੇਬੰਦੀਆਂ ਲਈ ਫੈਸਲਾਕੁਨ ਸੱਟ ਹੋਵੇਗੀ। ਉਨ੍ਹਾਂ ਕਿਹਾ ਕਿ ਕੌਮਾਂਤਰੀ ਭਾਈਚਾਰੇ ਅਤੇ ਪਾਕਿਸਤਾਨ ਨੂੰ ਅਜਿਹੇ ਸਾਰੇ ਗਰੁੱਪਾਂ ਦੀਆਂ ਸਰਗਰਮੀਆਂ ਖ਼ਤਮ ਕਰਨ ਲਈ ਵਿਆਪਕ ਕਾਰਵਾਈ ਕਰਨੀ ਚਾਹੀਦੀ ਹੈ ਜੋ ਸਭਿਅਕ ਜੀਵਨ ਜਾਚ ਲਈ ਖ਼ਤਰਾ ਬਣਦੇ ਹਨ; ਬੇਦੋਸ਼ੇ ਆਦਮੀਆਂ, ਔਰਤਾਂ ਤੇ ਬੱਚਿਆਂ ਨੂੰ ਕਤਲ ਕਰਦੇ ਹਨ।

ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਅਤੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕੌਮਾਂਤਰੀ ਭਾਈਚਾਰੇ ਨੂੰ ਦਹਿਸ਼ਤਵਾਦ ਖਿਲਾਫ਼ ਸਾਂਝਾ ਉੱਦਮ ਢਿੱਲਾ ਨਾ ਪੈਣ ਦੇਣ ਅਤੇ ਗੁਆਂਢ ਵਿਚ ਦਹਿਸ਼ਤਗਰਦਾਂ ਦੀਆਂ ਸੁਰੱਖਿਅਤ ਪਨਾਹਾਂ ਦੇ ਖ਼ਾਤਮੇ ਦਾ ਸੱਦਾ ਦਿੱਤਾ ਹੈ। ਸ੍ਰੀ ਚਿਦੰਬਰਮ ਨੇ ਕਿਹਾ ਕਿ ਇਹ ਘਟਨਾ ਭਾਰਤ ਦੇ ਇਸ ਤੌਖਲੇ ਦਾ ਸਬੂਤ ਹੈ ਕਿ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਦਹਿਸ਼ਤਪਸੰਦ ਉਸ ਦੇਸ਼ ਵਿਚ ਪਨਾਹ ਲੈਂਦੇ ਹਨ। ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਅਜੇ ਵੀ ਪਾਕਿਸਤਾਨ ਵਿਚ ਪਨਾਹ ਮਿਲੀ ਹੋਈ ਹੈ।

## ਵਿਸ਼ਵ ਦੇ ਅਹਿਮ ਆਗੂ ਖੁਸ਼, ਅਰਬ ਖਾਮੋਸ਼

**ਲੰਡਨ:** ਉਸਾਮਾ ਬਿਨ ਲਾਦਿਨ ਦੀ ਮੌਤ 'ਤੇ ਸੰਸਾਰ ਦੇ ਕਈ ਦੇਸ਼ਾਂ ਦੇ ਆਗੂਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਹੁਣ ਸੰਸਾਰ ਭਰ ਦੇ ਅਮਨਪਸੰਦ ਲੋਕਾਂ ਨੂੰ ਸੁੱਖ ਦਾ ਸਾਹ ਆਵੇਗਾ। ਉਂਜ ਅਰਬ ਮੁਲਕਾਂ ਦੇ ਆਗੂ ਇਸ ਮੌਤ 'ਤੇ ਉੱਕਾ ਹੀ ਖਾਮੋਸ਼ ਹੈ। ਫਲਸਤੀਨ ਦੇ ਇਕ ਧੜੇ ਹਮਾਸ ਨੇ ਇਸ ਮੌਤ 'ਤੇ ਦੁੱਖ ਜ਼ਾਹਿਰ ਕੀਤਾ ਹੈ ਜਦਕਿ ਫਤਿਹ ਗਰੁੱਪ ਨੇ ਇਸ ਮੌਤ ਨੂੰ ਚੰਗਾ ਹੀ ਕਿਹਾ ਹੈ।

ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਕਿਹਾ ਹੈ ਕਿ ਉਸਾਮਾ ਦੀ ਪਾਕਿਸਤਾਨ ਵਿਚ ਰਿਹਾਇਸ਼ ਨੇ ਸਾਬਤ ਕਰ ਦਿੱਤਾ ਕਿ ਅਫਗਾਨਿਸਤਾਨ ਵਿਸ਼ਵ 'ਚ ਦਹਿਸ਼ਤਗਰਦੀ ਫੈਲਾਉਣ ਲਈ ਜ਼ਿੰਮੇਵਾਰ ਨਹੀਂ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕਿਹਾ ਹੈ ਕਿ ਉਸਾਮਾ ਦੇ ਮਾਰੇ ਜਾਣ ਨਾਲ ਵਿਸ਼ਵ ਭਰ ਦੇ ਲੋਕਾਂ ਨੂੰ ਰਾਹਤ ਮਿਲੀ ਹੈ। ਜਪਾਨ ਦੇ ਵਿਦੇਸ਼ ਮੰਤਰੀ ਤਾਕੇਆਕੀ ਮਤਸੂਮੋਤੋ ਨੇ ਉਸਾਮਾ ਦੇ ਮਾਰੇ ਜਾਣ ਨੂੰ ਦਹਿਸ਼ਤਗਰਦੀ ਖਿਲਾਫ ਵੱਡੀ ਜਿੱਤ ਕਰਾਰ ਦਿੱਤਾ ਹੈ।

# ਅਪਰੇਸ਼ਨ ਉਸਾਮਾ ਬਿਨ ਲਾਦਿਨ ਦਾ ਸੱਚ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਰੈਡੀਕਲ ਪੀਪਲਜ਼ ਫੋਰਮ, ਪੰਜਾਬ ਨੇ ਅਮਰੀਕਾ ਵਲੋਂ ਉਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਬਾਰੇ ਕੀਤੇ ਐਲਾਨ ਅਤੇ ਜ਼ੋਰ-ਸ਼ੋਰ ਨਾਲ ਪ੍ਰਚਾਰੀ ਜਾ ਰਹੀ ਪੂਰੀ ਕਹਾਣੀ ਬਾਰੇ ਕਿੰਤੂ ਕਰਦਿਆਂ, ਇਸ ਬਾਰੇ ਕਈ ਗੰਭੀਰ ਸੁਆਲ ਖੜ੍ਹੇ ਕੀਤੇ ਹਨ।

ਰੈਡੀਕਲ ਫੋਰਮ ਦੇ ਸੂਬਾਈ ਕਨਵੀਨਰ ਸੁਖਦਰਸ਼ਨ ਸਿੰਘ ਨੱਤ ਅਤੇ ਸਹਾਇਕ ਕਨਵੀਨਰ ਜਸਪਾਲ ਖੋਖਰ ਨੇ ਕਿਹਾ ਹੈ ਕਿ ਉਸਾਮਾ ਦਰਅਸਲ ਗੁਰਦੇ ਫੇਲ੍ਹ ਹੋਣ ਕਾਰਨ ਦਸੰਬਰ 2001 ਵਿਚ ਹੀ ਮਰ ਚੁੱਕਾ ਸੀ। ਹੁਣ ਟੀ.ਵੀ ਚੈਨਲਾਂ ਵਲੋਂ ਉਸ ਦੀ ਲਾਸ਼ ਦੇ ਨਾਮ 'ਤੇ ਜੋ ਫੋਟੋ ਵਾਰ-ਵਾਰ ਦਰਸ਼ਕਾਂ ਨੂੰ ਦਿਖਾਈ ਜਾ ਰਹੀ ਹੈ, ਉਸੇ ਫੋਟੋ ਸਮੇਤ ਓਸਾਮਾ ਦੀ ਮੌਤ ਬਾਰੇ ਕਈ ਠੋਸ ਤੱਥਾਂ ਤੇ ਸਬੂਤਾਂ ਸਮੇਤ ਇਕ ਲੇਖ 'ਉਸਾਮਾ ਬਿਨ ਲਾਦਿਨ-ਕਬਰ ਅੰਦਰ ਬੜ੍ਹਕਾਂ' ਏਸ਼ੀਆ ਭਰ ਦੇ ਅੱਖਾਂ ਦੇ ਉਘੇ ਸਰਜਨ ਡਾਕਟਰ ਦਲਜੀਤ ਸਿੰਘ ਅੰਮ੍ਰਿਤਸਰ (ਫੋਨ: +91 981 500 0207) ਦੀ 2010 ਵਿਚ ਛਾਪੀ ਆਪਣੀ ਚਰਚਿਤ ਪੁਸਤਕ 'ਦੂਜਾ ਪਾਸਾ' ਵਿਚ ਪ੍ਰਮਾਣਿਤ ਕਰ ਚੁੱਕੇ ਹਨ। ਰੈਡੀਕਲ ਫੋਰਮ ਦਾ ਵਿਚਾਰ ਹੈ ਕਿ ਅਮਰੀਕਾ ਵਲੋਂ ਉਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਬਾਰੇ ਇਹ ਯੋਜਨਾਬੱਧ ਕਹਾਣੀ ਘੜਨ ਅਤੇ ਪ੍ਰਚਾਰਨ ਲਈ ਘਟਨਾ ਦੇ ਸਮੇਂ ਅਤੇ ਸਥਾਨ ਦੀ ਚੋਣ ਇਸ ਢੰਗ ਨਾਲ ਕੀਤੀ ਗਈ ਹੈ ਜਿਸ ਰਾਹੀਂ ਇਕੋ ਤੀਰ ਨਾਲ ਕਈ ਸ਼ਿਕਾਰ ਕੀਤੇ ਜਾ ਸਕਨ। ਅਮਰੀਕੀ ਰਾਸ਼ਟਰਪਤੀ ਓਬਾਮਾ ਵਲੋਂ ਅਫਗਾਨਸਤਾਨ, ਇਰਾਕ ਅਤੇ ਲੀਬੀਆ ਸਮੇਤ ਵੱਖ-ਵੱਖ ਮੁਹਾਜ਼ਾਂ ਉਤੇ ਹੋ ਰਹੀ ਅਸਫਲਤਾ ਕਾਰਨ ਆਪਣੀ ਤੇਜ਼ੀ ਨਾਲ ਗਿਰ ਰਹੀ ਹਰਮਨ-ਪਿਆਰਤਾ ਨੂੰ ਠੁੰਮਣਾ ਦੇਣਾ ਅਤੇ ਅਗਲੇ ਸਾਲ ਵਿਚ ਹੋਣ ਵਾਲੀਆਂ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਇਸ ਦਾ ਲਾਹਾ ਲੈਣਾ ਹੈ। ਇਸੇ ਤਰ੍ਹਾਂ ਇਹ ਘਟਨਾ ਪਾਕਿਸਤਾਨ ਵਿਚ ਵਾਪਰੀ ਦਿਖਾਉਣ ਪਿੱਛੇ ਵੀ ਅਮਰੀਕਾ ਦਾ ਖਾਸ ਮਨੋਰਥ ਇਹ ਹੈ ਕਿ ਪਾਕਿਸਤਾਨ ਨੂੰ ਸੰਸਾਰ ਅੱਤਵਾਦ ਦਾ ਕੇਂਦਰ ਪ੍ਰਮਾਣਤ ਕਰਕੇ, ਪਾਕਿਸਤਾਨ ਨੂੰ ਖੁੱਲਮ-ਖੁੱਲ੍ਹਾ ਅਮਰੀਕੀ ਫੌਜੀ ਟਿਕਾਣਾ ਬਣਾਉਣ ਲਈ ਸੰਸਾਰ ਦੇ ਜਨਮਤ ਨੂੰ ਆਪਣੇ ਪੱਖ ਵਿਚ ਤਿਆਰ ਕਰਨਾ ਹੈ ਤਾਂ ਜੋ ਜਿਥੇ ਸਾਰੇ ਇਸਲਾਮਕ ਦੇਸ਼ਾਂ ਦੀ ਆਮ ਜਨਤਾ ਵਿਚ ਅਮਰੀਕਾ ਅਤੇ ਉਸ ਪੱਖੀ ਸਰਕਾਰਾਂ ਖਿਲਾਫ਼ ਤਿੱਖੇ ਹੋ ਰਹੇ ਜਨਤਕ ਵਿਰੋਧ ਨੂੰ ਕਾਬੂ ਕੀਤਾ ਜਾ ਸਕੇ, ਉਥੇ 'ਬਰਿਕਸ' ਸੰਮੇਲਨ ਜ਼ਰੀਏ ਉਭਰ ਰਹੇ ਭਾਰਤ, ਰੂਸ, ਚੀਨ, ਬਰਾਜ਼ਿਲ ਅਤੇ ਦੱਖਣੀ ਅਫ਼ਰੀਕਾ ਉਤੇ ਆਧਾਰਤ ਮਜ਼ਬੂਤ ਆਰਥਿਕ ਤੇ ਸਿਆਸੀ ਕੌਮਾਂਤਰੀ ਗੱਠਜੋੜ ਖਿਲਾਫ਼ ਦਬਾਅ ਵਧਾਇਆ ਜਾ ਸਕੇ।

ਰੈਡੀਕਲ ਫੋਰਮ ਨੇ ਅਮਰੀਕਾ ਵਲੋਂ ਪ੍ਰਚਾਰੀ ਕਹਾਣੀ ਵਿਚੋਂ ਹੀ ਜ਼ਾਹਿਰ ਹੋ ਰਹੀਆਂ ਕਈ ਗੰਭੀਰ ਕਮੀਆਂ ਰਾਹੀਂ ਵੀ ਇਸ ਕਹਾਣੀ ਦੀ ਸੱਚਾਈ ਨੂੰ ਚੁਣੌਤੀ ਦਿੱਤੀ ਹੈ। ਫੋਰਮ ਦਾ ਕਹਿਣਾ ਹੈ ਕਿ ਦੁਨੀਆਂ ਦੇ ਸਭ ਤੋਂ ਲੋੜੀਂਦੇ ਅਪਰਾਧੀ ਵਲੋਂ ਕਿਸੇ ਆਮ ਆਦਮੀ ਵਾਂਗ ਸਾਲਾਂ ਬੱਧੀ ਇਕੋ ਘਰ ਵਿਚ ਟਿਕੇ ਰਹਿਣਾ, ਨਾ ਘਰ ਬਦਲਣਾ ਅਤੇ ਨਾ ਹੀ ਕੂਰੀਅਰ ਬਦਲਣਾ ਅਤੇ ਉਸ ਦੇ ਕੂਰੀਅਰ ਜਾਂ ਸੰਦੇਸ਼ ਵਾਹਕ ਦਾ ਪਿੱਛਾ ਕਰਕੇ ਅਮਰੀਕੀ ਖੁਫ਼ੀਆ ਏਜੰਸੀਆਂ ਦਾ ਉਸਾਮਾ ਨੂੰ ਜਾ ਲੱਭਣਾ, ਇਹ ਸਭ ਕਿਸੇ ਕਾਮਿਕਸ ਜਾਂ ਬਾਲ ਕਹਾਣੀ ਵਾਂਗ ਹੈ। ਇਸੇ ਤਰ੍ਹਾਂ ਨਾ ਤਾਂ ਪਾਕਿਸਤਾਨ ਦੇ ਕਿਸੇ ਏਅਰ ਬੇਸ ਤੋਂ ਉਡੇ ਅਮਰੀਕੀ ਸੈਨਿਕ ਹੈਲੀਕਾਪਟਰਾਂ ਦਾ ਪਾਕਿਸਤਾਨੀ ਏਅਰ ਫੋਰਸ ਦੇ ਕਿਸੇ ਰਾਡਾਰ ਨੇ ਕੋਈ ਨੋਟਿਸ ਲਿਆ, ਨਾ ਬਿਨਾਂ ਕਿਸੇ ਅਗਾਊਂ ਸੂਚਨਾ ਤੋਂ ਪਾਕਿਸਤਾਨ ਮਿਲਟਰੀ ਅਕੈਡਮੀ ਦੇ ਐਨ ਨੇੜੇ 40 ਮਿੰਟ ਤੱਕ ਚੱਲੇ, ਇਸ ਧੂੰਆਂ-ਧਾਰ ਫੌਜੀ ਅਪਰੇਸ਼ਨ ਦਾ ਪਾਕਿਸਤਾਨੀ ਫੌਜ ਨੇ ਕੋਈ ਨੋਟਿਸ ਲਿਆ ਜਾਂ ਸਵੈ-ਰੱਖਿਆ 'ਚ ਕੋਈ ਕਾਰਵਾਈ ਕੀਤੀ ਹੈ। 12 ਘੰਟੇ ਦੇ ਅੰਦਰ-ਅੰਦਰ ਹੀ ਲਾਦਿਨ ਦੀ ਲਾਸ਼ ਨੂੰ ਸਮੁੰਦਰ ਵਿਚ ਸੁੱਟਕੇ ਮੁੱਦਾ ਹੀ ਖ਼ਤਮ ਕਰ ਦੇਣ ਦਾ ਦਿਖਾਵਾ ਜਿਸ ਦੀ ਅਮਰੀਕਾ ਵਰਗੀ ਮਹਾਂ ਸ਼ਕਤੀ ਨੂੰ ਕੋਈ ਜ਼ਰੂਰਤ ਜਾਂ ਮਜਬੂਰੀ ਨਹੀਂ ਸੀ। ਕੀ ਇਹ ਸਭ ਕੁੱਝ ਅਤਿਵਾਦ ਦੌਰਾਨ ਪੰਜਾਬ ਪੁਲਿਸ ਵਲੋਂ ਅਕਸਰ ਪ੍ਰਚਾਰੀਆਂ ਜਾਂਦੀਆਂ 'ਪੁਲਿਸ ਮੁਕਾਬਲਿਆਂ' ਦੀਆਂ ਘਸੀਆਂ-ਪਿੱਟੀਆਂ ਮਨੋਕਲਪਿਤ ਕਹਾਣੀਆਂ ਨਾਲ ਮੇਲ ਨਹੀਂ ਖਾਂਦਾ? ਹੁਣ ਜੇ ਪਾਕਿਸਤਾਨ ਅੰਦਰ ਸਥਾਈ ਅਮਰੀਕੀ ਫੌਜੀ ਅੱਡਾ ਬਣਦਾ ਹੈ ਤਾਂ ਇਹ ਭਾਰਤ ਸਮੇਤ ਦੱਖਣੀ ਏਸ਼ੀਆਈ ਉਪ ਮਹਾਂਦੀਪ ਅੰਦਰ ਤਣਾਅ ਤੇ ਜੰਗ ਦਾ ਅਖਾੜਾ ਬਣਨ ਦੀਆਂ ਸੰਭਾਵਨਾਵਾਂ ਵਧਾਵੇਗਾ। ਇਸ ਨਾਲ ਭਾਰਤ ਤੇ ਪਾਕਿਸਤਾਨ ਵਿਚ ਵੱਧ ਰਹੇ ਸਮਾਜਿਕ ਤੇ ਆਰਥਿਕ ਸਬੰਧਾਂ ਨੂੰ ਭਾਰੀ ਸੱਟ ਵੱਜੇਗੀ।



ਪੰਜਾਬ ਟਾਈਮਜ਼

*ਸਨਿਚਰਵਾਰ, 7 ਮਈ 2011*

## ਬਿਨ ਲਾਦਿਨ ਦਾ ਅੰਤ

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਾਮੀ-ਗਰਾਮੀ ਦਹਿਸ਼ਤਪਸੰਦ ਉਸਾਮਾ ਬਿਨ ਲਾਦਿਨ ਦੀ ਮੌਤ ਦੇ ਐਲਾਨ ਨੇ ਦੁਨੀਆਂ ਭਰ ਦੇ ਲੋਕਾਂ ਨੂੰ 2001 ਵਿਚ ਅਮਰੀਕਾ ਉਤੇ ਹੋਏ 9/11 ਹਮਲਿਆਂ ਦੀ ਯਾਦ ਦਿਵਾ ਦਿੱਤੀ। ਅਮਰੀਕਾ ਨੇ ਇਨ੍ਹਾਂ ਹਮਲਿਆਂ ਲਈ ਉਸਾਮਾ ਬਿਨ ਲਾਦਿਨ ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ ਇਸੇ ਗੱਲ ਨੂੰ ਆਧਾਰ ਬਣਾ ਕੇ ਹੀ ਪਿਛਲੇ ਲੰਮੇ ਸਮੇਂ ਤੋਂ ਜੰਗ ਅਤੇ ਬਾਰੂਦ ਦੀ ਮਾਰ ਸਹਿ ਰਹੇ ਅਫ਼ਗਾਨਿਸਤਾਨ ਉਤੇ ਚੜ੍ਹਾਈ ਕਰ ਦਿੱਤੀ ਸੀ। 9/11 ਹਮਲਿਆਂ ਨਾਲ ਸਮੁੱਚਾ ਸੰਸਾਰ ਹੀ ਤ੍ਰਾਹ-ਤ੍ਰਾਹ ਕਰ ਉਠਿਆ ਸੀ ਅਤੇ ਅਮਰੀਕਾ ਦੇ ਹੱਕ ਵਿਚ ਹਾਅ ਦੇ ਨਾਅਰੇ ਮਾਰ ਰਿਹਾ ਸੀ। ਦਰਅਸਲ ਮਸਲਾ ਹੀ ਇੱਦਾਂ ਦਾ ਸੀ ਕਿ ਕੋਈ ਵੀ ਸ਼ਖ਼ਸ ਇਨ੍ਹਾਂ ਹਮਲਿਆਂ ਦੀ ਭਿਅੰਕਰਤਾ ਤੋਂ ਨਿਰਲੇਪ ਨਹੀਂ ਸੀ ਰਹਿ ਸਕਿਆ; ਸਾਰੇ ਦੇ ਸਾਰੇ ਲੋਕ ਹੀ ਅਮਰੀਕਾ ਨਾਲ ਹਮਦਰਦੀ ਜ਼ਾਹਿਰ ਕਰ ਰਹੇ ਸਨ। ਇਹ ਹਮਦਰਦੀ ਅਤੇ ਇਨ੍ਹਾਂ ਹਮਲਿਆਂ ਦੀ ਨਿਖੇਧੀ ਬਣਦੀ ਹੀ ਸੀ। ਉਦੋਂ ਅਮਰੀਕਾ ਵਿਚ ਐਨਿਆਂ ਵਿਚੋਂ ਸਿਰਫ਼ ਇਕ ਹੀ ਸੂਰਮਾ ਉੱਠਿਆ ਸੀ ਜਿਸ ਨੇ ਇਨ੍ਹਾਂ ਹਮਲਿਆਂ ਲਈ ਖ਼ੁਦ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਸ ਵੇਲੇ ਠਠੰਬਰੇ ਪਏ ਸੰਸਾਰ ਨੇ ਭਾਵੇਂ ਉਸ ਸ਼ਖ਼ਸ ਦੀ ਗੱਲ ਨੂੰ ਬਹੁਤਾ ਵਜ਼ਨ ਨਹੀਂ ਸੀ ਦਿੱਤਾ ਪਰ ਉਸ ਨੇ ਜੋ ਗੱਲ ਆਖੀ ਸੀ, ਉਹ ਅੱਜ ਵੀ ਓਨੀ ਹੀ ਸੱਚ ਜਾਪਦੀ ਹੈ। ਇਸ ਸ਼ਖ਼ਸ ਦਾ ਨਾਂ ਸੀ ਨੌਮ ਚੌਮਸਕੀ ਅਤੇ ਉਸ ਨੇ ਕਿਹਾ ਸੀ ਕਿ ਇਹ ਹਮਲੇ ਅਸਲ ਵਿਚ ਅਮਰੀਕਾ ਦੀ ਮਾਰੂ ਵਿਦੇਸ਼ ਨੀਤੀ ਦਾ ਸਿੱਟਾ ਹਨ। ਅਮਰੀਕਾ ਆਏ ਦਿਨ ਸੰਸਾਰ ਵਿਚ ਥਾਣੇਦਾਰ ਦੇ ਰੂਪ ਵਿਚ ਵਿਚਰਦਾ ਮਾੜੇ-ਧੀੜੇ ਦੇਸ਼ਾਂ ਨੂੰ ਐਵੇਂ ਦਰੜਦਾ ਫਿਰਦਾ ਹੈ। ਇਸ ਦੀ ਤਾਜ਼ਾ ਮਿਸਾਲ ਅਰਬ ਦੇਸ਼ ਹਨ ਜਿੱਥੇ ਪਿਛਲੇ ਕੁਝ ਮਹੀਨਿਆਂ ਤੋਂ ਬਗ਼ਾਵਤ ਦੀਆਂ ਲਾਟਾਂ ਉਠ ਰਹੀਆਂ ਹਨ ਤੇ ਅਮਰੀਕਾ ਆਪਣੇ ਪਸੰਦੀਦਾ ਦੇਸ਼ਾਂ ਦੇ ਆਗੂਆਂ ਨਾਲ ਤਾਂ ਪੂਰੀ ਨਰਮਾਈ ਵਰਤ ਰਿਹਾ ਹੈ ਪਰ ਦੂਜੇ ਦੇਸ਼ਾਂ ਵਿਚ ਰਾਜ ਪਲਟੇ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਇਹੀ ਉਹ ਮੁੱਦਾ ਸੀ ਜਿਸ ਨੂੰ ਆਧਾਰ ਬਣਾ ਕੇ ਚੌਮਸਕੀ ਨੇ ਅਮਰੀਕਾ ਦੀ ਉਸ ਵੇਲੇ ਨੁਕਤਾਚੀਨੀ ਕਰਨ ਦਾ ਹੀਆ ਕੀਤਾ ਸੀ ਜਦੋਂ ਸਾਰਾ ਸੰਸਾਰ ਅਮਰੀਕਾ ਨਾਲ ਹਮਦਰਦੀ ਅਤੇ ਸੋਗ ਜ਼ਾਹਿਰ ਕਰ ਰਿਹਾ ਸੀ। ਚੌਮਸਕੀ ਅਸਲ ਵਿਚ ਉਹ ਸ਼ਖ਼ਸ ਸੀ ਜਿਸ ਨੇ ਮੀਡੀਆ ਅਤੇ ਕਾਰੋਬਾਰ ਵਿਚ ਕਾਰਪੋਰੇਟ ਦੀ ਸਰਦਾਰੀ ਦੀਆਂ ਅੰਦਰਲੀਆਂ ਤਹਿਆਂ ਫਰੋਲਦਿਆਂ ਅਵਾਮ ਨੂੰ ਦੱਸਿਆ ਸੀ ਕਿ ਇਹ ਕਿਸ ਤਰ੍ਹਾਂ ਉਨ੍ਹਾਂ ਦੇ ਖ਼ਿਲਾਫ਼ ਭੁਗਤ ਰਹੇ ਹਨ।

ਅਸਲ ਵਿਚ ਉਸਾਮਾ ਬਿਨ ਲਾਦਿਨ ਜਿਸ ਢੰਗ ਨਾਲ ਪਹਿਲਾਂ ਜਹਾਦੀ ਵਜੋਂ ਸਾਹਮਣੇ ਆਇਆ, ਉਦੋਂ ਉਸ ਦਾ ਮੁੱਖ ਰੂਪ ਵਿਚ ਘੇਰਾ ਅਫ਼ਗਾਸਿਤਾਨ ਸੀ ਜਿੱਥੇ ਉਸ ਵੇਲੇ ਰੂਸੀ ਫ਼ੌਜਾਂ ਨੇ ਡੇਰੇ ਲਾਏ ਹੋਏ ਸਨ। ਉਦੋਂ ਲਾਦਿਨ ਦੀ ਸਿੱਧੀ-ਅਸਿੱਧੀ ਹਮਾਇਤ ਅਮਰੀਕਾ ਨੂੰ ਪੁੱਗਦੀ ਸੀ। ਉਸਾਮਾ ਬਿਨ ਲਾਦਿਨ ਦਾ ਬਾਅਦ ਵਾਲਾ ਜਹਾਦੀ ਰੂਪ ਅਮਰੀਕਾ ਦੀ ਸਰਦਾਰੀ ਲਈ ਸਿੱਧੀ ਵੰਗਾਰ ਸੀ, ਇਸ ਲਈ ਮਸਲੇ ਹੋਰ ਦੇ ਹੋਰ ਹੋ ਗਏ। ਲਾਦਿਨ ਦੇ ਇਸ ਰੂਪ ਨੇ ਅਮਰੀਕਾ ਖਿਲਾਫ ਜਿਹੜੀ ਜ਼ਹਿਰ ਬੀਜੀ; ਉਹ ਤਾਂ ਬੀਜੀ ਹੀ, ਇਸ ਨਾਲ ਸੰਸਾਰ ਭਰ ਵਿਚ ਆਵਾਮ ਦੀ ਲੜਾਈ ਦਾ ਮੁਹਾਣ ਜਿਸ ਪਾਸੇ ਮੁੜਿਆ ਜਾਂ ਜਿਸ ਪਾਸੇ ਮੋੜਨ ਦਾ ਯਤਨ ਕੀਤਾ ਗਿਆ, ਉਹ ਮਸਲਾ ਵਧੇਰੇ ਧਿਆਨ ਅਤੇ ਪੁਣ-ਛਾਣ ਦੀ ਮੰਗ ਕਰਦਾ ਹੈ। ਅਮਰੀਕਾ ਦੀ ਮੁਖ਼ਾਲਫ਼ਤ ਕਰਦਿਆਂ ਉਸ ਨੇ ਜਿਸ ਰੰਗ-ਢੰਗ ਨਾਲ ਧਰਮ ਦੀ ਵਰਤੋਂ/ਦਰ-ਵਰਤੋਂ ਕੀਤੀ, ਉਸ ਦੀ ਭਰਪਾਈ ਹੋਣ ਲਈ ਸ਼ਾਇਦ ਬਹੁਤ ਸਮਾਂ ਲੱਗ ਜਾਵੇ। ਉਦੋਂ ਤੱਕ ਪਤਾ ਨਹੀਂ ਕਿੰਨੀਆਂ ਕੀਮਤੀ ਜਿੰਦਾਂ ਭੰਗ ਦੇ ਭਾੜੇ ਅਜਾਈਂ ਚਲੀਆਂ ਜਾਣ। ਲਾਦਿਨ ਨੇ ਦਹਿਸ਼ਤਪਸੰਦੀ ਨੂੰ ਜਿਸ ਢੰਗ ਨਾਲ ਆਪਣੀ ਲੜਾਈ ਦਾ ਹਥਿਆਰ ਬਣਾਉਣ ਦਾ ਹੀਆ ਕੀਤਾ, ਉਹ ਸਿੱਧਾ ਹੀ ਮਨੁੱਖਤਾ ਦੇ ਖ਼ਿਲਾਫ਼ ਭੁਗਤਿਆ ਹੈ। ਸੰਸਾਰ ਆਮ ਸਮਿਆਂ ਵਿਚ ਇੰਨਾ ਲਹੂ-ਲੁਹਾਣ ਪਹਿਲਾਂ ਕਦੀ ਨਹੀਂ ਸੀ ਹੋਇਆ ਅਤੇ ਨਾ ਹੀ ਭੈਅ ਨੇ ਇਉਂ ਮਨੁੱਖ ਦੀ ਸੋਚ ਉਤੇ ਕਾਠੀ ਹੀ ਪਾਈ ਸੀ। ਲਾਦਿਨ ਆਪਣੇ ਸਮਿਆਂ ਵਿਚ ਜਿਸ ਤਰ੍ਹਾਂ ਦਹਿਸ਼ਤ ਦਾ ਸਿਰਨਾਵਾਂ ਬਣਿਆ, ਉਹ ਹਰ ਹਾਲਤ ਵਿਚ ਰੱਦ ਕਰਨ ਯੋਗ ਹੈ।

21ਵੀਂ ਸਦੀ ਦਾ ਬੰਦਾ ਹੁਣ ਜਦੋਂ ਹਰ ਤਰ੍ਹਾਂ ਦੀਆਂ ਬੰਦਿਸ਼ਾਂ ਪਾਰ ਕਰਨ ਲਈ ਹੀਲੇ-ਵਸੀਲੇ ਕਰ ਰਿਹਾ ਹੈ ਤਾਂ ਜਾਗਦੇ ਨੈਣਾਂ ਨਾਲ ਸੁਪਨੇ ਦੇਖਣ ਵਾਲਿਆਂ ਲਈ ਇਹ ਘੜੀ ਬਹੁਤ ਵੰਗਾਰ ਭਰਪੂਰ ਹੈ। ਇਸ ਵੰਗਾਰ ਦਾ ਦੂਜਾ ਸਿਰਾ ਅੱਜ ਪਾਕਿਸਤਾਨ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਧਰਮ ਦੇ ਨਾਂ 'ਤੇ ਬਣੇ ਪਾਕਿਸਤਾਨ ਵਿਚ ਜੋ ਹਵਾ ਫ਼ਿਰਕੂ ਕੱਟੜਤਾ ਨੂੰ ਦਿੱਤੀ ਗਈ, ਉਸ ਦਾ ਖਮਿਆਜਾ ਹੁਣ ਸਾਰਾ ਪਾਕਿਸਤਾਨ ਅਤੇ ਇਕ ਲਿਹਾਜ਼ ਨਾਲ ਸਾਰਾ ਸੰਸਾਰ ਹੀ ਭੁਗਤ ਰਿਹਾ ਹੈ। ਜਨਰਲ ਜ਼ਿਆ-ਉਲ-ਹੱਕ ਨੇ ਸ਼ਰੀਅਤ ਦੇ ਨਾਂ ਹੇਠ ਆਪਣੀ ਖੁਫ਼ੀਆ ਏਜੰਸੀ ਆਈ.ਐਸ.ਆਈ. ਰਾਹੀਂ ਜੋ ਕੁਝ ਕੀਤਾ, ਉਹ ਮਨੁੱਖਤਾ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਵਾਲਾ ਹੀ ਸੀ। ਜਨਰਲ ਹੱਕ ਅਤੇ ਉਸ ਤੋਂ ਬਾਅਦ ਦੇ ਸ਼ਾਸਕਾਂ ਨੇ ਜਿਹੜੇ ਜਹਾਦੀਆਂ ਨੂੰ ਫ਼ੌਜ ਜਾਂ ਆਈ.ਐਸ.ਆਈ. ਵਿਚ ਭਰਤੀ ਕੀਤਾ ਸੀ, ਉਹ ਹੁਣ ਬਹੁਤ ਉਚੇ ਅਹੁਦਿਆਂ ਤੱਕ ਪਹੁੰਚ ਚੁੱਕੇ ਹਨ। ਇਸੇ ਕਰਕੇ ਹੁਣ ਪਾਕਿਸਤਾਨ ਦਾ ਸਮੁੱਚਾ ਤਾਣਾ-ਬਾਣਾ ਹੀ ਕੱਟੜਪੰਥੀਆਂ ਅੱਗੇ ਗੋਡੇ ਟੇਕ ਰਿਹਾ ਹੈ। ਹਾਲ ਹੀ ਵਿਚ ਕੁਫ਼ਰ ਵਿਰੋਧੀ ਕਾਨੂੰਨ ਕਾਰਨ ਪਹਿਲਾਂ ਸਲਮਾਨ ਤਾਸੀਰ ਵਰਗੇ ਉਦਾਰਵਾਦੀ ਆਗੂ ਨੂੰ ਮਾਰ ਦਿੱਤਾ ਗਿਆ ਅਤੇ ਫਿਰ ਘੱਟ-ਗਿਣਤੀਆਂ ਬਾਰੇ ਮੰਤਰੀ ਸ਼ਾਹਬਾਜ਼ ਭੱਟੀ ਨੂੰ ਸ਼ਰੇਆਮ ਕਤਲ ਕਰ ਦਿੱਤਾ ਗਿਆ। ਇਹ ਕਤਲ ਸਿੱਧੇ ਰੂਪ ਵਿਚ ਉਸਾਮਾ ਬਿਨ ਲਾਦਿਨ ਵੱਲੋਂ ਵਿੱਢੇ ਜਹਾਦ ਦਾ ਹੀ ਹਿੱਸਾ ਸਨ। ਸ਼ਹਿਣਸ਼ੀਲਤਾ ਦੇ ਤੂੰਬੇ ਉਡਾਉਣ ਵਾਲੇ ਲਾਦਿਨ ਦਾ ਇਹ ਰੂਪ ਜੁੜਦੀਆਂ ਤੰਦਾਂ ਦੇ ਤੂੰਬੇ ਵੀ ਓਨੀ ਹੀ ਬੇਕਿਰਕੀ ਨਾਲ ਉਡਾਉਂਦਾ ਹੈ। ਇਸ ਨਾਲ ਆਸ ਦੀ ਤੰਦ ਨਹੀਂ ਜੁੜਦੀ ਸਗੋਂ ਤਬਾਹੀ ਦੇ ਮੰਜ਼ਰ ਜ਼ਿਹਨ ਵਿਚ ਉਭਰਦੇ ਹਨ। ਇਸ ਪ੍ਰਸੰਗ ਵਿਚ ਮਾੜੀ ਗੱਲ ਇਹ ਹੋਈ ਹੈ ਕਿ ਲਾਦਿਨ ਨਫ਼ਰਤ ਦੇ ਇਹ ਬੀਜ ਆਵਾਮ ਦੇ ਮਨਾਂ ਵਿਚ ਬਹੁਤ ਡੂੰਘੇ ਬੀਜ ਗਿਆ ਹੈ ਪਰ ਚੰਗੀ ਗੱਲ ਇਹ ਹੈ ਕਿ ਆਵਾਮ ਵਿਚੋਂ ਬਹੁ-ਗਿਣਤੀ ਨੇ ਉਸ ਨੂੰ ਬਹੁਤਾ ਹੁੰਗਾਰਾ ਨਹੀਂ ਭਰਿਆ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੋਸ ਬੁੱਧੀਜੀਵੀਆਂ 'ਤੇ!

ਕਿਤੇ ਖਹਿਬੜੇ ਪਤੀ ਦੇ ਨਾਲ ਪਤਨੀ, ਪਤੀ ਗ੍ਰਹਿਸਥ ਨੂੰ ਨਰਕ ਬਣਾਈ ਫਿਰਦੇ।
ਧੀਆਂ ਪੁੱਤ ਲੜਦੇ ਨਾਲ ਮਾਪਿਆਂ ਦੇ, ਭਾਈ, ਭੈਣਾਂ ਨਾਲ ਯੁੱਧ ਮਚਾਈ ਫਿਰਦੇ।
ਨਿੱਤ ਹਾਕਮਾਂ ਦੀ ਮੁਰਦਾਬਾਦ ਹੋਵੇ, ਰਾਜੇ ਆਪਣੀ ਹਿੰਡ ਪੁਗਾਈ ਫਿਰਦੇ।
ਧਰਮ-ਮੰਦਰਾਂ ਵਿਚ ਵੀ ਡਾਂਗ ਖੜਕੇ, ਆਕੀ, ਧਰਮੀਆਂ ਤਾਈਂ ਭਜਾਈ ਫਿਰਦੇ।
ਚਾਰੇ ਤਰਫ ਹੀ ਕ੍ਰੋਧ ਦੀ ਅੱਗ ਬਲਦੀ, ਸਹਿਣ-ਸ਼ਕਤੀ ਦੀ ਅਲਖ ਮੁਕਾਈ ਫਿਰਦੇ।
ਸ਼ਾਂਤ ਰਹਿਣ ਦੇ ਜਿਨ੍ਹਾਂ ਸੀ ਸਬਕ ਦੇਣੇ, ਬੁੱਧੀਜੀਵੀ ਵੀ ਸਿੰਗ ਫਸਾਈ ਫਿਰਦੇ!

# ਕੌਣ ਸੀ ਭਲਾ ਉਸਾਮਾ ਬਿਨ ਲਾਦਿਨ?

***ਤਕਰੀਬਨ ਡੇਢ ਦਹਾਕੇ ਦੌਰਾਨ ਉਸਾਮਾ-ਬਿਨ-ਲਾਦਿਨ ਦੀ ਪਛਾਣ ਕਿਸੇ ਬੰਦੇ ਦੇ ਨਾਮ ਤੱਕ ਮਹਿਦੂਦ ਨਹੀਂ ਰਹੀ ਸਗੋਂ ਉਹ ਕੌਮਾਂਤਰੀ ਵਰਤਾਰਾ ਬਣ ਕੇ ਸਾਹਮਣੇ ਆਇਆ। ਅਲ-ਕਾਇਦਾ ਵਾਂਗ ਉਹ ਆਪ ਅਰਬੀ ਖ਼ਿੱਤੇ ਵਿੱਚੋਂ ਚੱਲਦੀ ਕੌਮਾਂਤਰੀ ਸਿਆਸਤ ਦੀ ਹੀ ਪੈਦਾਇਸ਼ ਸੀ ਅਤੇ ਇਸ 'ਚੋਂ ਨਿਕਲੀ ਹਥਿਆਰਬੰਦ ਧਾਰਾ ਦਾ ਉਹ ਆਗੂ ਬਣ ਗਿਆ।***

ਉਸਾਮਾ-ਬਿਨ-ਲਾਦਿਨ ਦੀ ਮੌਤ ਨਾਲ ਕਈ ਤਰ੍ਹਾਂ ਦੇ ਸਵਾਲ ਉੱਠ ਖੜ੍ਹੇ ਹੋਏ ਹਨ। ਇਹ ਸਵਾਲ ਮੁੱਖ ਰੂਪ ਵਿਚ ਅਮਰੀਕੀ ਪ੍ਰਸ਼ਾਸਨ ਅਤੇ ਇਸ ਦੀ ਵਿਦੇਸ਼ ਨੀਤੀ ਬਾਰੇ ਹਨ ਜਿਸ ਕਾਰਨ ਸੰਸਾਰ ਦੇ ਬਹੁਤ ਸਾਰੇ ਮੁਲਕਾਂ ਇਸ ਦੇਸ਼ (ਅਮਰੀਕਾ) ਅਤੇ ਇਸ ਦੇ ਬਾਸ਼ਿੰਦਿਆਂ ਖਿਲਾਫ ਲੋਕਾਂ ਦੇ ਮਨਾਂ ਵਿਚ ਨਫਰਤ ਇੰਨੇ ਵੱਡੇ ਪੱਧਰ 'ਤੇ ਘਰ ਕਰ ਗਈ ਹੈ ਕਿ ਹੁਣ ਇਸ ਦੀ ਥਾਹ ਪਾਉਣਾ ਵੀ ਮੁਸ਼ਕਿਲ ਜਾਪ ਰਿਹਾ ਹੈ। ਜਦੋਂ ਇਸ ਤਰ੍ਹਾਂ ਦੀ ਗੱਲ ਹੋਵੇ ਤਾਂ ਹਾਲਾਤ ਬਹੁਤ ਗੁੰਝਲਦਾਰ ਬਣ ਜਾਂਦੇ ਹਨ। ਕਿਸੇ ਇੱਕ ਬੰਦੇ ਨੂੰ ਮਾਰਨ ਲਈ ਐਲਾਨੀਆ ਰੂਪ ਵਿੱਚ ਚਲਾਈ ਗਈ ਮੁਹਿੰਮ ਇਕ ਵਾਰ ਤਾਂ ਸਿਰੇ ਚੜ੍ਹ ਗਈ ਜਾਪਦੀ ਹੈ। ਕੌਮਾਂਤਰੀ ਪੱਧਰ ਉੱਤੇ ਜਿੱਤ ਅਤੇ ਮਾਤਮ ਦਾ ਮਾਹੌਲ ਪਾਲ਼ਾਬੰਦੀ ਵੀ ਉਘਾੜ ਰਿਹਾ ਹੈ। ਇਸ ਨਾਲ ਪਾਕਿਸਤਾਨ ਦਾ ਅਤਿਵਾਦ ਨਾਲ ਗੁੰਝਲਦਾਰ ਰਿਸ਼ਤਾ ਕੁਝ ਕੁ ਤਾਂ ਸੁਲਝ ਗਿਆ ਹੈ ਪਰ ਉਸ ਦੇ ਅਮਰੀਕਾ ਨਾਲ ਤਾਲਮੇਲ ਦਾ ਮਸਲਾ ਹੋਰ ਉਲਝ ਗਿਆ ਹੈ। ਹੁਣ ਨਵੇਂ ਬਣੇ ਹਾਲਾਤ ਮੁਤਾਬਕ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਚੱਲ ਰਹੀ 'ਅਤਿਵਾਦ ਖ਼ਿਲਾਫ਼ ਜੰਗ' ਦਾ ਮਸਲਾ ਹੋਰ ਵੀ ਗੁੰਝਲਦਾਰ ਹੋ ਸਕਦਾ ਹੈ। ਜਵਾਬੀ ਹਮਲਿਆਂ ਦੀ ਸੰਭਾਵਨਾ ਨਾਲ ਘਾਤਕ ਅਤਿਵਾਦੀ ਹਮਲੇ ਦੇ ਖ਼ਦਸ਼ੇ ਵਧ ਗਏ ਹਨ ਜਿਸ ਕਾਰਨ ਸੰਸਾਰ ਪੱਧਰ ਉੱਤੇ ਚੌਕਸੀ ਦਾ ਹੋਕਾ ਦਿੱਤਾ ਗਿਆ ਹੈ। ਇਕ ਹੋਰ ਨਜ਼ਰੀਏ ਤੋਂ ਦੇਖਿਆਂ ਕਿਹਾ ਜਾ ਸਕਦਾ ਹੈ ਕਿ ਇਕ ਡਰ ਵੀ ਲੋਕਾਂ ਨੂੰ ਵੰਡ ਦਿੱਤਾ ਗਿਆ ਹੈ। ਉਸਾਮਾ ਨੂੰ ਮਾਰਨ ਦਾ ਦਾਅਵਾ ਪਹਿਲਾਂ ਵੀ ਬਹੁਤ ਵਾਰ ਕੀਤਾ ਗਿਆ ਸੀ ਪਰ ਇਸ ਵਾਰ ਲਾਸ਼ ਦੀ ਸ਼ਨਾਖ਼ਤ ਲਈ ਵਿਗਿਆਨਕ ਢੰਗ ਨਾਲ ਕਰਨ ਦੇ ਦਾਅਵੇ ਕੀਤੇ ਗਏ ਹਨ। ਸੋ, ਜ਼ਹਿਰ ਹੈ ਕਿ ਮੌਤ ਨਾਲ ਉਸਾਮਾ ਦੀ ਭਿਆਨਕਤਾ ਅਤੇ ਦਹਿਸ਼ਤਪਸੰਦੀ ਦਾ ਭੈਅ ਘਟਿਆ ਨਹੀਂ ਸਗੋਂ ਉਸ ਨੂੰ 'ਸ਼ਹੀਦ' ਦਾ ਰੁਤਬਾ ਦਿੱਤੇ ਜਾਣ ਨਾਲ ਇਹ ਵਰਤਾਰਾ ਹੋਰ ਭਿਅੰਕਰ ਰੁਖ਼ ਵੀ ਅਖਤਿਆਰ ਕਰ ਸਕਦਾ ਹੈ। ਖੌਰੇ ਇਸੇ ਗੱਲ ਦੇ ਡਰੋਂ ਹੀ ਅਮਰੀਕਾ ਨੇ ਉਸਾਮਾ ਦੀ ਦੇਹ ਨੂੰ ਅਣਦੱਸੀ ਥਾਂ ਉੱਤੇ ਸਮੁੰਦਰ ਵਿੱਚ ਵਹਾ ਦਿੱਤਾ ਹੈ।

ਤਕਰੀਬਨ ਡੇਢ ਦਹਾਕੇ ਦੌਰਾਨ ਉਸਾਮਾ-ਬਿਨ-ਲਾਦਿਨ ਦੀ ਪਛਾਣ ਕਿਸੇ ਬੰਦੇ ਦੇ ਨਾਮ ਤੱਕ ਮਹਿਦੂਦ ਨਹੀਂ ਰਹੀ ਸਗੋਂ ਉਹ ਕੌਮਾਂਤਰੀ ਵਰਤਾਰਾ ਬਣ ਕੇ ਸਾਹਮਣੇ ਆਇਆ। ਅਲ-ਕਾਇਦਾ ਵਾਂਗ ਉਹ ਆਪ ਅਰਬੀ ਖ਼ਿੱਤੇ ਵਿੱਚੋਂ ਚੱਲਦੀ ਕੌਮਾਂਤਰੀ ਸਿਆਸਤ ਦੀ ਹੀ ਪੈਦਾਇਸ਼ ਸੀ ਅਤੇ ਇਸ ਵਿੱਚੋਂ ਨਿਕਲੀ ਹਥਿਆਰਬੰਦ ਧਾਰਾ ਦਾ ਉਹ ਆਗੂ ਬਣ ਗਿਆ। ਉਸ ਨੇ ਅਲ-ਕਾਇਦਾ ਦਾ ਹੋਰ ਜਥੇਬੰਦੀਆਂ ਨਾਲ ਤਾਲਮੇਲ ਕੁਝ ਇਸ ਤਰ੍ਹਾਂ ਬਿਠਾਇਆ ਕਿ ਇਸ ਤਾਲਮੇਲ ਤਹਿਤ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਨੂੰ ਵੀ ਚੌਫਾਲ ਹੇਠਾਂ ਸੁੱਟ ਲਿਆ ਗਿਆ। ਇਹ ਤਾਲਮੇਲ ਕਿਸੇ ਵੀ ਘਾਤਕ ਹਥਿਆਰ ਤੋਂ ਘੱਟ ਨਹੀਂ ਸੀ। ਇਸ ਸਭ ਕੁਝ ਦਾ ਕਰਤਾ-ਧਰਤਾ ਲਾਦਿਨ ਸੀ ਅਤੇ ਉਸ ਦੀ ਜਥੇਬੰਦੀ ਅਲ-ਕਾਇਦਾ ਦਾ ਵੀ ਇਹੋ ਖ਼ਾਸਾ ਸੀ। ਯਮਨ ਦੇ ਗ਼ਰੀਬੀ ਮਾਰੇ ਇਲਾਕੇ ਵਿੱਚੋਂ ਉਸਾਮਾ ਦਾ ਬਾਪ ਤਕਰੀਬਨ 1930 ਵਿੱਚ ਸਾਊਦੀ ਅਰਬ ਵਿੱਚ ਇਮਾਰਤਸਾਜ਼ੀ ਦਾ ਕਾਰੋਬਾਰ ਕਰਨ ਗਿਆ। ਆਪਣੇ ਬਾਪ ਦੇ 52 ਬੱਚਿਆਂ ਵਿੱਚੋਂ ਉਸਾਮਾ-ਬਿਨ-ਲਾਦਿਨ 17ਵਾਂ ਬੱਚਾ ਸੀ। ਉਸਾਮਾ ਦੀ ਮਾਂ ਸੀਰੀਆ ਦੀ ਪੜ੍ਹੀ-ਲਿਖੀ ਅਤੇ ਖ਼ੂਬਸੂਰਤ ਔਰਤ ਸੀ ਜਿਸ ਨੇ ਰਵਾਇਤੀ ਬੁਰਕਾ ਉਤਾਰ ਕੇ ਧੜੱਲੇ ਨਾਲ ਜਿਉਣਾ ਸਿੱਖਿਆ। ਵਿਦੇਸ਼ੀ ਮੂਲ ਅਤੇ ਘਰਵਾਲੇ ਦੀ 10ਵੀਂ ਪਤਨੀ ਹੋਣ ਕਾਰਨ ਉਸ ਦਾ ਘਰੇਲੂ ਰੁਤਬਾ ਭਾਵੇਂ ਨੀਵਾਂ ਹੀ ਸੀ ਪਰ ਉਸ ਨੇ ਉਸਾਮਾ ਵਿੱਚ ਨਿਮਰਤਾ, ਮਿਹਨਤ ਅਤੇ ਸਦਾਚਾਰ ਵਾਲੇ ਗੁਣ ਭਰੇ। ਉਸਾਮਾ ਦੇ ਬਾਕੀ ਭੈਣ-ਭਰਾ ਵਿਦੇਸ਼ਾਂ ਵਿੱਚ ਪੜ੍ਹੇ ਪਰ ਉਸ ਨੇ ਸਾਊਦੀ ਅਰਬ ਵਿੱਚ ਪੜ੍ਹਨ ਨੂੰ ਤਰਜੀਹ ਦਿੱਤੀ। ਕਿੰਗ ਅਦਬੁਲ ਅਜ਼ੀਜ਼ ਯੂਨੀਵਰਸਿਟੀ ਵਿੱਚ ਉਸ ਨੇ ਅਰਥਸ਼ਾਸਤਰ ਅਤੇ ਮੈਨੇਜਮੈਂਟ ਦੀ ਪੜ੍ਹਾਈ ਸ਼ੁਰੂ ਕੀਤੀ ਪਰ ਅੰਤ ਵਿੱਚ ਸਿਵਲ ਇੰਜੀਨੀਅਰ ਬਣ ਕੇ ਨਿਕਲਿਆ। ਉਸ ਵੇਲੇ ਯੂਨੀਵਰਸਿਟੀਆਂ ਵਿੱਚ ਵਿਚਾਰਧਾਰਕ ਬਹਿਸ ਜ਼ੋਰਾਂ ਉੱਤੇ ਸੀ। ਇਸਲਾਮੀ ਕੱਟੜਪੰਥੀਆਂ ਅਤੇ ਖੱਬੇ ਪੱਖੀਆਂ ਦੀ ਵਿਚਾਰਧਾਰਕ ਬਹਿਸ ਖ਼ੂਨੀ ਰੂਪ ਅਖ਼ਤਿਆਰ ਕਰ ਰਹੀ ਸੀ। ਅਰਬ ਦੀ ਇਸਰਾਈਲ ਹੱਥੋਂ ਦੂਹਰੀ ਹਾਰ ਨਾਲ ਕੌਮਪ੍ਰਸਤ ਅਤੇ ਧਰਮ ਨਿਰਪੱਖ ਸਮਾਜ ਦੀ ਸਮਾਜਵਾਦੀ ਲੀਹਾਂ ਉੱਤੇ ਉਸਾਰੀ ਕਰਨਾ ਲੋਚਦੀ ਲਹਿਰ ਨੂੰ ਠੇਸ ਲੱਗੀ।

ਇਸ ਦੌਰ ਵਿੱਚ ਇਸਲਾਮੀ ਜਗਤ ਨੂੰ ਫ਼ੈਸਲਾਕੁਨ ਮੋੜ ਦੇਣ ਵਾਲੀਆਂ ਤਿੰਨ ਘਟਨਾਵਾਂ 1979 ਵਿੱਚ ਵਾਪਰੀਆਂ ਜਿਨ੍ਹਾਂ ਦਾ ਅਸਰ ਉਸਾਮਾ ਨੇ ਵੀ ਕਬੂਲ ਕੀਤਾ। ਇਰਾਨ ਵਿੱਚ ਆਇਤ-ਉੱਲਾ ਖੁਮੈਨੀ ਨੇ ਇਸਲਾਮੀ ਇਨਕਲਾਬ ਕੀਤਾ। ਅਫ਼ਗ਼ਾਨਿਸਤਾਨ ਉੱਤੇ ਸੋਵੀਅਤ ਯੂਨੀਅਨ ਨੇ ਹਮਲਾ ਕੀਤਾ। ਸ਼ਰੀਅਤ ਦੀ ਮੁੜ-ਬਹਾਲੀ ਦੀ ਮੰਗ ਪੂਰੀ ਕਰਵਾਉਣ ਲਈ ਵਿਦਰੋਹੀਆਂ ਨੇ ਮੱਕੇ ਦੀ ਮਸਜਿਦ ਉੱਤੇ ਕਬਜ਼ਾ ਕਰ ਲਿਆ ਜਿਸ ਨੂੰ ਫ਼ੌਜੀ ਕਾਰਵਾਈ ਰਾਹੀਂ ਖਾਲੀ ਕਰਵਾਇਆ ਗਿਆ। ਇਸ ਸਮੇਂ ਦੌਰਾਨ ਉਸਾਮਾ ਫ਼ਲਸਤੀਨੀ ਮੂਲ ਦੇ ਜੌਰਡਨ ਵਾਸੀ ਅਬਦੁੱਲਾ ਅਜ਼ੀਜ਼ ਦੇ ਪ੍ਰਭਾਵ ਵਿੱਚ ਆਇਆ ਜੋ ਹਥਿਆਰਬੰਦ ਇਸਲਾਮ ਦੇ ਅਹਿਮ ਚਿੰਤਕਾਂ ਵਿੱਚੋਂ ਮੰਨਿਆ ਜਾਂਦਾ ਹੈ। ਸੜਕਾਂ ਬਣਾਉਣ ਅਤੇ ਇਮਾਰਤਾਂ ਉਸਾਰਨ ਵਾਲਾ ਅਮੀਰਜ਼ਾਦਾ ਉਸਾਮਾ ਪਿਸ਼ਾਵਰ ਪਹੁੰਚ ਗਿਆ ਜੋ ਸੋਵੀਅਤ ਯੂਨੀਅਨ ਵਿਰੋਧੀ ਅਮਰੀਕੀ ਤੇ ਇਸਲਾਮੀ ਮੁਹਾਜ਼ ਦਾ ਕੇਂਦਰ ਸੀ। ਅਫ਼ਗ਼ਾਨ ਮੁਜਾਹਿਦੀਨ, ਜ਼ਖ਼ਮੀਆਂ ਅਤੇ ਪਨਾਹਗੀਰਾਂ ਦੀ ਮਦਦ ਲਈ ਸਰਮਾਇਆ ਜੁਟਾਉਣ ਦੇ ਕੰਮ ਤੋਂ ਬਾਅਦ ਉਸ ਨੇ ਹਥਿਆਰਬੰਦ ਲੜਾਈ ਵਿੱਚ ਸਰਗਰਮ ਹਿੱਸਾ ਲਿਆ। ਸੜਕਾਂ ਬਣਾਉਣ ਅਤੇ ਇਮਾਰਤਾਂ ਉਸਾਰਨ ਦਾ ਹੁਨਰ ਮੋਰਚੇ ਅਤੇ ਮੁਜਾਹਿਦੀਨ ਛਾਉਣੀਆਂ ਬਣਾਉਣ ਦੇ ਕੰਮ ਆਇਆ।

ਸੋਵੀਅਤ ਯੂਨੀਅਨ ਦੀ ਹਾਰ ਤੋਂ ਬਾਅਦ ਖ਼ਾਨਾਜੰਗੀ ਵਿੱਚ ਫਸੇ ਅਫ਼ਗ਼ਾਨਿਸਤਾਨ ਨੂੰ ਛੱਡ ਕੇ ਉਹ ਸਾਊਦੀ ਅਰਬ ਆ ਗਿਆ ਪਰ ਇਸ ਤੋਂ ਪਹਿਲਾਂ ਉਸ ਦੀ ਮੁਲਾਕਾਤ ਮਿਸਰੀ ਮੂਲ ਦੇ ਅਮਾਨ-ਅਲ-ਜ਼ਵਾਹੀਰੀ ਨਾਲ ਹੋ ਚੁੱਕੀ ਸੀ ਅਤੇ ਪਿਸ਼ਾਵਰ ਵਿੱਚ ਅਲ-ਕਾਇਦਾ ਦੀ ਨੀਂਹ ਰੱਖੀ ਜਾ ਚੁੱਕੀ ਸੀ। ਅਲ-ਕਾਇਦਾ ਦੀ ਕੌਮਾਂਤਰੀਵਾਦ ਬਾਬਤ ਆਪਣੀ ਸਮਝ ਹੈ ਜਿਸ ਤਹਿਤ ਇਨ੍ਹਾਂ ਨੇ ਆਲਮੀ ਪੱਧਰ ਉੱਤੇ ਇਸਲਾਮੀ ਕੱਟੜਪੰਥੀ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਇਕੱਠਾ ਕਰਨ ਦਾ ਉਪਰਾਲਾ ਕੀਤਾ। ਉਸ ਵੇਲੇ ਸਮਾਜਵਾਦੀ ਕੌਮਾਂਤਰੀਵਾਦ ਦੇ ਖ਼ਿਲਾਫ਼ ਇਸਲਾਮੀ ਕੌਮਾਂਤਰੀਵਾਦ ਅਮਰੀਕਾ ਦਾ ਪੱਖ ਪੂਰਦਾ ਸੀ ਅਤੇ ਇਸ ਨੂੰ ਵ੍ਹਾਈਟ ਹਾਊਸ ਤੋਂ ਵੈਟੀਕਨ ਤੱਕ ਦਾ ਸਮਰਥਨ ਹਾਸਲ ਸੀ। ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦੀ ਸਿਖਲਾਈ ਦੇ ਨਾਲ-ਨਾਲ ਹਥਿਆਰਾਂ ਅਤੇ ਡਾਲਰਾਂ ਦਾ ਮੀਂਹ ਬੇਰੋਕ ਸੀ। ਉਮੀਦ ਮੁਤਾਬਕ ਮੁਜਾਹਿਦੀਨ ਦੀ ਸਾਊਦੀ ਅਰਬ ਵਿੱਚ ਕਦਰ ਨਾ ਪਈ। ਉਸਾਮਾ ਦੀ ਨਾਰਾਜ਼ਗੀ ਨੂੰ ਹਾਕਮਾਂ ਵਿਰੁੱਧ ਰੋਹ ਵਿੱਚ ਬਦਲਣ ਦਾ ਮੌਕਾ ਜਲਦੀ ਬਣ ਗਿਆ। ਇਰਾਕ ਨੇ ਕੁਵੈਤ ਉੱਤੇ ਹਮਲਾ ਕਰ ਦਿੱਤਾ। ਉਸਾਮਾ ਨੇ ਸਾਊਦੀ ਅਰਬ ਦੇ ਹੁਕਮਰਾਨ ਸਾਹਮਣੇ ਤਜਵੀਜ਼ ਰੱਖੀ ਕਿ 'ਕਾਫ਼ਰ' ਸੱਦਾਮ ਦੀਆਂ ਫ਼ੌਜਾਂ ਨੂੰ ਹਰਾਉਣ ਲਈ ਮੁਜਾਹਿਦੀਨ ਦੀ ਫ਼ੌਜ ਬਣਾਈ ਜਾਵੇ। ਉਸ ਦੀ ਤਜਵੀਜ਼ ਰੱਦ ਕਰ ਦਿੱਤੀ ਗਈ ਅਤੇ ਕੁਝ ਦਿਨਾਂ ਵਿੱਚ ਹੀ ਤਿੰਨ ਲੱਖ ਅਮਰੀਕੀ ਫ਼ੌਜੀਆਂ ਦੀ ਛਾਉਣੀ ਸਾਊਦੀ ਅਰਬ ਵਿੱਚ ਬਣ ਗਈ। ਉਸਾਮਾ ਦਾ ਪਹਿਲੀ ਵਾਰ ਪੂਰੀ ਦੁਨੀਆਂ ਨੂੰ ਵਹਾਵੀਵਾਦ ਦੀ ਕੱਟੜ ਇਸਲਾਮੀ ਧਾਰਾ ਦੇਣ ਵਾਲੇ ਸਾਊਦੀ ਅਰਬ ਦੇ ਹੁਕਮਰਾਨ ਅਤੇ ਅਮਰੀਕਾ ਦੀ ਹਮਾਇਤ ਕਰ ਰਹੇ ਮੁਲਾਣਿਆਂ ਨਾਲ ਟਕਰਾਅ ਸ਼ੁਰੂ ਹੋਇਆ। ਉਸ ਨੂੰ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਹ ਫਰਾਰ ਹੋ ਕੇ ਸੁਡਾਨ ਦੀ ਰਾਜਧਾਨੀ ਖਰਤੂਮ ਪਹੁੰਚ ਗਿਆ ਜਿੱਥੇ ਕੱਟੜਵਾਦੀ ਇਸਲਾਮ ਦੇ ਅਲੰਬਰਦਾਰ ਹਸਨ ਤੁਰਾਬੀ ਦੀ ਨਵੀਂ ਸਰਕਾਰ ਬਣੀ ਸੀ ਅਤੇ ਇਸਲਾਮੀ ਕੱਟੜਵਾਦੀ ਤਨਜ਼ੀਮਾਂ ਨੂੰ ਪਨਾਹ ਤੇ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਸਨ। ਇੱਥੇ ਉਸ ਨੇ ਆਪਣਾ ਉਸਾਰੀ ਦਾ ਕਾਰੋਬਾਰ ਸ਼ੁਰੂ ਕੀਤਾ। ਨਾਲ ਹੀ ਅਲ-ਕਾਇਦਾ ਨੇ ਯਮਨ, ਅਲਜੀਰੀਆ, ਮਿਸਰ, ਸੋਮਾਲੀਆ ਆਦਿ ਮੁਲਕਾਂ ਵਿੱਚ ਸਰਗਰਮ ਇਸਲਾਮੀ ਜਥੇਬੰਦੀਆਂ ਨਾਲ ਰਾਬਤਾ ਕਰਨ ਦੇ ਉਪਰਾਲੇ ਕੀਤੇ ਪਰ ਜ਼ਿਆਦਾ ਕਾਮਯਾਬੀ ਨਹੀਂ ਮਿਲੀ। ਸੋਮਾਲੀਆ ਵਿੱਚ 1993 ਦੀ ਅਮਰੀਕੀ ਅਗਵਾਈ ਵਾਲੀ ਖ਼ੂਨੀ 'ਕੌਮਾਂਤਰੀ ਦਖ਼ਲਅੰਦਾਜ਼ੀ' ਦਾ ਅਹਿਸਾਸ ਕਰਨ ਅਲ-ਕਾਇਦਾ ਦੇ ਨਿਗਰਾਨ ਵੀ ਗਏ। ਉਸ ਵੇਲੇ ਤੱਕ ਉਸਾਮਾ ਦੀ ਕੌਮਾਂਤਰੀ ਪਛਾਣ ਕੱਟੜਵਾਦੀ ਇਸਲਾਮੀ ਜਥੇਬੰਦੀਆਂ ਨੂੰ ਮਾਇਕ ਸਹਾਇਤਾ ਕਰਨ ਵਾਲੇ ਵਜੋਂ ਬਣ ਚੁੱਕੀ ਸੀ। ਅਫ਼ਗ਼ਾਨਿਸਤਾਨ ਵਿੱਚ ਲੜਨ ਵਾਲੇ ਉਸ ਦੇ ਮੁਜਾਹਿਦੀਨ ਸਾਥੀ ਸੁਡਾਨ ਵਿੱਚ ਸੜਕਾਂ ਬਣਾ ਰਹੇ ਸਨ। ਅਪਰੈਲ 1994 ਵਿੱਚ ਸਾਊਦੀ ਅਰਬ ਨੇ ਉਸਾਮਾ ਦੀ ਨਾਗਰਿਕਤਾ ਖ਼ਤਮ ਕਰ ਦਿੱਤੀ। ਅਮਰੀਕੀ ਦਬਾਅ ਹੇਠ 1996 ਵਿੱਚ ਉਸ ਨੂੰ ਸੁਡਾਨ ਵਿੱਚੋਂ ਕੱਢ ਦਿੱਤਾ ਗਿਆ। ਆਲਮੀ ਪੱਧਰ ਉੱਤੇ ਇਸਲਾਮੀ ਜਥੇਬੰਦੀਆਂ ਦੇ ਤਾਲਮੇਲ ਵਿੱਚ ਮਸਰੂਫ਼ ਉਸਾਮਾ ਕਾਨੂੰਨੀ ਤੌਰ ਉੱਤੇ ਕਿਸੇ ਮੁਲਕ ਦਾ ਵਾਸੀ ਨਾ ਰਿਹਾ। ਅਫ਼ਗ਼ਾਨਿਸਤਾਨ ਦੇ ਜਲਾਲਾਬਾਦ ਇਲਾਕੇ ਦੇ ਕਬਾਇਲੀ ਸਰਦਾਰਾਂ ਨੇ ਉਸ ਦੀ ਮੇਜ਼ਬਾਨੀ ਦਾ ਬੀੜਾ ਚੁੱਕਿਆ ਅਤੇ ਉਸਾਮਾ ਨੇ ਤਿੰਨ ਅਹਿਮ ਟੀਚਿਆਂ ਦਾ ਐਲਾਨ ਕਰ ਦਿੱਤਾ। ਅਮਰੀਕਾ ਨੂੰ ਅਰਬੀ ਖਾੜੀ ਵਿੱਚੋਂ ਬਾਹਰ ਕੱਢਣਾ, ਸਾਊਦੀ ਅਰਬ ਵਿੱਚ ਰਾਜ ਪਲਟਾ ਕਰਨਾ ਅਤੇ ਫ਼ਲਸਤੀਨ ਦੀਆਂ ਪਵਿੱਤਰ ਮਸਜਿਦਾਂ ਨੂੰ ਆਜ਼ਾਦ ਕਰਵਾਉਣਾ। ਇਹ ਟੀਚੇ ਬਹੁਤ ਸਾਰੀਆਂ ਜਥੇਬੰਦੀਆਂ ਨੂੰ ਪੁੱਗਦੇ ਸਨ। ਨਤੀਜੇ ਵਜੋਂ ਅਲ-ਕਾਇਦਾ ਦੀ ਪਹੁੰਚ ਅਲਜੀਰੀਆ, ਇੰਡੋਨੇਸ਼ੀਆ, ਚੇਚਨੀਆ, ਉਜ਼ਬੇਕਿਸਤਾਨ, ਬੰਗਲਾਦੇਸ਼, ਮਿਸਰ ਅਤੇ ਪਾਕਿਸਤਾਨ ਤੱਕ ਹੋ ਗਈ।

ਇਸ ਤੋਂ ਬਾਅਦ ਮਾਹਿਰਾਂ ਨੇ ਕਬੂਲ ਕਰ ਲਿਆ ਕਿ ਅਲ-ਕਾਇਦਾ ਦਾ ਤਾਣਾ-ਬਾਣਾ ਬਹੁਤ ਪੇਚੀਦਾ ਹੈ ਅਤੇ ਇਸ ਦਾ ਕੋਈ ਧੁਰਾ ਨਹੀਂ ਹੈ; ਸਿਰਫ਼ ਕੁਝ ਨਾਮੀ ਆਗੂ ਹੀ ਹਨ ਜੋ ਸਰਗਰਮੀ ਚਲਾ ਰਹੇ ਹਨ। ਬਾਕੀ ਕੰਮ ਮੁਤਾਬਕ ਜਥੇਬੰਦੀਆਂ ਨਾਲ ਤਾਲਮੇਲ ਹੁੰਦਾ ਹੈ। ਅਲ-ਕਾਇਦਾ ਨੇ 1998 ਵਿੱਚ ਕੀਨੀਆ ਅਤੇ ਤਨਜ਼ਾਨੀਆ ਵਿੱਚ ਅਮਰੀਕੀ ਸਫ਼ਾਰਤਖ਼ਾਨਿਆਂ ਉੱਤੇ ਹਮਲੇ ਕਰਵਾਏ ਤਾਂ ਜਵਾਬੀ ਕਾਰਵਾਈ ਵਿੱਚ ਉਸਾਮਾ ਦੇ ਅਫ਼ਗ਼ਾਨਿਸਤਾਨ ਤੇ ਸੁਡਾਨ ਵਿਚਲੇ ਟਿਕਾਣਿਆਂ ਉੱਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ ਗਏ। ਇਸ ਤੋਂ ਬਾਅਦ ਅਮਰੀਕਾ ਨੇ 1999 ਵਿੱਚ ਅਫ਼ਗ਼ਾਨਿਸਤਾਨ ਦੀ ਤਾਲਿਬਾਨ ਹਕੂਮਤ ਖ਼ਿਲਾਫ਼ ਪਾਬੰਦੀਆਂ ਲਗਾ ਦਿੱਤੀਆਂ। ਅਮਰੀਕਾ ਦੇ ਜੌੜੇ ਟਾਵਰਾਂ ਉੱਤੇ ਹਮਲਿਆਂ ਤੋਂ ਬਾਅਦ 'ਅਤਿਵਾਦ ਖ਼ਿਲਾਫ਼ ਜੰਗ' ਅਫ਼ਗ਼ਾਨਿਸਤਾਨ ਅਤੇ ਇਰਾਕ ਨੂੰ ਖੰਡਰ ਬਣਾ ਚੁੱਕੀ ਹੈ ਅਤੇ ਹੁਣ ਜੰਗ ਦਾ ਮੰਚ ਲਿਬੀਆ ਤੇ ਹੋਰ ਉੱਤਰੀ ਅਫ਼ਰੀਕੀ ਮੁਲਕਾਂ ਵਿੱਚ ਤਬਦੀਲ ਹੋ ਰਿਹਾ ਹੈ। ਇਸ ਦੌਰਾਨ ਉਸਾਮਾ ਅਮਰੀਕੀ ਹਮਲਿਆਂ ਤੋਂ ਨਾ ਸਿਰਫ਼ ਬਚਿਆ ਰਿਹਾ ਸਗੋਂ ਉਸ ਨੇ ਸਮੇਂ-ਸਮੇਂ ਉੱਤੇ ਬਿਆਨਬਾਜ਼ੀ ਰਾਹੀਂ ਆਪਣੀ ਸਿਆਸਤ ਅਤੇ ਤਰਜੀਹਾਂ ਵੀ ਨਸ਼ਰ ਕੀਤੀਆਂ।

ਉਂਝ ਇਸ ਤਰ੍ਹਾਂ ਦੇ ਮਾਹੌਲ ਵਿੱਚ ਵੀ ਅਲ-ਕਾਇਦਾ ਅਤੇ ਵਹਾਵੀਵਾਦ ਸਾਰੇ ਮੁਸਲਿਮ ਜਗਤ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈ ਸਕੇ। ਇਰਾਕ ਅਤੇ ਇਰਾਨ ਵਿੱਚ ਇਨ੍ਹਾਂ ਦੋਵਾਂ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੈ। ਇਰਾਕ ਵਿੱਚੋਂ ਅਮਰੀਕਾ ਖ਼ਿਲਾਫ਼ ਚੱਲਦੀ ਜੰਗ ਨੇ ਆਪਣਾ ਅਲ-ਕਾਇਦਾ ਨਾਲੋਂ ਨਿਖੇੜਾ ਸਪੱਸ਼ਟ ਰੱਖਿਆ ਹੈ। ਬਹੁਤ ਸਾਰੇ ਮੁਲਕਾਂ ਵਿੱਚ ਸਰਗਰਮ ਅਲ-ਇਖ਼ਵਾਨ ਨੇ ਅਲ-ਕਾਇਦਾ ਨਾਲ ਕਦੇ ਸਾਂਝ ਪਾਉਣ ਦਾ ਤਰੱਦਦ ਨਹੀਂ ਕੀਤਾ। ਇਸ ਹਾਲਾਤ ਵਿੱਚ ਉਸਾਮਾ-ਬਿਨ-ਲਾਦਿਨ ਦੀ ਮੌਤ ਜਿੰਨੇ ਸਵਾਲਾਂ ਦਾ ਜਵਾਬ ਦੇ ਰਹੀ ਹੈ, ਉਸ ਤੋਂ ਕਿਤੇ ਜ਼ਿਆਦਾ ਸਵਾਲ ਖੜ੍ਹੇ ਕਰ ਰਹੀ ਹੈ। ਵੱਡਾ ਸਵਾਲ ਇਹ ਹੈ ਕਿ ਉਸ ਤੋਂ ਬਾਅਦ ਸੰਸਾਰ ਪੱਧਰ ਉੱਤੇ ਜਾਰੀ 'ਅਤਿਵਾਦ ਖ਼ਿਲਾਫ਼ ਜੰਗ' ਕੀ ਰੁਖ਼ ਅਖ਼ਤਿਆਰ ਕਰੇਗੀ? ਉਸਾਮਾ-ਬਿਨ-ਲਾਦਿਨ ਦਾ ਮੁਲੰਕਣ ਇਤਿਹਾਸ ਨੇ ਹੀ ਕਰਨਾ ਹੈ ਕਿ ਕੀ ਉਹ ਮਹਿਜ਼ ਬੇਕਿਰਕ ਮਨੋਰੋਗੀ ਕਾਤਲ ਸੀ ਜਾਂ ਸਾਮਰਾਜੀ ਵਿਦੇਸ਼ ਨੀਤੀਆਂ ਦੀ ਅਟੱਲ ਪੈਦਾਇਸ਼ ਸੀ ਜਾਂ ਕੌਮਾਂਤਰੀ ਦਖ਼ਲਅੰਦਾਜ਼ੀ ਦੇ ਗ਼ੈਰ-ਮਨੁੱਖੀ ਪੱਖ ਨੂੰ ਉਘਾੜਦਾ ਹਿੰਸਕ ਰੁਝਾਨ ਸੀ? ਅਲ-ਕਾਇਦਾ ਦਾ ਗੁੰਝਲਦਾਰ ਤਾਣਾ-ਬਾਣਾ ਉਸ ਦੀ ਮੌਤ ਨਾਲ ਬੇਪਰਦ ਨਹੀਂ ਹੋਇਆ ਪਰ ਇਸ ਦਾ ਚਿਹਰਾ ਧੁੰਦਲਾ ਜ਼ਰੂਰ ਹੋ ਗਿਆ ਹੈ। ਆਉਣ ਵਾਲੇ ਸਮੇਂ ਵਿਚ ਉਸਾਮਾ ਦੀ ਦਹਿਸ਼ਤਪਸੰਦੀ ਦੇ ਨਾਲ-ਨਾਲ ਜੇ 'ਅਤਿਵਾਦ ਖ਼ਿਲਾਫ਼ ਜੰਗ' ਦੇ ਨਾਂ ਹੇਠ ਹੋ ਰਹੀ ਦਹਿਸ਼ਤਪਸੰਦੀ ਦੀ ਗੱਲ ਤੁਰਦੀ ਤਾਂ ਇਹ ਮਨੁੱਖਤਾ ਲਈ ਸ਼ੁਭ ਸ਼ਗਨ ਹੋਵੇਗਾ। ਇਉਂ ਹਰ ਤਰ੍ਹਾਂ ਦੀ ਦਹਿਸ਼ਤਪਸੰਦੀ ਬਾਰੇ ਬਹਿਸ ਦਾ ਆਗਾਜ਼, ਸਾਡੇ ਸਮਿਆਂ ਦੇ ਸਭ ਤੋਂ ਗੁੰਝਲਦਾਰ ਸਵਾਲਾਂ ਦੇ ਹੱਲ ਲੱਭਣ ਵਿਚ ਸਹਾਈ ਹੋਵੇਗਾ।

# ਗਲੋਬਲ ਪ੍ਰਸੰਗ ਤੇ ਪੰਜਾਬੀ ਸੱਭਿਆਚਾਰ

ਚਿੰਤਨ

**ਗੁਰਭਗਤ ਸਿੰਘ**

***ਪੰਜਾਬੀ ਸਭਿਆਚਾਰ ਵਿਸ਼ਵ ਪੱਧਰ ਉਤੇ ਮਹੱਤਵ ਧਾਰਨ ਕਰਨ ਲਈ ਤੋਹਫਾ ਤਾਂ ਹੀ ਬਣ ਸਕਦਾ ਹੈ, ਜੇ ਇਸ ਵਿਚ ਦੋ ਕਿਸਮ ਦੀ ਸਮਰੱਥਾ ਹੋਵੇ। ਇਕ ਤਾਂ ਇਹ ਕਿ ਇਹ ਵਿਸ਼ਵ ਸਭਿਆਚਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੀ ਆਇਆਂ ਆਖ ਸਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਯੋਗਦਾਨ ਪਾ ਸਕੇ। ਦੂਜਾ ਇਹ ਕਿ ਪੰਜਾਬੀ ਸਭਿਆਚਾਰ ਆਪਣੀ ਹਸਤੀ ਪ੍ਰਤੀ ਲਚਕੀਲਾ ਰਹੇ। ਆਪਣੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਨੂੰ ਸਾਂਭਣ ਦੇ ਨਾਲ ਨਵੇਂ ਸੰਯੋਗਾਂ ਲਈ ਤਿਆਰ ਰਹੇ। ਸਭਿਆਚਾਰਕ ਹਸਤੀ ਵਿਸ਼ੇਸ਼ ਜ਼ਰੂਰ ਹੈ, ਪਰ ਇਹ ਅ-ਬਦਲ ਨਹੀਂ। ਜਿਹੜਾ ਸਭਿਆਚਾਰ ਪਰਿਵਰਤਨ ਲਈ ਤਿਆਰ ਨਹੀਂ, ਉਹ ਤੋਹਫਾ ਨਹੀਂ ਬਣ ਸਕਦਾ। ਤੋਹਫੇ ਦਾ ਚਰਿੱਤਰ ਇਹ ਹੈ ਕਿ ਉਸ ਨੇ ਹਾਲਤ ਅਨੁਸਾਰ ਹੋਣਾ ਹੈ ਪਰ ਨਾਲ ਹੀ ਇਹ ਆਪਣੀ ਵਿਲੱਖਣਤਾ ਅਤੇ ਪਿਛੋਕੜ ਨੂੰ ਪ੍ਰਗਟ ਕਰਦਾ ਹੈ।***

ਅੱਜ ਦੇ ਤੇਜ਼ੀ ਨਾਲ ਬਦਲ ਰਹੇ ਅਤੇ ਅਤਿਅੰਤ ਸੰਵੇਦਨਸ਼ੀਲ ਵਿਸ਼ਵ ਵਿਚ ਉਹੀ ਸਭਿਆਚਾਰ ਜਿਉਂਦਾ ਰਹਿ ਸਕਦਾ ਹੈ ਜਿਸ ਦੀ ਦ੍ਰਿਸ਼ਟੀ ਵਿਸ਼ਵੀ ਹੋਵੇ। ਉਹ ਕੁੱਲ ਸੰਸਾਰ ਦੀਆਂ ਸਮੱਸਿਆਵਾਂ ਅਤੇ ਚਿੰਤਨ ਨੂੰ ਸਮਝ ਕੇ ਅਤੇ ਆਪਣੇ ਵਿਚ ਜਜ਼ਬ ਕਰਕੇ ਚੱਲੇ। ਨਾਲ ਹੀ ਵਿਸ਼ਵ ਨੂੰ ਅੱਗੇ ਤੋਰਨ ਲਈ, ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣਾ ਯੋਗਦਾਨ ਵੀ ਪਾਏ। ਹਰ ਸਭਿਆਚਾਰ ਕੋਲ, ਜਿਸ ਦਾ ਆਪਣਾ ਇਤਿਹਾਸ/ਭੂਗੋਲ ਹੈ, ਵਿਸ਼ੇਸ਼ ਅਨੁਭਵ ਹੈ। ਮੌਲਿਕ ਨਜ਼ਰ ਹੈ। ਇਸ ਨਜ਼ਰ ਤੋਂ ਹੀ ਹਰ ਸਭਿਆਚਾਰ ਆਪਣੇ ਰਹਿਣ-ਸਹਿਣ ਦੀ ਸ਼ੈਲੀ ਵਿਕਸਿਤ ਕਰਦਾ ਹੈ। ਇਸ ਲਈ ਅੱਜ ਗਲੋਬਲ ਹੋਣ ਦਾ ਅਰਥ ਆਪਣੀ ਸਭਿਆਚਾਰਕ ਹਸਤੀ ਨੂੰ ਸਮੇਟਣਾ ਨਹੀਂ, ਸਗੋਂ ਇਸ ਪ੍ਰਤੀ ਪੂਰੀ ਤਰ੍ਹਾਂ ਜਾਗ੍ਰਿਤ ਹੋਣਾ ਹੈ; ਇਸ ਦੀ ਵਿਸ਼ਵ-ਵਿਆਖਿਆ ਉਸਾਰਨਾ ਹੈ ਤਾਂ ਕਿ ਇਸ ਨੂੰ ਕੁੱਲ ਮਨੁੱਖਤਾ ਲਈ ਤੋਹਫੇ ਵਜੋਂ ਪੇਸ਼ ਕੀਤਾ ਜਾ ਸਕੇ।

ਸਾਧਾਰਨ ਅਰਥਾਂ ਵਿਚ ਕਿਹਾ ਜਾ ਸਕਦਾ ਹੈ ਕਿ ਗਲੋਬਲ ਵੀ ਤਦ ਹੀ ਹੋਇਆ ਜਾ ਸਕਦਾ ਹੈ, ਜੇ ਕੋਈ ਸਭਿਆਚਾਰ ਆਪਣੀ ਸਥਾਨਕਤਾ ਜਾਂ ਵਿਸ਼ੇਸ਼ਤਾ ਬਾਰੇ ਸੁਚੇਤ ਹੋਵੇ। ਸਥਾਨਕਤਾ ਨੂੰ ਵਿਸ਼ਵ ਪ੍ਰਸੰਗ ਵਿਚ ਸਿਧਾਂਤਬੱਧ ਕਰ ਸਕੇ। ਵਿਸ਼ਵੀ ਪ੍ਰਸੰਗ ਅਤੇ ਸਥਾਨਕਤਾ ਦੇ ਟਕਰਾਉ ਅਤੇ ਮੇਲ ਵਿਚੋਂ ਹੀ ਮੁੱਲਵਾਨ ਵਿਆਖਿਆ ਨਿਕਲਦੀ ਹੈ ਜੋ ਸਭਿਆਚਾਰ ਨੂੰ ਤੋਹਫੇ ਦਾ ਰੂਪ ਬਖ਼ਸ਼ਦੀ ਹੈ।

ਇਹ ਕਹਿਣਾ ਨਾ ਤਾਂ ਨਾ-ਇਨਸਾਫੀ ਹੈ ਅਤੇ ਨਾ ਹੀ ਅਤਿਕਥਨੀ ਕਿ ਪੰਜਾਬ ਦਾ ਬੁੱਧੀਵਾਨ ਵਰਗ ਪੰਜਾਬੀ ਸਭਿਆਚਾਰ ਨੂੰ ਵਿਸ਼ਵ ਪੱਧਰ ਉਤੇ ਤੋਹਫੇ ਵਜੋਂ ਪੇਸ਼ ਕਰਨ ਵਿਚ ਹੁਣ ਤਕ ਬੁਰੀ ਤਰ੍ਹਾਂ ਅਸਫਲ ਰਿਹਾ ਹੈ। ਕੁਝ ਪੌਪ ਸੰਗੀਤਕਾਰਾਂ ਨੇ ਇਹ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਦੀ ਸਿਰਜਣਾਤਮਕਤਾ ਕਾਰਨ ਪੰਜਾਬੀ ਪੌਪ ਪੱਛਮ ਦੇ ਰੈਸਟੋਰੈਂਟਾਂ ਵਿਚ ਅਤੇ ਭਾਰਤ ਦੇ ਦੱਖਣੀ ਘਰਾਂ ਵਿਚ ਵੀ ਧੜਕਦਾ ਹੈ। ਇਹ ਹੈ ਭਾਵੇਂ ਗੌਰਵਸ਼ੀਲ ਪਰ ਸੀਮਤ ਪ੍ਰਾਪਤੀ ਹੈ। ਕੁਝ ਪਰਵਾਸੀ ਪੰਜਾਬਣਾਂ ਨੇ ਭੋਜਨ-ਅਭਿਆਸਾਂ ਵਿਚ ਅਤੇ ਡਿਜ਼ਾਈਨਾਂ ਵਿਚ ਮਿਸ਼੍ਰਿਤ ਰੂਪ ਸਿਰਜ ਕੇ ਪ੍ਰਸ਼ੰਸਾਯੋਗ ਯਤਨ ਕੀਤੇ ਹਨ।

ਪੰਜਾਬੀ ਸਭਿਆਚਾਰ ਵਿਸ਼ਵ ਪੱਧਰ ਉਤੇ ਮਹੱਤਵ ਧਾਰਨ ਕਰਨ ਲਈ ਤੋਹਫਾ ਤਾਂ ਹੀ ਬਣ ਸਕਦਾ ਹੈ, ਜੇ ਇਸ ਵਿਚ ਦੋ ਕਿਸਮ ਦੀ ਸਮਰੱਥਾ ਹੋਵੇ। ਇਕ ਤਾਂ ਇਹ ਕਿ ਇਹ ਵਿਸ਼ਵ ਸਭਿਆਚਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੀ ਆਇਆਂ ਆਖ ਸਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਯੋਗਦਾਨ ਪਾ ਸਕੇ। ਦੂਜਾ ਇਹ ਕਿ ਪੰਜਾਬੀ ਸਭਿਆਚਾਰ ਆਪਣੀ ਹਸਤੀ ਪ੍ਰਤੀ ਲਚਕੀਲਾ ਰਹੇ। ਆਪਣੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਨੂੰ ਸਾਂਭਣ ਦੇ ਨਾਲ ਨਵੇਂ ਸੰਯੋਗਾਂ ਲਈ ਤਿਆਰ ਰਹੇ। ਸਭਿਆਚਾਰਕ ਹਸਤੀ ਵਿਸ਼ੇਸ਼ ਜ਼ਰੂਰ ਹੈ, ਪਰ ਇਹ ਅ-ਬਦਲ ਨਹੀਂ। ਜਿਹੜਾ ਸਭਿਆਚਾਰ ਪਰਿਵਰਤਨ ਲਈ ਤਿਆਰ ਨਹੀਂ, ਉਹ ਤੋਹਫਾ ਨਹੀਂ ਬਣ ਸਕਦਾ। ਤੋਹਫੇ ਦਾ ਚਰਿੱਤਰ ਇਹ ਹੈ ਕਿ ਉਸ ਨੇ ਹਾਲਤ ਅਨੁਸਾਰ ਹੋਣਾ ਹੈ ਪਰ ਨਾਲ ਹੀ ਇਹ ਆਪਣੀ ਵਿਲੱਖਣਤਾ ਅਤੇ ਪਿਛੋਕੜ ਨੂੰ ਪ੍ਰਗਟ ਕਰਦਾ ਹੈ।

ਇੱਥੇ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਿਸੇ ਸਭਿਆਚਾਰ ਨੂੰ ਤੋਹਫੇ ਦੇ ਤੌਰ 'ਤੇ ਪੇਸ਼ ਕਰਨਾ ਅਤੇ ਉਸ ਨੂੰ ਸਮਰੱਥ ਬਣਾਉਣਾ ਇਕੋ ਗੱਲ ਦੇ ਦੋ ਪੱਖ ਹਨ। ਸਮਰੱਥ ਸਭਿਆਚਾਰ ਹੀ ਤੋਹਫਾ ਬਣਦਾ ਹੈ। ਇਸ ਕਾਰਜ ਲਈ ਸਭ ਤੋਂ ਜ਼ਰੂਰੀ ਉਦਮ ਸਭਿਆਚਾਰ ਦੀ ਹਸਤੀ ਬਾਰੇ ਨਿਸ਼ਾਨਦੇਹੀ ਹੈ।

ਪੰਜਾਬੀ ਸਭਿਆਚਾਰ ਕੀ ਹੈ? ਇਸ ਦੀ ਕੀ ਹਸਤੀ ਹੈ ਜਾਂ ਹਸਤਾਖਰ ਹੈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ਜਿਨ੍ਹਾਂ ਨੂੰ ਮੂਲ ਮੰਨਿਆ ਜਾਵੇ? ਇਨ੍ਹਾਂ ਗੱਲਾਂ ਦਾ ਨਿਰਣਾ ਕਰਨ ਤੋਂ ਬਿਨਾ ਇਹ ਤੈਅ ਨਹੀਂ ਹੋ ਸਕਦਾ ਕਿ ਇਹ ਵਿਸ਼ਵ ਸਭਿਆਚਾਰਾਂ ਨੂੰ ਕਿਵੇਂ ਜੀ ਆਇਆਂ ਆਖੇ। ਵਿਸ਼ਵ ਦੇ ਮਸਲਿਆਂ ਵਿਚ ਕਿਵੇਂ ਸ਼ਰੀਕ ਹੋਵੇ। ਹੋ ਰਹੇ ਭੇੜਾਂ ਵਿਚ ਜਾਂ ਸੰਵਾਦ ਵਿਚ ਪੰਜਾਬੀ ਸਭਿਆਚਾਰ ਦਾ ਕੀ ਭਾਗ ਹੋਵੇ। ਇਸ ਯੋਗਦਾਨ ਲਈ ਇਹ ਆਪਣੇ ਵਿਚ ਕੀ ਤਬਦੀਲੀ ਲਿਆਵੇ। ਇਸ ਤਬਦੀਲੀ ਨਾਲ ਇਹ ਆਪ ਵੀ ਅੱਗੇ ਤੋਰੇ, ਬਾਕੀਆਂ ਨੂੰ ਵੀ ਅੱਗੇ ਤੋਰਨ ਵਿਚ ਸਹਾਇਤਾ ਕਰੇ ਅਤੇ ਆਪਣਾ ਲਚਕੀਲਾ ਮੂਲ ਵੀ ਕਾਇਮ ਰੱਖ ਸਕੇ।

ਪੰਜਾਬੀ ਸਭਿਆਚਾਰ ਇਸ ਵੇਲੇ ਖੰਡਿਤ ਹੈ। ਇਸ ਵਿਚ ਇਕ ਵਰਗ ਅਜਿਹਾ ਹੈ ਜੋ ਪੰਜਾਬੀ ਸਭਿਆਚਾਰ ਦੇ ਮੁੱਖ ਅੰਗ, ਪੰਜਾਬੀ ਭਾਸ਼ਾ ਜਾਂ



*ਗੁਰਦਾਸ ਮਾਨ*

ਬੋਲੀ, ਨੂੰ ਹੀ ਸਵੀਕਾਰ ਕਰਨ ਲਈ ਤਿਆਰ ਨਹੀਂ। ਇਕ ਵਰਗ ਅਜਿਹਾ ਵੀ ਹੈ (ਪਾਕਿਸਤਾਨ ਦੇ ਪੱਛਮੀ ਪੰਜਾਬ ਵਿਚ) ਜੋ ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚੋਂ ਗੁਰੂ ਕਾਲ ਅਤੇ ਗੁਰਬਾਣੀ ਦੀ ਦੇਣ ਨੂੰ ਮਨਫ਼ੀ ਕਰਕੇ ਇਸ ਦੇ ਇਤਿਹਾਸ ਅਤੇ ਪਛਾਣ ਨੂੰ ਸੀਮਿਤ ਕਰਕੇ ਦੇਖਦਾ ਹੈ। ਇਸ ਖੰਡਿਤ ਦਸ਼ਾ ਵਿਚ ਪੰਜਾਬੀ ਸਭਿਆਚਾਰ ਦੀ ਨਿਸ਼ਾਨਦੇਹੀ ਬੜਾ ਔਖਾ ਕੰਮ ਹੈ ਪਰ ਇਸ ਨਿਸ਼ਾਨਦੇਹੀ ਤੋਂ ਬਿਨਾ ਪੰਜਾਬੀ ਸਭਿਆਚਾਰ ਨੂੰ ਗਲੋਬਲ ਸਮਰੱਥਾ ਨਹੀਂ ਦਿੱਤੀ ਜਾ ਸਕਦੀ।

ਕਿਸੇ ਵੀ ਸਭਿਆਚਾਰ ਦੀ ਨਿਸ਼ਾਨਦੇਹੀ ਉਸ ਦੇ ਪ੍ਰਾਪਤ ਸਿਖਰ ਅਨੁਭਵਾਂ ਤੋਂ ਹੀ ਹੋ ਸਕਦੀ ਹੈ। ਸਿਖਰ ਅਨੁਭਵ, ਜਾਂ ਅੰਗਰੇਜ਼ੀ ਦਾ ਸ਼ਬਦ ਵਰਤ ਲਈਏ "ਪੀਕ ਐਕਸਪੀਰਿਐਂਸ" ਕੀ ਹਨ? ਇਨ੍ਹਾਂ ਦਾ ਮੁੱਖ ਸਿਧਾਂਤਕਾਰ ਇਕ ਮਨੁੱਖਵਾਦੀ ਮਨੋਵਿਗਿਆਨੀ ਐਬਰਾਹਮ ਮੈਸਲੋਅ ਹੈ। ਮੈਸਲੋਅ ਨੇ ਆਪਣਾ ਸਿਧਾਂਤ ਮਨੁੱਖੀ ਮਨ ਦੇ ਸਬੰਧ ਵਿਚ ਉਸਾਰਿਆ ਹੈ। ਉਸ ਲਈ ਸਿਖਰ ਅਨੁਭਵ ਉਹ ਹੈ ਜੋ ਪਰਿਵਰਤਨ ਲਿਆਏ। ਮਨੁੱਖ ਦੇ ਮਨ ਨੂੰ ਇਸ ਤਰ੍ਹਾਂ ਬਦਲੇ ਕਿ ਉਸ ਵਿਚ ਕੋਈ ਗੁਣਾਤਮਕ ਤਬਦੀਲੀ ਆ ਜਾਵੇ। ਮੈਸਲੋਅ ਨੇ ਆਪਣਾ ਇਹ ਸਿਧਾਂਤ ਉਸਾਰਨ ਲਈ ਪੂਰਬੀ ਵਿਰਸੇ ਦੀ ਵੀ ਸਹਾਇਤਾ ਲਈ। ਪੂਰਵ-ਵੇਦਿਕ, ਪੂਰਵ-ਆਰੀਆਈ ਰਿਸ਼ੀਆਂ ਤੋਂ ਲੈ ਕੇ ਵੇਦਿਕ-ਆਰੀਆਈ, ਬੋਧੀ ਰਿਸ਼ੀਆਂ ਤਕ ਅਤੇ ਉਸ ਤੋਂ ਪਿੱਛੋਂ ਭਗਤਾਂ ਤਕ ਇਹ ਮੁੱਦਾ ਬਹੁਤ ਸ਼ਕਤੀਸ਼ਾਲੀ ਰਿਹਾ ਹੈ ਕਿ ਮਨੁੱਖ ਦੇ ਮਨ ਨੂੰ ਕਿਵੇਂ ਤਬਦੀਲ ਕੀਤਾ ਜਾਵੇ।

ਪੂਰਬੀ ਰਿਸ਼ੀਆਂ ਅਤੇ ਬਾਕੀ ਚਿੰਤਕਾਂ ਨੇ ਇੱਥੇ ਮਨ ਅਤੇ ਦੇਹ ਨੂੰ ਕਦੇ ਇਕ-ਦੂਜੇ ਨਾਲੋਂ ਤੋੜਿਆ ਨਹੀਂ। ਇਹ ਵਿਛੋੜਾ ਪੱਛਮੀ ਚਿੰਤਨ ਦਾ ਅਹਿਮ ਮਸਲਾ ਹੈ ਅਤੇ ਉਸ ਨੇ ਉਥੋਂ ਦੇ ਚਿੰਤਨ ਅਤੇ ਸਭਿਆਚਾਰਕ ਸੰਰਚਨਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਕਈ ਉਲਾਰ ਲਿਆਂਦੇ ਹਨ। ਉਥੋਂ ਦਾ ਸੌਂਦਰਯ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵੀ ਇਸ ਉਲਾਰ ਤੋਂ ਬਚ ਨਹੀਂ ਸਕੇ। ਇਸ ਉਲਾਰ ਨੂੰ ਸੰਤੁਲਿਤ ਕਰਨ ਲਈ ਉਥੋਂ ਦੇ ਸਭਿਆਚਾਰ ਇੰਦਰਿਆਵੀ ਅਸੰਤੁਲਨ ਦਾ ਵੀ ਸ਼ਿਕਾਰ ਹੋਏ ਹਨ। ਵਸਤ ਅਤੇ ਉਪਭੋਗ ਬਿਰਤੀਆਂ ਨਾਲ ਆਈ ਅੰਤਿਮਪੱਧਤਾ ਵੀ ਇਸੇ ਅਸੰਤੁਲਨ ਦਾ ਨਤੀਜਾ ਹੈ ਜਿਸ ਦਾ ਅਸਰ ਨਵ-ਉਪਭੋਗਵਾਦੀ ਪੂਰਬੀ ਸਭਿਆਚਾਰਾਂ ਉਤੇ ਪੈ ਰਿਹਾ ਹੈ। ਦਮਨ ਅਤੇ ਇੰਦਰਿਆਵੀ ਉਲਾਰ ਇਕੋ ਗੱਲ ਦੇ ਦੋ ਪੱਖ ਹਨ। ਪੂਰਬੀ ਵਿਰਾਸਤ ਦੀ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਇੱਥੇ ਮਨ ਨੂੰ ਬਦਲਣ ਲਈ ਦੇਹ ਨੂੰ ਬਦਲਣਾ ਵੀ ਜ਼ਰੂਰੀ ਸਮਝਿਆ ਗਿਆ ਹੈ। ਦੇਹ ਨੂੰ ਬਦਲਣ ਲਈ ਯੋਗਿਕ ਅਤੇ ਚੇਤਨਤਾ ਅਭਿਆਸ ਕੀਤੇ ਗਏ ਹਨ।

ਮੈਸਲੋਅ ਨੇ ਪੂਰਬੀ ਵਿਰਾਸਤ ਤੋਂ ਇਹ ਸਿੱਖਿਆ ਕਿ ਮਨੁੱਖ ਦੇ ਵਿਕਸਿਤ ਹੋਣ ਦਾ ਅਰਥ ਉਸ ਦੀ ਪਰਿਵਰਤਨਕਾਰੀ ਚੇਤਨਤਾ ਹੈ। ਅਜਿਹੇ ਸਿਖਰ ਅਨੁਭਵ ਪ੍ਰਾਪਤ ਕਰਨਾ ਹੈ ਜਿੱਥੇ ਇਹ ਪਰਿਵਰਤਨ ਜਾਂ ਪੁਲਾਂਘ ਸਾਕਾਰ ਹੋ ਜਾਵੇ। ਜਿੰਨੇ ਕਿਸੇ ਮਨੁੱਖ ਦੇ ਸਿਖਰ ਅਨੁਭਵ ਓਨਾ ਹੀ ਉਹ ਵਿਕਸਿਤ ਹੋਵੇਗਾ। ਕਿਸੇ ਮਨੁੱਖ ਦਾ ਵਿਕਾਸ ਉਸ ਦੇ ਸਿਖਰ ਅਨੁਭਵਾਂ ਤੋਂ ਹੀ ਜਾਣਿਆ ਜਾ ਸਕਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮੈਸਲੋਅ ਨੇ ਵਿਕਸਿਤ ਮਨੁੱਖ ਦੀ ਪਛਾਣ ਹੀ ਸਿਖਰ ਅਨੁਭਵਾਂ ਨਾਲ ਜੋੜ ਦਿੱਤੀ।

ਮੈਸਲੋਅ ਦੇ ਇਸ ਸਿਧਾਂਤ ਦੀ ਲੋਅ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਸਭਿਆਚਾਰ ਦੀ ਪਛਾਣ ਵੀ ਉਸ ਦੇ ਸਿਖਰ ਅਨੁਭਵਾਂ ਨੂੰ ਮੁੱਖ ਰੱਖ ਕੇ ਉਸਾਰੀ ਜਾ ਸਕਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿਚ ਨਿਰੰਤਰ ਵਾਧਾ ਕਰਨ ਨਾਲ ਹੀ ਸਭਿਆਚਾਰ ਦੀ ਸਮਰੱਥਾ ਵਧਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿਚ ਵਾਧਾ ਕਰਨ ਨਾਲ ਹੀ ਪੰਜਾਬੀ ਸਭਿਆਚਾਰ ਦੀ ਗਲੋਬਲ ਸਮਰੱਥਾ ਬਣਾਈ ਜਾ ਸਕਦੀ ਹੈ।

ਪੰਜਾਬੀ ਸਭਿਆਚਾਰ ਕੀ ਹੈ? ਇਸ ਦੀ ਨਿਸ਼ਾਨਦੇਹੀ ਵੀ ਇਸ ਸਭਿਆਚਾਰ ਦੇ ਸਿਖਰ-ਅਨੁਭਵਾਂ ਨੂੰ ਸਮਝਣ ਨਾਲ ਹੀ ਹੋ ਸਕਦੀ ਹੈ। ਸਪੱਸ਼ਟ ਹੈ ਕਿ ਪਹਿਲੇ ਅਨੁਭਵਾਂ ਦੇ ਸਿਧਾਂਤਕਰਨ ਤੋਂ ਬਿਨਾਂ ਨਵੇਂ ਸਿਖਰ-ਅਨੁਭਵਾਂ ਵੱਲ ਨਹੀਂ ਵਧਿਆ ਜਾ ਸਕਦਾ। ਇਨ੍ਹਾਂ ਅਨੁਭਵਾਂ ਦੀ ਜਾਣਕਾਰੀ ਦੋ ਸਰੋਤਾਂ ਤੋਂ ਹੀ ਹੋ ਸਕਦੀ ਹੈ। ਇਕ ਹੈ ਸਿਰਜਣਾਤਮਕ ਰੂਪ ਜਿਵੇਂ ਸਾਹਿਤ, ਕਲਾਵਾਂ ਆਦਿ ਅਤੇ ਦੂਜਾ ਸਮਾਜ ਦਾ ਸੰਗਠਨ।

ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚ ਉਪਲਬੱਧ ਪਹਿਲਾ ਸਿਖਰ ਅਨੁਭਵ ਆਰੀਆਂ ਦੇ ਆਉਣ ਨਾਲ ਹੀ ਉਸਰਿਆ। ਜਿਵੇਂ ਉਨ੍ਹਾਂ ਦੇ ਸਥਾਪਿਤ ਹੋਣ ਪਿੱਛੋਂ ਰਚੇ ਸਾਹਿਤ ਰਿਗ ਵੇਦ, ਉਪਨਿਸ਼ਦਾਂ ਆਦਿ ਤੋਂ ਅਤੇ ਪੁਰਾਣੇ ਨਗਰਾਂ ਅਤੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ।

ਆਰੀਆਂ ਤੋਂ ਪਹਿਲਾਂ ਦਾ ਸਭਿਆਚਾਰ ਵੀ ਹੋ ਸਕਦਾ ਹੈ ਕਿਸੇ ਸਿਖਰ ਅਨੁਭਵ ਨੂੰ ਪਹੁੰਚਿਆ ਹੋਵੇ। ਆਦਿਮ ਕਬੀਲਿਆਂ ਦੇ ਹਾਵਾਂ-ਭਾਵਾਂ ਅਤੇ ਦ੍ਰਿਸ਼ਟੀ ਨੂੰ ਸੰਗਠਿਤ ਕਰਕੇ ਅਹਿਮ ਪ੍ਰਾਪਤੀਆਂ ਕੀਤੀਆਂ ਹੋਣ, ਖਾਸ ਕਰ ਪਿੰਡ ਜਾਂ ਨਗਰ ਵਸਾਉਣ ਵਿਚ। ਜਦੋਂ ਤਕ ਪੂਰਵ-ਆਰੀਆਈ ਸਕ੍ਰਿਪਟ ਨਹੀਂ ਪੜ੍ਹੀ ਜਾਂਦੀ ਅਤੇ ਉਨ੍ਹਾਂ ਪੂਰਵ-ਆਰੀਆਈ ਲੋਕਾਂ ਦੇ ਸਿਖਰ ਅਨੁਭਵ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਗੱਲ ਮੰਨਣਯੋਗ ਹੈ ਕਿ ਪੂਰਵ-ਆਰੀਆਈ ਪੰਜਾਬ ਦੇ ਵਸਨੀਕ ਬਿਨਾਂ ਸਭਿਆਚਾਰ ਤੋਂ ਨਹੀਂ ਰਹਿੰਦੇ ਸਨ। ਸ਼ਿਵ ਅਤੇ ਕ੍ਰਿਸ਼ਨ ਬਾਰੇ ਤਾਂ ਇਹ ਕਿਆਸਰਾਈਆਂ ਕੀਤੀਆਂ ਗਈਆਂ ਹਨ ਕਿ ਉਹ ਪੂਰਵ-ਆਰੀਆਈ ਵਿਰਸੇ ਤੋਂ ਵਿਕਸਿਤ ਹੋ ਕੇ ਹੀ ਆਰੀਆਈ ਚਿੰਨ੍ਹ ਬਣੇ।

ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ ਟੱਕਰ ਅਤੇ ਮੇਲ ਤੋਂ ਹੀ ਉਤਰ-ਆਰੀਆਈ ਗ੍ਰੰਥ ਰਚੇ ਗਏ। ਇਹ ਟੱਕਰ ਭਿਆਨਕ ਸੀ। ਇਸ ਵਿਚ ਆਰੀਆਂ ਦੀ ਜਿੱਤ ਹੋਈ। ਪੂਰਵ-ਆਰੀਆਈ ਲੋਕ ਆਪਣੀ ਸੁਤੰਤਰਤਾ ਕਾਇਮ ਰੱਖਣ ਲਈ ਦੱਖਣ ਵੱਲ ਚਲੇ ਗਏ। ਕੁਝ ਲੋਕਾਂ ਦਾ ਕਹਿਣਾ ਹੈ ਕਿ ਆਰੀਆਂ ਤੋਂ ਬਾਗੀ ਅਤੇ ਆਜ਼ਾਦੀਪਸੰਦ ਕਬੀਲੇ ਜੰਗਲਾਂ ਵਿਚ ਜਾ ਵਸੇ। ਭਾਰਤ ਦੇ ਅਜੋਕੇ ਆਦਿਮ ਕਬੀਲਿਆਂ ਦਾ ਪਿੱਛਾ ਵੀ ਇਸ ਭਿਆਨਕ ਟੱਕਰ ਨਾਲ ਜੋੜਿਆ ਜਾ ਸਕਦਾ ਹੈ। ਸੁਤੰਤਰਤਾ ਲਈ ਇਹ ਵਿਦਰੋਹ ਅੱਜ ਤਕ ਜਾਰੀ ਹੈ। ਇਸ ਵਿਦਰੋਹ ਪਿੱਛੇ ਆਰੀਆਂ ਦੇ ਪੰਜਾਬ ਵਿਚ ਆਉਣ ਉਤੇ ਲੱਗੇ ਜ਼ਖਮ ਹੀ ਹਨ।

ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ ਟੱਕਰ ਅਤੇ ਮੇਲ ਤੋਂ ਜੋ ਸਿਖਰ-ਅਨੁਭਵ ਪ੍ਰਾਪਤ ਹੋਇਆ, ਉਸ ਦੀ ਵੱਡੀ ਵਿਸ਼ੇਸ਼ਤਾ ਕੁੱਲ ਸ੍ਰਿਸ਼ਟੀ ਨੂੰ ਇਕ ਪ੍ਰਬੰਧ ਵਿਚ ਦੇਖਣਾ ਹੈ। ਇਸ ਪ੍ਰਬੰਧ ਦਾ ਮੁੱਖ ਚਿੰਨ੍ਹ ਅਤੇ ਸੰਚਾਲਕ "ਬ੍ਰਹਮ" ਹੈ। ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ, ਦ੍ਰਿਸ਼ਟ ਵੀ, ਅਦ੍ਰਿਸ਼ਟ ਵੀ, ਦਵੈਤਮੁਖੀ ਵੀ, ਅਦਵੈਤਮੁਖੀ ਵੀ। ਵਿਸ਼ਿਸ਼ਟ ਅਦਵੈਤੀ ਵੀ ਪਰ ਇਸ ਸਾਰੇ ਪ੍ਰਵਚਨ ਵਿਚ ਪ੍ਰਧਾਨਤਾ ਅਦਵੈਤੀ ਬ੍ਰਹਮ ਦੀ ਬਣੀ ਜਿਸ ਦਾ ਮੁੱਖ ਚਿੰਤਕ ਅਤੇ ਪ੍ਰਤੀਕ ਸ਼ੰਕਰਾਚਾਰੀਆ ਬਣਿਆ। ਸ਼ੰਕਰਾਚਾਰੀਆ ਸਿਖਰ ਅਨੁਭਵ ਦਾ ਨਿਚੋੜ ਵੀ ਹੈ ਅਤੇ ਪਤਨ



*ਜੈਜ਼ੀ ਬੀ*

ਵੀ। ਪਤਨ ਇਸ ਤਰ੍ਹਾਂ ਕਿ ਸ਼ੰਕਰਾਚਾਰੀਆ ਦੇ ਚਿੰਤਨ ਦਾ ਬਲ ਇਕ-ਪਰਤੀ ਜਾਂ ਇਕ ਵਿਆਖਿਆਕਾਰੀ ਬ੍ਰਹਮ ਉਤੇ ਹੈ। ਇਹ ਬ੍ਰਹਮ ਭਾਰਤੀ ਜ਼ਿੰਦਗੀ ਦੀ ਵਿਚਿੱਤਰਤਾ ਨੂੰ ਘਟਾਉਂਦਾ ਹੈ। ਇਸੇ ਇਕਪਰਤਾ ਨੇ ਹਿੰਦੂਵਾਦ ਅਤੇ ਬੋਧੀਆਂ ਦੀ ਟੱਕਰ ਕਰਵਾਈ ਅਤੇ ਮਗਰੋਂ ਇਸਲਾਮ ਅਤੇ ਈਸਾਈਅਤ ਨਾਲ ਵੀ ਤਣਾਉ ਬਣਿਆ। ਇਹ ਤਣਾਉ ਅੱਜ ਤਕ ਜਾਰੀ ਹੈ।

ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ ਮੁਗਲਾਂ ਦੇ ਆਉਣ ਪਿੱਛੋਂ ਕ੍ਰਿਆਵੰਤ ਹੋਏ ਇਸਲਾਮ ਨਾਲ ਹੋਂਦ ਵਿਚ ਆਇਆ। ਇਹ ਕ੍ਰਿਆਵੰਤ ਇਸਲਾਮ ਕੇਵਲ ਧਾਰਮਿਕ ਸ਼ਕਤੀ ਨਹੀਂ ਸੀ। ਇਸ ਨਾਲ ਰਾਜਨੀਤੀ ਅਤੇ ਉਸ ਵੇਲੇ ਦੀ ਸਟੇਟ ਜਾਂ ਰਾਜ ਵੀ ਜੁੜੇ ਹੋਏ ਸਨ। ਇਸ ਲਈ ਭਾਰਤੀ ਧਰਮਾਂ ਅਤੇ ਰਾਜ-ਕੇਂਦਰਾਂ ਨਾਲ ਇਕ ਹੋਰ ਭਿਆਨਕ ਟੱਕਰ ਦੀ ਹਾਲਤ ਬਣੀ। ਰਾਜਨੀਤੀ ਅਤੇ ਧਰਮ ਦੇ ਅੰਤਰ ਸਬੰਧਾਂ ਨਾਲ ਉਪਜੇ ਸੰਕਟ ਵਿਚੋਂ ਸਿੱਖ ਕ੍ਰਾਂਤੀ ਦਾ ਜਨਮ ਹੋਇਆ। ਸਿੱਖ ਕ੍ਰਾਂਤੀ ਬ੍ਰਹਮਵਾਦੀ ਅਤੇ ਅੱਲਾਵਾਦੀ, ਦੋਹਾਂ ਮਹਾਂ-ਪ੍ਰਬੰਧਾਂ ਦਾ ਵਿਰੋਧ ਸੀ। ਦੋਹਾਂ ਦੀ ਰਾਜ ਅਤੇ ਸ੍ਰਿਸ਼ਟੀ ਵੱਲ ਇੱਕਾਤਮਕ ਪਹੁੰਚ ਨੂੰ ਅਸਵੀਕਾਰ ਕਰਦੀ ਸੀ।

ਸਿੱਖ ਕ੍ਰਾਂਤੀ ਅਤੇ ਇਸ ਦੇ ਗ੍ਰੰਥ, "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ "ਦਸਮ ਗ੍ਰੰਥ", ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ ਹਨ। ਇਸ ਸਿਖਰ ਅਨੁਭਵ ਨੇ "ਵਾਹਿਗੁਰੂ" ਇਕ ਸਮਾਨਤਾ ਚਿੰਨ੍ਹ ਵਜੋਂ ਉਸਾਰਿਆ। ਇਹ ਚਿੰਨ੍ਹ ਦਾਰਸ਼ਨਿਕ ਗੌਰਵ ਤੋਂ ਬਿਨਾ ਸਿਆਸੀ ਗੌਰਵ ਵੀ ਸੰਭਾਲੀ ਬੈਠਾ ਹੈ। ਵਾਹਿਗੁਰੂ ਵਿਸਮਾਦ ਜਾਂ "ਵਾਹਿ" ਦਾ ਗੁਰੂ ਹੈ। ਇਸ ਵਿਚ ਜ਼ਿੰਦਗੀ ਦੀ ਵਿਚਿੱਤਰਤਾ ਜਾਂ ਅਨੇਕਤਾ ਸ਼ਾਮਲ ਹੈ। ਇਹ ਅਨੇਕਤਾ ਦਾ ਸੰਵਾਦ ਵੀ ਹੈ ਅਤੇ ਉਸ ਦੇ ਇਕਾਤਮਕਤਾ ਜਾਂ ਸੰਕੀਰਨਤਾ ਤਕ ਪਹੁੰਚਣ ਤੋਂ ਬਚਾਉ ਵੀ। ਸਾਧਾਰਨ ਸ਼ਬਦਾਂ ਵਿਚ ਇਹ ਏਕਤਾ, ਸੰਵਾਦ ਅਤੇ ਅਨੇਕਤਾ ਦਾ ਸੰਯੋਗ ਹੈ। ਇਹ ਸੰਯੋਗੀ ਚਿੰਨ੍ਹ ਸਿੱਖ ਕ੍ਰਾਂਤੀ ਦਾ ਕ੍ਰਿਸ਼ਮਾ ਹੈ। ਇਸ ਵਿਚ ਜਿਵੇਂ ਏਕਤਾ ਅਤੇ ਅਨੇਕਤਾ ਨੂੰ ਜੋੜਿਆ ਗਿਆ ਹੈ, ਇਹ ਵੱਡੀ ਪ੍ਰਾਪਤੀ ਹੈ। ਵਿਅਕਤੀ, ਸਮਾਜ ਅਤੇ ਸਟੇਟ ਲਈ ਜੋ ਮਾਡਲ ਦਿੱਤਾ ਗਿਆ ਹੈ, ਉਹ ਵਿਸਮਾਦੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ "ਵਾਹਿਗੁਰੂ" ਚਿੰਨ੍ਹ ਨਾਲ ਸਮਝਿਆ ਜਾ ਸਕਦਾ ਹੈ। ਇਸ ਚਿੰਨ੍ਹ ਰਾਹੀਂ ਦਿੱਤੇ ਮਾਡਲ ਦਾ ਅਜੇ ਪੂਰਾ ਅਭਿਆਸ ਨਹੀਂ ਹੋ ਸਕਿਆ।

ਜਿਸ ਵਿਸ਼ਵ ਨੂੰ ਅੱਜ ਅਸੀਂ ਸੰਵਾਦੀ ਅਤੇ ਅਨਿਕਮੁਖੀ ਰੱਖਣਾ ਚਾਹੁੰਦੇ ਹਾਂ, ਉਸ ਦੀਆਂ ਨਵੀਆਂ ਪਰਤਾਂ ਜਾਂ ਪਾਸਾਰ ਖੋਲ੍ਹਣ ਲਈ ਅੱਜ ਵੀ ਇਹ ਮਾਡਲ-ਚਿੰਨ੍ਹ ਸਹਾਇਤਾ ਕਰ ਸਕਦਾ ਹੈ। ਜਿਸ ਨਿਰਲੁੱਟ, ਸ਼ਾਇਰਾਨਾ ਸੰਗੀਤਾਤਮਕ ਅਤੇ ਕਲਾਤਮਕ ਵਿਸ਼ਵ ਦੀ ਕਾਮਨਾ ਅਸੀਂ ਕਰ ਰਹੇ ਹਾਂ, ਉਸ ਲਈ ਜਿਸ ਮੁੱਖ ਚਿੰਨ੍ਹ ਅਤੇ ਚਿੰਤਨ ਦੀ ਲੋੜ ਹੈ, ਉਸ ਦਾ ਮੁੱਢ ਪੰਜਾਬੀ ਸਭਿਆਚਾਰ ਨੇ ਬੰਨ੍ਹਿਆ ਹੋਇਆ ਹੈ। ਇਸ ਮੁੱਢ ਨੂੰ ਅੱਗੋਂ ਵਿਸਥਾਰ ਦੇਣ ਦੀ ਲੋੜ ਹੈ।

ਇਸ ਵਿਸਮਾਦੀ ਮੁੱਢ ਨੂੰ ਅਗਲੇ ਵਿਸਥਾਰ ਦੇ ਕੇ ਨਵਾਂ ਸਿਖਰ ਅਨੁਭਵ ਸਿਰਜਣ ਦੀ ਲੋੜ ਹੈ। ਸਿੱਖ ਕ੍ਰਾਂਤੀ ਤੋਂ ਪਿੱਛੋਂ ਪੰਜਾਬੀ ਸਭਿਆਚਾਰ ਤੀਜੇ ਸਿਖਰ ਅਨੁਭਵ ਵੱਲ ਨਹੀਂ ਵਧ ਸਕਦਾ ਜਦੋਂ ਤਕ ਸਿੱਖ ਕ੍ਰਾਂਤੀ ਨਾਲ ਆਏ ਸਿਖਰ ਅਨੁਭਵ ਨੂੰ ਜਜ਼ਬ ਨਹੀਂ ਕੀਤਾ ਜਾਂਦਾ।

ਮਾਰਕਸਵਾਦੀ ਚਿੰਤਨ ਦੇ ਆਉਣ ਨਾਲ ਪੰਜਾਬੀ ਸਭਿਆਚਾਰ ਤੀਜਾ ਸਿਖਰ ਅਨੁਭਵ ਰਚਣ ਦੇ ਯੋਗ ਬਣ ਰਿਹਾ ਸੀ, ਪਰ ਉਹ ਅਨੁਭਵ ਸਿੱਖ ਕ੍ਰਾਂਤੀ ਦੇ ਵਿਸਮਾਦੀ ਸਿਖਰ ਅਨੁਭਵ ਨਾਲ ਸੰਵਾਦ ਨਾ ਹੋ ਸਕਣ ਕਾਰਨ ਹੋਂਦ ਵਿਚ ਨਾ ਆ ਸਕਿਆ। ਇਸ ਵਿਚ ਮਾਰਕਸਵਾਦੀਆਂ ਅਤੇ ਸਿੱਖ ਕ੍ਰਾਂਤੀ ਦੇ ਮੁਦੱਈਆਂ, ਦੋਹਾਂ ਦੀ ਜ਼ਿੰਮੇਵਾਰੀ ਹੈ। ਉਹ ਮਹਾਨ ਅਤੇ ਸਿਰਜਣਾਤਮਕ ਕੰਮ ਦੇ ਹਾਣੀ ਨਾ ਬਣ ਸਕੇ।

ਅੱਜ ਪੰਜਾਬੀ ਸਭਿਆਚਾਰ ਨੂੰ ਗਲੋਬਲ ਸਮਰੱਥਾ ਦੇਣ ਦਾ ਅਰਥ ਇਸ ਵਿਚ ਸੰਯੋਗ ਦੀ ਸਮਰੱਥਾ ਵਧਾਉਣਾ ਹੈ। ਜ਼ਿੰਮੇਵਾਰੀ ਨਾਲ ਅਜਿਹੀ ਹਾਲਤ ਹੋਂਦ ਵਿਚ ਲਿਆਉਣਾ ਹੈ ਜਿਸ ਵਿਚ ਸਿੱਖ ਕ੍ਰਾਂਤੀ, ਮਾਰਕਸਵਾਦ ਅਤੇ ਉਦਾਰਵਾਦੀ ਪੂੰਜੀਵਾਦ ਦੀਆਂ ਸਾਕਾਰਾਤਮਕ ਵਿਸ਼ੇਸ਼ਤਾਵਾਂ ਦੀ ਗੁਫ਼ਤਗੂ ਹੋ ਸਕੇ। ਸਿੱਖ ਕ੍ਰਾਂਤੀ ਨਾਲ ਆਏ ਸਿਖਰ ਅਨੁਭਵ ਨੂੰ ਮਨਫ਼ੀ ਕਰਕੇ ਇਹ ਪ੍ਰਾਪਤੀ ਨਹੀਂ ਹੋ ਸਕਦੀ। ਸਿੱਖ ਕ੍ਰਾਂਤੀ ਪ੍ਰਤੀ ਸੰਕੀਰਨ ਅਤੇ ਨਿਸ਼ੇਧਾਤਮਕ ਵਤੀਰਾ ਅਪਨਾਉਣ ਨਾਲ ਇਹ ਸੰਯੋਗੀ ਸਿਖਰ ਅਨੁਭਵ ਨਹੀਂ ਪ੍ਰਾਪਤ ਹੋ ਸਕਦਾ।

# ਬਾਦਲ ਪਰਿਵਾਰ ਨੇ ਹੈਲੀਕਾਪਟਰ ਦੇ ਝੂਟਿਆਂ 'ਤੇ ਸਰਕਾਰੀ ਖ਼ਜ਼ਾਨਾ ਲੁਟਾਇਆ

**ਚੰਡੀਗੜ੍ਹ:** ਆਮ ਜਨਤਾ ਲਈ ਸਰਕਾਰ ਦਾ ਖਜ਼ਾਨਾ ਖਾਲੀ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦਾ ਬੇਟਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੈਲੀਕਾਪਟਰਾਂ 'ਤੇ ਝੂਟੇ ਲੈਣ ਲਈ ਕਰੋੜਾਂ ਰੁਪਏ ਖਰਚ ਰਹੇ ਹਨ। ਪੰਜਾਬ

## ਪਿਛਲੇ ਵਰ੍ਹੇ 14 ਕਰੋੜ ਖਰਚੇ

ਸਰਕਾਰ ਵੱਲੋਂ ਪਿਛਲੇ ਮਾਲੀ ਸਾਲ (2010-2011) ਦੌਰਾਨ ਭਾੜੇ 'ਤੇ ਲਏ ਜਾਣ ਵਾਲੇ ਚਾਰਟਰਡ ਹੈਲੀਕਾਪਟਰਾਂ ਦੀ ਗਿਣਤੀ ਵਧਣ ਕਾਰਨ ਹਵਾਈ ਸਫ਼ਰ ਦਾ ਖ਼ਜ਼ਾਨੇ 'ਤੇ ਭਾਰ ਤਕਰੀਬਨ ਦੁੱਗਣਾ ਹੋ ਗਿਆ ਹੈ। ਸੂਤਰਾਂ ਮੁਤਾਬਕ 31 ਮਾਰਚ ਨੂੰ ਖ਼ਤਮ ਹੋਏ ਮਾਲੀ ਸਾਲ ਦੌਰਾਨ ਸਰਕਾਰ ਵੱਲੋਂ ਭਾੜੇ 'ਤੇ ਲਏ ਹੈਲੀਕਾਪਟਰਾਂ ਦੀ 150 ਦਿਨ ਦੇ ਕਰੀਬ ਵਰਤੋਂ ਹੋਈ। ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਜਨਤਕ ਖੇਤਰ ਦੀ ਕੰਪਨੀ ਪਵਨ ਹੰਸ ਦੇ ਕਿਰਾਏ 'ਤੇ ਲਏ ਹੈਲੀਕਾਪਟਰ ਦੀ ਵਰਤੋਂ ਇਨ੍ਹਾਂ ਦਿਨਾਂ ਨਾਲੋਂ ਵੱਖਰੀ ਹੈ। ਪਵਨ ਹੰਸ ਤੇ ਹੋਰ ਚਾਰਟਰਡ ਹੈਲੀਕਾਪਟਰਾਂ ਦਾ ਕੁੱਲ ਭਾੜਾ 14 ਕਰੋੜ ਦੇ ਕਰੀਬ ਬਣਦਾ ਹੈ। ਇਨ੍ਹਾਂ ਹੈਲੀਕਾਪਟਰਾਂ ਦੀ ਜ਼ਿਆਦਾ ਵਰਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਰਾਜਪਾਲ ਸ਼ਿਵਰਾਜ ਪਾਟਿਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਕਰਦੇ ਹਨ। ਸਰਕਾਰ ਵੱਲੋਂ ਐਲਾਨੇ 'ਰਾਜ ਮਹਿਮਾਨਾਂ' ਨੂੰ ਵੀ ਭਾੜੇ ਦੇ ਹੈਲੀਕਾਪਟਰ 'ਚ ਸਫ਼ਰ ਕਰਾਇਆ ਜਾਂਦਾ ਹੈ। ਰੌਚਕ ਤੱਥ ਇਹ ਹੈ ਕਿ ਸਰਕਾਰ ਦੇ ਕਿਸੇ ਹੋਰ ਮੰਤਰੀ ਨੂੰ ਹੈਲੀਕਾਪਟਰ ਵਿਚ ਸਫ਼ਰ ਕਰਨਾ ਕਦੇ-ਕਦਾਈਂ ਹੀ ਨਸੀਬ ਹੁੰਦਾ ਹੈ।



ਸਾਲ 2008-2009 ਦੌਰਾਨ ਸਰਕਾਰ ਵੱਲੋਂ ਹੈਲੀਕਾਪਟਰਾਂ ਦੀ ਵਰਤੋਂ 'ਤੇ ਤਕਰੀਬਨ 9 ਕਰੋੜ ਰੁਪਏ ਖ਼ਰਚੇ ਗਏ। ਇਸ ਤੋਂ ਅਗਲੇ ਵਿੱਤੀ ਵਰ੍ਹੇ ਦੌਰਾਨ ਇਹ ਖਰਚ 8 ਕਰੋੜ ਦੇ ਨੇੜੇ ਰਿਹਾ ਤੇ ਪਿਛਲੇ ਮਾਲੀ ਸਾਲ ਦੌਰਾਨ ਇਹ ਖ਼ਰਚ 14 ਕਰੋੜ ਦੇ ਕਰੀਬ ਅੱਪੜ ਗਿਆ ਹੈ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਚਲੰਤ ਮਾਲੀ ਸਾਲ ਦੌਰਾਨ ਇਹ ਖ਼ਰਚ ਹੋਰ ਵੀ ਵਧ ਜਾਣਾ ਹੈ ਕਿਉਂਕਿ ਵਿਧਾਨ ਸਭਾ ਦੀਆਂ ਆਮ ਚੋਣਾਂ 'ਚ ਸਮਾਂ ਘੱਟ ਰਹਿਣ ਕਾਰਨ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀਆਂ ਸਰਗਰਮੀਆਂ ਵਿਚ ਵਾਧਾ ਹੋ ਗਿਆ ਹੈ। ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਕਿਰਾਏ 'ਤੇ ਲਏ ਗਏ ਪਵਨ ਹੰਸ ਕੰਪਨੀ ਦਾ ਹੈਲੀਕਾਪਟਰ ਚੰਡੀਗੜ੍ਹ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਉਸ ਤੋਂ ਬਾਅਦ ਕੰਪਨੀ ਨੇ ਰਾਜ ਸਰਕਾਰ ਨੂੰ ਹੈਲੀਕਾਪਟਰ ਨਹੀਂ ਦਿੱਤਾ ਤੇ ਸਰਕਾਰ ਨੇ ਗਲੋਬਲ ਵੈਕਟਰਾ ਦਾ ਪੰਜ ਸੀਟਾਂ ਵਾਲਾ ਹੈਲੀਕਾਪਟਰ ਕਿਰਾਏ 'ਤੇ ਲਿਆ ਹੈ। ਇਸ ਦਾ ਕਿਰਾਇਆ ਇਕ ਲੱਖ 40 ਹਜ਼ਾਰ ਰੁਪਏ ਪ੍ਰਤੀ ਘੰਟਾ ਅਦਾ ਕਰਨਾ ਪੈ ਰਿਹਾ ਹੈ।

ਇਸ ਸਮੇਂ ਹੈਲੀਕਾਪਟਰ 1.40 ਲੱਖ ਤੋਂ ਲੈ ਕੇ 2.15 ਲੱਖ ਤੱਕ ਕਿਰਾਏ 'ਤੇ ਮਿਲ ਰਿਹਾ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦਾ ਕਹਿਣਾ ਹੈ ਕਿ ਕੰਪਨੀਆਂ ਵੱਲੋਂ ਕਿਰਾਇਆ ਵਧਾ ਦਿੱਤੇ ਜਾਣ ਕਾਰਨ ਵੀ ਹੈਲੀਕਾਪਟਰਾਂ ਦੀ ਵਰਤੋਂ ਦਾ ਬਜਟ ਵਧ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਇੱਕੋ ਹੈਲੀਕਾਪਟਰ ਨਾਲ ਡੰਗ ਟਪਾਇਆ ਜਾ ਰਿਹਾ ਸੀ। ਸਾਲ ਵਿਚ ਕਦੇ-ਕਦਾਈਂ ਹੀ ਦੂਜੇ ਹੈਲੀਕਾਪਟਰ ਦੀ ਜ਼ਰੂਰਤ ਪੈਂਦੀ ਸੀ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸੂਤਰਾਂਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਬਨਣ ਤੋਂ ਬਾਅਦ ਅਜਿਹਾ ਦਿਨ ਕਦੇ ਹੀ ਆਇਆ ਜਦੋਂ ਦੋ ਹੈਲੀਕਾਪਟਰ ਨਾ ਹੋਣ।ਸਰਕਾਰ ਨੇ 13 ਜਨਵਰੀ ਨੂੰ ਤਿੰਨ ਹੈਲੀਕਾਪਟਰ ਕਿਰਾਏ 'ਤੇ ਲਏ ਸਨ। ਅੰਮ੍ਰਿਤਸਰ ਵਿਚ ਕੀਤੇ ਸਮਾਗਮ ਦੌਰਾਨ ਬਾਲੀਵੁੱਡ ਦੇ ਫਿਲਮੀ ਸਿਤਾਰਿਆਂ ਸਨੀ ਦਿਓਲ ਤੇ ਬੌਬੀ ਦਿਓਲ ਨੂੰ ਲਿਆਉਣ-ਲਿਜਾਣ 'ਤੇ ਸਰਕਾਰ ਨੇ 30 ਲੱਖ ਦੇ ਕਰੀਬ ਖਰਚ ਦਿੱਤੇ ਸਨ। ਸੂਤਰਾਂ ਮੁਤਾਬਕ ਸਨੀ ਦਿਓਲ ਨੂੰ ਇਕ ਹੈਲੀਕਾਪਟਰ ਬਨਾਰਸ ਤੋਂ ਅੰਮ੍ਰਿਤਸਰ ਲੈ ਕੇ ਆਇਆ ਤੇ ਫਿਰ ਵਾਪਸ ਛੱਡ ਕੇ ਆਇਆ। ਇਸੇ ਤਰ੍ਹਾਂ ਬੌਬੀ ਦਿਓਲ ਨੂੰ ਹੈਲੀਕਾਪਟਰ ਮੁੰਬਈ ਛੱਡ ਕੇ ਆਇਆ। ਇਨ੍ਹਾਂ ਦੋਹਾਂ ਭਰਾਵਾਂ ਲਈ ਏਅਰ ਚਾਰਟਰ ਕੰਪਨੀ ਦੇ ਦੋ ਹੈਲੀਕਾਪਟਰ ਵਿਸ਼ੇਸ਼ ਤੌਰ 'ਤੇ ਕਿਰਾਏ ਉੱਪਰ ਲਏ ਗਏ।

ਸਾਲ 2010-11 ਦੌਰਾਨ ਤਾਂ ਸਰਕਾਰ ਨੇ ਹੈਲੀਕਾਪਟਰਾਂ ਦੀ ਏਨੀ ਜ਼ਿਆਦਾ ਵਰਤੋਂ ਕੀਤੀ ਕਿ ਇਕ ਦਿਨ ਵਿਚ ਚਾਰ-ਚਾਰ ਹੈਲੀਕਾਪਟਰ ਵੀ ਕਿਰਾਏ 'ਤੇ ਲਏ ਗਏ। ਸਰਕਾਰ ਵੱਲੋਂ ਚੈਲੈਂਜਰ ਏਵੀਏਸ਼ਨ, ਏਅਰ ਚਾਰਟਰ ਸਰਵਿਸਿਜ਼, ਸਪੈਨ ਏਅਰ, ਗਲੋਬਲ ਵੈਕਟਰਾ ਹੈਲੀਕਾਰਪ ਕੰਪਨੀਆਂ ਦੇ ਹੈਲੀਕਾਪਟਰ ਅਕਸਰ ਕਿਰਾਏ 'ਤੇ ਲਏ ਜਾਂਦੇ ਹਨ। ਸੂਤਰਾਂ ਮੁਤਾਬਕ ਦਸੰਬਰ, ਜਨਵਰੀ ਤੇ ਫਰਵਰੀ ਦੌਰਾਨ ਹੈਲੀਕਾਪਟਰ ਦੀ ਸਭ ਤੋਂ ਜ਼ਿਆਦਾ ਵਰਤੋਂ ਹੋਈ ਹੈ। ਜ਼ਿਕਰਯੋਗ ਤੱਥ ਇਹ ਹੈ ਕਿ ਪੰਜ ਕੁ ਸਾਲ ਪਹਿਲਾਂ ਸਰਕਾਰ ਵੱਲੋਂ ਵਰਤੇ ਜਾਂਦੇ ਹੈਲੀਕਾਪਟਰਾਂ ਦੀ ਵਰਤੋਂ ਦਾ ਕਿਰਾਇਆ ਇਕ ਕਰੋੜ ਤੋਂ ਦੋ ਕਰੋੜ ਰੁਪਏ ਪ੍ਰਤੀ ਸਾਲ ਵਿਚਕਾਰ ਹੀ ਰਹਿੰਦਾ ਸੀ।

# ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਈਆਂ ਚੀਨੀ ਕੁੜੀਆਂ ਅਗਵਾ

**ਅੰਮ੍ਰਿਤਸਰ:** ਗੁਰੂ ਨਗਰੀ ਅੰਮ੍ਰਿਸਤਰ 'ਚ ਕੁਝ ਨੌਜਵਾਨਾਂ ਨੇ ਚੀਨੀ ਕੁੜੀਆਂ ਨੂੰ ਅਗਵਾ ਕਰ ਲਿਆ ਪਰ ਪੁਲਿਸ ਨੇ ਆਪਣੀ ਅਣਖ ਦਾ ਸਵਾਲ ਬਣਾ ਕੇ 24 ਘੰਟਿਆਂ 'ਚ ਹੀ ਦੋ ਚੀਨੀ ਕੁੜੀਆਂ ਨੂੰ ਅਗਵਾਕਾਰਾਂ ਦੇ ਚੁੰਗਲ 'ਚੋਂ ਰਿਹਾਅ ਕਰਵਾ ਲਿਆ ਗਿਆ। ਇਸ ਸਬੰਧੀ ਪੁਲਿਸ ਨੇ ਆਰ.ਪੀ.ਐਫ. ਦੇ ਤਿੰਨ ਜਵਾਨਾਂ ਨੂੰ ਕਾਬੂ ਕੀਤਾ ਹੈ। ਪੁਲੀਸ ਕਮਿਸ਼ਨਰ ਪਰਮਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਚੀਨੀ ਕੁੜੀਆਂ ਜੈਂਗ ਜਿਆਲੀ ਤੇ ਯੰਗ ਲੂਲੂ ਭਾਰਤ ਘੁੰਮਣ ਆਈਆਂ ਹੋਈਆਂ ਸਨ। ਉਹ ਦੋਵੇਂ ਰੇਲ ਗੱਡੀ ਰਾਹੀਂ ਜੈਪੁਰ ਤੋਂ ਅੰਮ੍ਰਿਤਸਰ ਆ ਰਹੀਆਂ ਸਨ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣਾ ਸੀ।



ਯੰਗ ਲੂਲੂ

ਰੇਲ ਗੱਡੀ ਦੇ ਸਫ਼ਰ ਦੌਰਾਨ ਉਨ੍ਹਾਂ ਦੀ ਮੁਲਾਕਾਤ ਆਰ.ਪੀ.ਐਫ. ਦੇ ਦੋ ਕਾਂਸਟੇਬਲ ਸ਼ਿਵ ਦੇਵ ਸਿੰਘ ਤੇ ਸੁਰਿੰਦਰ ਦੀਪ ਸਿੰਘ ਜੋ ਫਿਰੋਜ਼ਪੁਰ ਤਾਇਨਾਤ ਹਨ, ਨਾਲ ਹੋਈ। ਇਹ ਦੋਵੇਂ ਕਾਂਸਟੇਬਲ ਇਸੇ ਰੇਲ ਗੱਡੀ ਰਾਹੀਂ ਕੁਝ ਸਰਕਾਰੀ ਨਕਦੀ ਲੈ ਕੇ ਅੰਮ੍ਰਿਤਸਰ ਆ ਰਹੇ ਸਨ। ਇਨ੍ਹਾਂ ਦੋਵਾਂ ਜਵਾਨਾਂ ਨੇ ਚੀਨੀ ਕੁੜੀਆਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਘੁੰਮਣਯੋਗ ਥਾਵਾਂ ਨੂੰ ਦੇਖਣ ਲਈ ਮਦਦ ਕਰਨਗੇ। ਇਸ ਬਾਰੇ ਉਨ੍ਹਾਂ ਘੁੰਮਣ ਫਿਰਨ ਲਈ ਵਾਹਨ ਸੇਵਾ ਤੇ ਹੋਟਲ ਵਿਚ ਕਮਰਾ ਲੈ ਕੇ ਵੀ ਦੇਣ ਦਾ ਭਰੋਸਾ ਦਿੱਤਾ। ਇਸੇ ਭਰੋਸੇ ਤਹਿਤ ਅੰਮ੍ਰਿਤਸਰ ਪੁੱਜਣ ਉਪਰੰਤ ਇਹ ਦੋਵੇਂ ਚੀਨੀ ਕੁੜੀਆਂ ਰੇਲਵੇ ਪੁਲੀਸ ਦੇ ਜਵਾਨਾਂ ਨਾਲ ਚਲੀਆਂ ਗਈਆਂ। ਇਨ੍ਹਾਂ ਦੋਵਾਂ ਜਵਾਨਾਂ ਨੇ ਰੇਲਵੇ ਸਟੇਸ਼ਨ 'ਤੇ ਪੁੱਜਣ ਉਪਰੰਤ ਆਪਣੇ ਦੋ ਹੋਰ ਸਾਥੀ ਅਮਨਦੀਪ ਸਿੰਘ ਤੇ ਯਾਦਵਿੰਦਰ ਸਿੰਘ ਵਾਸੀ ਪਿੰਡ ਮੂਧਲ ਨੂੰ ਵੀ ਸੱਦ ਲਿਆ ਤੇ ਇਕ ਵਾਹਨ 'ਚ ਇਹ ਕੁੜੀਆਂ ਨੂੰ ਲੈ ਕੇ ਚਲੇ ਗਏ। ਇਹ ਚਾਰੇ ਇਨ੍ਹਾਂ ਕੁੜੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਾਉਣ ਦੀ ਥਾਂ ਸ਼ਹਿਰ ਵਿਚ ਕਈ ਹੋਰ ਥਾਵਾਂ 'ਤੇ ਘੁਮਾਉਂਦੇ ਰਹੇ ਤੇ ਸ਼ਾਮ ਨੂੰ ਬਾਈਪਾਸ ਨੇੜੇ ਸੋਹਲ ਰੈਸਟੋਰੈਂਟ ਲੈ ਗਏ ਜਿਥੇ ਇਨ੍ਹਾਂ ਸਾਰਿਆਂ ਨੇ ਬੀਅਰ ਪੀਤੀ।

ਵਿਦੇਸ਼ੀ ਕੁੜੀਆਂ ਨੂੰ ਵੇਖ ਕੇ ਬਦਨੀਯਤ ਹੋਏ ਇਨ੍ਹਾਂ ਜਵਾਨਾਂ ਨੇ ਰੈਸਟੋਰੈਂਟ 'ਚ ਕਮਰਾ ਕਿਰਾਏ 'ਤੇ ਲੈਣ ਦਾ ਵੀ ਯਤਨ ਕੀਤਾ ਪਰ ਰੈਸਟੋਰੈਂਟ ਦੇ ਮਾਲਕ ਨੇ ਕਮਰਾ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਚਾਰੇ ਮੁੜ ਦੋਵਾਂ ਕੁੜੀਆਂ ਨੂੰ ਲੈ ਕੇ ਮਹਿਤਾ ਰੋਡ ਵਾਲੇ ਪਾਸੇ ਨਿਕਲ ਗਏ। ਜਦੋਂ ਇਹ ਇਕ ਗੈਸ ਸਟੇਸ਼ਨ 'ਤੇ ਰੁਕੇ ਤਾਂ ਦੋਵਾਂ ਕੁੜੀਆਂ 'ਚੋਂ ਜੈਂਗ ਜਿਆਲੀ ਵਾਸ਼ ਰੂਮ ਚਲੀ ਗਈ। ਇਸ ਦੌਰਾਨ ਇਹ ਮੁੰਡੇ ਕਾਰ ਵਿਚ ਸਵਾਰ ਦੂਜੀ ਚੀਨੀ ਕੁੜੀ ਯੰਗ ਲੂਲੂ ਨੂੰ ਲੈ ਕੇ ਫਰਾਰ ਹੋ ਗਏ। ਇਸ ਘਟਨਾ ਨੂੰ ਦੇਖ ਕੇ ਜਦੋਂ ਜੈਂਗ ਜਿਆਲੀ ਨੇ ਮਦਦ ਲਈ ਰੌਲਾ ਪਾਇਆ ਤੇ ਪੁਲਿਸ ਨੂੰ ਵਾਪਰੀ ਘਟਨਾ ਬਾਰੇ ਜਾਣਕਾਰੀ ਦਿੱਤੀ। ਪੁਲਿਸ ਨੇ ਸ਼ਹਿਰ 'ਚ ਰੈਡ ਅਲਰਟ ਜਾਰੀ ਕਰ ਦਿੱਤਾ ਤੇ ਸ਼ਹਿਰ ਤੇ ਜ਼ਿਲ੍ਹੇ ਤੋਂ ਬਾਹਰ ਜਾਣ ਵਾਲੇ ਰਸਤਿਆਂ 'ਤੇ ਨਾਕੇਬੰਦੀ ਕਰ ਦਿੱਤੀ। ਪੁਲੀਸ ਦੇ ਦਬਾਅ ਕਰਕੇ ਅਗਵਾਕਾਰ ਕੁੜੀ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ੍ਰੀ ਗੁਰੂ ਨਾਨਕ ਨਿਵਾਸ ਵਿਖੇ ਛੱਡ ਕੇ ਫਰਾਰ ਹੋ ਗਏ। ਪੁਲਿਸ ਨੇ ਦੂਜੀ ਚੀਨੀ ਕੁੜੀ ਮਿਲਣ ਉਪਰੰਤ ਅਗਵਾਕਾਰਾਂ ਨੂੰ ਕਾਬੂ ਕਰਨ ਲਈ ਮੁਹਿੰਮ ਵਿੱਢੀ ਗਈ ਸੀ ਜਿਸ ਤਹਿਤ ਤਿੰਨ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ। ਇਨ੍ਹਾਂ ਵਿਚ ਅਮਨਦੀਪ ਸਿੰਘ, ਸ਼ਿਵਦੇਵ ਸਿੰਘ ਤੇ ਸੁਰਿੰਦਰਬੀਰ ਸਿੰਘ ਤਿੰਨੇ ਕਾਂਸਟੇਬਲ ਆਰ.ਪੀ.ਐਫ. ਸ਼ਾਮਲ ਹਨ। ਉਨ੍ਹਾਂ ਦਾ ਚੌਥਾ ਸਾਥੀ ਯਾਦਵਿੰਦਰ ਸਿੰਘ ਫਰਾਰ ਹੈ ਜਿਸ ਦੀ ਭਾਲ ਲਈ ਪੁਲਿਸ ਵੱਲੋਂ ਯਤਨ ਜਾਰੀ ਹਨ।

# ਨਿਊ ਯਾਰਕ ਦੇ ਗੁਰਦੁਆਰੇ 'ਚ ਲੜਾਈ ਮੰਦਭਾਗੀ ਕਰਾਰ

**ਅੰਮ੍ਰਿਤਸਰ:** ਨਿਊ ਯਾਰਕ ਸਥਿਤ ਕੁਇਨਜ਼ ਇਲਾਕੇ ਵਿਚਲੇ ਗੁਰਦੁਆਰੇ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਪ੍ਰਧਾਨਗੀ ਦੇ ਮੁੱਦੇ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਹੋਈ ਲੜਾਈ ਦੇ ਮਾਮਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਤਿ ਮੰਦਭਾਗੀ ਘਟਨਾ ਕਰਾਰ ਦਿੰਦਿਆਂ ਦੋਵਾਂ ਧਿਰਾਂ ਨੂੰ ਇਹ ਮਾਮਲਾ ਆਪਸੀ ਰਜ਼ਾਮੰਦੀ ਨਾਲ ਹੱਲ ਕਰਨ ਲਈ ਕਿਹਾ ਹੈ।

ਇਸ ਗੁਰਦੁਆਰੇ ਵਿਚ ਵਾਪਰੀ ਹਿੰਸਕ ਘਟਨਾ ਦੌਰਾਨ ਸੱਤ ਵਿਅਕਤੀ ਜ਼ਖਮੀ ਹੋਏ ਸਨ ਤੇ ਇਸ ਮਾਮਲੇ ਵਿੱਚ ਪੁਲੀਸ ਨੇ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗਿਆਨੀ ਗੁਰਬਚਨ ਸਿੰਘ ਨੇ ਇਸ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨਗੀ ਦੇ ਮਾਮਲੇ ਨੂੰ ਲੈ ਕੇ ਧਾਰਮਿਕ ਅਸਥਾਨ ਅੰਦਰ ਕਿਰਪਾਨਾਂ ਤੇ ਹੋਰ ਹਥਿਆਰ ਚਲਾਉਣ ਨੂੰ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਇਸ ਨੂੰ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਮਾਮਲੇ ਆਪਸੀ ਰਜ਼ਾਮੰਦੀ ਨਾਲ ਹੱਲ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿਚ ਕੋਈ ਲਿਖਤੀ ਸ਼ਿਕਾਇਤ ਆਈ ਤਾਂ ਇਸ ਨੂੰ ਵਿਚਾਰਣ ਮਗਰੋਂ ਅਗਲੀ ਕਾਰਵਾਈ ਕਰਨਗੇ। ਇਸੇ ਦੌਰਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਹ ਕਈ ਵਾਰ ਇਸ ਗੁਰਦੁਆਰੇ ਵਿਚ ਹੋ ਕੇ ਆਏ ਹਨ ਤੇ ਉਥੋਂ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚੱਲ ਰਿਹਾ ਸੀ ਪਰ ਹੁਣ ਮਿਲੀਆਂ ਖ਼ਬਰਾਂ ਨੇ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਦੇ ਨਾਂ ਪੱਤਰ ਵੀ ਭੇਜਿਆ ਹੈ ਜਿਸ ਰਾਹੀਂ ਅਪੀਲ ਕੀਤੀ ਹੈ ਕਿ ਅਜਿਹੇ ਮਾਮਲੇ ਮਿਲ ਬੈਠ ਕੇ ਹੱਲ ਕੀਤੇ ਜਾਣ।

ਇਸ ਘਟਨਾ ਵਿਚ ਜ਼ਖਮੀ ਹੋਏ ਮਹਿੰਦਰ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਗੁਰਦੁਆਰੇ ਦੇ ਪ੍ਰਬੰਧ ਦਾ ਸੀ। 1998 ਵਿਚ ਸਥਾਪਤ ਹੋਏ ਇਸ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦੀਆਂ ਪਹਿਲਾਂ ਦੋ ਸਾਲ ਬਾਅਦ ਚੋਣਾਂ ਹੋਈਆਂ ਸਨ ਤੇ ਸਮੁੱਚੇ ਅਹੁਦੇਦਾਰ 2 ਸਾਲ ਲਈ ਪ੍ਰਬੰਧਕ ਵਜੋਂ ਕੰਮ ਕਰਦੇ ਸਨ। ਪਰ 2007 ਵਿਚ ਸੋਧ ਕਰਦਿਆਂ ਪ੍ਰਬੰਧਕੀ ਕਮੇਟੀ ਦਾ ਸਮਾਂ ਇਕ ਸਾਲ ਕਰ ਦਿੱਤਾ ਗਿਆ ਸੀ। ਪਿਛਲੇ ਤਿੰਨ ਸਾਲ ਇਹ ਸਾਰਾ ਕੰਮ ਠੀਕ ਢੰਗ ਨਾਲ ਚਲਦਾ ਰਿਹਾ ਹੈ।

## ਪੁੱਤ ਨੂੰ ਜ਼ਹਿਰ ਦੇਣ ਮਗਰੋਂ ਮਾਂ ਵੱਲੋਂ ਖੁਦਕੁਸ਼ੀ

**ਲੁਧਿਆਣਾ:** ਜਗਰਾਉਂ ਸ਼ਹਿਰ ਦੇ ਨਾਲ ਸਥਿਤ ਪਿੰਡ ਕੋਠੇ ਸ਼ੇਰਜੰਗ ਦੀ ਰਹਿਣ ਵਾਲੀ ਤੇ ਨੇੜਲੇ ਹੀ ਪਿੰਡ ਕਾਉਂਕੇ ਕਲਾਂ 'ਚ ਵਿਆਹੀ ਇਕ ਮੁਟਿਆਰ ਨੇ ਪਹਿਲਾਂ ਆਪਣੇ ਡੇਢ ਸਾਲਾ ਪੁੱਤ ਨੂੰ ਜ਼ਹਿਰ ਦੇ ਦਿੱਤਾ ਤੇ ਬਾਅਦ 'ਚ ਆਪ ਵੀ ਕੋਈ ਜ਼ਹਿਰੀਲੀ ਚੀਜ਼ ਖਾ ਲਈ। ਉਸ ਨੂੰ ਗੰਭੀਰ ਹਾਲਤ 'ਚ ਡੀ.ਐਮ.ਸੀ. ਲੁਧਿਆਣਾ ਪਹੁੰਚਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਇਸ ਬਾਰੇ ਮ੍ਰਿਤਕਾ ਦੇ ਪਤੀ, ਸੱਸ, ਨਣਦਾਂ ਖਿਲਾਫ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ।

ਜਾਣਕਾਰੀ ਮੁਤਾਬਕ ਗਗਨਦੀਪ ਕੌਰ (24) ਪੁੱਤਰੀ ਭਰਪੂਰ ਸਿੰਘ ਦਾ ਵਿਆਹ ਚਾਰ ਸਾਲ ਪਹਿਲਾਂ ਪਿੰਡ ਕਾਉਂਕੇ ਕਲਾਂ ਦੇ ਜਸਵਿੰਦਰ ਸਿੰਘ ਨਾਲ ਹੋਇਆ ਸੀ। ਪੁਲੀਸ ਮੁਤਾਬਕ ਗਗਨਦੀਪ ਦਾ ਸਹੁਰੇ ਘਰ 'ਚ ਝਗੜਾ ਰਹਿੰਦਾ ਸੀ ਜਿਸ ਤੋਂ ਉਹ ਦੁਖੀ ਸੀ। ਕੱਲ੍ਹ ਵੀ ਘਰ 'ਚ ਹੋਏ ਕਲੇਸ਼ ਤੋਂ ਦੁਖੀ ਹੋ ਕੇ ਪਹਿਲਾਂ ਉਸਨੇ ਆਪਣੇ ਡੇਢ ਸਾਲਾ ਪੁੱਤਰ ਅਮਰਬੀਰ ਸਿੰਘ ਨੂੰ ਕੋਈ ਜ਼ਹਿਰ ਖੁਆ ਦਿੱਤੀ ਤੇ ਬਾਅਦ 'ਚ ਆਪ ਵੀ ਜ਼ਹਿਰ ਖਾ ਲਈ। ਬੱਚੇ ਦੀ ਮੌਤ ਘਰ 'ਚ ਹੀ ਹੋ ਗਈ ਜਦਕਿ ਗਗਨਦੀਪ ਨੇ ਹਸਪਤਾਲ 'ਚ ਦਮ ਤੋੜ ਦਿੱਤਾ।

# ਅਕਾਲੀ ਆਗੂ ਠੰਡਲ ਨੂੰ ਭ੍ਰਿਸ਼ਟਾਚਾਰ ਦੇ ਕੇਸ 'ਚ ਤਿੰਨ ਸਾਲ ਦੀ ਕੈਦ

**ਚੰਡੀਗੜ੍ਹ**: ਭ੍ਰਿਸ਼ਟਾਚਾਰ ਦੇ ਮਾਮਲੇ 'ਚ ਖੇਤੀਬਾੜੀ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਤਿੰਨ ਸਾਲ ਦੀ ਕੈਦ ਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਮੁਹਾਲੀ ਦੀ ਅਦਾਲਤ ਦੇ ਇਸ ਫੈਸਲੇ ਦੇ ਤੁਰੰਤ ਬਾਅਦ ਸ. ਠੰਡਲ ਵੱਲੋਂ ਜੁਰਮਾਨੇ ਦੀ ਰਾਸ਼ੀ ਅਦਾ ਕਰ ਦਿੱਤੀ ਗਈ ਤੇ ਅਦਾਲਤ ਨੇ ਸ. ਠੰਡਲ ਨੂੰ ਰਿਹਾਅ ਕਰ ਦਿੱਤਾ।

ਉਧਰ ਅਦਾਲਤ ਨੇ ਮੁੱਖ ਸੰਸਦੀ ਸਕੱਤਰ ਨੂੰ ਇਸ ਫੈਸਲੇ ਵਿਰੁੱਧ ਉੱਚ ਅਦਾਲਤ ਵਿਚ ਅਪੀਲ ਦਾਇਰ ਕਰਨ ਲਈ ਇਕ ਮਹੀਨੇ ਦਾ ਸਮਾਂ ਵੀ ਦਿੱਤਾ ਹੈ। ਜਿਉਂ ਹੀ ਸ. ਠੰਡਲ ਨੂੰ ਦੋਸ਼ੀ ਕਰਾਰ ਦੇਣ ਦੀ ਗੱਲ ਬਾਹਰ ਉਨ੍ਹਾਂ ਦੇ ਅੰਗ ਰੱਖਿਅਕਾਂ ਤੇ ਡਰਾਈਵਰਾਂ ਤੱਕ ਪਹੁੰਚੀ ਤਾਂ ਉਹ ਫੌਰਨ ਲਾਲ ਬੱਤੀ ਵਾਲੀ ਸਰਕਾਰੀ ਗੱਡੀ ਲੈ ਕੇ ਉਥੋਂ ਚਲੇ ਗਏ। ਇਸ ਤਰ੍ਹਾਂ ਸ. ਠੰਡਲ ਅਦਾਲਤ ਅੰਦਰ ਇਕੱਲੇ ਹੀ ਰਹਿ ਗਏ। ਉਨ੍ਹਾਂ ਨਾਲ ਸਿਰਫ ਉਨ੍ਹਾਂ ਦੇ ਵਕੀਲ ਤੇ ਇਕ-ਦੋ ਹੋਰ ਸਾਥੀ ਹੀ ਸਨ। ਬਾਅਦ ਵਿਚ ਜ਼ਮਾਨਤ ਭਰਨ ਮਗਰੋਂ ਠੰਡਲ ਨੂੰ ਰਿਹਾਅ ਕੀਤਾ ਗਿਆ ਤਾਂ ਕਿਤੇ ਜਾ ਕੇ ਉਨ੍ਹਾਂ ਸੁਖ ਦਾ ਸਾਹ ਲਿਆ।।



ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵਿਜੀਲੈਂਸ ਬਿਊਰੋ ਵੱਲੋਂ ਠੰਡਲ ਖ਼ਿਲਾਫ਼ 29 ਜਨਵਰੀ 2003 ਨੂੰ ਐਫ.ਆਈ.ਆਰ. ਨੰਬਰ-3, ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8 ਵਿਚ ਆਈ.ਪੀ.ਸੀ. ਦੀ ਧਾਰਾ 420, 467, 468, 471, 120ਬੀ ਅਤੇ 13.1(ਰ)/ਵ ਤੇ 13.2 (88) ਭ੍ਰਿਸ਼ਟਾਚਾਰ ਰੋਕੂ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਵਿਜੀਲੈਂਸ ਨੇ ਇਹ ਮਾਮਲਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਸਨੀਕ ਜੋਗਾ ਸਿੰਘ ਤੇ ਹਰਵਿੰਦਰ ਸਿੰਘ ਵੱਲੋਂ ਦਿੱਤੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਦਰਜ ਕੀਤਾ ਗਿਆ ਸੀ। ਵਿਜੀਲੈਂਸ ਨੇ ਸ. ਠੰਡਲ ਨੂੰ ਗ੍ਰਿਫ਼ਤਾਰ ਕਰਕੇ ਖਰੜ ਅਦਾਲਤ 'ਚ ਪੇਸ਼ ਕੀਤਾ ਤੇ ਬਾਅਦ ਵਿਚ ਇਹ ਮਾਮਲਾ ਜ਼ਿਲ੍ਹਾ ਰੂਪਨਗਰ ਦੀ ਜ਼ਿਲ੍ਹਾ ਅਦਾਲਤ ਵਿਚ ਚਲਦਾ ਰਿਹਾ ਪਰ ਬਾਅਦ ਵਿਚ ਮੁਹਾਲੀ ਜ਼ਿਲ੍ਹਾ ਬਣਨ ਮਗਰੋਂ ਇਹ ਕੇਸ ਸਾਲ 2006 ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਤਬਦੀਲ ਹੋ ਗਿਆ ਸੀ। ਅਦਾਲਤੀ ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਕੁੱਲ 27 ਗਵਾਹਾਂ ਵਿਚੋਂ ਹੁਣ ਤੱਕ 22 ਅਦਾਲਤ ਵਿਚ ਪੇਸ਼ ਹੋਏ। ਜਿਨ੍ਹਾਂ ਵਿਚ 9 ਸਰਕਾਰੀ ਗਵਾਹ ਸ਼ਾਮਲ ਹਨ। ਬੀਤੀ 23 ਸਤੰਬਰ ਨੂੰ ਇਕ ਗਵਾਹ ਜੋਗਾ ਸਿੰਘ ਜ਼ਿਲ੍ਹਾ ਹੁਸਿਆਰਪੁਰ ਨੇ ਅਦਾਲਤ ਵਿਚ ਦਰਜ ਕਰਵਾਏ ਆਪਣੇ ਬਿਆਨਾਂ ਵਿਚ ਸਪਸ਼ਟ ਆਖਿਆ ਸੀ ਕਿ ਸਿਆਸਤ ਵਿਚ ਆਉਣ ਤੋਂ ਪਹਿਲਾਂ ਸ. ਠੰਡਲ ਕੋਲ ਕੋਈ ਵੱਡੀ ਜਾਇਦਾਦ ਨਹੀਂ ਸੀ ਪਰ ਅੱਜ ਉਹ ਕਰੋੜਾਂ ਰੁਪਏ ਦੀ ਜਾਇਦਾਦ ਦਾ ਮਾਲਕ ਹੈ।

ਇਸੇ ਤਰ੍ਹਾਂ 11 ਜਨਵਰੀ 2010 ਮਾਮਲੇ ਦੀ ਸੁਣਵਾਈ ਮੌਕੇ ਵਿਜੀਲੈਂਸ ਵੱਲੋਂ ਦੋ ਗਵਾਹਾਂ ਨੇ ਅਦਾਲਤ ਵਿਚ ਪੇਸ਼ ਕੀਤੇ ਗਏ ਜਿਨ੍ਹਾਂ ਵਿਚੋਂ ਇਕ ਗਵਾਹ ਸਾਬਕਾ ਰਾਜ ਮੰਤਰੀ ਸਤਿਆਪਾਲ ਸੈਣੀ ਨੇ ਅਦਾਲਤ ਵਿਚ ਦਰਜ ਕਰਵਾਏ ਆਪਣੇ ਬਿਆਨਾਂ ਵਿਚ ਆਖਿਆ ਹੈ ਕਿ ਇਕ ਹਾਊਸਿੰਗ ਸੁਸਾਇਟੀ ਬਾਬਤ ਉਸ ਨੇ ਸੁਸਾਇਟੀ ਦਾ ਮੈਂਬਰ ਹੋਣ ਦੇ ਨਾਤੇ ਰਸੀਦਾਂ ਕੱਟੀਆਂ ਸਨ ਪਰ ਸ. ਠੰਡਲ ਵਿਰੁੱਧ ਉਨ੍ਹਾਂ ਕਦੇ ਵੀ ਵਿਜੀਲੈਂਸ ਕੋਲ ਬਿਆਨ ਦਰਜ ਨਹੀਂ ਕਰਵਾਇਆ ਹੈ ਜਦੋਂਕਿ ਇਸ ਮੌਕੇ ਡੀ.ਐਸ.ਪੀ. ਰੈਂਕ ਦੇ ਅਧਿਕਾਰੀ ਤਰਸੇਮ ਸਿੰਘ ਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਜਦੋਂ ਵਿਜੀਲੈਂਸ ਦੀ ਟੀਮ ਵੱਲੋਂ ਸ. ਠੰਡਲ ਦੀ ਤਲਾਸ਼ੀ ਲਈ ਗਈ ਤਾਂ ਉਸ ਸਮੇਂ ਉਹ ਮੌਕੇ 'ਤੇ ਹਾਜ਼ਰ ਜ਼ਰੂਰ ਸੀ ਪਰ ਉਨ੍ਹਾਂ ਵਿਜੀਲੈਂਸ ਕੋਲ ਕੋਈ ਬਿਆਨ ਦਰਜ ਨਹੀਂ ਕਰਵਾਇਆ।

# ਐਨ.ਆਰ.ਆਈ. ਸਭਾ ਵਿਵਾਦਾਂ 'ਚ ਘਿਰੀ

## ਹੇਅਰ ਨੂੰ ਅਹੁਦੇ ਤੋਂ ਹਟਾਉਣ ਲਈ ਚਾਰਾਜੋਈ

**ਚੰਡੀਗੜ੍ਹ:** ਐਨ.ਆਰ.ਆਈ. ਸਭਾ ਪੰਜਾਬ ਦੀ ਪ੍ਰਧਾਨਗੀ ਦਾ ਵਿਵਾਦ ਹੁਣ ਅਦਾਲਤ 'ਚ ਪੁੱਜਣ ਦੀ ਤਿਆਰੀ ਹੈ। ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦੇ ਬਰਤਾਨਵੀ ਨਾਗਰਿਕ ਹੋਣ ਤੇ ਸਭਾ ਦੇ ਐਨ.ਜੀ.ਓ. ਨਾ ਹੋਣ ਜਿਹੇ ਮੁੱਦਿਆਂ ਨੂੰ ਆਧਾਰ ਬਣਾ ਕੇ ਪ੍ਰਧਾਨਗੀ ਦੀ ਚੋਣ ਲੜੇ ਉਮੀਦਵਾਰ ਜਸਬੀਰ ਸਿੰਘ ਗਿੱਲ ਨੇ ਹੁਣ ਸਭਾ ਦੇ ਚੇਅਰਮੈਨ ਤੇ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਐਸ.ਆਰ. ਲੱਧੜ ਨੂੰ ਨੋਟਿਸ ਦੇ ਕੇ ਮੰਗ ਕੀਤੀ ਹੈ ਕਿ ਸ. ਹੇਅਰ ਨੂੰ 15 ਦਿਨਾਂ ਦੇ ਅੰਦਰ-ਅੰਦਰ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਕੀਤਾ ਜਾਵੇ। ਇੰਝ ਨਾ ਕੀਤੇ ਜਾਣ ਦੀ ਸੂਰਤ 'ਚ ਉਨ੍ਹਾਂ ਨੇ ਇਸ ਬਾਰੇ ਮਾਮਲਾ ਅਦਾਲਤ 'ਚ ਲੈ ਜਾਣ ਦੀ ਚਿਤਾਵਨੀ ਦਿੱਤੀ ਹੈ।

ਇਸੇ ਨੋਟਿਸ 'ਚ ਸਭਾ ਦੇ ਪ੍ਰਧਾਨ ਸ. ਹੇਅਰ ਨੂੰ ਵੀ ਕਿਹਾ ਗਿਆ ਹੈ ਕਿ ਉਹ 15 ਦਿਨਾਂ ਦੇ ਅੰਦਰ ਆਪਣੇ ਅਹੁਦੇ ਤੋਂ ਵੱਖ ਹੋਣ, ਸਭਾ ਦਾ ਕੰਮਕਾਜ ਕਰਨਾ ਬੰਦ ਕਰਨ। ਆਪਣੇ ਵਕੀਲ ਰਾਜੀਵ ਆਨੰਦ ਰਾਹੀਂ ਸ. ਗਿੱਲ ਵੱਲੋਂ ਇਹ ਕਾਨੂੰਨੀ ਨੋਟਿਸ ਸਭਾ ਦੇ ਚੇਅਰਮੈਨ ਲੱਧੜ, ਚੋਣ ਅਧਿਕਾਰੀ ਤੇ ਏ.ਡੀ.ਸੀ. ਗੁਰਪ੍ਰੀਤ ਸਿੰਘ ਖਹਿਰਾ, ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ, ਐਨ.ਆਰ.ਆਈ. ਸਭਾ ਤੇ ਸਭਾ ਦੇ ਮੁੱਖ ਸਰਪ੍ਰਸਤ ਵਜੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜਿਆ ਹੈ। ਨੋਟਿਸ 'ਚ ਸ. ਗਿੱਲ ਨੇ ਖੁਲਾਸਾ ਕੀਤਾ ਹੈ ਕਿ ਸਭਾ ਦੇ ਸੰਵਿਧਾਨ ਅਨੁਸਾਰ ਸਿਰਫ ਸਾਬਕਾ ਐਨ.ਆਰ.ਆਈ. ਹੀ ਪ੍ਰਧਾਨ ਲਈ ਚੋਣ ਲੜ ਸਕਦੇ ਹਨ ਪਰ ਹੇਅਰ ਬਰਤਾਨਵੀ ਨਾਗਰਿਕ ਹੋਣ ਦੇ ਬਾਵਜੂਦ ਪਹਿਲਾਂ ਦੋ ਵਰ੍ਹਿਆਂ ਲਈ ਪ੍ਰਧਾਨ ਰਹੇ ਤੇ ਉਨ੍ਹਾਂ ਨੇ ਆਪਣੇ ਸਾਬਕਾ ਐਨ.ਆਰ. ਆਈ. ਹੋਣ ਬਾਰੇ ਹਲਫੀਆ ਬਿਆਨ ਦਾਇਰ ਨਹੀਂ ਕੀਤਾ ਜੋ ਜ਼ਰੂਰੀ ਸੀ।

ਇਸ ਵਾਰ 15 ਅਪਰੈਲ 2010 ਨੂੰ ਮੁੜ ਹੋਈ ਚੋਣ 'ਚ ਸ. ਜਸਬੀਰ ਸਿੰਘ ਗਿੱਲ ਵੱਲੋਂ ਇਤਰਾਜ਼ ਜਤਾਏ ਜਾਣ ਤੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਚਿੱਠੀ ਪੇਸ਼ ਕਰਨ ਦੇ ਬਾਵਜੂਦ ਬਰਤਾਨਵੀ ਨਾਗਰਿਕ ਹੋਣ ਦੀ ਗੱਲ ਨੂੰ ਅਣਗੌਲਿਆਂ ਕਰਦਿਆਂ ਨਾ ਕੇਵਲ ਸ. ਹੇਅਰ ਨੂੰ ਚੋਣ ਲੜਨ ਦਿੱਤੀ ਸਗੋਂ ਉਨ੍ਹਾਂ ਨੂੰ ਜੇਤੂ ਐਲਾਨ ਦਿੱਤਾ। ਨੋਟਿਸ 'ਚ ਕਿਹਾ ਹੈ ਕਿ ਸਭਾ ਤੋਂ ਚੋਣ ਬਾਰੇ ਜਾਣਕਾਰੀ ਮੰਗਣ 'ਤੇ ਸਭਾ ਨੇ ਆਪਣੇ ਆਪ ਨੂੰ ਸਵੈਸੇਵੀ ਸੰਸਥਾ ਦੱਸਦਿਆਂ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਦਕਿ ਰਾਜ ਸੂਚਨਾ ਕਮਿਸ਼ਨ ਵਿਚ ਜਾਣ 'ਤੇ ਸੂਚਨਾ ਕਮਿਸ਼ਨ ਨੇ ਆਪਣੇ ਫੈਸਲੇ 'ਚ ਕਿਹਾ ਸੀ ਕਿ ਸਭਾ ਸਵੈਸੇਵੀ ਸੰਸਥਾ ਨਹੀਂ ਹੈ। ਹੁਣ ਇਸੇ ਆਧਾਰ 'ਤੇ ਜਿੱਥੇ ਚੇਅਰਮੈਨ ਤੋਂ ਪ੍ਰਧਾਨ ਨੂੰ ਹਟਾਉਣ ਦੀ ਮੰਗ ਕੀਤੀ ਹੈ ਉਥੇ ਹੇਅਰ ਨੂੰ ਅਹੁਦਾ ਛੱਡਣ ਲਈ ਕਿਹਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਾਲਿਸਤਾਨ ਦਿਵਸ ਮਨਾਇਆ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਦਲ ਖਾਲਸਾ ਜਥੇਬੰਦੀ ਨੇ 29 ਅਪਰੈਲ ਨੂੰ ਖਾਲਿਸਤਾਨ ਦਿਵਸ ਮਨਾਉਂਦਿਆਂ 25 ਸਾਲ ਪਹਿਲਾਂ ਵਾਪਰੇ ਇਤਿਹਾਸ ਨੂੰ ਦੁਹਰਾਇਆ ਤੇ ਪਹਿਲਾਂ ਵਾਂਗ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ ਖਾਲਿਸਤਾਨ ਦੀ ਸਿਰਜਣਾ ਲਈ ਪ੍ਰਣ ਕੀਤਾ। 1986 ਵਿਚ ਅੱਜ ਦੇ ਹੀ ਦਿਨ ਇਸੇ ਸਥਾਨ 'ਤੇ ਪੰਥਕ ਕਮੇਟੀ ਦੇ ਪੰਜ ਪ੍ਰਮੁੱਖ ਆਗੂਆਂ ਨੇ ਅਰਦਾਸ ਕਰਕੇ ਖਾਲਿਸਤਾਨ ਦਾ ਐਲਾਨ ਕੀਤਾ ਸੀ। ਇਸ ਵੇਲੇ ਐਲਾਨ ਕਰਨ ਵਾਲਿਆਂ ਵਿਚ ਅਰੂੜ ਸਿੰਘ, ਵੱਸਣ ਸਿੰਘ ਜ਼ਫਰਵਾਲ, ਗੁਰਬਚਨ ਸਿੰਘ ਮਾਨੋਚਾਹਲ, ਧੰਨਾ ਸਿੰਘ ਤੇ ਗੁਰਦੇਵ ਸਿੰਘ ਉਸਮਾਨਵਾਲਾ ਸ਼ਾਮਲ ਸਨ। ਇਨ੍ਹਾਂ ਵਿਚੋਂ ਤਿੰਨ ਅਕਾਲ ਚਲਾਣਾ ਕਰ ਚੁੱਕੇ ਹਨ।

29 ਅਪਰੈਲ ਨੂੰ ਵੱਖਰੇ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਲਈ ਅਰਦਾਸ ਕਰਨ ਵਾਲਿਆਂ ਵਿਚ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ, ਕੰਵਰਪਾਲ ਸਿੰਘ, ਡਾ. ਮਨਜਿੰਦਰ ਸਿੰਘ ਜੰਡੀ ਤੇ ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ ਸਮੇਤ ਹੋਰ ਆਗੂ ਸ਼ਾਮਲ ਸਨ। ਇਸ ਦਿਨ ਨੂੰ ਖਾਲਿਸਤਾਨ ਦਿਵਸ ਕਰਾਰ ਦਿੰਦਿਆਂ ਦਲ ਖਾਲਸਾ ਦੇ ਸ੍ਰੀ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਅਰਦਾਸ ਕੀਤੀ ਤੇ ਸਿੱਖ ਕੌਮ ਦੇ ਨਾਂ ਸੰਦੇਸ਼ ਪੜ੍ਹਿਆ। ਇਸ ਸੰਦੇਸ਼ ਦੀਆਂ ਕਾਪੀਆਂ ਬਾਅਦ ਵਿਚ ਸੰਗਤ ਵਿਚ ਵੀ ਵੰਡੀਆਂ ਗਈਆਂ।

ਸੰਦੇਸ਼ ਪੜ੍ਹਦਿਆਂ ਦਲ ਖਾਲਸਾ ਆਗੂ ਨੇ ਬੀਤੇ ਦਿਨਾਂ ਦੀ ਗੱਲ ਕੀਤੀ ਤੇ ਕਿਹਾ ਕਿ ਉਸ ਵੇਲੇ ਪੰਜਾਬ ਵਿਚ ਬੇਤਹਾਸ਼ਾ ਖੂਨ ਡੁੱਲ੍ਹਿਆ ਸੀ। ਇਸ ਜੰਗ ਦੌਰਾਨ ਜੋ ਲੋਕ ਬੇਦੋਸ਼ੇ ਮਾਰੇ ਗਏ ਸਨ, ਉਨ੍ਹਾਂ ਪ੍ਰਤੀ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ। ਵੱਖਰੇ ਪ੍ਰਭੂਸੱਤਾ ਸੰਪੰਨ ਰਾਜ ਲਈ ਹੁਣ ਨਵੇਂ ਅੰਦਾਜ਼ ਵਿਚ ਆਰੰਭੇ ਜਾ ਰਹੇ ਇਸ ਸੰਘਰਸ਼ ਨੂੰ ਜੰਗ ਦਾ ਦੂਜਾ ਪੜਾਅ ਕਰਾਰ ਦਿੱਤਾ ਗਿਆ ਹੈ ਤੇ ਇਸ ਵਿਚ ਸਮੂਹ ਪੰਜਾਬੀਆਂ ਤੇ ਹਿੰਦੂ ਭਾਈਚਾਰੇ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਤੀ ਜੇਕਰ ਕਿਸੇ ਸੰਪਰਦਾ ਜਾਂ ਭਾਈਚਾਰੇ ਦੇ ਮਨ ਵਿਚ ਕੋਈ ਖਦਸ਼ੇ ਹਨ ਤਾਂ ਦਲ ਖਾਲਸਾ ਇਹ ਖਦਸ਼ੇ ਦੂਰ ਕਰਨ ਲਈ ਤਿਆਰ ਹੈ। ਜਥੇਬੰਦੀ ਵੱਲੋਂ ਇਸ ਪ੍ਰਤੀ ਵੱਖ-ਵੱਖ ਖਦਸ਼ਿਆਂ ਤੇ ਸਵਾਲਾਂ ਦੇ ਜਵਾਬ ਦੇਣ ਲਈ ਸੂਬੇ ਵਿਚ ਵਿਚਾਰ-ਗੋਸ਼ਟੀਆਂ ਤੇ ਸੰਵਾਦ ਦੇ ਦੌਰ ਆਰੰਭ ਕੀਤੇ ਜਾਣਗੇ।

# ਸਮਾਜਿਕ ਸੁਰੱਖਿਆ ਦੇਣ ਪੱਖੋਂ ਵੀ ਪੰਜਾਬ ਫਾਡੀ

**ਚੰਡੀਗੜ੍ਹ:** ਅਜੇ ਦੇਸ਼ ਦੇ ਖੁਸ਼ਹਾਲ ਸੂਬਿਆਂ ਦੀ ਗਿਣਤੀ ਵਿਚ ਸ਼ੁਮਾਰ ਪੰਜਾਬ ਸੂਬਾ ਸਮਾਜਿਕ ਸੁਰੱਖਿਆ ਦੇ ਮਾਮਲੇ ਵਿਚ ਆਪਣੇ ਗੁਆਂਢੀ ਰਾਜਾਂ ਨਾਲੋਂ ਪਛੜ ਗਿਆ ਹੈ। ਪੰਜਾਬ ਦੇ ਗਰੀਬਾਂ, ਵਿਧਵਾਵਾਂ, ਅੰਗਹੀਣਾ ਤੇ ਨਿਆਸਰਿਆਂ ਨੂੰ ਸਰਕਾਰ ਵੱਲੋਂ ਮਹਿਜ਼ 250 ਰੁਪਏ ਪੈਨਸ਼ਨ ਦਿੱਤੀ ਜਾ ਰਹੀ ਹੈ ਜਦੋਂਕਿ ਹਰਿਆਣਾ, ਰਾਜਸਥਾਨ ਤੇ ਦਿੱਲੀ ਵਿਚ ਇਨ੍ਹਾਂ ਵਰਗਾਂ ਨੂੰ ਦਿੱਤੀ ਜਾਂਦੀ।

ਪੈਨਸ਼ਨਾਂ ਦੀ ਰਕਮ ਜ਼ਿਆਦਾ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੇ ਚੋਣ ਵਾਅਦੇ ਮੁਤਾਬਕ ਸਮਾਜਿਕ ਸੁਰੱਖਿਆ ਵਿਭਾਗ ਨੇ ਪਿਛਲੇ ਚਾਰ ਸਾਲਾਂ ਦੇ ਸਮੇਂ ਦੌਰਾਨ ਪੈਨਸ਼ਨਾਂ ਦੀ ਰਕਮ 250 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 400 ਕਰਨ ਲਈ ਸਰਕਾਰ ਨੂੰ ਤਿੰਨ ਵਾਰੀ ਕੇਸ ਭੇਜਿਆ ਹੈ ਪਰ ਸਰਕਾਰੀ ਖ਼ਜ਼ਾਨੇ ਵਿਚ ਪੈਸੇ ਦੀ ਘਾਟ ਕਾਰਨ ਸਰਕਾਰ ਸਮਾਜਿਕ ਸੁਰੱਖਿਆ ਦੇ ਖੇਤਰ ਵਿਚ ਆਪਣਾ ਵਾਅਦਾ ਨਿਭਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਵਿਭਾਗ ਦੇ ਸੂਤਰਾਂ ਮੁਤਾਬਕ ਪੈਨਸ਼ਨਾਂ ਦੀ ਰਕਮ ਵਧਾਉਣ ਲਈ ਦੋ ਵਾਰੀ ਤਾਂ ਪ੍ਰਸਤਾਵ ਰੱਦ ਕਰ ਦਿੱਤਾ ਗਿਆ ਜਦੋਂਕਿ ਤੀਜੀ ਵਾਰੀ ਪ੍ਰਸਤਾਵ ਕੁਝ ਦਿਨ ਪਹਿਲਾਂ ਹੀ ਸਰਕਾਰ ਨੂੰ ਭੇਜਿਆ ਹੈ।

ਪੰਜਾਬ ਦੇ ਸਮਾਜਿਕ ਸੁਰੱਖਿਆ ਵਿਭਾਗ ਨੇ ਜੋ ਤੱਥ ਇਕੱਠੇ ਕੀਤੇ ਹਨ, ਉਨ੍ਹਾਂ ਮੁਤਾਬਿਕ ਹਰਿਆਣਾ ਵਿਚ 70 ਸਾਲ ਤੋਂ ਘੱਟ ਉਮਰ ਦੇ ਬਜ਼ੁਰਗਾਂ ਨੂੰ 300 ਰੁਪਏ ਤੇ 70 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗਾਂ ਨੂੰ 500 ਰੁਪਏ ਪੈਨਸ਼ਨ ਦਿੱਤੀ ਜਾਂਦੀ ਹੈ। ਇਸ ਗੁਆਂਢੀ ਸੂਬੇ ਵਿਚ ਵਿਧਵਾਵਾਂ ਤੇ ਅੰਗਹੀਣਾਂ ਨੂੰ ਵੀ 500 ਰੁਪਏ ਪੈਨਸ਼ਨ ਮਿਲਦੀ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ 75 ਸਾਲ ਦੀ ਉਮਰ ਤੱਕ 300 ਤੇ 75 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗਾਂ ਨੂੰ 500 ਰੁਪਏ ਪੈਨਸ਼ਨ ਮਿਲਦੀ ਹੈ।

ਪੰਜਾਬ ਦੀ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਦਿਆਂ ਬਜ਼ੁਰਗ ਮਹਿਲਾਵਾਂ ਨੂੰ ਪੈਨਸ਼ਨ ਦੀ ਉਮਰ ਹੱਦ ਵਿਚ ਛੋਟ ਦਿੰਦਿਆਂ 58 ਤੋਂ ਘਟਾ ਕੇ 55 ਸਾਲ ਕਰ ਦਿੱਤੀ ਹੈ। ਸਰਕਾਰ ਵੱਲੋਂ ਉਮਰ 'ਚ ਛੋਟ ਦੇ ਫੈਸਲੇ ਨੂੰ ਵੱਡੀ ਰਾਹਤ ਤੇ ਸਮਾਜਿਕ ਖੇਤਰ ਵਿਚ ਪਹਿਲਕਦਮੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਪੰਜਾਬ ਵਿਚ ਇਸ ਸਮੇਂ ਪੈਨਸ਼ਨਾਂ ਦੇ ਕੁੱਲ ਲਾਭਪਾਤਰੀਆਂ ਦੀ ਗਿਣਤੀ 19 ਲੱਖ 10 ਹਜ਼ਾਰ 716 ਹੈ। ਇਨ੍ਹਾਂ ਨੂੰ 573.21 ਕਰੋੜ ਰੁਪਏ ਦੀ ਸਾਲਾਨਾ ਅਦਾਇਗੀ ਕੀਤੀ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਵਾਅਦਾ ਕੀਤਾ ਗਿਆ ਸੀ ਕਿ ਪੈਨਸ਼ਨਾਂ ਦੀ ਰਕਮ 400 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਜਾਵੇਗੀ।

# ਪੁਲਿਸ ਠੱਗ ਟਰੈਵਲ ਏਜੰਟਾਂ ਖ਼ਿਲਾਫ਼ ਹੋਈ ਸਰਗਰਮ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਬਦਨਾਮ ਟਰੈਵਲ ਏਜੰਟਾਂ ਦੇ ਸਿਰਾਂ ਲੱਖਾਂ ਦੇ ਇਨਾਮ ਰੱਖ ਦਿੱਤੇ ਹਨ। ਇਨ੍ਹਾਂ ਟਰੈਵਲ ਏਜੰਟਾਂ ਵੱਲੋਂ ਵਿਦੇਸ਼ ਭੇਜਣ ਦੇ ਨਾਂ ਹੇਠ ਲੋਕਾਂ ਨਾਲ ਵੱਡੀ ਠੱਗੀ ਮਾਰੀ ਗਈ ਹੈ। ਠੱਗੀ ਮਾਰਨ ਮਗਰੋਂ ਇਹ ਟਰੈਵਲ ਏਜੰਟ ਰੂਪੋਸ਼ ਹੋ ਗਏ ਹਨ। ਅਦਾਲਤਾਂ ਵੱਲੋਂ ਇਨ੍ਹਾਂ ਨੂੰ ਭਗੌੜੇ ਕਰਾਰ ਦੇ ਦਿੱਤਾ ਗਿਆ ਹੈ।

ਏ.ਡੀ.ਜੀ.ਪੀ.(ਇਟੈਲੀਜੈਂਸੀ) ਨੇ ਤਕਰੀਬਨ ਦੋ ਦਰਜਨ ਉਨ੍ਹਾਂ ਟਰੈਵਲ ਏਜੰਟਾਂ ਦੀ ਸੂਚੀ ਜਨਤਕ ਕੀਤੀ ਹੈ ਜਿਨ੍ਹਾਂ ਦੇ ਸਿਰਾਂ 'ਤੇ ਇਨਾਮ ਰੱਖੇ ਗਏ ਹਨ। ਪੰਜਾਬ ਪੁਲੀਸ ਨੇ 23 ਟਰੈਵਲ ਏਜੰਟਾਂ ਨੂੰ ਫੜਨ ਲਈ 5.90 ਲੱਖ ਰੁਪਏ ਦੇ ਇਨਾਮ ਰੱਖੇ ਹਨ। ਇਨ੍ਹਾਂ 'ਚੋਂ 22 ਭਗੌੜੇ ਹੋਏ ਟਰੈਵਲ ਏਜੰਟਾਂ ਦੇ ਸਿਰ 'ਤੇ 20-20 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਹੈ ਜਦੋਂਕਿ 'ਕਿੰਗ ਏਜੰਟ' ਦੇ ਸਿਰ 'ਤੇ ਸਭ ਤੋਂ ਜ਼ਿਆਦਾ 1.50 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਸਾਲ 2002 ਤੋਂ ਮਗਰੋਂ ਹੀ ਇਨ੍ਹਾਂ ਟਰੈਵਲ ਏਜੰਟਾਂ 'ਤੇ ਪੁਲੀਸ ਕੇਸ ਦਰਜ ਕੀਤੇ ਗਏ ਹਨ। ਪੜਤਾਲ ਵਿਚ ਇਨ੍ਹਾਂ ਵੱਲੋਂ ਮਾਰੀ ਠੱਗੀ ਸਾਬਤ ਹੋ ਗਈ ਹੈ। ਪੰਜਾਬ ਪੁਲਿਸ ਵਲੋਂ ਪਹਿਲੇ ਪੜਾਅ ਵਿਚ ਸਿਰਫ ਉਨ੍ਹਾਂ ਟਰੈਵਲ ਏਜੰਟਾਂ ਦੇ ਸਿਰ 'ਤੇ ਇਨਾਮ ਰੱਖਿਆ ਗਿਆ ਹੈ ਜਿਨ੍ਹਾਂ 'ਤੇ ਦੋ ਜਾਂ ਦੋ ਤੋਂ ਵੱਧ ਪੁਲੀਸ ਕੇਸ ਦਰਜ ਹਨ।

**23 ਏਜੰਟਾਂ ਸਿਰ ਇਨਾਮ ਐਲਾਨਿਆ**

ਏ.ਡੀ.ਜੀ.ਪੀ (ਇਟੈਲੀਜੈਂਸੀ) ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਜੇ ਕੋਈ ਵਿਅਕਤੀ ਇਨ੍ਹਾਂ ਭਗੌੜੇ ਲੋਕਾਂ ਦੀ ਸੂਹ ਦਿੰਦਾ ਹੈ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਂਦਾ ਹੈ ਤਾਂ ਉਸ ਨੂੰ ਪੁਲਿਸ ਨਗਦ ਰਾਸ਼ੀ ਇਨਾਮ ਵਜੋਂ ਦੇਵੇਗੀ। ਇਹ ਬਦਨਾਮ ਟਰੈਵਲ ਏਜੰਟ ਹਨ ਜੋ ਕਿ ਪੁਲਿਸ ਹੱਥੋਂ ਬਚੇ ਹੋਏ ਹਨ, ਇਨ੍ਹਾਂ 'ਚੋਂ ਸਭ ਤੋਂ ਵੱਧ ਮਾਲਵਾ ਖਿੱਤੇ ਦੇ ਹਨ। ਇਕੱਲੇ ਮਾਲਵਾ ਇਲਾਕੇ ਦੇ ਇਕ ਦਰਜਨ ਟਰੈਵਲ ਏਜੰਟ ਹਨ ਜੋ ਕਈ ਕਈ ਵਰ੍ਹਿਆਂ ਤੋਂ ਭਗੌੜੇ ਹਨ। ਇਨ੍ਹਾਂ ਭਗੌੜਿਆਂ 'ਚ ਤਿੰਨ ਔਰਤਾਂ ਵੀ ਸ਼ਾਮਲ ਹਨ। ਬਠਿੰਡਾ ਜ਼ੋਨ ਦੇ ਫਰੀਦਕੋਟ ਜ਼ਿਲ੍ਹੇ ਦੇ ਸਭ ਤੋਂ ਵੱਧ ਪੰਜ ਭਗੌੜੇ ਟਰੈਵਲ ਏਜੰਟਾਂ ਸਿਰ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਇਨ੍ਹਾਂ 'ਚੋਂ ਦੋ ਭਗੌੜੇ ਕੋਟਕਪੂਰਾ ਦੇ ਹਨ ਜਦੋਂਕਿ ਤਿੰਨ ਭਗੌੜੇ ਜੈਤੋ ਮੰਡੀ ਦੇ ਹਨ। ਜੈਤੋ ਦੀ ਹਰਬੰਸ ਕੌਰ ਉਰਫ ਨੈਬੋ ਤੇ ਉਸ ਦੇ ਪੁੱਤਰ ਜਸਵਿੰਦਰ ਸਿੰਘ ਉਰਫ ਰਿੰਕੂ ਨੂੰ ਕਈ ਵਰ੍ਹਿਆਂ ਤੋਂ ਭਗੌੜੇ ਐਲਾਨਿਆ ਹੋਇਆ ਹੈ। ਦੁਆਬੇ ਦੇ ਗਗਨ ਕੁਮਾਰ ਬਖਸ਼ ਵਿਰੁੱਧ ਸਭ ਤੋਂ ਵੱਧ 76 ਕੇਸ ਦਰਜ ਹਨ। ਇਨ੍ਹਾਂ ਕੇਸਾਂ 'ਚ ਸਭ ਤੋਂ ਜ਼ਿਆਦਾ ਕੇਸ ਧੋਖਾਧੜੀ ਦੇ ਹਨ। ਇਹ ਲਾਂਬੜਾ ਦਾ ਵਸਨੀਕ ਹੈ ਜਿਸ ਦੇ ਸਿਰ 'ਤੇ ਸਭ ਤੋਂ ਜ਼ਿਆਦਾ 1.50 ਲੱਖ ਰੁਪਏ ਦਾ ਨਗਦ ਇਨਾਮ ਰੱਖਿਆ ਗਿਆ ਹੈ। ਦੁਆਬੇ ਤੇ ਮਾਝੇ ਦੇ ਕਰੀਬ ਹਰ ਜ਼ਿਲ੍ਹੇ 'ਚ ਇਸ ਟਰੈਵਲ ਏਜੰਟ 'ਤੇ ਪੁਲੀਸ ਕੇਸ ਦਰਜ ਹਨ। ਪਿਛਲੇ 10 ਸਾਲਾਂ 'ਚ ਉਸ 'ਤੇ ਇਹ ਪੁਲੀਸ ਕੇਸ ਦਰਜ ਹੋਏ ਹਨ। ਕਈ ਕੇਸਾਂ 'ਚ ਉਹ ਅਦਾਲਤ ਵੱਲੋਂ ਭਗੌੜਾ ਐਲਾਨਿਆ ਜਾ ਚੁੱਕਾ ਹੈ।

ਪੰਜਾਬ ਪੁਲੀਸ ਵੱਲੋਂ ਪਿਛਲੇ ਕੁਝ ਸਮੇਂ ਤੋਂ ਭਗੌੜਿਆਂ ਨੂੰ ਫੜਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਦੋ ਟਰੈਵਲ ਏਜੰਟ ਲੁਧਿਆਣਾ ਜ਼ਿਲ੍ਹੇ ਦੇ ਹਨ ਜਿਨ੍ਹਾਂ ਨੂੰ ਫੜਨ ਵਾਸਤੇ ਇਨਾਮ ਰੱਖਣ ਦੀ ਲੋੜ ਪਈ ਹੈ। ਸਿੱਧਵਾਂ ਬੇਟ ਥਾਣੇ 'ਚ ਸੁਖਵਿੰਦਰ ਸਿੰਘ 'ਤੇ ਦੋ ਪੁਲਿਸ ਕੇਸ ਦਰਜ ਹੋਏ ਹਨ ਜੋ ਕਿ ਧੋਖਾਧੜੀ ਦੇ ਹਨ। ਚਮਕੌਰ ਸਾਹਿਬ ਦੀ ਰੇਖਾ ਰਾਣੀ 'ਤੇ ਵੀ 20 ਹਜ਼ਾਰ ਰੁਪਏ ਦਾ ਇਨਾਮ ਪੁਲਿਸ ਨੇ ਰੱਖਿਆ ਹੈ ਤੇ ਇਸ ਤਰ੍ਹਾਂ ਜਲੰਧਰ ਦੀ ਪ੍ਰੀਤੀ 'ਤੇ ਵੀ ਨਗਦ ਇਨਾਮ ਰੱਖਣਾ ਪਿਆ ਹੈ। ਬਠਿੰਡਾ ਜ਼ੋਨ ਦੇ ਆਈ.ਜੀ. ਨਿਰਮਲ ਸਿੰਘ ਢਿੱਲੋਂ ਦਾ ਕਹਿਣਾ ਸੀ ਕਿ ਬਠਿੰਡਾ ਜ਼ੋਨ 'ਚ ਇਸੇ ਵਰ੍ਹੇ 300 ਦੇ ਕਰੀਬ ਭਗੌੜੇ ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ

# ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਹੋਰ ਵਿਗੜੀ

**ਚੰਡੀਗੜ੍ਹ:** ਪੰਜਾਬ ਵਿਚ ਰੋਜ਼ਾਨਾ ਡਕੈਤੀਆਂ, ਸੰਨ੍ਹਾਂ, ਚੋਰੀਆਂ ਤੇ ਲੁੱਟ ਦੀਆਂ ਘੱਟੋ-ਘੱਟ 30 ਵਾਰਦਾਤਾਂ ਹੁੰਦੀਆਂ ਹਨ। ਪੰਜਾਬ ਪੁਲਿਸ ਨੇ ਪਿਛਲੇ ਵਰ੍ਹੇ ਅਜਿਹੇ ਅਪਰਾਧਾਂ ਦੇ 10,664 ਕੇਸ ਦਰਜ ਕੀਤੇ ਸਨ ਜਦਕਿ ਅਸਲ ਵਿਚ ਅਜਿਹੇ ਅਪਰਾਧਾਂ ਦੀਆਂ ਘਟਨਾਵਾਂ ਦੇ ਅੰਕੜੇ ਇਸ ਤੋਂ ਕਿਤੇ ਵੱਧ ਹਨ ਕਿਉਂਕਿ ਪੰਜਾਬ ਦੇ ਥਾਣਿਆਂ ਵਿਚ ਚੋਰੀਆਂ ਦੇ ਮਾਮਲੇ ਛੇਤੀ ਦਰਜ ਨਹੀਂ ਕੀਤੇ ਜਾਂਦੇ।

**ਚੋਰੀ ਤੇ ਲੁੱਟ ਦੀਆਂ ਹਰ ਰੋਜ਼ 30 ਵਾਰਦਾਤਾਂ**

ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਅਜਿਹੇ ਮਾਮਲੇ ਜਿਥੇ ਹੱਲ ਕਰਨ ਦੀ ਦਰ ਬੜੀ ਘੱਟ ਹੈ ਉਥੇ ਅਦਾਲਤਾਂ ਵਿਚੋਂ ਪੰਜਾਹ ਫੀਸਦੀ ਤੋਂ ਵੱਧ ਮੁਲਜ਼ਮ ਬਰੀ ਹੋ ਰਹੇ ਹਨ। ਸਾਲ 2010 ਦੌਰਾਨ ਪੰਜਾਬ ਵਿਚ ਡਾਕੇ ਵੱਜਣ ਦੀਆਂ ਕੁੱਲ 65 ਘਟਨਾਵਾਂ ਵਾਪਰੀਆਂ ਹਨ ਜੋ ਕਿ ਸਾਲ 2009 ਤੋਂ 72 ਫੀਸਦੀ ਵੱਧ ਹਨ। 2009 ਦੌਰਾਨ ਰਾਜ ਵਿਚ ਡਾਕੇ ਦੀਆਂ 38 ਘਟਨਾਵਾਂ ਵਾਪਰੀਆਂ ਸਨ। ਪੰਜਾਬ ਪੁਲਿਸ ਡਾਕਿਆਂ ਦੇ ਸਿਰਫ 51 ਮਾਮਲੇ ਹੀ ਹੱਲ ਕਰਨ ਵਿਚ ਕਾਮਯਾਬ ਹੋਈ ਹੈ ਤੇ ਫਿਲਹਾਲ ਸਿਰਫ 9 ਮਾਮਲਿਆਂ 'ਚ ਸ਼ਾਮਲ ਮੁਲਜ਼ਮਾਂ ਨੂੰ ਹੀ ਸਜ਼ਾ ਮਿਲੀ ਹੈ। ਅਜਿਹੇ 22 ਮਾਮਲਿਆਂ ਵਿਚੋਂ ਮੁਲਜ਼ਮ ਬਰੀ ਹੋ ਚੁੱਕੇ ਹਨ। ਪੁਲਿਸ ਡਕੈਤੀ ਦੇ ਸਿਰਫ 29 ਫੀਸਦੀ ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਦਿਵਾ ਸਕੀ ਹੈ। ਇਸੇ ਤਰ੍ਹਾਂ ਸਾਲ 2010 ਦੌਰਾਨ ਸੰਨ੍ਹ ਲੱਗਣ ਦੀਆਂ 2661 ਘਟਨਾਵਾਂ ਵਾਪਰੀਆਂ ਹਨ ਜੋ 2009 ਤੋਂ 154 ਵੱਧ ਹਨ। ਪੁਲਿਸ ਇਨ੍ਹਾਂ ਵਿਚੋਂ ਸਿਰਫ 1275 ਮਾਮਲੇ ਹੀ ਹੱਲ ਕਰਨ ਵਿਚ ਸਫਲ ਰਹੀ ਹੈ। ਸੰਨ੍ਹਮਾਰ ਦੇ 520 ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ ਜਦਕਿ 337 ਮਾਮਲਿਆਂ ਵਿਚੋਂ ਮੁਲਜ਼ਮ ਬਰੀ ਹੋ ਗਏ ਹਨ। ਇਸ ਤਰ੍ਹਾਂ ਪੁਲਿਸ ਇਨ੍ਹਾਂ ਮਾਮਲਿਆਂ ਵਿਚੋਂ ਕੇਵਲ 58 ਫੀਸਦ ਦੇ ਕਰੀਬ ਦੋਸ਼ੀਆਂ ਨੂੰ ਹੀ ਸਜ਼ਾ ਦਿਵਾ ਸਕੀ ਹੈ।

ਪੰਜਾਬ ਪੁਲਿਸ ਨੇ ਰਾਜ ਭਰ ਵਿਚ ਚੋਰੀਆਂ ਦੇ 2009 ਦੌਰਾਨ 4377 ਮਾਮਲੇ ਦਰਜ ਕੀਤੇ ਸਨ, ਪਿਛਲੇ ਵਰ੍ਹੇ ਚੋਰੀਆਂ ਦੇ ਮਾਮਲੇ ਵਿਚ ਕੁਝ ਕਮੀ ਆਈ ਤੇ ਅਜਿਹੇ 4170 ਮਾਮਲੇ ਦਰਜ ਕੀਤੇ ਗਏ। ਪੁਲਿਸ ਇਨ੍ਹਾਂ ਵਿਚੋਂ 1930 ਮਾਮਲੇ ਹੀ ਹੱਲ ਕਰਨ ਵਿਚ ਸਫਲ ਹੋਈ ਹੈ। ਇਨ੍ਹਾਂ ਵਿਚੋਂ 810 ਮਾਮਲਿਆਂ ਵਿਚ ਅਦਾਲਤ ਨੇ ਦੋਸ਼ੀਆਂ ਨੂੰ ਸਜ਼ਾ ਸੁਣਾਈ ਹੈ ਜਦਕਿ 764 ਮਾਮਲਿਆਂ ਵਿਚੋਂ ਮੁਲਜ਼ਮ ਬਰੀ ਹੋ ਗਏ ਹਨ। ਪੁਲੀਸ ਚੋਰੀ ਦੇ ਮਾਮਲਿਆਂ ਵਿਚੋਂ 51 ਫੀਸਦੀ ਦੇ ਕਰੀਬ ਮੁਲਜ਼ਮਾਂ ਨੂੰ ਹੀ ਸਜ਼ਾ ਦਿਵਾਉਣ ਵਿਚ ਕਾਮਯਾਬ ਹੋਈ ਹੈ। ਰਾਜ ਵਿਚ ਲੁੱਟਾਂ ਦੇ ਮਾਮਲੇ ਵਿਚ ਭਾਰੀ ਵਾਧਾ ਹੋਇਆ ਹੈ। 2009 ਦੌਰਾਨ ਰਾਜ ਵਿਚ ਲੁੱਟਾਂ ਦੇ 171 ਮਾਮਲੇ ਵਾਪਰੇ ਸਨ ਜਦਕਿ ਪਿਛਲੇ ਵਰ੍ਹੇ ਅਜਿਹੀਆਂ 241 ਘਟਨਾਵਾਂ ਵਾਪਰੀਆਂ ਹਨ। ਪੁਲਿਸ ਇਨ੍ਹਾਂ ਵਿਚੋਂ 191 ਮਾਮਲੇ ਹੀ ਹੱਲ ਕਰਨ ਵਿਚ ਕਾਮਯਾਬ ਹੋਈ ਹੈ। ਇਨ੍ਹਾਂ ਵਿਚੋਂ 38 ਮਾਮਲਿਆਂ ਦੇ ਦੋਸ਼ੀਆਂ ਨੂੰ ਹੀ ਸਜ਼ਾ ਮਿਲੀ ਹੈ ਜਦਕਿ ਵੱਖ-ਵੱਖ ਅਦਾਲਤਾਂ ਵਿਚੋਂ ਲੁੱਟਾਂ ਦੇ 66 ਮਾਮਲਿਆਂ ਦੇ ਮੁਲਜ਼ਮ ਬਰੀ ਹੋ ਗਏ ਹਨ। ਲੁੱਟਾਂ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਢਿੱਲੀ ਰਹੀ ਹੈ ਕਿਉਂਕਿ ਪੁਲਿਸ ਹਾਲੇ ਤੱਕ ਕੇਵਲ 37 ਫੀਸਦੀ ਮਾਮਲਿਆਂ ਵਿਚ ਹੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਕਾਮਯਾਬ ਹੋਈ ਹੈ।

ਪੰਜਾਬ ਵਿਚ ਠੱਗੀਆਂ ਮਾਰਨ ਦੇ ਮਾਮਲਿਆਂ ਵਿਚ ਕਾਫੀ ਵਾਧਾ ਹੋਇਆ ਹੈ। ਪਿਛਲੇ ਵਰ੍ਹੇ ਪੁਲੀਸ ਨੇ ਠੱਗੀਆਂ ਮਾਰਨ ਦੇ ਦੋਸ਼ ਹੇਠ 3527 ਮਾਮਲੇ ਦਰਜ ਕੀਤੇ ਹਨ ਜਦਕਿ ਸਾਲ 2009 ਵਿਚ ਅਜਿਹੇ ਅਪਰਾਧ ਦੇ ਕੁੱਲ 3097 ਮਾਮਲੇ ਦਰਜ ਹੋਏ ਸਨ। ਉਂਝ ਠੱਗੀ ਦੇ ਮਾਮਲੇ 'ਚ ਪੁਲਿਸ ਨੇ 99 ਫੀਸਦੀ ਭਾਵ 3497 ਮਾਮਲੇ ਹੱਲ ਕਰ ਲਏ ਹਨ। ਪੁਲਿਸ ਅਜਿਹੇ ਮਾਮਲਿਆਂ ਵਿਚ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਵਿਚ ਪਛੜ ਗਈ ਹੈ ਕਿਉਂਕਿ ਹਾਲੇ ਤੱਕ ਇਨ੍ਹਾਂ ਮਾਮਲਿਆਂ ਵਿਚੋਂ 472 ਕੇਸਾਂ ਨਾਲ ਸਬੰਧਤ ਮੁਲਜ਼ਮਾਂ ਨੂੰ ਹੀ ਸਜ਼ਾ ਮਿਲੀ ਹੈ ਜਦਕਿ 1362 ਠੱਗੀਆਂ ਦੇ ਮਾਮਲਿਆਂ ਨਾਲ ਸਬੰਧਤ ਮੁਲਜ਼ਮ ਅਦਾਲਤਾਂ ਵਿਚੋਂ ਬਰੀ ਹੋ ਗਏ ਹਨ। ਪੁਲੀਸ ਦੀ ਠੱਗੀਆਂ ਹੱਲ ਕਰਨ ਦੀ ਦਰ 99 ਫੀਸਦੀ ਹੈ ਪਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਦਰ ਪਛੜ ਕੇ 26 ਫੀਸਦੀ ਹੀ ਰਹਿ ਗਈ ਹੈ।



ਪੰਜਾਬ ਪੁਲਿਸ ਜਿਸ ਦੀ ਨਾ-ਅਹਿਲੀਅਤ ਕਾਰਨ ਵਾਰਦਾਤਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ।

# ਭ੍ਰਿਸ਼ਟਾਚਾਰ ਖਿਲਾਫ ਮੁਹਿੰਮ:ਹੁਣ ਟਾਕੀਆਂ ਨਾਲ ਨਹੀਂ ਸਰਨਾ

## ਸਿਆਸਤ ਦਾ ਪਿੜ

**ਜਤਿੰਦਰ ਪਨੂੰ**

***ਅੰਨਾ ਹਜ਼ਾਰੇ ਨਹੀਂ ਆਖਦਾ ਤਾਂ ਨਾ ਆਖੇ, ਅਸੀਂ ਆਖ ਦੇਂਦੇ ਹਾਂ ਕਿ ਜਿਹੜਾ ਪ੍ਰਬੰਧ ਭਾਰਤ ਵਿਚ ਚੱਲ ਰਿਹਾ ਹੈ, ਜੇ ਇਹ ਹੁਣ ਵਾਲੇ ਢੰਗ ਨਾਲ ਹੀ ਚੱਲਦਾ ਰਿਹਾ ਤਾਂ ਅੱਜ ਜਾਂ ਭਲਕ ਦੇ ਸਮੇਂ ਦੀ ਗੱਲ ਹੋ ਸਕਦੀ ਹੈ, ਚੁਣੌਤੀ ਇਸ ਨੂੰ ਮਿਲਣੀ ਹੀ ਮਿਲਣੀ ਹੈ; ਕੋਈ ਵੀ ਸਰਕਾਰ ਜਾਂ ਪਾਰਟੀ ਉਹ ਘੜੀ ਆਉਣ ਤੋਂ ਰੋਕ ਨਹੀਂ ਸਕਦੀ।...ਅੰਨਾ ਹਜ਼ਾਰੇ ਹੋਵੇ ਜਾਂ ਕੋਈ ਹੋਰ, ਇਹ ਸਾਰੇ ਪ੍ਰਬੰਧ ਨੂੰ ਚੁਣੌਤੀ ਨਹੀਂ ਦੇ ਰਹੇ। ਇਹ ਤਾਂ ਇਸ ਪ੍ਰਬੰਧ ਵਾਲੇ ਤੰਬੂ ਦੇ ਮਘੋਰਿਆਂ ਨੂੰ ਟਾਕੀਆਂ ਲਾਉਣ ਵਾਲੇ ਹਨ। ਹਕੀਕੀ ਹਾਲਾਤ ਇਹ ਹਨ ਕਿ ਇਸ ਤੰਬੂ ਵਿਚ ਜਿਹੜੇ ਮੀਲ-ਮੀਲ ਲੰਮੇ ਲੰਗਾਰ ਪੈ ਚੁੱਕੇ ਹਨ, ਉਨ੍ਹਾਂ ਨੂੰ ਟਾਕੀਆਂ ਲਾਉਣ ਦੀ ਹੁਣ ਗੁੰਜਾਇਸ਼ ਹੀ ਨਹੀਂ ਰਹਿ ਗਈ। ਜਿਸ ਦਾ ਜਿੰਨਾ ਜ਼ੋਰ ਲੱਗਦਾ ਹੈ, ਲਾਈ ਜਾਵੇ; ਇਸ ਪ੍ਰਬੰਧ ਨੂੰ ਅੱਜ ਨਹੀਂ ਤਾਂ ਕੱਲ੍ਹ, ਚੁਣੌਤੀ ਮਿਲਣੀ ਹੀ ਮਿਲਣੀ ਹੈ।***

ਦਿੱਲੀ ਵਿਚ ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਵੱਲੋਂ ਮਾਰੇ ਗਏ ਧਰਨੇ, ਰੱਖੇ ਗਏ ਮਰਨ-ਵਰਤ ਅਤੇ ਸਰਕਾਰ ਨਾਲ ਹੋਏ ਸਮਝੌਤੇ ਪਿੱਛੋਂ ਇੱਦਾਂ ਦੀ ਬਹਿਸ ਛਿੜ ਪਈ ਹੈ ਜਿਹੜੀ ਰੁਕਣ ਵਾਲੀ ਵੀ ਨਹੀਂ, ਤੇ ਕਿਸੇ ਤਣ-ਪੱਤਣ ਲਾਉਣ ਵਾਲੀ ਵੀ ਨਹੀਂ। ਸਰਕਾਰ ਦੇ ਢਾਡੀ ਇਹ ਕਹਿਣ ਲੱਗ ਪਏ ਹਨ ਕਿ ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀ ਇਸ ਦੇਸ਼ ਦੀ ਰਾਜ ਪ੍ਰਣਾਲੀ ਨੂੰ ਚੁਣੌਤੀ ਪੇਸ਼ ਕਰ ਰਹੇ ਹਨ। ਵਿਰੋਧੀ ਧਿਰ ਦੀ ਮੁੱਖ ਪਾਰਟੀ ਇਕ ਪਾਸੇ ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਨੂੰ ਸਹੀ ਠਹਿਰਾ ਰਹੀ ਹੈ ਤੇ ਦੂਜੇ ਪਾਸੇ ਸਰਕਾਰ ਚਲਾਉਣ ਵਾਲਿਆਂ ਦੇ ਇਸ ਪੱਖ ਤੋਂ ਨਾਲ ਵੀ ਖੜ੍ਹੀ ਹੈ ਕਿ ਦੇਸ਼ ਵਿਚ ਚੱਲ ਰਿਹਾ ਰਾਜ ਪ੍ਰਬੰਧ ਜਿਸ ਕਿਸਮ ਦਾ ਵੀ ਹੈ, ਉਸ ਨੂੰ ਚੁਣੌਤੀ ਨਹੀਂ ਦਿੱਤੀ ਜਾਣੀ ਚਾਹੀਦੀ। ਅੰਨਾ ਹਜ਼ਾਰੇ ਦੇ ਸਾਥੀ ਭ੍ਰਿਸ਼ਟਾਚਾਰ ਵਿਰੁਧ ਆਪਣੀ ਗੱਲ ਉਤੇ ਖੜ੍ਹੇ ਰਹਿ ਕੇ ਵੀ ਇਸ ਪੱਖ ਤੋਂ ਆਪਣੇ ਬਚਾਅ ਦਾ ਪੈਂਤੜਾ ਮੱਲਣ ਲੱਗ ਪਏ ਹਨ ਤੇ ਮੁੜ-ਮੁੜ ਸਫਾਈਆਂ ਦਿੰਦੇ ਨਜ਼ਰ ਆ ਰਹੇ ਹਨ ਕਿ ਉਨ੍ਹਾਂ ਦਾ ਮਕਸਦ ਦੇਸ਼ ਦੇ ਪ੍ਰਬੰਧ ਨੂੰ ਚੁਣੌਤੀ ਦੇਣ ਦਾ ਨਹੀਂ। ਗੱਲ ਭ੍ਰਿਸ਼ਟਾਚਾਰ ਦੇ ਵਿਰੋਧ ਤੋਂ ਤੁਰੀ ਸੀ ਤੇ ਪ੍ਰਬੰਧ ਦੀ ਕਿਸਮ ਨੂੰ ਚੁਣੌਤੀ ਦੇਣ ਜਾਂ ਨਾ ਦੇਣ ਤੱਕ ਪਹੁੰਚ ਗਈ ਹੈ।

ਕੀ ਕੋਈ ਪ੍ਰਬੰਧ ਇੰਨਾ ਪਵਿੱਤਰ ਵੀ ਹੋ ਸਕਦਾ ਹੈ ਕਿ ਉਸ ਨੂੰ ਚੁਣੌਤੀ ਦੇਣ ਦੀ ਗੱਲ ਨੂੰ ਇਹੋ ਜਿਹਾ ਗੁਨਾਹ ਬਣਾ ਕੇ ਪੇਸ਼ ਕੀਤਾ ਜਾਵੇ ਕਿ ਅਗਲੇ ਨੂੰ ਜਿਉਂਦੇ-ਜੀਅ ਨਰਕ ਵਿਚ ਪੈਣ ਦਾ ਡਰ ਸਤਾਉਣ ਲੱਗ ਜਾਵੇ? ਇੱਦਾਂ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਰਾਜ ਕਰਨ ਵਾਲੇ ਭਾਵੇਂ ਜ਼ੁਲਮ ਦੀ ਹਨੇਰੀ ਲੈ ਆਉਣ, ਜੁੱਤੀ ਦੇ ਜ਼ੋਰ ਨਾਲ ਜਨਤਾ ਨੂੰ ਦਬਾਈ ਫਿਰਨ, ਉਹ ਜਿਸ ਵੀ ਮੁਲਕ ਵਿਚ ਹੋਣ, ਇਹੋ ਕਹਿੰਦੇ ਹਨ ਕਿ ਰਾਜ ਪ੍ਰਬੰਧ ਦੀ ਇਹੋ ਕਿਸਮ ਸਭਨਾਂ ਤੋਂ ਚੰਗੀ ਹੈ। ਅਸਲ ਵਿਚ ਕੋਈ ਰਾਜ ਚੰਗਾ ਹੈ ਜਾਂ ਨਹੀਂ, ਇਸ ਦਾ ਨਿਬੇੜਾ ਅਮਲਾਂ ਨੇ ਕਰਨਾ ਹੁੰਦਾ ਹੈ। ਅੰਨਾ ਹਜ਼ਾਰੇ ਨਹੀਂ ਆਖਦਾ ਤਾਂ ਨਾ ਆਖੇ, ਅਸੀਂ ਆਖ ਦੇਂਦੇ ਹਾਂ ਕਿ ਜਿਹੜਾ ਪ੍ਰਬੰਧ ਭਾਰਤ ਵਿਚ ਚੱਲ ਰਿਹਾ ਹੈ, ਜੇ ਇਹ ਹੁਣ ਵਾਲੇ ਢੰਗ ਨਾਲ ਹੀ ਚੱਲਦਾ ਰਿਹਾ ਤਾਂ ਅੱਜ ਜਾਂ ਭਲਕ ਦੇ ਸਮੇਂ ਦੀ ਗੱਲ ਹੋ ਸਕਦੀ ਹੈ, ਚੁਣੌਤੀ ਇਸ ਨੂੰ ਮਿਲਣੀ ਹੀ ਮਿਲਣੀ ਹੈ; ਕੋਈ ਵੀ ਸਰਕਾਰ ਜਾਂ ਪਾਰਟੀ ਉਹ ਘੜੀ ਆਉਣ ਤੋਂ ਰੋਕ ਨਹੀਂ ਸਕਦੀ।

ਅੱਜ ਦੀ ਤਾਰੀਖ ਵਿਚ ਸਭ ਤੋਂ ਵੱਡਾ ਘੁਟਾਲਾ ਟੈਲੀਕਾਮ ਦੇ 2-ਜੀ ਸਪੈਕਟ੍ਰਮ ਦਾ ਹੈ ਜਾਂ ਕੋਈ ਹੋਰ, ਇਸ ਬਾਰੇ ਤਾਂ ਬਹਿਸ ਹੋ ਸਕਦੀ ਹੈ; ਇਹ ਗੱਲ ਕੋਈ ਨਹੀਂ ਕਹਿ ਸਕਦਾ ਕਿ ਹੇਰਾਫੇਰੀ ਹੋਈ ਹੀ ਨਹੀਂ। ਖੇਡਾਂ ਦੇ ਨਾਂ ਉਤੇ ਹੇਰਾਫੇਰੀ, ਖੇਤਾਂ ਦੇ ਨਾਂ ਉਤੇ ਵੀ ਹੇਰਾਫੇਰੀ, ਗਰੀਬਾਂ ਦੇ ਨਾਂ ਉਤੇ ਵੀ ਚੋਰਾਂ ਨੇ ਘਰ ਭਰ ਲਏ ਤੇ ਸ਼ਹੀਦਾਂ ਦਾ ਨਾਂ ਵਰਤ ਕੇ ਵੀ ਕੋਈ ਰੱਖਿਆ ਮੰਤਰੀ ਖੱਫਣਾਂ ਵਿਚੋਂ ਕਮਿਸ਼ਨ ਖਾ ਗਿਆ ਤੇ ਕਿਸੇ ਰਾਜ ਦਾ ਮੁੱਖ ਮੰਤਰੀ ਆਦਰਸ਼ ਸੁਸਾਇਟੀ ਵਾਲੀ ਲੁੱਟ ਮਚਾ ਕੇ 'ਆਦਰਸ਼' ਸ਼ਬਦ ਉਤੇ ਕਾਲਖ ਲਾ ਗਿਆ ਹੈ। ਜਿਨ੍ਹਾਂ ਨੇ ਇਹ ਕੁਝ ਕੀਤਾ ਹੈ, ਉਹ ਸਾਰੇ ਇਸ ਪ੍ਰਬੰਧ ਅਧੀਨ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹੋਣ ਦਾ ਦਾਅਵਾ ਕਰਦੇ ਹਨ ਤੇ ਇਸ ਪ੍ਰਬੰਧ ਦੇ ਝੰਡਾਬਰਦਾਰ ਬਣ ਕੇ ਅੰਨਾ ਹਜ਼ਾਰੇ ਵਰਗਿਆਂ ਨੂੰ ਆਪਣੇ ਬਚਾਅ ਲਈ ਮਜਬੂਰ ਕਰ ਦਿੰਦੇ ਹਨ। ਕੱਲ੍ਹ ਦੇ ਖਾਕੀ-ਨੰਗ ਜਿਸ ਪ੍ਰਬੰਧ ਦੀ ਕ੍ਰਿਪਾ ਨਾਲ ਕੱਖਾਂ ਤੋਂ ਲੱਖਾਂ ਦੇ ਨਹੀਂ, ਕਰੋੜਾਂ ਨੂੰ ਟੱਪ ਕੇ ਅਰਬਾਂ ਅਤੇ ਖਰਬਾਂ ਦੇ ਮਾਲਕ ਬਣ ਗਏ ਹਨ, ਉਨ੍ਹਾਂ ਲਈ ਇਸ ਤੋਂ ਸੁਲੱਖਣਾ ਪ੍ਰਬੰਧ ਹੋਰ ਕੋਈ ਹੋ ਹੀ ਨਹੀਂ ਸਕਦਾ। ਜਿਹੜੀ ਗੱਲ ਉਹ ਭੁੱਲ ਜਾਂਦੇ ਹਨ, ਉਹ ਇਹ ਕਿ ਅੰਗਰੇਜ਼ਾਂ ਨੂੰ ਕੱਢ ਕੇ ਅਜੋਕਾ ਪ੍ਰਬੰਧ ਕਾਇਮ ਕਰਨ ਲਈ ਕੁਰਬਾਨੀਆਂ ਦੇਣ ਨੂੰ ਆਮ ਲੋਕ ਜੇਲ੍ਹਾਂ ਵਿਚ ਗਏ ਸਨ, ਚੋਰ ਮਾਨਸਿਕਤਾ ਵਾਲੀ ਧਾੜ ਓਦੋਂ ਵੀ ਚੱਲ ਰਹੇ 'ਪ੍ਰਬੰਧ' ਨੂੰ ਬਚਾਉਣ ਲਈ ਸਿੱਧਾ ਜਾਂ ਲੁਕਵਾਂ ਅੰਗਰੇਜ਼ਾਂ ਦਾ ਸਾਥ ਦੇ ਰਹੀ ਸੀ। ਜਦੋਂ ਨਵੇਂ ਪ੍ਰਬੰਧ ਨੂੰ ਆਪਣੇ ਪੈਰਾਂ ਉਤੇ ਖੜ੍ਹਾ ਹੋਇਆ ਦੇਖ ਲਿਆ, ਫਿਰ ਕੱਲ੍ਹ ਤੱਕ 'ਗਾਡ ਸੇਵ ਦੀ ਕੁਈਨ' ਗਾਉਣ ਵਾਲੇ ਬਾਕੀਆਂ ਤੋਂ ਉਚੀ ਸੁਰ ਵਿਚ 'ਜਨ ਗਣ ਮਨ' ਗਾਉਣ ਲੱਗ ਪਏ ਤੇ ਕੁਰਬਾਨੀਆਂ ਕਰਨ ਵਾਲੇ ਪਿੱਛੇ ਧੱਕ ਦਿੱਤੇ ਗਏ ਸਨ।

ਅੱਜ ਡਾ. ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਦੇ ਸਹਿਯੋਗੀ ਵੀ ਇਹ ਕਹਿੰਦੇ ਹਨ ਤੇ ਵਿਰੋਧ ਦੀ ਮੁੱਖ ਧਿਰ ਵੀ ਇਹੋ ਕਹਿੰਦੀ ਹੈ ਕਿ ਲੋਕ-ਰਾਜ ਦੇ ਪ੍ਰਬੰਧ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਤੋਂ ਮੋੜਵਾਂ ਸਵਾਲ ਇਹ ਪੁੱਛਣਾ ਬਣਦਾ ਹੈ ਕਿ ਇਸ ਪ੍ਰਬੰਧ ਨੇ ਲੋਕਾਂ ਨੂੰ ਦਿੱਤਾ ਕੀ ਹੈ? ਅੰਗਰੇਜ਼ਾਂ ਵੇਲੇ ਪਿੰਡਾਂ ਤੱਕ ਪੜ੍ਹਾਈ ਤੇ ਹਰ ਇਲਾਕੇ ਵਿਚ ਸਿਹਤ ਸੇਵਾ ਦੇ ਹਸਪਤਾਲ ਦਾ ਪ੍ਰਬੰਧ ਪਹੁੰਚਿਆ ਸੀ ਤੇ ਉਹ ਇਸ ਨੂੰ 'ਪਬਲਿਕ ਯੂਟਿਲਿਟੀ ਸਰਵਿਸ' ਦੇ ਨਾਂ ਹੇਠ ਚਾਲੂ ਰੱਖਦੇ ਸਨ। ਜਦੋਂ ਲੋਕਾਂ ਨੇ ਵਿਦੇਸ਼ੀ ਸਾਮਰਾਜ ਦਾ ਬਿਸਤਰਾ ਗੋਲ ਕੀਤਾ, ਉਸ ਪਿੱਛੋਂ ਇਹ ਸੇਵਾਵਾਂ ਅੱਗੇ ਵਧਣੀਆਂ ਚਾਹੀਦੀਆਂ ਸਨ ਪਰ ਹੋਇਆ ਉਲਟਾ ਇਹ ਕਿ ਹੁਣ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ।

ਅਖਬਾਰਾਂ ਦੀ ਖਬਰ ਹੈ ਕਿ ਪੰਜਾਬ ਦੇ ਇੱਕ ਪੇਂਡੂ ਸਕੂਲ ਵਿਚ ਇੱਕ ਸੌ ਪੰਦਰਾਂ ਬੱਚੇ ਹਨ, ਪੰਜ ਉਨ੍ਹਾਂ ਦੀਆਂ ਜਮਾਤਾਂ ਅਤੇ ਪੜ੍ਹਾਉਣ ਵਾਲੀ ਇੱਕੋ ਬੀਬੀ ਹੈ। ਸਾਡੀ ਸਮਝ ਵਿਚ ਉਹ ਪਿੰਡ ਅਜੇ 'ਕਰਮਾਂ ਵਾਲਾ' ਹੈ, ਪੰਜਾਬ ਦੇ ਕਈ ਪਿੰਡਾਂ ਵਿਚ ਪੜ੍ਹਾਉਣ ਵਾਲਾ ਇੱਕ ਵੀ ਨਹੀਂ, ਦੋ ਜਾਂ ਤਿੰਨ ਪਿੰਡਾਂ ਲਈ ਇੱਕੋ ਅਧਿਆਪਕ ਹੈ ਤੇ ਉਹ ਦਿਨ ਵੰਡ ਕੇ ਵਾਰੀ-ਵਾਰੀ ਉਨ੍ਹਾਂ ਸਕੂਲਾਂ ਦਾ ਗੇੜਾ ਮਾਰਦਾ ਹੈ। ਦੂਜੇ ਪਾਸੇ ਸ਼ਹਿਰਾਂ ਵਿਚ ਇਹੋ ਜਿਹੇ ਪ੍ਰਾਈਵੇਟ ਸਕੂਲ ਬਣ ਗਏ ਹਨ, ਜਿੱਥੇ ਹਜ਼ਾਰਾਂ ਰੁਪਏ ਮਹੀਨਾ ਦੇ ਹਿਸਾਬ ਬੱਚਿਆਂ ਦੀਆਂ ਫੀਸਾਂ ਹਨ ਤੇ ਉਨ੍ਹਾਂ ਨੂੰ ਲਿਆਉਣ-ਲਿਜਾਣ ਦੀਆਂ ਗੱਡੀਆਂ ਹੀ ਨਹੀਂ, ਸਕੂਲਾਂ ਦੇ ਬਾਥਰੂਮ ਤੱਕ ਏਅਰ ਕੰਡੀਸ਼ਨਡ ਹਨ। ਕਿਤੇ ਡੋਬਾ ਅਤੇ ਕਿਤੇ ਸੋਕਾ ਵਰਤਾਉਣ ਵਾਲੇ ਇਸ ਪ੍ਰਬੰਧ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ ਜਾ ਸਕਦੀ? ਕਦੇ ਤਾਂ ਲੋਕ ਇਸ ਪ੍ਰਬੰਧ ਨੂੰ ਚੁਣੌਤੀ ਦੇਣਗੇ ਹੀ, ਜਿਹੜਾ ਉਨ੍ਹਾਂ ਨੂੰ ਕੀੜੇ-ਮਕੌੜੇ ਸਮਝਦਾ ਹੈ।

ਸਾਨੂੰ ਕਿਹਾ ਜਾਂਦਾ ਹੈ ਕਿ ਇਸ ਪ੍ਰਬੰਧ ਵਿਚ ਜੋ ਵੀ ਖਾਮੀਆਂ ਹੋਣ, ਇਹ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵੱਲੋਂ ਚਲਾਇਆ ਜਾਂਦਾ ਹੈ। ਇਹ ਪ੍ਰਤੀਨਿਧ ਕਿਵੇਂ ਚੁਣੇ ਜਾਂਦੇ ਹਨ, ਇਹ ਵੀ ਕਿਸੇ ਨੂੰ ਭੁੱਲਣਾ ਨਹੀਂ ਚਾਹੀਦਾ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਉਤਰ ਪ੍ਰਦੇਸ਼ ਤੋਂ ਖਬਰ ਆਈ ਕਿ ਸੱਤ ਉਮੀਦਵਾਰ ਜੇਲ੍ਹਾਂ ਵਿਚ ਬੈਠੇ ਚੁਣੇ ਗਏ ਹਨ। ਤਿੰਨ ਹਲਕਿਆਂ ਦਾ ਹਾਲ ਇਹ ਸੀ ਕਿ ਜਿੱਤਣ ਤੇ ਹਾਰਨ ਵਾਲਾ-ਦੋਵੇਂ ਜਣੇ ਇੱਕੋ ਜੇਲ੍ਹ ਵਿਚ ਬੰਦ ਸਨ। ਇੱਕ ਹਲਕੇ ਵਿਚ ਜਿੱਤਣ ਵਾਲਾ, ਦੂਜੇ ਨੰਬਰ ਵਾਲਾ ਤੇ ਤੀਜੀ ਥਾਂ ਰਹਿਣ ਵਾਲਾ-ਤਿੰਨੇ ਹੀ ਜੇਲ੍ਹ ਵਿਚ ਬੈਠੇ ਸਨ। ਜਿੱਥੇ ਇਹੋ ਜਿਹੇ ਬੰਦੇ ਖੜ੍ਹੇ ਕਰ ਕੇ ਕਿਹਾ ਜਾਵੇ ਕਿ ਲੋਕ 'ਆਪਣਾ' ਪ੍ਰਤੀਨਿਧ ਚੁਣ ਲੈਣ, ਇਸ ਦਾ ਭਾਵ ਇਹ ਹੁੰਦਾ ਹੈ ਕਿ ਲੋਕ ਇਸ ਗੱਲ ਦੀ ਚੋਣ ਕਰ ਲੈਣ ਕਿ ਉਨ੍ਹਾਂ ਬੰਤਾ ਸਿੰਘ ਤੋਂ ਛਿੱਤਰ ਖਾਣੇ ਹਨ ਜਾਂ ਬੰਤ ਰਾਮ ਤੋਂ, ਭਲੀ ਗੁਜ਼ਾਰਨ ਦੀ ਆਸ ਦੋਵਾਂ ਵਿਚੋਂ ਕਿਸੇ ਤੋਂ ਨਹੀਂ।

ਕੋਈ ਵੀ ਰਾਜ ਪ੍ਰਬੰਧ ਹੋਵੇ, ਉਸ ਦੇ ਜ਼ਿੰਮੇ ਕੁਝ ਫਰਜ਼ ਹੁੰਦੇ ਹਨ; ਭਾਰਤ ਦੇ ਹੁਣ ਵਾਲੇ ਪ੍ਰਬੰਧ ਦੇ ਜ਼ਿੰਮੇ ਵੀ ਹਨ। ਪਹਿਲਾ ਫਰਜ਼ ਤਾਂ ਇਹੋ ਹੈ ਕਿ ਉਹ ਆਪਣੇ ਨਾਗਰਿਕਾਂ ਦੇ ਜਾਨ ਤੇ ਮਾਲ ਦੀ ਰਾਖੀ ਕਰੇਗਾ। ਰਾਜਾ ਭਾਵੇਂ ਪਿਤਾ-ਪੁਰਖੀ ਹੋਵੇ, ਭਾਵੇਂ ਲੋਕਾਂ ਦਾ ਚੁਣਿਆ ਹੋਇਆ ਤੇ ਭਾਵੇਂ ਫੌਜੀ ਰਾਜ-ਪਲਟਾ ਕਰ ਕੇ ਤਖਤ ਮੱਲ ਲੈਣ ਵਾਲਾ, ਇਹ ਗੱਲ ਸਭ ਨੂੰ ਕਹਿਣੀ ਅਤੇ ਕਰਨੀ ਪੈਂਦੀ ਹੈ ਕਿ ਉਸ ਦੇ ਰਾਜ ਵਿਚ ਕੋਈ ਕਿਸੇ ਦਾ ਖੂਨ ਨਹੀਂ ਕਰੇਗਾ ਤੇ ਕਿਸੇ ਨੂੰ ਕਤਲ ਦੀ ਧਮਕੀ ਨਹੀਂ ਦੇਵੇਗਾ। ਭਾਰਤ ਦੇ ਅਜੋਕੇ ਪ੍ਰਬੰਧ ਵਿਚ ਦੋਵੇਂ ਗੱਲਾਂ ਰੋਜ਼ ਵਾਪਰਦੀਆਂ ਹਨ ਪਰ ਇਹ ਪ੍ਰਬੰਧ ਇਸ ਵਿਚ ਅੜਿੱਕਾ ਨਹੀਂ ਬਣਦਾ। ਇਕੱਲੇ ਪੰਜਾਬ ਵਿਚ ਪਿਛਲੇ ਇੱਕ ਸਾਲ ਦੇ 365 ਦਿਨਾਂ ਵਿਚ 907 ਕਤਲ ਹੋ ਗਏ; ਮਤਲਬ ਹਰ ਦੋ ਦਿਨਾਂ ਵਿਚ ਪੰਜ ਲੋਕਾਂ ਦੀ ਜਾਨ ਜਾਂਦੀ ਰਹੀ ਹੈ। ਰਾਜ ਪ੍ਰਬੰਧ ਇਨ੍ਹਾਂ ਲੋਕਾਂ ਦੀ ਰਾਖੀ ਦਾ ਪ੍ਰਬੰਧ ਨਹੀਂ ਕਰ ਸਕਿਆ।




ਦੂਜਾ ਕੰਮ ਅਪਰਾਧੀ ਨੂੰ ਸਜ਼ਾ ਤੇ ਪੀੜਤ ਨੂੰ ਇਨਸਾਫ ਦੇਣ ਦਾ ਹੁੰਦਾ ਹੈ। ਭਾਰਤ ਦੇ ਪ੍ਰਬੰਧ ਤੋਂ ਇਸ ਦਾ ਵੀ ਕਿਸੇ ਨੂੰ ਯਕੀਨ ਨਹੀਂ। ਸਾਲਾਂ-ਬੱਧੀ ਮੁਕੱਦਮੇ ਚੱਲਦੇ ਰਹਿੰਦੇ ਹਨ। ਇੱਕ ਮੁਕੱਦਮਾ ਪਿੱਛੇ ਜਿਹੇ ਸੱਤਰ ਸਾਲ ਮਗਰੋਂ ਸੁਪਰੀਮ ਕੋਰਟ ਵਿਚ ਜਾ ਕੇ ਨਿੱਬੜਿਆ ਹੈ। ਆਮ ਆਦਮੀ ਵਿਚ ਏਨੀ ਲੰਮੀ ਕਾਨੂੰਨੀ ਦੌੜ ਦਾ ਦਮ ਨਹੀਂ ਹੁੰਦਾ, ਉਹ ਤੱਤੇ ਘਾਹ ਦੌੜ ਲਾ ਕੇ ਹੰਭ ਜਾਂਦਾ ਅਤੇ ਆਪਣੇ ਨਾਲ ਵਾਪਰੇ ਨੂੰ 'ਭਾਣਾ' ਮੰਨ ਕੇ ਬੈਠ ਜਾਂਦਾ ਹੈ। ਅਪਰਾਧੀਆਂ ਨੂੰ ਸਜ਼ਾ ਦਿਵਾਉਣ ਦਾ ਕੰਮ ਪੁਲਿਸ ਦੇ ਅਤੇ ਨਿਆਂ ਕਰਨ ਦਾ ਫਰਜ਼ ਨਿਆਂਪਾਲਿਕਾ ਦੇ ਜ਼ਿੰਮੇ ਹੁੰਦਾ ਹੈ ਪਰ ਇਹ ਦੋਵੇਂ ਅੱਜ ਦੀ ਘੜੀ ਲੋਕਾਂ ਦਾ ਭਰੋਸਾ ਗੁਆਈ ਜਾਂਦੀਆਂ ਹਨ। ਜਦੋਂ ਜੱਜਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਪੁਲਿਸ ਇਸ ਵਕਤ ਕਾਨੂੰਨ ਤੋਂ ਵੱਧ ਰਾਜਸੀ ਆਗੂਆਂ ਦੀ ਖਿਦਮਤਗਾਰ ਬਣ ਕੇ ਉਨ੍ਹਾਂ ਦੇ ਕਹੇ ਮੁਤਾਬਕ ਕੇਸ ਬਣਾਉਂਦੀ ਤੇ ਰੱਦ ਕਰਦੀ ਫਿਰਦੀ ਹੈ, ਲੋਕਾਂ ਨੂੰ ਇਨਸਾਫ ਦੀ ਦੋਵੇਂ ਥਾਂ ਗਾਰੰਟੀ ਨਹੀਂ। ਕਦੇ ਜੱਜ ਹੋਣਾ ਸਤਿਕਾਰ ਦਾ ਪ੍ਰਤੀਕ ਹੁੰਦਾ ਸੀ, ਅੱਜ ਵੀ ਆਮ ਲੋਕ ਇਹੋ ਮੰਨਣਾ ਚਾਹੁੰਦੇ ਹਨ ਪਰ ਜਦੋਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਜੱਜਾਂ ਨੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ ਵਿਚ ਹੇਰਾਫੇਰੀ ਕੀਤੀ ਸੀ ਤੇ ਹੁਣ ਮੁਕੱਦਮੇ ਭੁਗਤਦੇ ਫਿਰਦੇ ਹਨ, ਉਨ੍ਹਾਂ ਵਿਚੋਂ ਕੁਝ ਇਸ ਦੇਸ਼ ਦੀ ਸਭ ਤੋਂ ਉਚੀ ਅਦਾਲਤ ਵਿਚ ਬੈਠ ਕੇ ਨਿਆਂ ਕਰਦੇ ਰਹੇ ਹਨ, ਫਿਰ ਲੋਕਾਂ ਨੂੰ ਕਿੰਤੂ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ। ਇਸ ਵੇਲੇ ਦੋ ਜੱਜਾਂ ਦੇ ਖਿਲਾਫ ਮਹਾਂ ਦੋਸ਼ ਦੀ ਪ੍ਰਕ੍ਰਿਆ ਚੱਲਦੀ ਵੀ ਲੋਕ ਦੇਖ ਰਹੇ ਹਨ; ਇੱਕ ਸਾਬਕਾ ਮੁੱਖ ਜੱਜ ਦੇ ਜਵਾਈ ਤੇ ਭਾਈ ਵੱਲੋਂ ਕੁਝ ਸਾਲਾਂ ਵਿਚ ਕੀਤੀ ਕਰੋੜਾਂ ਰੁਪਏ ਦੀ ਬੇਹਿਸਾਬੀ ਕਮਾਈ ਦੇ ਕਿੱਸੇ ਵੀ ਸੁਣ ਚੁੱਕੇ ਹਨ; ਇਸ ਦੇ ਬਾਵਜੂਦ ਕਿਹਾ ਜਾ ਰਿਹਾ ਹੈ ਕਿ ਲੋਕ ਇਸ ਪ੍ਰਬੰਧ ਦਾ ਸਤਿਕਾਰ ਕਰਨ।

ਜਿਹੜੀ ਗੱਲ ਕਹਿਣ ਉਤੇ ਵੱਧ ਜ਼ੋਰ ਲਾਇਆ ਜਾਂਦਾ ਹੈ, ਉਹ ਇਹ ਕਿ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਲੋਕਾਂ ਦੁਆਰਾ ਚੁਣੇ ਹੋਏ ਅਦਾਰੇ ਹਨ; ਇਨ੍ਹਾਂ ਦੀ ਭਰੋਸੇਯੋਗਤਾ ਤੇ ਮਰਿਯਾਦਾ ਕਾਇਮ ਰਹਿਣੀ ਚਾਹੀਦੀ ਹੈ। ਇਹ ਵੀ ਆਪਣੇ ਆਪ ਜਾਂ ਆਪਣੇ ਲੋਕਾਂ ਨੂੰ ਧੋਖਾ ਦੇਣ ਦਾ ਯਤਨ ਹੈ। ਜਿਹੜੀ ਮਰਿਯਾਦਾ ਦੀ ਗੱਲ ਉਹ ਲੋਕਾਂ ਨੂੰ ਕਹਿੰਦੇ ਹਨ, ਪਹਿਲਾਂ ਉਹ ਆਪ ਤਾਂ ਪਾਲਣੀ ਸਿੱਖ ਲੈਣ। ਜੋ ਕੁਝ ਹੋ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ।

ਹੁਣੇ ਜਿਹੇ ਪਾਰਲੀਮੈਂਟ ਦੀ ਲੋਕ-ਲੇਖਾ ਕਮੇਟੀ ਦੀ ਮੀਟਿੰਗ ਮੌਕੇ ਬਹੁ-ਸੰਮਤੀ ਨੂੰ ਠੁਕਰਾ ਕੇ ਚੇਅਰਮੈਨ ਡਾ. ਮੁਰਲੀ ਮਨੋਹਰ ਜੋਸ਼ੀ ਜੋ ਭਾਰਤੀ ਜਨਤਾ ਪਾਰਟੀ ਦਾ ਸਾਬਕਾ ਕੌਮੀ ਪ੍ਰਧਾਨ ਹੈ, ਆਪ ਹੀ ਵਾਕ-ਆਊਟ ਕਰ ਗਿਆ। ਪਿੱਛੋਂ ਬਹੁ-ਸੰਮਤੀ ਨੇ ਆਪਣਾ ਪ੍ਰਧਾਨ ਚੁਣਿਆ ਤੇ ਮਰਜ਼ੀ ਦੇ ਫੈਸਲੇ ਕਰ ਲਏ। ਹੁਣ ਦੋਵੇਂ ਧਿਰਾਂ ਵਾਲੇ ਇੱਕ-ਦੂਜੇ ਨੂੰ ਦੋਸ਼ੀ ਦੱਸੀ ਜਾਂਦੇ ਹਨ।

ਮਾਮਲਾ ਟੈਲੀਕਾਮ ਘੁਟਾਲੇ ਵਿਚ ਮੁਲਕ ਦੀ ਦੌਲਤ ਨੂੰ ਪੌਣੇ ਦੋ ਲੱਖ ਕਰੋੜ ਰੁਪਏ ਦੀ ਸੰਨ੍ਹ ਲੱਗਣ ਦਾ ਸੀ ਜਿਸ ਦੀ ਪੜਤਾਲ ਕਰਨ ਵਾਲੇ ਆਪੋ ਵਿਚ ਇਸ ਕਰ ਕੇ ਲੜ ਪਏ ਕਿ ਅਸੀਂ ਕਿਸੇ ਚੋਰ ਦੀ ਨਿਸ਼ਾਨਦੇਹੀ ਕਰਨ ਤੋਂ ਬਚੇ ਰਹੀਏ। ਹਰ ਕਿਸੇ ਦੀਆਂ ਆਪੋ-ਆਪਣੀਆਂ ਸਾਂਝਾਂ ਹਨ। ਘੁਟਾਲੇ ਦੀ ਲਪੇਟ ਵਿਚ ਹਾਕਮ ਪਾਰਟੀ ਦੇ ਬੰਦੇ ਵੀ ਆਉਂਦੇ ਹਨ ਤੇ ਜਿਹੜੀ ਪਹਿਲਾਂ ਰਾਜ ਕਰ ਕੇ ਗਈ ਹੈ, ਉਸ ਦੇ ਵੀ ਵਲ੍ਹੇਟੇ ਜਾਣ ਤੋਂ ਬਚਣੇ ਨਹੀਂ। ਕੱਲ੍ਹ ਨੂੰ ਐਵੇਂ ਕੋਈ ਆਖੇਗਾ ਕਿ ਸਾਡਾ ਖਿਆਲ ਨਹੀਂ ਰੱਖਿਆ, ਇਸ ਲਈ ਚੰਗਾ ਇਹੋ ਹੈ ਕਿ ਰੌਲਾ ਪਾ ਕੇ ਉਠ ਜਾਓ, ਤੇ ਫਿਰ ਇੱਕ-ਦੂਜੇ ਵੱਲ ਇਹੋ ਜਿਹੀ ਚਾਂਦਮਾਰੀ ਸ਼ੁਰੂ ਕਰ ਦਿਓ ਕਿ ਲੋਕਾਂ ਨੂੰ ਪਤਾ ਹੀ ਨਾ ਲੱਗੇ ਕਿ ਕੌਣ ਸੱਚਾ ਹੈ ਤੇ ਕੌਣ ਝੂਠਾ? ਚੋਰ ਸਗੋਂ 'ਚੋਰ-ਚੋਰ' ਦਾ ਰੌਲਾ ਦੂਜਿਆਂ ਤੋਂ ਵੱਧ ਪਾਉਂਦਾ ਹੈ। ਨਤੀਜੇ ਵਜੋਂ ਇਹ ਪ੍ਰਬੰਧ ਹਰ ਚੋਰ ਦੇ ਹਿੱਤਾਂ ਦਾ ਖਿਆਲ ਰੱਖਦਾ ਹੈ ਤੇ ਜਿਹੜਾ ਫਸ ਜਾਵੇ, ਉਸ ਦੇ ਖਿਲਾਫ ਇੰਨੀ ਮੱਠੀ ਤੋਰ ਵਿਚ ਮੁਕੱਦਮਾ ਚਲਾਉਂਦਾ ਹੈ ਕਿ ਗਵਾਹ ਜਾਂ ਮੁਲਜ਼ਮ ਵਿਚੋਂ ਇੱਕ ਜਣਾ ਸਵਰਗ ਸਿਧਾਰ ਜਾਵੇ ਜਾਂ ਦੋਵੇਂ ਇੱਕ-ਦੂਜੇ ਨਾਲ ਅੱਖ ਮਿਲਾ ਲੈਣ ਤੇ ਜਾਂਚ ਏਜੰਸੀ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਪਾਸੇ ਹੋ ਜਾਵੇ। ਸੁਖ ਰਾਮ ਦਾ ਮੁਕੱਦਮਾ ਅਜੇ ਤੱਕ ਸਿਰੇ ਨਹੀਂ ਲੱਗਾ। ਉਹ ਵੀ ਟੈਲੀਕਾਮ ਦੇ ਘੁਟਾਲੇ ਦਾ ਹੀ ਸੀ, ਹੁਣ ਵਾਲਿਆਂ ਦਾ ਮੁਕੱਦਮਾ ਵੀ ਭਲਕੇ ਹੀ ਸਿਰੇ ਨਹੀਂ ਲੱਗ ਜਾਣਾ। ਉਸ ਮੁਕੱਦਮੇ ਨੂੰ ਸਤਾਰਾਂ ਸਾਲ ਹੋ ਚੱਲੇ ਹਨ, ਹੁਣ ਵਾਲਾ ਇਸ ਹਿਸਾਬ ਨਾਲ ਵੀਹ-ਬਾਈ ਸਾਲਾਂ ਤੀਕ ਕਿਸੇ ਅੰਜਾਮ ਨੂੰ ਨਹੀਂ ਪਹੁੰਚ ਸਕਣਾ ਪਰ ਦੇਸ਼ ਦੇ 'ਪ੍ਰਬੰਧ' ਨੂੰ ਚੁਣੌਤੀ ਦੇਣ ਦਾ ਫ਼ਿਕਰ ਕੀਤਾ ਜਾਂਦਾ ਹੈ।

ਧਰਤੀ ਉਤੇ ਕਰਮਾਂ ਮਾਰ ਲੈਣ ਨੂੰ ਓਦੋਂ ਤੱਕ ਮੁਲਕ ਨਹੀਂ ਕਿਹਾ ਜਾਂਦਾ ਜਦੋਂ ਤੱਕ ਉਸ ਵਲਗਣ ਵਿਚ ਲੋਕ ਨਾ ਵੱਸਦੇ ਹੋਣ। ਜਿਨ੍ਹਾਂ ਲੋਕਾਂ ਦੇ ਕਾਰਨ ਮੁਲਕ ਬਣਦਾ ਹੈ, ਉਨ੍ਹਾਂ ਦੀ ਹਾਲਤ ਦਾ ਫ਼ਿਕਰ ਕਰਨ ਤੋਂ ਪ੍ਰਬੰਧ ਸਾਫ ਇਨਕਾਰ ਕਰ ਦੇਂਦਾ ਹੈ। ਪਿਛਲੇ ਸਾਲ ਸੁਪਰੀਮ ਕੋਰਟ ਵਿਚ ਅਰਜ਼ੀ ਆਈ ਕਿ ਇੱਕ ਪਾਸੇ ਤਾਂ ਕਣਕ ਅਤੇ ਝੋਨਾ ਗੋਦਾਮਾਂ ਵਿਚ ਪਏ ਗਲ਼-ਸੜ ਰਹੇ ਹਨ, ਦੂਜੇ ਪਾਸੇ ਦੇਸ਼ ਦੇ ਕੁਝ ਲੋਕਾਂ ਕੋਲ ਖਾਣ ਨੂੰ ਅੰਨ ਦਾ ਦਾਣਾ ਨਹੀਂ। ਇਹ ਅਨਾਜ ਉਨ੍ਹਾਂ ਭੁੱਖਾਂ ਮਾਰੇ ਲੋੜਵੰਦਾਂ ਨੂੰ ਮੁਫਤ ਵੰਡ ਕੇ ਮਰਨ ਤੋਂ ਬਚਾਇਆ ਜਾਵੇ। ਅਦਾਲਤ ਨੇ ਹੁਕਮ ਦੇ ਦਿੱਤਾ ਕਿ ਇੱਦਾਂ ਹੀ ਹੋਣਾ ਚਾਹੀਦਾ ਹੈ ਪਰ 'ਲੋਕਾਂ ਦੁਆਰਾ ਲੋਕਾਂ ਲਈ' ਚੁਣੀ ਹੋਈ ਸਰਕਾਰ ਨੇ ਇਹ ਪੈਂਤੜਾ ਮੱਲ ਲਿਆ ਕਿ ਸੜਦਾ ਹੈ ਤਾਂ ਸੜੀ ਜਾਵੇ, ਮੁਫਤ ਕਿਸੇ ਨੂੰ ਨਹੀਂ ਦੇਣਾ; ਲੋਕ ਮਰਦੇ ਹਨ ਤਾਂ ਮਰਨ ਦੇਵੋ। ਸਰਕਾਰ ਨੇ ਇਹ ਪੈਂਤੜਾ ਉਸ ਖੇਤੀ ਮੰਤਰੀ ਦੇ ਕਹਿਣ ਉਤੇ ਮੱਲਿਆ ਜਿਹੜਾ ਵਜ਼ੀਰ ਦੀ ਤਨਖਾਹ ਤੇ ਹੋਰ ਮਾਣ-ਸਨਮਾਨ ਲੋਕਾਂ ਦੀ ਸੇਵਾ ਦੇ ਨਾਂ ਉਤੇ ਲੈਂਦਾ ਹੈ ਪਰ ਧਿਆਨ ਲੋਕਾਂ ਦੇ ਹਿੱਤਾਂ ਦੀ ਥਾਂ ਕਰੋੜਾਂ ਦੀ ਕਮਾਈ ਕਰਨ ਵਾਲੇ ਕ੍ਰਿਕਟ ਦੇ ਕਾਰਖਾਨੇ ਵੱਲ ਲਾਈ ਰੱਖਦਾ ਹੈ। ਆਪ ਉਹ ਛੱਤੀ ਕਿਸਮ ਦੇ ਸਕੈਂਡਲਾਂ ਵਿਚ ਫਸਿਆ ਫਿਰਦਾ ਹੈ।

ਕਦੇ ਤਾਜ ਮਹਿਲ ਦੀਆਂ ਸਿਫ਼ਤਾਂ ਸੁਣੀਆਂ ਜਾਂਦੀਆਂ ਸਨ ਕਿ ਇਹ ਮੁਹੱਬਤ ਦਾ ਪ੍ਰਤੀਕ ਹੈ। ਫਿਰ ਸਾਹਿਰ ਨੇ ਇਹ ਕਹਿ ਦਿੱਤਾ: 'ਏਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ।' ਅਸੀਂ ਉਸ ਤੋਂ ਹੋਰ ਅੱਗੇ ਜਾ ਕੇ ਦੇਖੀਏ ਤੇ ਸੋਚੀਏ। ਦੌਲਤ ਦਾ ਸਹਾਰਾ ਲੈ ਕੇ ਮੁਹੱਬਤ ਦਾ ਮਜ਼ਾਕ ਜਿਸ ਬਾਦਸ਼ਾਹ ਨੇ ਉਡਾਇਆ ਸੀ, ਉਸ ਨੇ ਇਹ ਦੌਲਤ ਆਪਣੀ ਬੀਵੀ ਦੀ ਕਬਰ ਉਤੇ ਇੰਜ ਅੰਨ੍ਹੇ-ਵਾਹ ਨਹੀਂ ਸੀ ਲੁਟਾਉਣੀ, ਜੇ ਇਹ ਦੌਲਤ ਕਮਾਉਣ ਲਈ ਉਸ ਦੀ ਬੇਬੇ ਨੂੰ ਸੂਤ ਕੱਤਣਾ ਪਿਆ ਹੁੰਦਾ। ਦੌਲਤ ਵੀ ਬੇਗਾਨੀ ਸੀ ਤੇ ਜਿਨ੍ਹਾਂ ਲੋਕਾਂ ਨੂੰ ਤਾਜ ਮਹਿਲ ਬਣਾਉਣ ਦੇ ਕੰਮ ਲਾਇਆ ਗਿਆ, ਉਹ ਵੀ ਤਨਖਾਹ ਜਾਂ ਕਾਰ-ਸੇਵਾ ਦੀ ਭਾਵਨਾ ਨਾਲ ਨਹੀਂ ਸੀ ਆਏ, ਜਾਨਵਰਾਂ ਵਾਂਗ ਡੰਡੇ ਦੇ ਜ਼ੋਰ ਨਾਲ ਹਿੱਕ ਕੇ ਲਿਆਂਦੇ ਅਤੇ ਗੁਲਾਮਾਂ ਵਾਂਗ ਵਰਤੇ ਗਏ ਸਨ। ਭਾਰਤ ਦੇ ਰਾਜ ਪ੍ਰਬੰਧ ਵਾਂਗ ਉਸ ਮਕਬਰੇ ਨੂੰ ਵੀ ਅਸੀਂ ਮੁਹੱਬਤ ਦਾ ਪ੍ਰਤੀਕ ਮੰਨੀ ਫਿਰਦੇ ਹਾਂ।

ਰਾਜ ਰਾਜਿਆਂ ਦਾ ਹੋਵੇ ਜਾਂ 'ਲੋਕਾਂ ਵੱਲੋਂ ਲੋਕਾਂ ਲਈ' ਚੁਣੇ ਹੋਏ ਪ੍ਰਤੀਨਿਧਾਂ ਦਾ, ਮੁੱਲ ਤਾਂ ਉਸ ਦੇ ਅਮਲਾਂ ਤੋਂ ਪਾਇਆ ਜਾਣਾ ਹੈ। ਜੇ ਉਹ ਪ੍ਰਬੰਧ ਲੋਕਾਂ ਦੇ ਨਾਂ ਉਤੇ ਨਵੇਂ ਯੁੱਗ ਦੇ ਰਾਜਿਆਂ ਦੀ ਧਾੜ ਨੂੰ ਪਾਲਦਾ ਹੈ, ਜਿਨ੍ਹਾਂ ਲੋਕਾਂ ਦੇ ਸਿਰ ਮੁੰਨ ਕੇ ਉਨ੍ਹਾਂ ਦਾ ਖਰਚਾ ਚੱਲਦਾ ਹੈ; ਉਨ੍ਹਾਂ ਨੂੰ ਭੁੱਖੇ ਮਰਦੇ ਵੇਖ ਕੇ ਵੀ ਤਰਸ ਨਹੀਂ ਕਰਦਾ ਤਾਂ ਉਸ ਪ੍ਰਬੰਧ ਨੂੰ ਕਦੀ ਨਾ ਕਦੀ ਚੁਣੌਤੀ ਮਿਲਣੀ ਹੀ ਮਿਲਣੀ ਹੈ। ਅੰਨਾ ਹਜ਼ਾਰੇ ਹੋਵੇ ਜਾਂ ਕੋਈ ਹੋਰ, ਇਹ ਪ੍ਰਬੰਧ ਨੂੰ ਚੁਣੌਤੀ ਨਹੀਂ ਦੇ ਰਹੇ। ਇਹ ਤਾਂ ਇਸ ਪ੍ਰਬੰਧ ਵਾਲੇ ਤੰਬੂ ਦੇ ਮਘੋਰਿਆਂ ਨੂੰ ਟਾਕੀਆਂ ਲਾਉਣ ਵਾਲੇ ਹਨ। ਹਕੀਕੀ ਹਾਲਾਤ ਇਹ ਹਨ ਕਿ ਇਸ ਤੰਬੂ ਵਿਚ ਜਿਹੜੇ ਮੀਲ-ਮੀਲ ਲੰਮੇ ਲੰਗਾਰ ਪੈ ਚੁੱਕੇ ਹਨ, ਉਨ੍ਹਾਂ ਨੂੰ ਟਾਕੀਆਂ ਲਾਉਣ ਦੀ ਹੁਣ ਗੁੰਜਾਇਸ਼ ਹੀ ਨਹੀਂ ਰਹਿ ਗਈ। ਜਿਸ ਦਾ ਜਿੰਨਾ ਜ਼ੋਰ ਲੱਗਦਾ ਹੈ, ਲਾਈ ਜਾਵੇ; ਇਸ ਪ੍ਰਬੰਧ ਨੂੰ ਅੱਜ ਨਹੀਂ ਤਾਂ ਕੱਲ੍ਹ, ਚੁਣੌਤੀ ਮਿਲਣੀ ਹੀ ਮਿਲਣੀ ਹੈ, ਭਾਵੇਂ ਕਿਸੇ ਵੀ ਰੂਪ ਵਿਚ ਮਿਲ ਜਾਵੇ।

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਪੀਪਲਜ਼ ਪਾਰਟੀ ਆਫ ਪੰਜਾਬ ਦੇ ਫਰਿਜ਼ਨੋ ਦਫਤਰ ਦਾ ਉਦਘਾਟਨ

**ਫਰਿਜ਼ਨੋ (ਮਾਨ ਮਨਦੀਪ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਫਰਿਜ਼ਨੋ ਦਫਤਰ ਦਾ ਉਦਘਾਟਨ ਪਾਰਟੀ ਦੇ ਆਗੂ ਅਤੇ ਉਘੇ ਕਾਮੇਡੀਅਨ ਭਗਵੰਤ ਮਾਨ ਨੇ ਲੰਘੇ ਐਤਵਾਰ ਇਥੇ ਕੀਤਾ।



ਇਸ ਮੌਕੇ ਬੋਲਦਿਆਂ ਸ੍ਰੀ ਮਾਨ ਨੇ ਕਿਹਾ ਕਿ ਸਿਆਸਤ ਵਿਚ ਆਉਣ ਦਾ ਉਨ੍ਹਾਂ ਦਾ ਮਨੋਰਥ ਪੰਜਾਬ ਵਿਚ ਬੇਰੁਜ਼ਗਾਰੀ ਖਤਮ ਕਰਨਾ, ਨਸ਼ਿਆਂ ਦੀ ਦਲਦਲ ਵਿਚ ਫਸਦੇ ਜਾ ਰਹੇ ਨੌਜਵਾਨਾਂ ਨੂੰ ਬਚਾਉਣਾ, ਲਾਲ ਬੱਤੀ ਕਲਚਰ ਨੂੰ ਖਤਮ ਕਰਨਾ ਅਤੇ ਭ੍ਰਿਸ਼ਟਾਚਾਰ ਉਪਰ ਕਾਬੂ ਪਾਉਣਾ ਹੈ। ਉਨ੍ਹਾਂ ਕਿਹਾ ਕਿ ਉਹ ਪਿਛਲੇ ਵੀਹ ਸਾਲਾਂ ਤੋਂ ਆਪਣੀ ਹਾਸ ਵਿਅੰਗ ਦੀ ਕਲਾ ਰਾਹੀਂ ਸਮਾਜ ਦੀਆਂ ਬੁਰਾਈਆਂ ਉਪਰ ਵਿਅੰਗਾਤਮਕ ਟਿੱਪਣੀਆਂ ਕਰਕੇ ਸਮਾਜ ਨੂੰ ਸੁਚੇਤ ਕਰਦੇ ਆਏ ਹਨ ਪਰ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਹੁਣ ਸਮਾਂ ਖੁਦ ਰਾਜਨੀਤੀ ਵਿਚ ਆ ਕੇ ਵਿਹਾਰਕ ਤੌਰ 'ਤੇ ਕੁਝ ਕਰਨ ਦਾ ਹੈ। ਇਸੇ ਲਈ ਉਨ੍ਹਾਂ ਪੰਜਾਬ ਵਿਚ ਸਿਆਸਤ ਦਾ ਇਕ ਨਵਾਂ ਦੌਰ ਲੈ ਕੇ ਸਰਗਰਮ ਹੋਏ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਜਿਸ ਮਕਸਦ ਲਈ ਉਹ ਆਪਣੀ ਕਾਮੇਡੀ ਰਾਹੀਂ ਸਮਾਜ ਦੇ ਦਰਦ ਨੂੰ ਲੋਕਾਂ ਸਾਹਮਣੇ ਲਿਆਉਂਦੇ ਆ ਰਹੇ ਹਨ, ਪੀਪਲਜ਼ ਪਾਰਟੀ ਦੇ ਹੋਂਦ ਵਿਚ ਆਉਣ ਤੋਂ ਉਨ੍ਹਾਂ ਨੂੰ ਜਾਪਿਆ ਕਿ ਮੈਨੂੰ ਆਪਣੀ ਗੱਲ ਕਹਿਣ ਦਾ ਸਹੀ ਪਲੈਟਫਾਰਮ ਮਿਲ ਰਿਹਾ ਹੈ। ਮਨਪ੍ਰੀਤ ਬਾਦਲ ਅਤੇ ਮੇਰੀ ਸੋਚ ਇਕੋ ਹੈ, ਇਸੇ ਕਰਕੇ ਮੈਂ ਇਸ ਪਾਰਟੀ ਵਿਚ ਸ਼ਾਮਲ ਹੋਇਆ। ਸ੍ਰੀ ਮਾਨ ਨੇ ਸਮੂਹ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਗਰਕ ਰਹੇ ਪੰਜਾਬ ਨੂੰ ਬਚਾਉਣ ਲਈ ਪੀਪਲਜ਼ ਪਾਰਟੀ ਆਫ ਪੰਜਾਬ ਦਾ ਸਾਥ ਦੇਣ।

ਪਿਛਲੇ ਕੁਝ ਹਫਤਿਆਂ ਤੋਂ ਪਾਰਟੀ ਦੇ ਹੱਕ ਵਿਚ ਮੁਹਿੰਮ ਚਲਾਉਣ ਲਈ ਅਮਰੀਕਾ, ਕੈਨੇਡਾ ਦੇ ਦੌਰੇ 'ਤੇ ਆਏ ਹੋਏ ਸ੍ਰੀ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਆਪਣੀ ਲੋਕ ਲਹਿਰ ਫਾਊਂਡੇਸ਼ਨ ਦੇ ਜ਼ਰੀਏ ਫਾਜ਼ਿਲਕਾ ਅਤੇ ਜਲਾਲਾਬਾਦ ਦੇ ਦਰਜਨਾਂ ਉਨ੍ਹਾਂ ਪਿੰਡਾਂ ਨੂੰ ਅਪਨਾਇਆ ਹੋਇਆ ਹੈ ਜਿੱਥੇ ਪ੍ਰਦੂਸ਼ਿਤ ਪਾਣੀ ਕਰਕੇ ਲੋਕ ਕੈਂਸਰ, ਅੰਨੇਪਣ, ਦਿਮਾਗੀ ਅਤੇ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹਨ। ਉਨ੍ਹਾਂ ਦੀ ਜਥੇਬੰਦੀ ਵਲੋਂ ਇਨ੍ਹਾਂ ਪਿੰਡਾਂ ਵਿਚ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਨ ਤੋਂ ਇਲਾਵਾ ਵੱਖ ਵੱਖ ਅਲਾਮਤਾਂ ਦਾ ਸ਼ਿਕਾਰ ਲੋਕਾਂ ਦੇ ਇਲਾਜ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਪਿੰਡਾਂ ਦਾ ਦੌਰਾ ਕਰਕੇ ਵੇਖੇ ਤਾਂ ਉਥੋਂ ਦੇ ਲੋਕਾਂ ਦੇ ਦੁੱਖ ਦੇਖ ਕੇ ਉਹ ਆਪਣੇ ਅੱਥਰੂ ਨਹੀਂ ਰੋਕ ਸਕੇਗਾ। ਮੌਜੂਦਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਜਲਾਲਾਬਾਦ ਹਲਕੇ ਤੋਂ ਚੋਣ ਲੜਨ ਸਮੇਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਗੇ ਪਰ ਇਹ ਵਾਅਦਾ ਸਿਰਫ ਚੋਣ ਵਾਅਦਾ ਹੀ ਬਣ ਕੇ ਰਹਿ ਗਿਆ। ਸ੍ਰੀ ਮਾਨ ਨੇ ਕਿਹਾ ਕਿ ਉਹ ਜਿਸ ਵੀ ਪਿੰਡ ਗਏ, ਲੋਕ ਇਹ ਕਹਿੰਦੇ ਸੁਣੇ ਗਏ ਕਿ ਜੇ ਸਰਕਾਰ ਸਾਡੀ ਸੰਭਾਲ ਨਹੀਂ ਕਰ ਸਕਦੀ ਤਾਂ ਸਾਡੇ ਇਹ ਪਿੰਡ ਪਾਕਿਸਤਾਨ ਨੂੰ ਦੇ ਦਿੱਤੇ ਜਾਣ।

ਪੰਜਾਬ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਵੀਂ ਦੀ ਪਰੀਖਿਆ ਵਿਚੋਂ 500 ਵਿਚੋਂ 462 ਨੰਬਰ ਲੈ ਕੇ ਪ੍ਰਥਮ ਰਹੀ ਇਕ ਲੜਕੀ ਨੂੰ ਮਿਲਣ ਲਈ ਜਦੋਂ ਉਹ ਉਸ ਦੇ ਪਿੰਡ ਉਸ ਦੇ ਘਰ ਗਏ ਤਾਂ ਪਤਾ ਲੱਗਾ ਕਿ ਲੜਕੀ ਤਾਂ ਦਸ ਰੁਪਏ ਦਿਹਾੜੀ ਉਪਰ ਨਰਮਾ ਚੁਗਣ ਗਈ ਹੋਈ ਹੈ। ਇਸ ਤੋਂ ਬਾਅਦ ਉਨ੍ਹਾਂ ਇਸ ਕੁੜੀ ਨੂੰ ਅਪਨਾ ਕੇ ਬੜੂ ਸਾਹਿਬ ਅਕਾਦਮੀ ਵਿਚ ਦਾਖਲ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਮੇਰਾ ਇਹ ਦਾਅਵਾ ਹੈ ਕਿ ਇਹ ਲੜਕੀ ਕਿਸੇ ਦਿਨ ਉਚੇ ਅਹੁਦੇ 'ਤੇ ਪਹੁੰਚੇਗੀ।

ਇਸ ਮੌਕੇ ਸ੍ਰੀ ਮਾਨ ਨੇ ਪਰਵਾਸੀ ਪੰਜਾਬੀਆਂ ਨੂੰ ਵੰਗਾਰ ਪਾਈ ਕਿ ਵੱਡੇ ਵੱਡੇ ਕਬੱਡੀ ਮੇਲੇ ਕਰਵਾਉਣ ਦੀ ਥਾਂ ਆਪਣੀ ਜੰਮਣ ਭੋਇੰ ਪੰਜਾਬ ਵਿਚ ਵੱਡੇ ਵੱਡੇ ਸਕੂਲ ਤੇ ਹਸਪਤਾਲ ਖੋਲ੍ਹੋ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਲਈ ਉਪਰਾਲੇ ਕਰੋ ਤਾਂ ਜੋ ਪੰਜਾਬ ਦੇ ਇਕ ਨਵੇਂ ਯੁਗ ਦਾ ਅਰੰਭ ਹੋ ਸਕੇ।

ਇਸ ਮੌਕੇ ਫਰਿਜ਼ਨੋ ਦੀ ਪੀਪਲਜ਼ ਪਾਰਟੀ ਆਫ ਪੰਜਾਬ ਸ਼ਾਖਾ ਨੇ ਵੀ ਪੰਜਾਬ ਦਾ ਇਕ ਪਿੰਡ ਅਪਨਾਇਆ ਅਤੇ ਉਸ ਪਿੰਡ ਦੀ ਹਰ ਤਰ੍ਹਾਂ ਮਦਦ ਕਰਨ ਦਾ ਪ੍ਰਣ ਲਿਆ। ਇਸ ਮੌਕੇ ਹਾਜ਼ਰ ਲੋਕਾਂ ਵਿਚ ਹੋਰਨਾਂ ਤੋਂ ਇਲਾਵਾ ਹਾਕਮ ਸਿੰਘ ਢਿੱਲੋਂ, ਪਾਲ ਧਾਲੀਵਾਲ, ਗੁਰਪ੍ਰੀਤ ਮਾਨ, ਡਾ. ਅਜੀਤ ਖਹਿਰਾ, ਰਣਜੀਤ ਸਿੰਘ ਗਿੱਲ, ਨਾਜਰ ਸਿੰਘ ਸਹੋਤਾ, ਡਾ. ਅਰਜਨ ਜੋਸਨ, ਸੰਤੋਖ ਮਿਨਹਾਸ ਅਤੇ ਸੁਰਨਜੀਤ ਢਿੱਲੋਂ ਹਾਜ਼ਰ ਸਨ।

ਸ੍ਰੀ ਭਗਵੰਤ ਮਾਨ ਦੀ ਫਾਊਂਡੇਸ਼ਨ ਦੀ ਮਦਦ ਕਰਨ ਜਾਂ ਉਨ੍ਹਾਂ ਦੀ ਪਾਰਟੀ ਸਬੰਧੀ ਕੋਈ ਸੁਝਾਅ ਦੇਣ ਲਈ ਉਨ੍ਹਾਂ ਨਾਲ ਸੰਪਰਕ ਫੋਨ 253-670-2444 ਉਤੇ ਕੀਤਾ ਜਾ ਸਕਦਾ ਹੈ।

## ਭਾਈ ਪਿੰਦਰਪਾਲ ਸਿੰਘ ਵਲੋਂ ਕਥਾ ਪ੍ਰਵਾਹ

**ਬੇਕਰਜ਼ਫੀਲਡ (ਮਨਜੀਤ ਸਿੰਘ):** ਪੰਥ ਪ੍ਰਸਿਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ



ਪਿਛਲੇ ਸ਼ੁੱਕਰਵਾਰ ਕੁਝ ਸਮੇਂ ਲਈ ਇਥੇ ਪਹੁੰਚੇ ਅਤੇ ਉਨ੍ਹਾਂ ਦੋ ਗੁਰੂ ਘਰਾਂ-ਗੁਰਦੁਆਰਾ ਦਸ਼ਮੇਸ਼ ਦਰਬਾਰ ਅਤੇ ਗੁਰਦੁਆਰਾ ਅੰਗਦ ਦਰਬਾਰ ਵਿਚ ਕਥਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ। ਭਾਵੇਂ ਸ਼ੁੱਕਰਵਾਰ ਕੰਮ ਕਾਰ ਵਾਲਾ ਦਿਨ ਸੀ, ਫਿਰ ਵੀ ਸੰਗਤਾਂ ਵੱਡੀ ਤਾਦਾਦ ਵਿਚ ਉਨ੍ਹਾਂ ਦੇ ਬਚਨ ਸੁਣਨ ਲਈ ਪਹੁੰਚੀਆਂ।

ਗੁਰਬਾਣੀ ਦੇ ਅਮੋਲਕ ਬਚਨਾਂ ਦੀ ਸੌਖੇ ਢੰਗ ਨਾਲ ਵਿਆਖਿਆ ਦਾ ਭਾਈ ਪਿੰਦਰਪਾਲ ਸਿੰਘ ਦਾ ਆਪਣਾ ਹੀ ਇਕ ਨਿਰਾਲਾ ਢੰਗ ਹੈ। ਉਹ ਕਹਿ ਰਹੇ ਸਨ, ਜਿਵੇਂ ਅਸੀਂ ਕਿਸੇ ਪੰਛੀ, ਜਾਨਵਰ ਜਾਂ ਬੱਚੇ ਦਾ ਨਾਂ ਲੈ ਕੇ ਬੁਲਾਉਂਦੇ ਹਾਂ ਤਾਂ ਉਹ ਸਾਡੇ ਪਾਸ ਆਉਂਦਾ ਹੈ, ਇਵੇਂ ਹੀ ਜੇ ਪਰਮਾਤਮਾ ਦਾ ਨਾਂ ਵਾਰ ਵਾਰ ਲਿਆ ਜਾਵੇ ਤਾਂ ਤੁਹਾਡੇ ਕੋਲ ਜ਼ਰੂਰ ਆਵੇਗਾ। ਵਾਹਿਗੁਰੂ ਜਾਪ ਕਰਨ ਨੂੰ ਤੋਤਾ ਰੱਟ ਕਹਿਣ ਵਾਲਿਆਂ ਦੀ ਗੱਲ ਦਾ ਜਵਾਬ ਦਿੰਦਿਆਂ ਉਨ੍ਹਾਂ ਦਾ ਕਹਿਣਾ ਸੀ ਕਿ ਜੇ ਵਾਹਿਗੁਰੂ ਨਾਮ ਜਪਣਾ ਤੋਤਾ ਰਟ ਹੈ ਤਾਂ ਆਪਣੀ ਛਾਤੀ ਦੇ ਖੱਬੇ ਪਾਸੇ ਹੱਥ ਰੱਖ ਕੇ ਦੇਖੋ ਤੁਹਾਡਾ ਦਿਲ ਵਾਰ ਵਾਰ ਧਕ ਧਕ ਕਰੀ ਜਾ ਰਿਹਾ ਹੈ। ਜੇ ਦਿਲ ਇਕ ਮਿੰਟ ਲਈ ਵੀ ਧੜਕਣੋਂ ਬੰਦ ਹੋ ਜਾਵੇ ਤਾਂ ਇਹ ਸਰੀਰ ਮਿਟੀ ਹੋ ਜਾਵੇਗਾ। ਅਸੀਂ ਸਾਹ ਵੀ ਤਾਂ ਵਾਰ ਵਾਰ ਲੈਂਦੇ ਹਾਂ, ਸਾਹ ਰੁਕ ਜਾਵੇ ਤਾਂ ਕੀ ਵਾਪਰੇਗਾ, ਇਹ ਦੱਸਣ ਦੀ ਲੋੜ ਨਹੀਂ।

ਜਦੋਂ ਭਾਈ ਪਿੰਦਰਪਾਲ ਸਿੰਘ ਕਥਾ ਕਰ ਰਹੇ ਸਨ ਤਾਂ ਦੀਵਾਨ ਹਾਲ ਵਿਚ ਇਕ ਉਚੇਰੀ ਕਿਸਮ ਦੀ ਰੁਹਾਨੀਅਤ ਦਾ ਮਾਹੌਲ ਬਣਿਆ ਹੋਇਆ ਸੀ। ਵਾਰ ਵਾਰ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡੇ ਜਾ ਰਹੇ ਸਨ। ਗੁਰਦੁਆਰਾ ਅੰਗਦ ਦਰਬਾਰ ਵਿਚ ਉਘੇ ਕਥਾਕਾਰ ਭਾਈ ਗੁਰਸਾਹਿਬ ਸਿੰਘ ਨੇ ਭਾਈ ਪਿੰਦਰਪਾਲ ਸਿੰਘ ਦਾ ਧੰਨਵਾਦ ਕੀਤਾ।


**Imperial Truck & Trailer Repair**

**2142 W. Yosemite Ave., Manteca, CA 95337**

All Kinds of Welding Work & General Repair.




Now Truck Parts Available

*Transmission
*Clutch
*Brakes
*Suspension
*Oil Change
*Rear End

*Wet Kit & PTO Pumps
*Alternators
*Starters
*Cement Blower
*AC Work
*Rediator Flush

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

Oil Change $189.99 Only

Brake $89.00 With Labor
Wheel Seal $89.00 With Labor
Labor Rate $50.00 Hourly Rate

Wheel Balancing

24 Hours Road Service & Towing

**Tire Service**

We carry all major brand tires-new and used at very attractive prices.

Call-Jasvir Singh, Ph:209-239-8111
Cell:916-470-5520, Fax: 209-239-4969

# ਗੁਰਦੁਆਰਾ ਰੀਓ ਲਿੰਡਾ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਚੇਅਰਮੈਨ ਬਲਬੀਰ ਕਲੇਰ ਅਤੇ ਪ੍ਰਧਾਨ ਸਤੀਸ਼ ਰੱਲ੍ਹ ਚੁਣੇ ਗਏ।



ਗੁਰਦੁਆਰਾ ਕਮੇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਬਾਕੀ ਅਹੁਦੇਦਾਰਾਂ ਵਿਚ ਵਾਈਸ ਚੇਅਰਮੈਨ ਜੋਗਿੰਦਰ ਚੁੰਬਰ, ਮੀਤ ਪ੍ਰਧਾਨ ਸਤਨਾਮ ਮੰਢਾਲੀ ਅਤੇ ਦਰਸ਼ਨ ਵਿਰਕ, ਸਟੇਜ ਸਕੱਤਰ ਰਮੇਸ਼ ਬੰਗੜ, ਸਹਾਇਕ ਸਟੇਜ ਸਕੱਤਰ ਜੀਵਨ ਰੱਤੂ, ਦਫਤਰ ਸਕੱਤਰ ਰਾਜ ਸਿੰਘ ਬੱਧਣ, ਖਜ਼ਾਨਚੀ ਇੰਦਰਜੀਤ ਪਡਵੇਗਾ, ਸਹਾਇਕ ਖਜ਼ਾਨਚੀ ਮਹਿੰਦਰ ਸਿੰਘ ਧਾਮੀ ਅਤੇ ਜਸਵਿੰਦਰ ਮਡਾਰਾ, ਮੀਡੀਆ ਇੰਚਾਰਜ ਜਸਵਿੰਦਰ ਬੰਗਾ ਤੇ ਜਸਵੰਤ ਸ਼ੀਮਾਰ ਅਤੇ ਕਿਚਨ ਇੰਚਾਰਜ ਹਰਬੰਸ ਰੱਲ੍ਹ ਚੁਣੇ ਗਏ। ਕੈਲੀਫੋਰਨੀਆ ਵਿਚ ਇਹ ਇਕੋ ਇਕ ਗੁਰੂ ਘਰ ਹੈ ਜਿਥੇ ਪਿਛਲੇ 19 ਸਾਲ ਤੋਂ ਪ੍ਰਬੰਧਕ ਕਮੇਟੀ ਦੀ ਸਿਲੈਕਸ਼ਨ ਹੀ ਹੁੰਦੀ ਹੈ। ਇਹ 14 ਮੈਂਬਰੀ ਕਮੇਟੀ 46 ਮੈਂਬਰੀ ਬੋਰਡ ਆਫ ਡਾਇਰੈਕਟਰਜ਼ ਵਿਚੋਂ ਚੁਣੀ ਗਈ।

ਚੋਣ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਅਮਰਜੀਤ ਸਿੰਘ ਨੇ ਨਵੀਂ ਕਮੇਟੀ ਦੀ ਚੜ੍ਹਦੀ ਕਲਾ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਗੁਰੂ ਘਰ ਦੀ ਤਰਫੋਂ ਪ੍ਰਧਾਨ ਰਾਕੇਸ਼ ਚੰਦਰ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਨਵੀਂ ਕਮੇਟੀ ਦੇ ਚਾਰਜ ਲੈਣ ਤੋਂ ਪਹਿਲਾਂ ਗੁਰੂ ਘਰ ਦੇ ਪਿਛਲੇ ਚੇਅਰਮੈਨ ਜਸਵਿੰਦਰ ਬੰਗਾ ਨੇ ਪੁਰਾਣੇ ਪ੍ਰਧਾਨ ਰਾਕੇਸ਼ ਚੰਦਰ ਤੋਂ ਸਾਰਾ ਹਿਸਾਬ ਕਿਤਾਬ ਲੈ ਕੇ ਸੰਗਤ ਨੂੰ ਦੱਸਿਆ। ਸਾਬਕਾ ਪ੍ਰਧਾਨ ਰਾਕੇਸ਼ ਚੰਦਰ ਨੇ ਆਉਣ ਵਾਲੀ ਕਮੇਟੀ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਨਵੇਂ ਬਣੇ ਚੇਅਰਮੈਨ ਬਲਵੀਰ ਕਲੇਰ ਅਤੇ ਪ੍ਰਧਾਨ ਸਤੀਸ਼ ਰੱਲ੍ਹ ਨੇ ਸੰਗਤਾਂ ਨੂੰ ਭਰੋਸਾ ਦਿੱਤਾ ਕਿ ਉਹ ਗੁਰੂ ਘਰ ਦੇ ਹਿੱਤ ਵਿਚ ਯਥਾਯੋਗ ਸੇਵਾ ਕਰਨਗੇ।

ਗੁਰੂ ਘਰ ਦੇ ਹਫਤਾਵਾਰੀ ਪ੍ਰੋਗਰਾਮ ਦੌਰਾਨ ਪੰਜਾਬ ਦੇ ਸਾਬਕਾ ਮੰਤਰੀ ਸ੍ਰੀ ਸਰਵਣ ਸਿੰਘ ਫਿਲੌਰ ਗੁਰੂ ਘਰ ਦੇ ਦਰਸ਼ਨਾਂ ਨੂੰ ਪਹੁੰਚੇ। ਗਿਆਨੀ ਕੁਲਜੀਤ ਸਿੰਘ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ। ਇਸੇ ਦੌਰਾਨ ਦਲਿਤਾਂ ਦੇ ਮਸੀਹਾ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮਾ ਰਾਓ ਅੰਬੇਦਕਰ ਦਾ ਜਨਮ ਦਿਨ ਗੁਰੂ ਘਰ ਵਿਚ 8 ਮਈ ਨੂੰ ਮਨਾਇਆ ਜਾਏਗਾ। 15 ਮਈ ਨੂੰ ਬਾਬੂ ਮੰਗੂ ਰਾਮ ਮੰਗੋਵਾਲੀਆ ਦਾ ਜਨਮ ਦਿਨ ਮਨਾਇਆ ਜਾਏਗਾ।

# ਪ੍ਰਿੰ. ਸਰਵਣ ਸਿੰਘ ਦੀ ਨਵੀਂ ਪੁਸਤਕ ਰਿਲੀਜ਼

**ਬੇਕਰਜ਼ਫੀਲਡ (ਮਾਨ ਮਨਦੀਪ):** ਪੰਜਾਬੀ ਖੇਡ ਪੱਤਰਕਾਰੀ ਦੇ ਮੋਢੀ ਪ੍ਰਿੰ. ਸਰਵਣ ਸਿੰਘ ਢੁੱਡੀਕੇ ਦੀ ਨਵੀਂ ਪੁਸਤਕ "ਅੱਖੀਂ ਡਿੱਠਾ ਕਬੱਡੀ ਵਰਲਡ ਕੱਪ" ਦਾ ਰਿਲੀਜ਼ ਸਮਾਗਮ ਇਥੇ ਲੰਘੇ ਸ਼ੁਕਰਵਾਰ ਨੂੰ ਕੀਤਾ ਗਿਆ। ਇਹ ਪੁਸਤਕ ਪ੍ਰਿੰ. ਸਰਵਣ ਸਿੰਘ ਦੇ ਦੋਸਤ ਅਤੇ ਸਮਰਥਕ, ਜਿਨ੍ਹਾਂ ਨੇ ਇਸ ਪੁਸਤਕ ਲਈ ਮਾਲੀ ਮਦਦ ਵੀ ਦਿੱਤੀ, ਸੁੱਖੀ ਘੁੰਮਣ ਅਤੇ ਬਾਬ ਵਿਰਕ ਵਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁੱਖੀ ਘੁੰਮਣ, ਜੋਬਨਜੀਤ ਸਿੰਘ, ਅਮਰਜੀਤ ਸਿੰਘ ਟੁੱਟ, ਬਾਬ ਵਿਰਕ, ਜਗਤਾਰ ਨੰਬਰਦਾਰ ਅਤੇ ਸੰਤੋਖ ਸਿੰਘ ਮੰਡੇਰ ਹਾਜ਼ਰ ਸਨ।

ਅੱਖੀਂ ਡਿੱਠਾ ਕਬੱਡੀ ਵਰਲਡ ਕੱਪ ਪਿਛਲੇ ਸਾਲ ਪੰਜਾਬ ਵਿਚ ਹੋਏ ਵਿਸ਼ਵ ਕਬੱਡੀ ਕੱਪ ਬਾਰੇ ਇਕ ਦਸਤਾਵੇਜ਼ੀ ਪੁਸਤਕ ਹੈ। ਅਜਿਹੀਆਂ ਦਸਤਾਵੇਜ਼ੀ ਪੁਸਤਕਾਂ ਲਿਖਵਾਉਣ ਦੀ ਜ਼ਿੰਮੇਵਾਰੀ ਆਮ ਕਰਕੇ ਸਰਕਾਰਾਂ ਦੀ ਹੁੰਦੀ ਹੈ ਪਰ ਪੰਜਾਬ ਸਰਕਾਰ ਨੇ ਅਜਿਹਾ ਨਹੀਂ ਕੀਤਾ। ਪੰਜਾਬ ਸਰਕਾਰ ਨੇ ਕਬੱਡੀ ਕੱਪ ਉਪਰ ਤਾਂ ਵੀਹ ਕਰੋੜ ਰੁਪਏ ਖਰਚ ਦਿੱਤਾ ਪਰ ਇਸ ਵੱਡੇ ਖੇਡ ਮੇਲੇ ਦੀ ਜਾਣਕਾਰੀ ਸੰਭਾਲਣ ਲਈ ਕੋਈ ਯਤਨ ਨਹੀਂ ਕੀਤਾ। ਇਹ ਗੱਲ ਪ੍ਰਿੰ. ਸਰਵਣ ਸਿੰਘ ਦੇ ਹਿੱਸੇ ਹੀ ਆਈ ਕਿ ਉਨ੍ਹਾਂ ਇਹ ਕਿਤਾਬ ਛਾਪਣ ਦਾ ਉਪਰਾਲਾ ਕੀਤਾ। ਉਹ ਉਥੇ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਦੇ ਇਸ ਸੁਝਾਅ 'ਤੇ ਕਿ ਸਾਰੀਆਂ ਤਸਵੀਰਾਂ ਰੰਗਦਾਰ ਛਪਵਾਈਆਂ ਜਾਣ, ਹੋਣ ਵਾਲੇ



ਖਰਚੇ ਕਰਕੇ ਅਮਲ ਕਰਨ ਤੋਂ ਥੋੜਾ ਝਿਜਕ ਰਹੇ ਸਨ ਪਰ ਐਨ ਆਰ ਆਈ ਭਰਾ ਸੁੱਖੀ ਘੁੰਮਣ ਦੇ ਸਹਿਯੋਗ ਕਰਕੇ ਉਨ੍ਹਾਂ ਇਹ ਇਰਾਦਾ ਬਣਾ ਹੀ ਲਿਆ।

ਪ੍ਰਿੰ. ਸਰਵਣ ਸਿੰਘ ਖੇਡ ਜਗਤ ਦਾ ਉਹ ਸ਼ਾਹ ਸਵਾਰ ਲੇਖਕ ਹੈ ਜਿਸ ਦੀਆਂ ਲਿਖਤਾਂ ਨੂੰ ਪੜ੍ਹ ਕੇ ਕਈ ਕੌਮਾਂਤਰੀ ਪੱਧਰ ਦੇ ਖਿਡਾਰੀ ਬਣੇ ਹਨ। ਉਹ ਹੁਣ ਤੱਕ 24 ਪੁਸਤਕਾਂ ਪੰਜਾਬੀ ਖੇਡ ਜਗਤ ਨੂੰ ਦੇ ਚੁਕੇ ਹਨ। ਇਕ ਵਾਰ ਮੈਂ ਸੈਨ ਹੋਜ਼ੇ ਦੇ ਇਕ ਖੇਡ ਮੇਲੇ ਵਿਚ ਇਕ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਨੂੰ ਪੁੱਛਿਆ, ਤੁਹਾਨੂੰ ਖੇਡਣ ਲਈ ਤਾਕਤ ਅਤੇ ਜੋਸ਼ ਕਿੱਥੋਂ ਮਿਲਦਾ ਹੈ? ਜਵਾਬ ਸੀ ਕਿ ਮੈਂ ਹਰ ਮੈਚ ਖੇਡਣ ਤੋਂ ਪਹਿਲਾਂ ਪ੍ਰਿੰ. ਸਰਵਣ ਸਿੰਘ ਦਾ ਲਿਖਿਆ ਕੋਈ ਜੋਸ਼ੀਲਾ ਲੇਖ ਜ਼ਰੂਰ ਪੜ੍ਹਦਾ ਹਾਂ। ਇਸ ਤੋਂ ਮੈਨੂੰ ਮਾਨਸਿਕ ਸ਼ਕਤੀ ਮਿਲਦੀ ਹੈ। ਪ੍ਰਿੰ. ਸਰਵਣ ਸਿੰਘ ਖੁਦ ਵੱਡੇ ਖਿਡਾਰੀ ਬਣਨਾ ਚਾਹੁੰਦੇ ਸਨ, ਪਰ ਮੇਰੀ ਸਮਝ ਵਿਚ ਇਹ ਚੰਗਾ ਹੀ ਹੋਇਆ ਕਿ ਉਹ ਵੱਡੇ ਖਿਡਾਰੀ ਨਹੀਂ ਬਣੇ ਨਹੀਂ ਤਾਂ ਉਨ੍ਹਾਂ ਸੈਂਕੜੇ ਨੌਜਵਾਨਾਂ ਨੇ ਚੋਟੀ ਦੇ ਖਿਡਾਰੀ ਬਣਨੋ ਰਹਿ ਜਾਣਾ ਸੀ ਜਿਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਦੀਆਂ ਪੁਸਤਕਾਂ ਤੋਂ ਉਤਸ਼ਾਹ ਲਿਆ।

ਕਬੱਡੀ ਦੀ ਖੇਡ ਵਿਚ ਦਿਲਚਸਪੀ ਰੱਖਣ ਵਾਲੇ ਹਰ ਖਿਡਾਰੀ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਜਿਹੜੇ ਕਬੱਡੀ ਪ੍ਰੇਮੀ ਵਰਲਡ ਕੱਪ ਨਹੀਂ ਦੇਖ ਸਕੇ ਉਹ ਇਸ ਪੁਸਤਕ ਜ਼ਰੀਏ ਵਰਲਡ ਕੱਪ ਦੇਖ ਸਕਦੇ ਹਨ। ਪ੍ਰਿੰ. ਸਰਵਣ ਸਿੰਘ ਅੱਜ ਕੱਲ੍ਹ ਟੋਰਾਂਟੋ ਰਹਿੰਦੇ ਹਨ ਅਤੇ ਉਨ੍ਹਾਂ ਨਾਲ ਸੰਪਰਕ ਫੋਨ 905-799-1661 ਜਾਂ 647-866-7062 ਉਤੇ ਕੀਤਾ ਜਾ ਸਕਦਾ ਹੈ।

# ਹਰਿਆਣਾ ਲਈ ਵੱਖਰੀ ਹਾਈ ਕੋਰਟ ਬਣਾਉਣ ਬਾਰੇ ਸੋਚਾਂਗੇ:ਮੋਇਲੀ

**ਨਵੀਂ ਦਿੱਲੀ:** ਕੇਂਦਰੀ ਕਾਨੂੰਨ ਮੰਤਰੀ ਡਾ. ਐਮ. ਵੀਰੱਪਾ ਮੋਇਲੀ ਨੇ ਦੱਸਿਆ ਕਿ ਹਰਿਆਣਾ ਲਈ ਵੱਖਰੀ ਹਾਈ ਕੋਰਟ ਬਣਾਏ ਜਾਣ ਲਈ ਗੰਭੀਰ ਵਿਚਾਰ ਕੀਤੀ ਜਾ ਰਹੀ ਹੈ। ਇਸ ਅਮਲ 'ਤੇ ਗੰਭੀਰਤਾ ਨਾਲ ਵਿਚਾਰਾਂ ਚੱਲ ਰਹੀਆਂ ਹਨ ਅਤੇ ਵੱਖ-ਵੱਖ ਧਿਰਾਂ ਤੋਂ ਰਾਇ ਲਈ ਜਾ ਰਹੀ ਹੈ।

ਭਾਰਤ ਦੇ ਐਡੀਸ਼ਨਲ ਸਾਲਿਸਿਟਰ ਜਨਰਲ ਮੋਹਨ ਜੈਨ ਵੱਲੋਂ ਸ੍ਰੀ ਮੋਇਲੀ ਦੇ ਸਨਮਾਨ 'ਚ ਦਿੱਤੇ ਰਾਤਰੀ ਭੋਜ ਮੌਕੇ ਉਨ੍ਹਾਂ ਨੇ ਇਹ ਖੁਲਾਸਾ ਕੀਤਾ। ਇਸ ਤੋਂ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਸੂਬੇ ਲਈ ਵੱਖਰੀ ਹਾਈ ਕੋਰਟ ਦਾ ਮਾਮਲਾ ਉਨ੍ਹਾਂ ਕੋਲ ਮੁੜ ਜ਼ੋਰਦਾਰ ਢੰਗ ਨਾਲ ਉਠਾਇਆ ਸੀ। ਰਾਤਰੀ ਭੋਜ 'ਤੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਹੁੱਡਾ ਨੇ ਆਪਣੀ ਮੰਗ ਦੁਹਰਾਈ ਅਤੇ ਜ਼ੋਰ ਪਾਇਆ ਕਿ ਇਸ ਬਾਰੇ ਜਲਦੀ ਫੈਸਲਾ ਕੀਤਾ ਜਾਵੇ।

ਸ੍ਰੀ ਮੋਇਲੀ ਨੇ ਦੱਸਿਆ ਕਿ ਉਨ੍ਹਾਂ ਨੂੰ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਬਹੁਤ ਪੱਤਰ ਮਿਲ ਚੁੱਕੇ ਹਨ ਅਤੇ ਹੁਣ ਉਹ ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਕੋਲ ਉਠਾਉਣਗੇ। ਉਹ ਪਹਿਲਾਂ ਵੀ ਚੀਫ ਜਸਟਿਸ ਨੂੰ ਪੱਤਰ ਲਿਖ ਚੁੱਕੇ ਹਨ ਅਤੇ ਉਨ੍ਹਾਂ ਦਾ ਜਵਾਬ ਉਡੀਕ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਜਲਦੀ ਹੀ ਚੰਡੀਗੜ੍ਹ ਦੇ ਦੌਰੇ ਦੀ ਯੋਜਨਾ ਬਣਾ ਰਹੇ ਹਨ ਤੇ ਉਥੇ ਫਿਰ ਇਹ ਮਾਮਲਾ ਵਿਚਾਰਿਆ ਜਾਏਗਾ। ਉਨ੍ਹਾਂ ਦੱਸਿਆ ਕਿ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਵੰਡ ਦੇ ਵਿਰੋਧੀ ਨਹੀਂ ਹਨ। ਜਦੋਂ ਬਹੁਤੇ ਰਾਜਾਂ ਕੋਲ ਆਪਣੀਆਂ ਹਾਈ ਕੋਰਟਾਂ ਹਨ ਤਾਂ ਹਰਿਆਣਾ ਦੀ ਵੀ ਆਪਣੀ ਹਾਈ ਕੋਰਟ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ 28 ਰਾਜਾਂ ਅਤੇ ਤਿੰਨ ਕੇਂਦਰ ਸ਼ਾਸਤ ਰਾਜਾਂ ਵਿਚ 21 ਮੁਕੰਮਲ ਹਾਈ ਕੋਰਟਾਂ ਹਨ।






# ਪ੍ਰਾਚੀਨ ਸੰਗੀਤ ਨੂੰ ਬਚਾਉਣ ਲਈ ਅਕੈਡਮੀਆਂ ਖੁੱਲ੍ਹਣ:ਗੁਲਾਮ ਅਲੀ

**ਅੰਮ੍ਰਿਤਸਰ:** ਉਘੇ ਪਾਕਿਸਤਾਨੀ ਗਾਇਕ ਗੁਲਾਮ ਅਲੀ ਨੇ ਕਿਹਾ ਹੈ ਕਿ ਮੌਜੂਦਾ ਸੰਗੀਤ ਦੇ ਦੌਰ ਵਿਚ ਪ੍ਰਾਚੀਨ ਸੰਗੀਤ ਨੂੰ ਬਚਾਉਣ ਅਤੇ ਸੰਗੀਤ ਘਰਾਣਿਆਂ ਦੇ ਦਰਜੇ ਨੂੰ ਬਰਕਰਾਰ ਰੱਖਣ ਲਈ ਸਰਕਾਰ ਨੂੰ ਸੰਗੀਤ ਅਕੈਡਮੀਆਂ ਖੋਲ੍ਹਣੀਆਂ ਚਾਹੀਦੀਆਂ ਹਨ, ਜਿਥੇ ਕਲਾਸੀਕਲ ਸੰਗੀਤ ਬਾਰੇ ਗਿਆਨ ਦਿੱਤਾ ਜਾ ਸਕੇ। ਸ੍ਰੀ ਗੁਲਾਮ ਅਲੀ ਖਾਂ ਇਥੇ ਭਾਈ ਭੁਪਿੰਦਰ ਸਿੰਘ ਪਾਰਸ (ਯੂ.ਐਸ.ਏ.) ਦੀ ਸ਼ਬਦਾਂ ਦੀ ਸੀ.ਡੀ. 'ਐਸੀ ਪ੍ਰੀਤਿ ਕਰਹੁ ਮਨ ਮੇਰੇ' ਜਾਰੀ ਕਰਨ ਲਈ ਪੁੱਜੇ ਸਨ।

ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਭਾਈ ਪਾਰਸ ਦੀ ਥਾਂ ਉਨ੍ਹਾਂ ਦੇ ਬੇਟੇ ਜਸਵਿੰਦਰ ਸਿੰਘ ਪਾਰਸ ਹਾਜ਼ਰ ਸਨ। ਇਸ ਸੀ.ਡੀ. ਵਿਚ ਗੁਰਬਾਣੀ ਦੇ ਛੇ ਸ਼ਬਦ ਹਨ ਅਤੇ ਸੀ.ਡੀ. ਕਲਾਸੀਕਲ ਸੰਗੀਤ 'ਤੇ ਆਧਾਰਤ ਹੈ। ਸ੍ਰੀ ਗੁਲਾਮ ਅਲੀ ਖਾਂ ਨੇ ਦੱਸਿਆ ਕਿ ਅੱਜ ਦੇ ਦੌਰ ਵਿਚ ਚਮਕ ਦਮਕ ਵਾਲੇ ਸੰਗੀਤ ਦਾ ਬੋਲਬਾਲਾ ਹੈ। ਪ੍ਰਾਚੀਨ ਸੰਗੀਤ ਦੀ ਹੋਂਦ ਨੂੰ ਭਾਵੇਂ ਕੋਈ ਖ਼ਤਰਾ ਨਹੀਂ ਹੈ ਪਰ ਇਸ ਨੂੰ ਬਚਾਉਣ ਲਈ ਸਰਕਾਰੀ ਸਹਿਯੋਗ ਦੀ ਲੋੜ ਹੈ।





M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Omni Video Productions
Professional Videography & Photography
For Booking & Information Contact :
Tel: 661-835-8230
Cell: 661-703-6664
email : omnivideo@hotmail.com
www.omnivideousa.com



Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
Weddings & Receptions
Anniversaries & Birthday Parties
Stage Show & TV Ads
Interviews & Documentaries
NEW SERVICE
Live worldwide streaming of your events
CRANE SETUP

- Photography
- Studio Portraits
- Family Photos
- Business Photography
- Digital Photo Mixing
- Designed Wedding Albums



Quality & Creativity

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Are Worries Keeping You Awake?
Watch Your Business AnyTime Any Place.




Attention Business Owners!!
Are You Worried About Your Business When You`re Not There?
Watch your business from anywhere on iPhone with our new technology

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

# ਜਗਦੀਸ਼ ਢਿੱਲੋਂ ਦੇ ਨਵੇਂ ਘਰ ਦਾ ਗ੍ਰਹਿ ਪ੍ਰਵੇਸ਼ ਸਮਾਗਮ-ਤਸਵੀਰਾਂ ਦੀ ਜ਼ੁਬਾਨੀ

ਬੇਕਰਜ਼ਫੀਲਡ ਸ਼ਹਿਰ ਦੇ ਉਘੇ ਬਿਜਨਸਮੈਨ ਅਤੇ ਐਨ ਆਰ ਆਈ ਸਭਾ, ਅਮਰੀਕਾ ਦੇ ਵਾਈਸ ਚੇਅਰਮੈਨ ਸ੍ਰੀ ਜਗਦੀਸ਼ ਢਿੱਲੋਂ ਦੇ ਨਵੇਂ ਘਰ ਵਿਚ ਗ੍ਰਹਿ ਪ੍ਰਵੇਸ਼ ਹੋਇਆ ਅਤੇ ਇਸੇ ਦਿਨ ਉਨ੍ਹਾਂ ਆਪਣੇ ਪੋਤਰੇ ਜੇ. ਢਿੱਲੋਂ ਦਾ ਪੰਜਵਾਂ ਜਨਮ ਦਿਨ ਵੀ ਮਨਾਇਆ। ਇਸ ਮੌਕੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਸਥਾਨਕ ਆਗੂਆਂ ਤੋਂ ਇਲਾਵਾ ਢਿੱਲੋਂ ਪਰਿਵਾਰ ਦੇ ਬਹੁਤ ਸਾਰੇ ਮਿੱਤਰ ਅਤੇ ਰਿਸ਼ਤੇਦਾਰ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਸ੍ਰੀ ਢਿੱਲੋਂ ਨੂੰ ਇਸ ਸ਼ੁਭ ਅਵਸਰ 'ਤੇ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਸਥਾਨਕ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਤੋਂ ਇਲਾਵਾ ਕਰਨ ਕਾਉਂਟੀ ਡਿਸਟ੍ਰਿਕਟ 5 ਤੋਂ ਸੁਪਰਵਾਈਜ਼ਰ ਕਰੇਨ ਗੋ, ਸਿਟੀ ਕੌਂਸਲ ਮੈਂਬਰ ਰੱਸਲ ਜਾਨਸਨ ਅਤੇ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਵੀ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਅਕਾਲੀ ਦਲ (ਬਾਦਲ) ਅਮਰੀਕਾ ਦੇ ਚੇਅਰਪਰਸਨ ਸ੍ਰੀ ਹੈਰੀ ਗਿੱਲ, ਦਿਲਬਾਗ ਸਿੰਘ ਪੰਨੂ ਅਤੇ ਸਿਸਟਰ ਸਿਟੀ ਪ੍ਰਾਜੈਕਟ ਦੇ ਪ੍ਰਧਾਨ ਸ੍ਰੀ ਜਾਨ ਹੈਫਨਰ ਵੀ ਹਾਜ਼ਰ ਸਨ। ਇਸ ਮੌਕੇ ਰਾਗੀ ਸਿੰਘਾਂ ਨੇ ਕੀਰਤਨ ਦਾ ਪ੍ਰਵਾਹ ਚਲਾਇਆ ਅਤੇ ਭਾਈ ਗੁਰਸਾਹਿਬ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮੰਚ ਸੰਚਾਲਨ ਮਨਜੀਤ ਸਿੰਘ ਸੈਕਟਰੀ ਨੇ ਕੀਤਾ।


















*Sponsored Page*

# Global Multi Services

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Financing Available For Buying Trucks**

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739





*Rajinder Singh*



*Manitpal Singh*

**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996**

**ਫੈਕਸ:209-982-9997**

# ਸ਼ਾਹੀ ਸ਼ਾਦੀ, ਪਿਆਰ ਦਾ ਸ਼ਾਹੀ ਇਜ਼ਹਾਰ

## ਵਿਲੀਅਮ ਤੇ ਕੇਟ ਇੱਕ-ਦੂਜੇ ਦੇ ਹੋਏ

**ਲੰਡਨ:** ਰਾਜਕੁਮਾਰ ਵਿਲੀਅਮ ਤੇ ਕੇਟ ਮਿਡਲਟਨ ਵਿਆਹ ਬੰਧਨ 'ਚ ਬੱਝ ਗਏ ਹਨ। ਉਨ੍ਹਾਂ ਦੇ ਵਿਆਹ ਦੀਆਂ ਰਸਮਾਂ ਵੈਸਟਮਿੰਸਟਰ ਐਬੀ ਦੇ ਗਿਰਜਾਘਰ ਵਿਚ ਹੋਈਆਂ। ਦੋਵਾਂ ਦਾ ਪਿਛਲੇ 10 ਸਾਲ ਤੋਂ ਰੋਮਾਂਸ ਚੱਲ ਰਿਹਾ ਸੀ। ਤੀਹ ਸਾਲਾਂ ਵਿਚ ਬਰਤਾਨੀਆ ਦੇ ਸਭ ਤੋਂ ਵੱਡੇ ਸ਼ਾਹੀ ਵਿਆਹ ਦਾ ਸਮਾਗਮ ਟੈਲੀਵਿਜ਼ਨਾਂ ਰਾਹੀਂ ਦੁਨੀਆ ਭਰ ਦੇ ਲੱਖਾਂ ਲੋਕਾਂ ਨੇ ਦੇਖਿਆ। ਕੈਂਟਰਬਰੀ ਦੇ ਆਰਚਬਿਸ਼ਪ ਨੇ ਉਨ੍ਹਾਂ ਨੂੰ ਪਤੀ-ਪਤਨੀ ਐਲਾਨਿਆ।

ਮਿਡਲਟਨ (29) ਨੇ ਖੂਬਸੂਰਤ ਗਾਊਨ ਪਾਇਆ ਹੋਇਆ ਸੀ ਜਿਸ ਨੂੰ ਸਾਰਾ ਬਰਟਨ ਨੇ ਤਿਆਰ ਕੀਤਾ ਸੀ ਤੇ ਵਿਲੀਅਮ (28) ਨੇ ਆਇਰਿਸ਼ ਗਾਰਡ ਦੇ ਕਰਨਲ ਦੀ ਵਰਦੀ ਪਾਈ ਹੋਈ ਸੀ। ਸ਼ਾਹੀ ਪਰਿਵਾਰ ਵਿਚ ਦੂਸਰੇ ਨੰਬਰ 'ਤੇ ਆਉਣ ਵਾਲੇ ਰਾਜਕੁਮਾਰ ਵਿਲੀਅਮ ਤੇ ਕੇਟ ਮਿਡਲਟਨ ਦੇ ਵਿਆਹ ਤੋਂ ਪਹਿਲਾਂ 'ਡਿਊਕ ਆਫ਼ ਕੈਂਬਰਿਜ' ਤੇ 'ਡਚੇਸ ਆਫ ਕੈਂਬਰਿਜ' ਦਾ ਖਿਤਾਬ ਪ੍ਰਦਾਨ ਕੀਤਾ ਗਿਆ। ਵਿਆਹ ਦਾ ਇਹ ਤੋਹਫ਼ਾ ਵਿਲੀਅਮ ਦੀ ਦਾਦੀ ਮਹਾਰਾਣੀ ਐਲਜ਼ੀਬੈਥ ਨੇ ਦਿੱਤਾ। ਜਦੋਂ 'ਲੋ ਨੈਕਲਾਈਨ' ਦਾ ਸਫੇਦ ਜਾਲੀਦਾਰ ਗਾਊਨ ਪਾਈ ਰਾਜਕੁਮਾਰ ਦੀ ਸ਼ਹਿਜ਼ਾਦੀ ਕੇਟ ਵਿਆਹ ਦੀਆਂ ਕਸਮਾਂ ਖਾਣ ਆਈ ਤਾਂ ਉਨ੍ਹਾਂ ਦੇ ਹੁਸਨ ਦੇ ਲੱਖਾਂ ਲੋਕ ਕਾਇਲ ਹੋ ਗਏ। ਕੇਟ ਸ਼ਾਹੀ ਢੰਗ ਨਾਲ ਆਪਣੇ ਪਿਤਾ ਮਾਈਕਲ ਦਾ ਹੱਥ ਫੜੀ ਚੱਲ ਰਹੀ ਸੀ ਤੇ ਮਹੀਨਿਆਂ ਦੇ ਇੰਤਜ਼ਾਰ ਦਾ ਲੰਬਾ ਸਮਾਂ ਪਲਕਾਂ ਝਪਕਦੇ ਖ਼ਤਮ ਹੁੰਦਾ ਜਾ ਰਿਹਾ ਸੀ। ਉਨ੍ਹਾਂ ਦੇ ਗਾਊਨ ਦੇ ਪਿਛਲੇ ਹਿੱਸੇ ਨੂੰ ਉਨ੍ਹਾਂ ਦੀ ਭੈਣ ਤੇ ਮੇਡ ਆਫ ਆਨਰ ਪਿੱਪਾ ਨੇ ਫੜਿਆ ਹੋਇਆ ਸੀ। ਕੇਟ ਦੀ ਸੁੰਦਰਤਾ ਤੇ ਉਨ੍ਹਾਂ ਦੀ ਡਰੈਸ ਦੇ ਚਰਚੇ ਇੰਟਰਨੈੱਟ ਜਗਤ 'ਤੇ ਵੀ ਖ਼ੂਬ ਹੋਏ। ਕੇਟ 350 ਸਾਲਾਂ ਤੋਂ ਵਧੇਰੇ ਸਮੇਂ ਵਿਚ ਅਜਿਹੀ ਪਹਿਲੀ ਗੈਰ ਸ਼ਾਹੀ ਮਹਿਲਾ ਹੈ ਜਿਸ ਨੇ ਰਾਜਕੁਮਾਰ ਨਾਲ ਵਿਆਹ ਕਰਵਾਇਆ ਹੈ। ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਮਗਰੋਂ ਸ਼ਾਹੀ ਜੋੜਾ ਬਕਿਘੰਮ ਪੈਲੇਸ ਦੀ ਬਾਲਕਨੀ ਵਿਚ ਆਇਆ ਤੇ ਬੇਤਾਬ ਹੋ ਰਹੀ ਭੀੜ ਦੀ ਵਧਾਈਆਂ ਕਬੂਲਦਿਆਂ ਇਕ-ਦੂਜੇ ਨੂੰ ਚੁੰਮਿਆ। ਰਾਜਕੁਮਾਰ ਵਿਲੀਅਮ ਨੇ ਆਪਣੇ ਪਿਤਾ ਰਾਜਕੁਮਾਰ ਚਾਰਲਸ ਦੇ ਕਦਮਾਂ 'ਤੇ ਚਲਦਿਆਂ ਇਹ ਰੀਤ ਨਿਭਾਈ। ਚਾਰਲਸ ਨੇ 29 ਜੁਲਾਈ 1981 ਵਿਚ ਆਪਣੀ ਸੱਜ ਵਿਆਹੀ ਡਿਆਨਾ ਨੂੰ ਚੁੰਮਣ ਦੇ ਕੇ ਇਹ ਰਵਾਇਤ ਸ਼ੁਰੂ ਕੀਤੀ ਸੀ। ਲੋਕਾਂ ਵੱਲੋਂ ਖੁਸ਼ੀ ਜ਼ਾਹਰ ਕੀਤੇ ਜਾਣ 'ਤੇ ਰਾਜਕੁਮਾਰ ਵਿਲੀਅਮ ਨੇ ਦੂਜੀ ਵਾਰ ਕੇਟ ਨੂੰ ਚੁੰਮਿਆ।

ਵਿਲੀਅਮ ਤੇ ਕੇਟ ਨੇ ਆਪਣੀ ਪ੍ਰਾਰਥਨਾ ਖੁਦ ਲਿਖੀ ਸੀ। ਇਸ਼ ਸ਼ਾਹੀ ਵਿਆਹ ਲਈ ਦੁਨੀਆ ਭਰ ਤੋਂ ਹਜ਼ਾਰਾਂ ਲੋਕ ਲੰਡਨ ਪੁੱਜੇ। ਸ਼ਾਹੀ ਵਿਆਹ ਮੌਕੇ ਪੂਰੇ ਬਰਤਾਨੀਆ ਵਿਚ ਥਾਂ-ਥਾਂ ਲੋਕਾਂ ਦੇ ਥਿਰਕਨ ਤੇ ਪਾਰਟੀਆਂ ਕਰਨ ਦੀ ਯੋਜਨਾ ਹੈ। ਸ਼ਾਹੀ ਵਿਆਹ ਵਿਚ ਸਭ ਤੋਂ ਪਹਿਲਾਂ ਪੁੱਜਣ ਵਾਲਿਆਂ ਵਿਚ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ, ਉਘੇ ਫੁਟਬਾਲ ਖਿਡਾਰੀ ਡੇਵਿਡ ਬੇਕਹਮ ਤੇ ਉਨ੍ਹਾਂ ਦੀ 'ਸਪਾਈਸ ਗਰਲ' ਪਤਨੀ ਵਿਕਟੋਰੀਆ ਤੇ ਪੌਪ ਗਾਇਕ ਜਾਨ ਐਲਟਨ ਸਨ। ਇਥੇ ਰਾਜਕੁਮਾਰ ਹੈਰੀ ਦੀ ਪ੍ਰੇਮਿਕਾ ਚੇਲਸੀ ਡੇਵੀ ਵੀ ਮੌਜੂਦ ਸੀ। ਚੇਲਸੀ ਡੇਵੀ ਨਾਲ ਹੈਰੀ ਦੇ ਵਾਰ-ਵਾਰ ਸਬੰਧ ਟੁੱਟੇ ਤੇ ਜੁੜੇ ਹਨ। ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਤੇ ਗੋਰਡਨ ਬਰਾਊਨ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਵਿਲੀਅਮ ਟੋਨੀ ਬਲੇਅਰ ਨੂੰ ਨਾਪਸੰਦ ਕਰਦੇ ਹਨ ਤੇ ਇਸ ਲਈ ਉਨ੍ਹਾਂ ਨੂੰ ਸੱਦਾ ਨਹੀਂ ਭੇਜਿਆ ਗਿਆ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੀ ਮਹਿਮਾਨਾਂ ਵਿਚ ਸ਼ਾਮਲ ਨਹੀਂ ਸਨ।



## ਬਰਤਾਨਵੀਆਂ ਵੱਲੋਂ ਕੇਟ ਨੂੰ ਸ਼ਾਹੀ ਸਤਿਕਾਰ

**ਲੰਡਨ:** ਸ਼ਹਿਜ਼ਾਦਾ ਵਿਲੀਅਮ ਨਾਲ ਵਿਆਹੇ ਜਾਣ ਮਗਰੋਂ ਦੁਨੀਆ ਭਰ ਦੀ ਅੱਖ ਦਾ ਤਾਰਾ ਬਣੀ ਕੇਟ ਮਿਡਲਟਨ ਨੂੰ ਬਰਤਾਨਵੀਆਂ ਵੱਲੋਂ ਅੰਤਾਂ ਦਾ ਸਤਿਕਾਰ ਮਿਲ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਮੁਟਿਆਰ ਸ਼ਾਹੀ ਪਰਿਵਾਰ ਲਈ 'ਸੁਲੱਖਣੀ' ਹੋਵੇਗੀ। 'ਸੰਡੇ ਟਾਈਮਜ਼' ਵੱਲੋਂ ਕਰਵਾਏ ਸਰਵੇਖਣ ਅਨੁਸਾਰ 73 ਫੀਸਦੀ ਬਰਤਾਨਵੀ ਕੇਟ ਨੂੰ ਸ਼ਾਹੀ ਪਰਿਵਾਰ ਲਈ ਸੁਲੱਖਣੀ ਮੰਨਦੇ ਹਨ। 77 ਫੀਸਦੀ ਮੰਨਦੇ ਹਨ ਕਿ 'ਸ਼ਾਹੀ' ਹੋਣ ਦੇ ਦਬਾਅ ਨੂੰ ਉਹ ਆਸਾਨੀ ਨਾਲ ਝੱਲ ਲਏਗੀ। ਜਦਕਿ 78 ਫੀਸਦੀ ਲੋਕਾਂ ਦਾ ਖਿਆਲ ਹੈ ਕਿ ਨਵੀਂ ਜੋੜੀ ਸ਼ਹਿਜ਼ਾਦਾ ਚਾਰਲਸ ਤੇ ਕੈਮਿਲਾ ਪਾਰਕਰ ਦੀ ਜੋੜੀ ਨਾਲੋਂ ਅਰਘਵਾਨ ਹੋਵੇਗੀ। ਇਸੇ ਦੌਰਾਨ ਨਵੀਂ ਜੋੜੀ ਨੇ ਕੇਨਸਿੰਗਟਨ ਮਹਿਲ 'ਚ ਰਹਿਣ ਦੀ ਯੋਜਨਾ ਬਣਾਈ ਹੈ। ਇਸ ਮਹਿਲ 'ਚ ਸ਼ਹਿਜ਼ਾਦਾ ਵਿਲੀਅਮ ਦੀ ਸੁਨੱਖੀ ਮਾਂ ਰਿਹਾ ਕਰਦੀ ਸੀ।

## ਰਾਜਕੁਮਾਰ ਚਾਰਲਸ ਨੇ ਨੂੰਹ ਦੀਆਂ ਤਰੀਫਾਂ ਦੇ ਪੁਲ ਬੰਨ੍ਹੇ

**ਲੰਡਨ:** ਰਾਜਕੁਮਾਰ ਚਾਰਲਸ ਨੇ ਆਪਣੀ ਨਵੀਂ ਨੂੰਹ ਦੀਆਂ ਤਰੀਫਾਂ ਦੇ ਪੁਲ ਬੰਨ੍ਹੇ। ਰਾਜਕੁਮਾਰ ਚਾਰਲਸ ਨੇ ਕਿਹਾ ਕੇਟ ਮਿਡਲਟਨ ਨੇ ਇਕ ਧੀ ਦੀ ਕਮੀ ਪੂਰੀ ਕਰ ਦਿੱਤੀ ਹੈ। ਮਹਾਰਾਣੀ ਐਲੀਜ਼ਾਬੈਥ ਵੱਲੋਂ ਬਕਘਿੰਮ ਪੈਲੇਸ ਵਿਚ ਸ਼ਾਹੀ ਜੋੜੇ ਦੇ ਵਿਆਹ ਦੀ ਖੁਸ਼ੀ ਵਿਚ ਦਿੱਤੀ ਗਈ ਦਾਵਤ ਮੌਕੇ ਚਾਰਲਸ ਨੇ ਭਾਵਕ ਹੁੰਦਿਆਂ ਆਪਣੀ ਨੂੰਹ ਕੇਟ ਦੀ ਰੱਜ ਕੇ ਤਾਰੀਫ਼ ਕੀਤੀ।

## ਸੁਪਰੀਮ ਕੋਰਟ ਵੱਲੋਂ ਦਿਲਜੀਤ ਸਿੰਘ ਬੇਦੀ ਦੀ ਬਰਤਰਫ਼ੀ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 3 ਅਪਰੈਲ ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ ਹੈ ਜਿਸ ਵਿਚ ਉਸ ਨੇ ਆਪਣੇ ਸਹਾਇਕ ਸਕੱਤਰ ਦਿਲਜੀਤ ਸਿੰਘ ਬੇਦੀ ਨੂੰ ਨੌਕਰੀ ਤੋਂ ਹਟਾ ਦਿੱਤਾ ਸੀ। ਸ੍ਰੀ ਬੇਦੀ ਦੀਆਂ ਇਕ ਔਰਤ ਨਾਲ ਇਤਰਾਜ਼ਯੋਗ ਤਸਵੀਰਾਂ ਅਖ਼ਬਾਰਾਂ ਵਿਚ ਛਾਪਣ ਮਗਰੋਂ ਸ਼੍ਰੋਮਣੀ ਕਮੇਟੀ ਨੇ 28 ਫਰਵਰੀ 2008 'ਚ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਸੀ। ਬਾਅਦ ਵਿਚ ਸ. ਬੇਦੀ ਨੇ ਦਾਅਵਾ ਕੀਤਾ ਸੀ ਕਿ ਤਸਵੀਰ ਵਿਚਲੀ ਔਰਤ ਉਨ੍ਹਾਂ ਦੀ ਪਤਨੀ ਹੈ। ਜਸਟਿਸ ਆਰ.ਵੀ. ਰਵਿੰਦਰਨ ਤੇ ਜਸਟਿਸ ਏ.ਕੇ. ਪਟਨਾਇਕ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਮੁਲਾਜ਼ਮ ਨੂੰ ਉਦੋਂ ਹੀ ਨੌਕਰੀ ਤੋਂ ਹਟਾ ਸਕਦੀ ਹੈ ਜਦੋਂ ਜਾਂਚ ਕਮੇਟੀ ਵਿਚ ਸਾਬਤ ਹੋ ਜਾਵੇ ਕਿ ਮੁਲਾਜ਼ਮ ਨੇ ਕੋਈ ਗਲਤ ਵਿਵਹਾਰ ਕੀਤਾ ਹੈ।

3 ਅਪਰੈਲ 2008 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਬਰਖਾਸਤਗੀ ਨੂੰ ਬਰਕਰਾਰ ਰੱਖਿਆ ਸੀ ਤੇ ਕਿਹਾ ਸੀ ਕਿ ਸ. ਬੇਦੀ ਨੇ ਨਾ ਸਿਰਫ ਸ਼੍ਰੋਮਣੀ ਕਮੇਟੀ ਸਗੋਂ ਸਮੁੱਚੀ ਸਿੱਖ ਕੌਮ ਦਾ ਨਾਮ ਬਦਨਾਮ ਕੀਤਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਜਦੋਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਉਪ ਕਮੇਟੀ ਨੇ 1 ਦਸੰਬਰ, 2007 'ਚ ਆਪਣੀ ਰਿਪੋਰਟ ਵਿਚ ਮੰਨ ਲਿਆ ਸੀ ਕਿ ਤਸਵੀਰ ਵਿਚਲੀ ਔਰਤ ਸ. ਬੇਦੀ ਦੀ ਪਤਨੀ ਹੈ ਤਾਂ ਇਸ ਦੇ ਬਾਵਜੂਦ ਉਨ੍ਹਾਂ ਨੂੰ ਬਰਖਾਸਤ ਕਰਨਾ ਜਾਇਜ਼ ਨਹੀਂ। ਹਾਈ ਕੋਰਟ ਨੇ ਵੀ ਜਾਂਚ ਕਮੇਟੀ ਦੀ ਰਿਪੋਰਟ ਨਹੀਂ ਦੇਖੀ ਤੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਉਪਰ ਮੋਹਰ ਲਾ ਦਿੱਤੀ। ਸਰਵਉਚ ਅਦਾਲਤ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ 28 ਫਰਵਰੀ 2008 ਨੂੰ ਜਾਰੀ ਕੀਤੇ ਬਰਖਾਸਤਗੀ ਦੇ ਹੁਕਮ ਕਾਨੂੰਨੀ ਤੌਰ 'ਤੇ ਠੀਕ ਨਹੀਂ ਜਿਸ ਕਾਰਨ ਉਨ੍ਹਾਂ ਹੁਕਮਾਂ ਨੂੰ ਰੱਦ ਕੀਤਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੀ ਉਪ ਕਮੇਟੀ ਨੇ ਸ੍ਰੀ ਬੇਦੀ ਦੇ ਸਪਸ਼ਟੀਕਰਨ ਨੂੰ ਮਨਜ਼ੂਰ ਕਰਕੇ ਉਨ੍ਹਾਂ ਦੀ ਬਹਾਲੀ ਦੀ ਸਿਫਾਰਸ਼ ਕੀਤੀ ਸੀ ਪਰ ਕਾਰਜਕਾਰਨੀ ਵੱਲੋਂ ਪਾਏ ਮਤੇ ਰਾਹੀਂ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ।

## ਵਿਦਿਆਰਥੀਆਂ ਨੂੰ ਕ੍ਰਿਪਾਨ ਲਾਹੁਣ ਲਈ ਕਿਹਾ

**ਪਟਿਆਲਾ:** ਇਥੋਂ ਦੇ ਇਕ ਪ੍ਰਾਈਵੇਟ ਸਕੂਲ ਦੇ ਦੋ ਸਿੱਖ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਕ੍ਰਿਪਾਨ ਲਾਹ ਕੇ ਆਉਣ, ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਸਕੂਲ ਛੱਡ ਜਾਣ ਲਈ ਕਿਹਾ ਗਿਆ ਹੈ। ਬੱਚਿਆਂ ਦੇ ਮਾਪਿਆਂ ਵਿਚ ਇਸ ਨੂੰ ਲੈ ਕੇ ਰੋਸਾ ਹੈ।

ਯਾਦਵਿੰਦਰਾ ਪਬਲਿਕ ਸਕੂਲ ਜੋ ਵਾਈ.ਪੀ.ਐਸ. ਪਟਿਆਲਾ ਕਰਕੇ ਮਸ਼ਹੂਰ ਹੈ, ਨੇ ਆਪਣੇ ਦੋ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਕ੍ਰਿਪਾਨ ਉਤਾਰ ਕੇ ਸਕੂਲ ਆਉਣ ਲਈ ਕਿਹਾ ਹੈ। ਮਨਪ੍ਰੀਤ (ਜਮਾਤ 9ਵੀਂ) ਅਤੇ ਅਕਾਸ਼ਦੀਪ ਸਿੰਘ (ਜਮਾਤ 7ਵੀਂ) ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਕ੍ਰਿਪਾਨ ਉਤਾਰ ਕੇ ਸਕੂਲ ਆਉਣ ਲਈ ਕਿਹਾ ਗਿਆ ਹੈ। ਅਕਾਸ਼ਦੀਪ ਦੇ ਪਿਤਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਸਕੂਲ ਦੇ ਪ੍ਰਿੰਸੀਪਲ ਸਟੈਨਲੀ ਵਿਨੋਦ ਕੁਮਾਰ ਨੂੰ ਮਿਲ ਕੇ 2 ਇੰਚ ਦੀ ਛੋਟੀ ਕ੍ਰਿਪਾਨ ਧਾਰਨ ਕਰਨ ਦੀ ਪ੍ਰਵਾਨਗੀ ਲੈਣ ਆਇਆ ਹੈ। ਇਸੇ ਦੌਰਾਨ ਮਨਪ੍ਰੀਤ ਦੇ ਰਿਸ਼ਤੇਦਾਰ ਗੁਰਬੀਰ ਸਿੰਘ ਨੇ ਦੱਸਿਆ ਕਿ ਉਹ ਸਕੂਲ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਭੇਦਭਾਵ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੈਮੋਰੰਡਮ ਦੇਵੇਗਾ।

ਸੰਪਰਕ ਕਰਨ 'ਤੇ ਪ੍ਰਿੰਸੀਪਲ ਸਟੈਨਲੀ ਵਿਨੋਦ ਕੁਮਾਰ ਨੇ ਦੱਸਿਆ ਕਿ ਹੋਰ ਵਿਦਿਆਰਥੀਆਂ ਨੇ 6 ਇੰਚ ਦੀ ਕ੍ਰਿਪਾਨ ਬਾਰੇ ਸ਼ਿਕਾਇਤ ਕੀਤੀ ਸੀ ਅਤੇ ਪ੍ਰਸ਼ਾਸਨ ਵੱਲੋਂ ਦੋਵੇਂ ਬੱਚਿਆਂ ਨੂੰ ਚਿੰਨ੍ਹ ਵਜੋਂ ਛੋਟੀ ਕ੍ਰਿਪਾਨ ਪਹਿਨਣ ਲਈ ਕਿਹਾ ਗਿਆ ਹੈ।

## ਪੰਜਾਬ ਦਾ ਵਿਕਾਸ ਹੀ ਸਾਡਾ ਅਸਲ ਨਿਸ਼ਚਾ-ਮਜੀਠੀਆ

### ਇਕ ਮੁਲਾਕਾਤ

**ਅਕਾਲੀ ਦਲ (ਬਾਦਲ) ਦੇ ਯੂਥ ਵਿੰਗ ਦੇ ਪ੍ਰਧਾਨ ਸ. ਬਿਕਰਮਜੀਤ ਸਿੰਘ ਮਜੀਠੀਆ ਬੜੇ ਉਤਸ਼ਾਹੀ ਨੌਜਵਾਨ ਆਗੂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸ. ਮਜੀਠੀਆ ਨੇ ਆਪਣੇ ਵਿਰੋਧੀ ਉਮੀਦਵਾਰ ਕਾਂਗਰਸੀ ਸੁਖਰਾਜ ਸਿੰਘ ਲਾਲੀ ਨੂੰ 23 ਹਜ਼ਾਰ ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਸੀ। ਸਿਆਸੀ ਖੇਤਰ ਵਿਚ ਪਿਛਲੇ ਕੁਝ ਸਮੇਂ ਤੋਂ ਬੜੀ ਸਰਗਰਮੀ ਨਾਲ ਵਿਚਰੇ ਹਨ। ਕਦੇ ਕਦੇ ਆਪਣੀਆਂ ਤਿੱਖੀਆਂ ਟਿੱਪਣੀਆਂ ਕਰਕੇ ਮੀਡੀਏ ਵਿਚ ਵਿਵਾਦ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਪੇਸ਼ ਹੈ ਸਾਡੇ ਨੁਮਾਇੰਦੇ ਟੋਨੀ ਕਲੇਰ ਵਲੋਂ ਉਨ੍ਹਾਂ ਨਾਲ ਕੀਤੀ ਗਈ ਇਕ ਮੁਲਾਕਾਤ ਦੇ ਕੁਝ ਅੰਸ਼ -ਸੰਪਾਦਕ**

**ਸਵਾਲ: ਮਜੀਠਾ ਜੀ, ਤੁਸੀਂ ਆਪਣੇ ਵਿਧਾਨ ਸਭਾ ਹਲਕੇ ਮਜੀਠਾ ਲਈ ਪਿਛਲੇ ਸਮੇਂ ਵਿਚ ਕੀ ਕੀਤਾ ਹੈ?**

**ਜਵਾਬ:** ਇਸ ਹਲਕੇ ਵਿਚ ਪਿਛਲੇ 65 ਸਾਲ ਤੋਂ ਕਾਂਗਰਸ ਪਾਰਟੀ ਨੇ ਕੁਝ ਨਹੀਂ ਕੀਤਾ ਸੀ। ਸੜਕਾਂ ਟੁੱਟੀਆਂ ਹੋਈਆਂ ਸਨ, ਬੱਸ ਸਟੈਂਡ ਦਾ ਬੁਰਾ ਹਾਲ ਸੀ ਅਤੇ ਪੂਰੇ ਹਲਕੇ ਵਿਚ ਪੀਣ ਵਾਲੇ ਪਾਣੀ ਦੀਆਂ ਸਿਰਫ 35 ਟੈਂਕੀਆਂ ਸਨ ਪਰ ਅਸੀਂ ਪਿਛਲੇ 4 ਸਾਲਾਂ ਵਿਚ 100 ਨਵੀਆਂ ਟੈਂਕੀਆਂ ਬਣਵਾ ਕੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ, ਨਵਾਂ ਬੱਸ ਸਟੈਂਡ ਨਵੀਂ ਤਕਨੀਕ ਨਾਲ ਬਣਾਇਆ। ਸ਼ਹਿਰ ਵਿਚ ਸਟਰੀਟ ਲਾਈਟਾਂ ਦਾ ਸਹੀ ਇੰਤਜ਼ਾਮ ਕੀਤਾ ਗਿਆ ਅਤੇ ਹਲਕੇ ਵਿਚ ਚਾਰ ਨਵੇਂ ਬਿਜਲੀ ਘਰ ਬਣਾਏ ਜਾਣ ਤੋਂ ਇਲਾਵਾ ਵਿਕਾਸ ਦੇ ਹੋਰ ਬਹੁਤ ਸਾਰੇ ਕੰਮ ਹੋ ਰਹੇ ਹਨ। ਸ. ਬਾਦਲ ਦੀ ਅਗਵਾਈ ਹੇਠਲੀ ਸਰਕਾਰ ਦਾ ਨਾਅਰਾ ਹੀ ਵਿਕਾਸ ਹੈ ਅਤੇ ਅਗਲੀਆਂ ਚੋਣਾਂ ਜਿੱਤ ਕੇ ਅਸੀਂ ਇਸ ਨੂੰ ਹੋਰ ਅੱਗੇ ਵਧਾਵਾਂਗੇ। ਇਹੋ ਸਾਡਾ ਨਿਸ਼ਚਾ ਹੈ।



*ਬਿਕਰਮਜੀਤ ਸਿੰਘ ਮਜੀਠੀਆ ਨਾਲ ਟੋਨੀ ਕਲੇਰ*

**ਸਵਾਲ:** ਅੰਮ੍ਰਿਤਸਰ ਲਈ ਤੁਸੀਂ ਵਿਸ਼ੇਸ਼ ਕੀ ਕਰ ਰਹੇ ਹੋ?

**ਜਵਾਬ:** ਮੈਨੂੰ ਖੁਸ਼ੀ ਹੋਵੇਗੀ ਜੇ ਮੈਂ ਗੁਰੂ ਦੀ ਇਸ ਨਗਰੀ ਲਈ ਕੁਝ ਕਰ ਸਕਾਂ। ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਲਈ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸੌ ਕਰੋੜ ਰੁਪਏ ਮਨਜ਼ੂਰ ਕੀਤੇ ਸਨ ਪਰ ਮੈਂ ਉਨ੍ਹਾਂ 'ਤੇ ਜ਼ੋਰ ਪਾ ਕੇ ਬਾਹਰ ਦੀਆਂ ਅਬਾਦੀਆਂ ਲਈ 60 ਕਰੋੜ ਰੁਪਏ ਹੋਰ ਲੈ ਕੇ ਦਿੱਤੇ। ਇਸ ਤਰ੍ਹਾਂ ਸਮੁੱਚੇ ਸ਼ਹਿਰ ਦੀ ਕਾਇਆ ਕਲਪ ਹੀ ਬਦਲ ਜਾਵੇਗੀ। ਸ਼ਹਿਰ ਵਿਚ ਟਰੈਫਿਕ ਨੂੰ ਸੁਖਾਲਾ ਬਣਾਉਣ ਲਈ ਐਲੀਵੇਟਿਡ ਰੋਡ ਵੀ ਮੁਕੰਮਲ ਕਰਵਾਈ ਅਤੇ ਪੈਸੇ ਦੀ ਥੋੜ੍ਹ ਨਹੀਂ ਆਉਣ ਦਿੱਤੀ। ਅੰਮ੍ਰਿਤਸਰ ਦੇ ਹਵਾਈ ਅੱਡੇ ਲਈ ਵੀ ਕਾਫੀ ਕੰਮ ਹੋਇਆ ਹੈ।

**ਸਵਾਲ:** ਸ. ਮਨਪ੍ਰੀਤ ਸਿੰਘ ਬਾਦਲ ਦੇ ਜਾਣ ਨਾਲ ਅਕਾਲੀ ਦਲ ਨੂੰ ਕੀ ਫਰਕ ਪਵੇਗਾ?

**ਜਵਾਬ:** ਕੋਈ ਖਾਸ ਨਹੀਂ, ਉਹ ਬੋਲਦਾ ਚੰਗਾ ਹੈ ਇਸ ਕਰਕੇ ਲੋਕ ਸਿਰਫ ਸੁਣਨ ਲਈ ਜਾਂਦੇ ਹਨ। ਚਾਰ ਚੰਗੇ ਸ਼ੇਅਰ ਸੁਣਾਉਣ ਨਾਲ ਤਾਂ ਕੋਈ ਲੋਕਾਂ ਦਾ ਆਗੂ ਨਹੀਂ ਬਣ ਜਾਂਦਾ। ਮਨਪ੍ਰੀਤ ਕਿਸਾਨਾਂ ਤੋਂ ਮੁਫਤ ਬਿਜਲੀ-ਪਾਣੀ ਅਤੇ ਹੋਰ ਸਹੂਲਤਾਂ ਦਿੱਤੇ ਜਾਣ ਦੇ ਖਿਲਾਫ ਹੈ ਜਦੋਂ ਕਿ ਖੁਦ ਆਪ ਉਸ ਨੇ ਆਪਣੇ ਫਾਰਮ ਲਈ 20 ਲੱਖ ਰੁਪਏ ਦੇ ਕਰੀਬ ਸਬਸਿਡੀ ਲੈ ਲਈ ਸੀ। ਉਹ ਪਾਰਟੀ ਦੇ ਮੈਨੀਫੈਸਟੋ ਨਾਲ ਸਹਿਮਤ ਰਿਹਾ ਹੈ ਪਰ ਅਚਾਨਕ ਸਬਸਿਡੀਆਂ ਬੰਦ ਕਰਨ ਦਾ ਖਿਆਲ ਉਸ ਨੂੰ ਪਤਾ ਨਹੀਂ ਕਿੱਥੋਂ ਆ ਗਿਆ। ਲੋਕਾਂ ਦੀ ਭੀੜ ਇਕੱਠੀ ਕਰ ਲੈਣ ਅਤੇ ਚੋਣਾਂ ਜਿੱਤਣ ਵਿਚ ਬਹੁਤ ਵੱਡਾ ਫਰਕ ਹੈ। ਪਤਾ ਤਾਂ ਉਦੋਂ ਹੀ ਲੱਗੇਗਾ ਜਦੋਂ ਉਹ ਚੋਣਾਂ ਦਾ ਸਾਹਮਣਾ ਕਰੇਗਾ।

**ਸਵਾਲ:** ਤੁਸੀਂ ਯੂਥ ਅਕਾਲੀ ਦਲ ਦੇ ਪ੍ਰਧਾਨ ਹੋ, ਪਾਰਟੀ ਯੂਥ ਨੂੰ ਕਿੰਨੀਆਂ ਕੁ ਸੀਟਾਂ ਦੇਵੇਗੀ?

**ਜਵਾਬ:** ਮੇਰੀ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਨੂੰ ਹਮੇਸ਼ਾ ਇਹੋ ਬੇਨਤੀ ਰਹੀ ਹੈ ਕਿ ਨੌਜਵਾਨਾਂ ਨੂੰ ਘੱਟੋ ਘੱਟ 33% ਸੀਟਾਂ ਦਿੱਤੀਆਂ ਜਾਣ ਤਾਂ ਜੋ ਉਨ੍ਹਾਂ ਨੂੰ ਵੀ ਸਿਆਸਤ ਵਿਚ ਅੱਗੇ ਆਉਣ ਦਾ ਮੌਕਾ ਮਿਲੇ। ਅਮਰੀਕੀ ਰਾਸ਼ਟਰਪਤੀ ਓਬਾਮਾ ਦਾ ਹਵਾਲਾ ਦੇ ਕੇ ਵੀ ਜ਼ੋਰ ਪਾਇਆ ਹੈ ਕਿ ਜੇ ਉਹ ਇੰਨੀ ਘੱਟ ਉਮਰ ਵਿਚ ਰਾਸ਼ਟਰਪਤੀ ਬਣ ਸਕਦੇ ਹਨ ਤਾਂ ਅਕਾਲੀ ਦਲ ਨੂੰ ਵੀ ਨੌਜਵਾਨਾਂ ਨੂੰ ਵੱਧ ਸੀਟਾਂ ਦੇਣੀਆਂ ਹੀ ਚਾਹੀਦੀਆਂ ਹਨ।

**ਸਵਾਲ:** ਪਰਵਾਸੀ ਪੰਜਾਬੀਆਂ ਲਈ ਤੁਸੀਂ ਕੀ ਕਰ ਰਹੇ ਹੋ?

**ਜਵਾਬ:** ਮੈਨੂੰ ਐਨ ਆਰ ਆਈ ਭਰਾਵਾਂ ਉਤੇ ਬਹੁਤ ਮਾਣ ਹੈ ਜਿਨ੍ਹਾਂ ਸਖਤ ਮਿਹਨਤ ਕਰਕੇ ਪਰਾਏ ਦੇਸ਼ ਵਿਚ ਵੀ ਨਾਂ ਅਤੇ ਪੈਸਾ ਕਮਾਇਆ ਹੈ। ਪਰਵਾਸੀਆਂ ਦੀ ਜਾਇਦਾਦ 'ਤੇ ਨਾਜਾਇਜ਼ ਕਬਜ਼ੇ ਹੀ ਵੱਡੀ ਸਮੱਸਿਆ ਹੈ। ਇਸ ਖਾਤਰ ਅਸੀਂ ਇਕ ਵਿਸ਼ੇਸ਼ ਸੈਲ ਬਣਾਇਆ ਹੈ ਜਿਸ ਵਿਚ ਇਮਾਨਦਾਰ ਪੁਲਿਸ ਅਫਸਰ ਲਾਏ ਹਨ। ਗੁਰਪ੍ਰੀਤ ਦਿਓਲ ਅਤੇ ਉਨ੍ਹਾਂ ਦੀ ਟੀਮ ਐਨ ਆਰ ਆਈ ਭਰਾਵਾਂ ਦੇ ਕੇਸਾਂ ਦੀ ਬਾਰੀਕੀ ਨਾਲ ਛਾਣਬੀਣ ਕਰਕੇ ਮਸਲੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ। ਨਿਜੀ ਤੌਰ 'ਤੇ ਮੈਂ ਆਪਣੇ ਐਨ ਆਰ ਆਈ ਭਰਾਵਾਂ ਨੂੰ ਭਰੋਸਾ ਦਿੰਦਾ ਹਾਂ ਕਿ ਅਗਰ ਕਿਸੇ ਨੂੰ ਕੋਈ ਵੀ ਸਮੱਸਿਆ ਹੈ, ਮੈਨੂੰ ਮਿਲ ਸਕਦਾ ਹੈ। ਮੈਂ ਹਮੇਸ਼ਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹਾਂ।

# ਪੰਜਾਬ ’ਚੋਂ ਮਾਓਵਾਦੀਆਂ ਨੂੰ ਹਥਿਆਰਾਂ ਦੀ ਸਪਲਾਈ!

**ਚੰਡੀਗੜ੍ਹ**: ਪੰਜਾਬ ’ਚੋਂ ਮਾਓਵਾਦੀਆਂ ਨੂੰ ਕਾਰਤੂਸ ਮੁਹੱਈਆ ਕਰਨ ਦਾ ਸਨਸਨੀਖੇਜ਼ ਖੁਲਾਸਾ ਹੋਇਆ ਹੈ। ਇਹ ਅਸਲਾ ਪੁਲਿਸ ਦੇ ਮਾਲਖਾਨਿਆਂ ’ਚੋਂ ਚੋਰੀ ਕਰਕੇ ਭੇਜਿਆ ਜਾਂਦਾ ਸੀ। ਪੰਜਾਬ ਪੁਲਿਸ ਵੱਲੋਂ ਉੱਤਰ ਪ੍ਰਦੇਸ਼, ਬਿਹਾਰ ਤੇ ਮੱਧ ਪ੍ਰਦੇਸ਼ ਸਥਿਤ ਗੈਰ-ਕਾਨੂੰਨੀ ਅਸਲਾ ਫੈਕਟਰੀਆਂ ’ਚ ਬਣਦੇ ਨਾਜਾਇਜ਼ ਹਥਿਆਰਾਂ ਨੂੰ ਜਾਅਲੀ ਮਾਅਰਕੇ ਤੇ ਦਸਤਾਵੇਜ਼ ਤਿਆਰ ਕਰਕੇ ਵੇਚਣ ਵਾਲੇ ਅੰਤਰਰਾਜੀ ਗਰੋਹ ਨੂੰ ਫੜਨ ਤੋਂ ਬਾਅਦ ਇਹ ਖੁਲਾਸਾ ਹੋਇਆ ਹੈ। ਇਸ ਸਬੰਧੀ ਤੁਰੰਤ ਪੁਲੀਸ ਨੇ ਕੇਂਦਰੀ ਗ੍ਰਹਿ ਵਿਭਾਗ ਨੂੰ ਰਿਪੋਰਟ ਭੇਜ ਦਿੱਤੀ ਹੈ ਤੇ ਦੇਸ਼ ਦੀਆਂ ਪ੍ਰਮੁੱਖ ਖੁਫੀਆ ਏਜੰਸੀਆਂ ਨਾਲ ਵੀ ਤਾਲਮੇਲ ਬਣਾ ਲਿਆ ਹੈ ਕਿਉਂਕਿ ਕੁਝ ਅਜਿਹੇ ਵੀ ਸੰਕੇਤ ਮਿਲੇ ਹਨ ਕਿ ਇਹ ਗਰੋਹ ਜਿਥੇ ਮਾਓਵਾਦੀਆਂ ਨੂੰ ਕਾਰਤੂਸ ਸਪਲਾਈ ਕਰਦਾ ਸੀ ਉਥੇ ਇਨ੍ਹਾਂ ਮੁਲਜ਼ਮਾਂ ਦੇ ਹੋਰ ਅਤਿਵਾਦੀ ਸੰਗਠਨਾਂ ਨਾਲ ਵੀ ਸੰਪਰਕ ਹੋ ਸਕਦੇ ਹਨ।।

ਪੰਜਾਬ ਪੁਲੀਸ ਇਸ ਮਾਮਲੇ ’ਚ ਵੱਖ-ਵੱਖ ਰਾਜਾਂ ਦੇ 14 ਵਿਅਕਤੀਆਂ ਦੀ ਭਾਲ ਲਈ ਛਾਪੇ ਮਾਰ ਰਹੀ ਹੈ। ਪੁਲੀਸ ਅਨੁਸਾਰ ਇਸ ਗਰੋਹ ਦੇ ਸਰਗਨਾ ਅਨਿਲ ਮਿੱਢਾ ਕੋਲ ਛੇ ਅਜਿਹੇ ਵੱਖਰੇ ਕਿਸਮ ਦੇ ਵਾਹਨ ਸਨ ਜਿਨ੍ਹਾਂ ਵਿਚ ਉਸ ਨੇ ਹਥਿਆਰ ਤੇ ਕਾਰਤੂਸ ਛੁਪਾ ਕੇ ਅੰਤਰਰਾਜੀ ਪੱਧਰ ’ਤੇ ਇਧਰ-ਉਧਰ ਲਿਜਾਣ ਦਾ ਜੁਗਾੜ ਕੀਤਾ ਸੀ। ਪਹਿਲਾਂ ਉਸ ਦਾ ਇਕ ਅਜਿਹਾ ਵਾਹਨ ਪਟਨਾ ਪੁਲੀਸ ਫੜ ਚੁੱਕੀ ਹੈ। ਇਸ ਮੌਕੇ ਉਸ ਦੇ ਦੋ ਸਾਥੀ ਮਿੰਟੂ ਸ਼ਰਮਾ ਤੇ ਉਸ ਦਾ ਡਰਾਈਵਰ ਧਨੰਜੇ ਸਿੰਘ ਤੇ ਕੁਝ ਮਾਓਵਾਦੀ ਆਗੂਆਂ ਸਮੇਤ ਉਸ ਉਪਰ ਵੀ ਕੇਸ ਦਰਜ ਹੋਇਆ ਸੀ। ਇਹ ਵੀ ਪਤਾ ਲੱਗਾ ਹੈ ਕਿ ਅਨਿਲ ਮਿੱਢਾ ਜਲਾਲਾਬਾਦ ਦੇ ਹਰਮੀਤ ਲਾਲ, ਮੋਗੇ ਦੇ ਆਲੀਸ਼ਾਨ ਗੰਨ ਹਾਊਸ ਦੇ ਮਾਲਕ ਅਸ਼ਵਨੀ ਕੁਮਾਰ, ਮੁਕਤਸਰ ਦੇ ਕੇ.ਵੀ.ਐਸ. ਗੰਨ ਹਾਊਸ, ਅਬੋਹਰ ਦੇ ਅਮਰ ਗੰਨ ਹਾਊਸ ਤੇ ਇਕ ਹੋਰ ਵਿਅਕਤੀ ਤੋਂ ਕਾਰਤੂਸ ਖਰੀਦ ਕੇ ਅੱਗੇ ਮਾਓਵਾਦੀਆਂ ਦੇ ਹਮਾਇਤੀਆਂ ਨੂੰ ਸਪਲਾਈ ਕਰਦਾ ਸੀ। ਮੁਲਜ਼ਮਾਂ ਤੋਂ ਪੁੱਛ-ਪੜਤਾਲ ਦੌਰਾਨ ਖੁਲਾਸਾ ਹੋਇਆ ਹੈ ਕਿ ਗਰੋਹ ਦਾ ਸਰਗਨਾ ਅਨਿਲ ਮਿੱਢਾ ਦੇ ਇਕ ਮਹੇਸ਼ ਕੁਮਾਰ ਨਾਂ ਦੇ ਵਿਅਕਤੀ ਰਾਹੀਂ ਬਿਹਾਰ ’ਚ ਮਾਓਵਾਦੀਆਂ ਦੇ ਹਮਾਇਤੀਆਂ ਨਾਲ ਸਬੰਧ ਹਨ। ਇਸ ਮਹੇਸ਼ ਕੁਮਾਰ ਦੀ ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਸਥਿਤ ਇਕ ਗ਼ੈਰ-ਕਾਨੂੰਨੀ ਅਸਲਾ ਫੈਕਟਰੀ ’ਚੋਂ ਹੀ ਮਾਨਸਾ ਪੁਲੀਸ ਵੱਲੋਂ ਗ਼ੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਕੁਝ ਪੁਲੀਸ ਮੁਲਾਜ਼ਮ ਮਾਲਖਾਨਿਆਂ ’ਚੋਂ ਕਾਰਤੂਸ ਚੁਰਾ ਕੇ ਗੰਨ ਹਾਊਸਾਂ ਨੂੰ ਵੇਚਦੇ ਸਨ।

### ਪੁਲਿਸ ਦੇ ਮਾਲਖਾਨਿਆਂ ’ਚੋਂ ਭੇਜਿਆ ਗਿਆ ਅਸਲਾ



ਪੰਜਾਬ ਪੁਲਿਸ ਦੇ ਮੁਖੀ ਪੀ.ਐਸ. ਗਿੱਲ

ਪੰਜਾਬ ਪੁਲੀਸ ਹੈੱਡਕੁਆਰਟਰ ’ਚ 2 ਮਈ ਨੂੰ ਪ੍ਰੈਸ ਕਾਨਫਰੰਸ ਦੌਰਾਨ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਸ ਮਾਮਲੇ ਵਿਚ ਹੁਣ ਤੱਕ ਮਾਨਸਾ ਜ਼ਿਲ੍ਹੇ ਦੀ ਪੁਲਿਸ 15 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਨਾਜਾਇਜ਼ 270 ਰਿਵਾਲਵਰ ਤੇ ਪਿਸਤੌਲ ਤੇ ਛੇ ਹਜ਼ਾਰ ਕਾਰਤੂਸ ਬਰਾਮਦ ਕਰ ਚੁੱਕੀ ਹੈ। ਇਨ੍ਹਾਂ 14 ਮੁਲਜ਼ਮਾਂ ਵਿਚੋਂ ਪੰਜਾਬ ਪੁਲੀਸ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਸਬੰਧਤ ਸੱਤ ਸਿਪਾਹੀ ਵੀ ਸ਼ਾਮਲ ਹਨ। ਮੁਢਲੀ ਪੜਤਾਲ ਤੋਂ ਜਾਣਕਾਰੀ ਮਿਲੀ ਹੈ ਕਿ ਇਹ ਅੰਤਰਰਾਜੀ ਗਰੋਹ ਪਿਛਲੇ ਚਾਰ-ਪੰਜ ਸਾਲਾਂ ਤੋਂ ਰਾਜ ਵਿਚ ਸਰਗਰਮ ਸੀ ਤੇ ਹੁਣ ਤੱਕ ਤਿੰਨ ਤੋਂ ਚਾਰ ਹਜ਼ਾਰ ਤੱਕ ਗੈਰ-ਕਾਨੂੰਨੀ ਹਥਿਆਰ ਪੰਜਾਬ ਤੇ ਹੋਰ ਰਾਜਾਂ ਵਿਚ ਵੇਚ ਚੁੱਕਾ ਹੈ।

ਹੁਣ ਤੱਕ ਦੀ ਤਫਤੀਸ਼ ਤੋਂ ਜਾਣਕਾਰੀ ਮਿਲੀ ਹੈ ਕਿ ਇੰਡੀਆ ਗੰਨ ਹਾਊਸ ਮਾਨਸਾ ਦੇ ਮਾਲਕ ਮਹੇਸ਼ ਕੁਮਾਰ ਨੇ ਲੁਧਿਆਣੇ ਦੇ ਅਰਵਿੰਦਰ ਸਿੰਘ ਪੱਪੂ, ਹਿੰਦੁਸਤਾਨ ਗੰਨ ਹਾਊਸ ਸਿਰਸਾ ਦੇ ਮਾਲਕ ਅਨਿਲ ਮਿੱਢਾ ਉਰਫ ਰੂਬੀ ਤੇ ਤਮੰਨਾ ਆਰਮਰੀ ਮੋਗਾ ਦੇ ਮਾਲਕ ਨੰਦ ਕਿਸ਼ੋਰ ਨਾਲ ਰਲ ਕੇ ਇਸ ਗਰੋਹ ਦੀ ਲਾਮਬੰਦੀ ਕੀਤੀ ਸੀ। ਇਸ ਵਿਚ ਕਈ ਹੋਰ ਰਾਜਾਂ ਦੇ ਅਸਲੇ ਦਾ ਕੰਮ ਕਰਨ ਵਾਲੇ ਵਿਅਕਤੀ ਵੀ ਸ਼ਾਮਲ ਸਨ। ਇਹ ਗਰੋਹ ਬਿਹਾਰ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਸਥਿਤ 10 ਦੇ ਕਰੀਬ ਗ਼ੈਰ-ਕਾਨੂੰਨੀ ਅਸਲਾ ਫੈਕਟਰੀਆਂ ਵਿਚ ਬਣਦੇ ਰਿਵਾਲਵਰ ਤੇ ਪਿਸਤੌਲ 35 ਹਜ਼ਾਰ ਰੁਪਏ ਦੀ ਕੀਮਤ ’ਤੇ ਖਰੀਦਦਾ ਸੀ।

ਇਸ ਤੋਂ ਬਾਅਦ ਇਹ ਗਰੋਹ ਨਾਜਾਇਜ਼ ਹਥਿਆਰਾਂ ਉਪਰ ਅਸਲਾ ਫੈਕਟਰੀਆਂ ਦੇ ਜਾਅਲੀ ਮਾਅਰਕੇ ਲਾਉਂਦਾ ਸੀ ਤੇ ਇਨ੍ਹਾਂ ਦੇ ਫਰਜ਼ੀ ਦਸਤਾਵੇਜ਼ ਤਿਆਰ ਕਰਕੇ ਔਸਤਨ ਇਕ ਲੱਖ ਰੁਪਏ ਪ੍ਰਤੀ ਹਥਿਆਰ ਦੇ ਤੌਰ ’ਤੇ ਵੇਚਦਾ ਸੀ। ਇਨ੍ਹਾਂ ਨਾਜਾਇਜ਼ ਹਥਿਆਰਾਂ ਦੇ ਜਾਅਲੀ ਬਿੱਲ ਤੇ ਹੋਰ ਦਸਤਾਵੇਜ਼ੀ ਖਾਨਾਪੂਰਤੀ ਹਰਿਆਣੇ ਦੇ ਥਾਨੇਸਰ ਸਥਿਤ ਚਿਰੰਜੀ ਲਾਲ ਐਂਡ ਸੰਨਜ਼ ਆਰਮਜ਼ ਡੀਲਰ, ਅੰਮ੍ਰਿਤਸਰ ਸਥਿਤ ਅਵਤਾਰ ਗੰਨ ਹਾਊਸ ਦੇ ਮਾਲਕ ਹਰਕੰਵਲਜੀਤ ਸਿੰਘ , ਤਮੰਨਾ ਆਰਮਰੀ ਮੋਗਾ ਦੇ ਮਾਲਕ ਨੰਦ ਕਿਸ਼ੋਰ ਤੇ ਉਸ ਦੀ ਪਤਨੀ ਨੀਲਮ ਰਾਣੀ ਵੱਲੋਂ ਕੀਤੀ ਜਾਂਦੀ ਸੀ। ਸ. ਗਿੱਲ ਅਨੁਸਾਰ ਇਕ ਹੋਰ ਮੁਲਜ਼ਮ ਬਿੰਦਰਾ ਗੰਨ ਹਾਊਸ ਅੰਮ੍ਰਿਤਸਰ ਦਾ ਮਾਲਕ ਹਰਕਮਲਜੀਤ ਸਿੰਘ ਬਿੰਦਰਾ ਪਿਛਲੇ ਵਰ੍ਹੇ ਮਾਨਸਾ ਪੁਲੀਸ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜ਼ੈਡ.ਐਫ.) ਦੇ ਸਰਗਨਾ ਤਰਲੋਚਨ ਸਿੰਘ ਉਰਫ ਲੋਚਾ ਦਾ ਫਰਜ਼ੀ ਲਾਈਸੈਂਸ ਬਣਾ ਕੇ ਤਿੰਨ ਹਥਿਆਰ ਵੇਚਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਬਰਾਮਦ ਕੀਤੇ ਗ਼ੈਰ-ਕਾਨੂੰਨੀ ਹਥਿਆਰਾਂ ਵਿਚ ਕੁਝ ਹਥਿਆਰ ਵੱਖ-ਵੱਖ ਜ਼ਿਲ੍ਹਿਆਂ ਵਿਚ ਕਈ ਜੁਰਮਾਂ ਵਿਚ ਵਰਤੇ ਜਾਣ ਦਾ ਵੀ ਖੁਲਾਸਾ ਹੋਇਆ ਹੈ। ਪੁਲੀਸ ਰਾਜ ਭਰ ਵਿਚਲੇ ਮਸ਼ਕੂਕ ਅਸਲਾ ਡੀਲਰਾਂ ਦੀ ਇਸ ਮਾਮਲੇ ਵਿਚ ਮਿਲੀਭੁਗਤ ਹੋਣ ਦੀ ਬਾਰੀਕੀ ਨਾਲ ਪੜਤਾਲ ਕਰ ਰਹੀ ਹੈ।

## ਨਵਤੇਜ ਸਿੰਘ ਪ੍ਰੀਤਲੜੀ ਦੀ ਪਤਨੀ ਦਾ ਦੇਹਾਂਤ

**ਚੰਡੀਗੜ੍ਹ:** ਸਵਰਗੀ ਨਵਤੇਜ ਸਿੰਘ ਪ੍ਰੀਤਲੜੀ ਦੀ ਪਤਨੀ ਤੇ ਗੁਰਬਖਸ਼ ਸਿੰਘ ਦੀ ਨੂੰਹ ਮਹਿੰਦਰ ਕੌਰ ਦਾ 2 ਅਪਰੈਲ ਨੂੰ ਪ੍ਰੀਤ ਨਗਰ ਵਿਚਲੇ ਆਪਣੇ ਘਰ ਵਿਚ ਦੇਹਾਂਤ ਹੋ ਗਿਆ। ਉਹ 87 ਵਰ੍ਹਿਆਂ ਦੇ ਸਨ ਤੇ ਪਿਛਲੇ ਕੁਝ ਮਹੀਨਿਆਂ ਤੋਂ ਬੀਮਾਰ ਸਨ। ਉਨ੍ਹਾਂ ਦੇ ਪਰਿਵਾਰ ’ਚ ਪਿੱਛੇ ਤਿੰਨ ਪੁੱਤਰ ਪਾਬਲੋ, ਰਿਤੂਰਾਜ, ਰਤੀਕੰਤ ਤੇ ਉਨ੍ਹਾਂ ਦੇ ਪਰਿਵਾਰ ਹਨ।

ਮਹਿੰਦਰ ਕੌਰ ਵਧੇਰੇ ਕਰਕੇ 'ਅੰਮੀ' ਵਜੋਂ ਜਾਣੇ ਜਾਂਦੇ ਸਨ। ਉਹ ਪਿਛਲੇ 30 ਸਾਲਾਂ ਤੋਂ ਆਪਣੇ ਪਰਿਵਾਰ ਵਿਚ ਮਾਂ ਦੇ ਨਾਲ-ਨਾਲ ਪਿਤਾ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਅ ਰਹੇ ਸਨ। 'ਪ੍ਰੀਤਲੜੀ' ’ਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ। ਉਨ੍ਹਾਂ ਖੁਦ ਕਿਫਾਇਤ ਨਾਲ ਘਰ ਚਲਾਇਆ ਪਰ ਰਸਾਲੇ ਲਈ ਕੋਈ ਮਾਲੀ ਤੰਗੀ ਨਹੀਂ ਆਉਣ ਦਿੱਤੀ।

ਉਨ੍ਹਾਂ ਸਿਆਲਕੋਟ ਵਿਚਲੇ ਆਪਣੇ ਬਚਪਨ ਦੇ ਦਿਨਾਂ ਵਿਚ ਕੋਈ ਮਾਲੀ ਤੰਗੀ ਤੁਰਸ਼ੀ ਨਹੀਂ ਸੀ ਦੇਖੀ ਪਰ ਨਿੱਕੇ ਉਮਰੇ ਹੀ ਉਨ੍ਹਾਂ ਦੀ ਮਾਂ ਚੱਲ ਵਸੀ ਤੇ ਕੁਝ ਸਮੇਂ ਮਗਰੋਂ ਹੀ ਉਨ੍ਹਾਂ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ ਤੇ ਉਨ੍ਹਾਂ ਤਿੰਨਾਂ ਭੈਣ-ਭਰਾਵਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦਾ-ਦਾਦੀ ਨੂੰ ਸੌਂਪ ਦਿੱਤੀ ਗਈ। ਛੇਤੀ ਹੀ ਦੇਸ਼ ਦੀ ਵੰਡ ਹੋ ਗਈ। ਵੰਡ ਦਾ ਸੰਤਾਪ ਹੰਢਾਉਣ ਦੇ ਨਾਲ ਹੀ ਇਹ ਬੱਚੇ ਫੇਰ ਇਕ ਵਾਰ ਬੇਘਰ ਹੋ ਗਏ।

ਆਪਣੇ ਜਵਾਨੀ ਦੇ ਦਿਨਾਂ ’ਚ ਟੈਨਿਸ ਖਿਡਾਰੀ ਰਹੀ ਮਹਿੰਦਰ ਕੌਰ ਕਲਕੱਤਾ ਇਕ ਸਕੂਲ ਵਿਚ ਪੜ੍ਹਾਉਂਦੇ ਵੀ ਰਹੇ। ਇਥੇ ਬੱਚੇ ਇਨ੍ਹਾਂ ਨੂੰ 'ਮਿਸ ਵਾਲੀਆ' ਕਹਿ ਕੇ ਬੁਲਾਉਂਦੇ ਸਨ। ਉਹ ਗਿਆਨੀ ਪਾਸ ਸਨ ਤੇ ਮੁਹਾਵਰੇਦਾਰ ਭਾਸ਼ਾ ’ਤੇ ਉਨ੍ਹਾਂ ਦੀ ਖਾਸ ਮੁਹਾਰਤ ਸੀ। ਆਪਣੇ ਬੱਚਿਆਂ ਨੂੰ ਉਨ੍ਹਾਂ ਹਮੇਸ਼ਾ ਉੱਚੀਆਂ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਦੀ ਸਿੱਖਿਆ ਦਿੱਤੀ।

ਦੇਸ਼ ਵੰਡ ਨੇ ਉਨ੍ਹਾਂ ਦੇ ਮਨ ’ਤੇ ਡੂੰਘਾ ਅਸਰ ਪਾਇਆ। ਉਸ ਵੇਲੇ ਵਗੀ ਫਿਰਕੂ ਹਨੇਰੀ ਨੇ ਉਨ੍ਹਾਂ ਦੇ ਦਾਦਾ-ਦਾਦੀ ਉਨ੍ਹਾਂ ਕੋਲੋਂ ਖੋਹ ਗਏ। ਲੱਖਾਂ ਹੋਰਾਂ ਲੋਕਾਂ ਵਾਂਗ ਉਨ੍ਹਾਂ ਦੇ ਦਾਦਾ-ਦਾਦੀ ਨੂੰ ਵੀ ਕਤਲ ਕਰ ਦਿੱਤਾ ਗਿਆ। ਪੰਜਾਬ ’ਚ ਵਗੀ ਖਾੜਕੂਵਾਦ ਦੀ ਹਨੇਰੀ ਨੇ ਉਨ੍ਹਾਂ ਦਾ ਜਵਾਨ ਪੁੱਤਰ ਸੁਮੀਤ ਖੋਹ ਲਿਆ। ਉਨ੍ਹਾਂ 'ਪ੍ਰੀਤਲੜੀ' ਰਸਾਲੇ ਨੂੰ ਪਬਲਿਕ ਟਰੱਸਟ ਦਾ ਰੂਪ ਦਿੱਤਾ।

## ਪੰਜਾਬ ਵਿਜੀਲੈਂਸ ਬਿਊਰੋ ਦੀ ਅਫਸਰਾਂ ’ਚ ਵੀ ਦਹਿਸ਼ਤ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਦੀ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਫਸਰਾਂ ’ਚ ਵੀ ਦਹਿਸ਼ਤ ਹੈ। ਵਿਜੀਲੈਂਸ ਦੇ ਅਧਿਕਾਰੀਆਂ ਵੱਲੋਂ ਕਰ ਤੇ ਆਬਕਾਰੀ ਵਿਭਾਗ ਵਿਚ ਕੀਤੀ ਜਾ ਰਹੀ ਕਥਿਤ ਦਖ਼ਲਅੰਦਾਜ਼ੀ ਦਾ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਰਬਾਰ ’ਚ ਪਹੁੰਚ ਗਿਆ ਹੈ। ਕਰ ਤੇ ਆਬਕਾਰੀ ਵਿਭਾਗ ਦੇ ਕਮਿਸ਼ਨਰ ਏ. ਵੇਨੂੰ ਪ੍ਰਸਾਦ ਦੀ ਅਗਵਾਈ ਹੇਠ ਅਧਿਕਾਰੀਆਂ ਦੇ ਵਫ਼ਦ ਨੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ’ਤੇ ਕਰ ਚੋਰਾਂ ਦੀ ਸਿੱਧੀ ਮਦਦ ਕਰਨ ਦੇ ਦੋਸ਼ ਲਾਏ ਹਨ। ਇਨ੍ਹਾਂ ਅਧਿਕਾਰੀਆਂ ਨੇ ਮੁਹਾਲੀ ਦੇ ਈ.ਟੀ.ਓ. ਵੱਲੋਂ ਕੀਤੀ ਖੁਦਕੁਸ਼ੀ ਦਾ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਉਂਦਿਆਂ ਇਸ ਮੌਤ ਲਈ ਵਿਜੀਲੈਂਸ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਉਚ ਪੱਧਰੀ ਜਾਂਚ ਦੀ ਮੰਗ ਵੀ ਕੀਤੀ। ਇਸ ’ਤੇ ਸ. ਬਾਦਲ ਨੇ ਪੁਲਿਸ ਮੁਖੀ ਨੂੰ ਆਦੇਸ਼ ਦਿੱਤੇ ਕਿ ਦੋ ਅਧਿਕਾਰੀਆਂ (ਆਈ.ਪੀ.ਐਸ. ਤੇ ਆਈ.ਏ.ਐਸ.) ’ਤੇ ਅਧਾਰਤ ਕਮੇਟੀ ਦਾ ਗਠਨ ਕਰਕੇ ਜਾਂਚ ਕਰਾਈ ਜਾਵੇ।

ਵਫ਼ਦ ਨੇ ਦੱਸਿਆ ਕਿ ਜਦੋਂ ਕਦੇ ਵੀ ਕਰ ਵਿਭਾਗ ਵੱਲੋਂ ਕਰ ਚੋਰੀ ਦੇ ਮਾਮਲੇ ਵਿਚ ਕੋਈ ਕਾਰਵਾਈ ਕੀਤੀ ਜਾਂਦੀ ਹੈ ਜਾਂ ਮਾਲ ਫੜਿਆ ਜਾਂਦਾ ਹੈ ਤਾਂ ਜ਼ਿਆਦਾਤਰ ਮਾਮਲਿਆਂ ਵਿਚ ਵਿਜੀਲੈਂਸ ਦੇ ਅਧਿਕਾਰੀਆਂ ਵੱਲੋਂ ਕਾਰਵਾਈ ਨਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਸੀ ਕਿ ਜੇਕਰ ਕਦੇ ਕੋਈ ਅਧਿਕਾਰੀ ਕਾਰਵਾਈ ਕਰਨ ਲਈ ਬਜ਼ਿੱਦ ਰਹਿੰਦਾ ਹੈ ਤਾਂ ਉਸ ਨੂੰ ਵਿਜੀਲੈਂਸ ਦੀ ਕਾਰਵਾਈ ਭੁਗਤਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਅਧਿਕਾਰੀਆਂ ਨੇ ਇੱਥੋਂ ਤੱਕ ਕਿਹਾ ਕਿ ਵਿਜੀਲੈਂਸ ਦੇ ਜ਼ਿਲ੍ਹਾ ਪੱਧਰ ਦੇ ਕਈ ਅਫਸਰ ਟੈਕਸ ਚੋਰਾਂ ਤੇ ਟੈਕਸ ਚੋਰੀ ਵਿਚ ਵੱਡੀ ਭੂਮਿਕਾ ਨਿਭਾ ਰਹੀਆਂ ਟਰਾਂਸਪੋਰਟ ਕੰਪਨੀਆਂ ਦੀ ਪੁਸ਼ਤ ਪਨਾਹੀ ਕਰ ਰਹੇ ਹਨ।



ਪੰਜਾਬ ਵਿਜੀਲੈਂਸ ਬਿਊਰੋ ਦੇ ਮੁਖੀ ਸੁਮੇਧ ਸੈਣੀ

ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਫ਼ਦ ਨੇ ਸ. ਬਾਦਲ ਕੋਲ ਵਿਜੀਲੈਂਸ ਦੇ ਦੋ ਅਧਿਕਾਰੀਆਂ ਦਾ ਸਿੱਧੇ ਤੌਰ ’ਤੇ ਨਾਂ ਲਿਆ। ਇਹ ਦੋਵੇਂ ਅਧਿਕਾਰੀ ਕਈ ਸਾਲਾਂ ਤੋਂ ਕਿਸੇ ਨਾ ਕਿਸੇ ਮੁੱਦੇ ’ਤੇ ਵਿਵਾਦਾਂ ਵਿੱਚ ਘਿਰੇ ਰਹਿੰਦੇ ਹਨ। ਇਕ ਅਧਿਕਾਰੀ ਦਾ ਨਾਂ ਮੁੱਖ ਮੰਤਰੀ ਤੇ ਪਰਿਵਾਰ ਵਿਰੁੱਧ ਦਰਜ ਮਾਮਲੇ ਨਾਲ ਜੁੜਿਆ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਮੁਹਾਲੀ ਦੇ ਰਣਜੀਤ ਸਿੰਘ ਨਾਮੀ ਈ.ਟੀ.ਓ. ਨੇ 23 ਅਪਰੈਲ ਨੂੰ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ ਸੀ। ਇਸ ਅਧਿਕਾਰੀ ਨੂੰ ਵਿਜੀਲੈਂਸ ਨੇ ਰਿਸ਼ਵਤਖੋਰੀ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਮ੍ਰਿਤਕ ਅਧਿਕਾਰੀ ਦੇ ਪਰਿਵਾਰਕ ਮੈਂਬਰਾਂ ਨੇ ਵਿਜੀਲੈਂਸ ਦੇ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਵਿਜੀਲੈਂਸ ਅਧਿਕਾਰੀਆਂ ਵਿਰੁੱਧ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਸੀ। ਇਸੇ ਦੌਰਾਨ ਪੰਜਾਬ ਵਿਜੀਲੈਂਸ ਦੇ ਚੀਫ ਡਾਇਰੈਕਟਰ ਸ੍ਰੀ ਸੁਮੇਧ ਸਿੰਘ ਸੈਣੀ ਨੇ ਸਮੁੱਚੇ ਮਾਮਲੇ ਬਾਰੇ ਕੋਈ ਟਿੱਪਣੀ ਰਕਨ ਤੋਂ ਨਾਂਹ ਕਰ ਦਿੱਤੀ ਹੈ।

# ਪੰਜ-ਆਬ ਵਿਚ ਅਸਥੀਆਂ ਵਹਾਉਣ ਲਈ ਵੀ ਪਾਣੀ ਦੀ ਥੁੜ੍ਹ

**ਚੰਡੀਗੜ੍ਹ:** ਪੰਜ ਦਰਿਆਵਾਂ ਦੀ ਧਰਤ ’ਤੇ ਹੁਣ ਮ੍ਰਿਤਕਾਂ ਦੀਆਂ ਅਸਥੀਆਂ ਵਹਾਉਣ ਲਈ ਵੀ ਪਾਣੀ ਦੀ ਘਾਟ ਮਹਿਸੂਸ ਹੋ ਰਹੀ ਹੈ। ਕੀਰਤਪੁਰ ਸਾਹਿਬ ਸਥਿਤ ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਦਾ ਅਸਥਘਾਟ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ। ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਅੱਜਕੱਲ੍ਹ ਇਥੇ ਵੱਡੀਆਂ ਪ੍ਰੇਸ਼ਾਨੀਆਂ ਝੱਲਣੀਆਂ ਪੈ ਰਹੀਆਂ ਹਨ। ਪਾਣੀ ਦਾ ਵਹਾਅ ਨਾਮਾਤਰ ਹੋਣ ਕਾਰਨ ਪ੍ਰਦੂਸ਼ਣ ਭਰੇ ਮਾਹੌਲ ਵਿਚ ਲੋਕਾਂ ਨੂੰ ਅਸਥੀਆਂ ਪ੍ਰਵਾਹ ਕਰਨੀਆਂ ਪੈਂਦੀਆਂ ਹਨ। ਕਈ ਵਾਰ ਤਾਂ ਲੋਕਾਂ ਨੂੰ ਬੇੜੀਆਂ ਤੱਕ ਦਾ ਸਹਾਰਾ ਲੈਣਾ ਪੈਂਦਾ ਹੈ।

ਸਤਲੁਜ ਦਰਿਆ ਦੇ ਕੰਢੇ ’ਤੇ ਸੁਸ਼ੋਭਿਤ ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਭਾਵੇਂ ਸ਼੍ਰੋਮਣੀ ਕਮੇਟੀ ਵਲੋਂ ਕਿਲਾ ਆਨੰਦਗੜ੍ਹ ਸਾਹਿਬ ਦੇ ਕਾਰ ਸੇਵਾ ਮੁਖੀ ਸੰਤ ਲਾਭ ਸਿੰਘ ਰਾਹੀਂ ਅਸਥਘਾਟ ਤੇ ਇਸ਼ਨਾਨਘਾਟ ਦਾ ਸੁੰਦਰੀਕਰਨ ਕਰਵਾਇਆ ਗਿਆ ਹੈ ਪਰ ਪਾਣੀ ਦੀ ਘਾਟ ਕਾਰਨ ਸਿੱਖ ਸੰਗਤਾਂ ਦੀ ਆਸਥਾ ਨੂੰ ਇਥੇ ਰੋਜ਼ਾਨਾ ਠੇਸ ਲੱਗ ਰਹੀ ਹੈ। ਓਧਰ ਇਥੋਂ ਦੇ ਪ੍ਰਬੰਧਕਾਂ ਵਲੋਂ ਆਪਣੇ ਸੇਵਾਦਾਰਾਂ ਰਾਹੀਂ ਪਾਣੀ ਵਿਚਲੀ ਗਾਰ ਨੂੰ ਸਮੇਂ-ਸਮੇਂ ਸਾਫ ਕਰਨਾ ਪੈ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਪਤਾਲਪੁਰੀ ਸਾਹਿਬ ਵਿਖੇ ਪੱਕੇ ਤੌਰ ’ਤੇ ਲੋੜੀਂਦਾ ਪਾਣੀ ਛੱਡਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਪੱਤਰ ਲਿਖਿਆ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਦੇ ਅਧਿਕਾਰੀ ਅਨੁਸਾਰ ਉਨ੍ਹਾਂ ਨੂੰ ਅਸਥਘਾਟ ਲਈ ਕੇਵਲ 100 ਕਿਊਸਿਕ ਪਾਣੀ ਛੱਡਣ ਦੇ ਹੀ ਆਦੇਸ਼ ਹਨ। ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਦੱਸਿਆ ਸੀ ਕਿ ਉਨ੍ਹਾਂ ਅਸਥਘਾਟ ਲਈ ਹੋਰ ਪਾਣੀ ਛੱਡਣ ਲਈ ਬੀ.ਬੀ.ਐਮ.ਬੀ. ਨੂੰ ਬਥੇਰਾ ਕਿਹਾ ਹੈ ਪਰ ਕੋਈ ਹੁੰਗਾਰਾ ਨਾ ਮਿਲਣ ਕਾਰਨ ਹੁਣ ਉਨ੍ਹਾਂ ਨੇ ਖੁਦ ਹੀ ਵਿਭਾਗ ਰਾਹੀਂ ਇਹ ਸਮੱਸਿਆ ਹੱਲ ਕਰਨ ਦਾ ਉਪਰਾਲਾ ਵਿੱਢਿਆ ਹੈ। ਇਸ ਤਹਿਤ ਪਾਣੀ ਦੀ ਘਾਟ ਦੂਰ ਕਰਨ ਲਈ ਪ੍ਰਾਜੈਕਟ ਤਿਆਰ ਕੀਤਾ ਜਾ ਰਿਹਾ ਹੈ। ਸਰਕਾਰ ਬੀ.ਬੀ.ਐਮ.ਬੀ. ਨੂੰ 200 ਕਿਊਸਿਕ ਹੋਰ ਪਾਣੀ ਛੱਡਣ ਲਈ ਕਹਿੰਦੀ ਆ ਰਹੀ ਹੈ।

ਹਾਸਲ ਜਾਣਕਾਰੀ ਅਨੁਸਾਰ ਕੀਰਤਪੁਰ ਤੋਂ ਆਨੰਦਪੁਰ ਸਾਹਿਬ ਵੱਲ ਡੇਢ ਕਿਲੋਮੀਟਰ ਦੂਰੀ ’ਤੇ ਪੈਂਦੀ ਨੱਕੀਆਂ ਖੱਡ ਤੋਂ ਸਿੰਜਾਈ ਵਿਭਾਗ ਅਧੀਨ ਆਉਂਦੀ ਆਨੰਦਪੁਰ ਹਾਈਡਲ ਚੈਨਲ ਤੇ ਬੀ.ਬੀ.ਐਮ.ਬੀ. ਦੀ ਨੰਗਲ ਹਾਈਡਲ ਚੈਨਲ (ਬੀ.ਐਮ.ਐਲ.) ਕਰਾਸ ਕਰਦੀਆਂ ਹਨ। ਨੰਗਲ ਹਾਈਡਲ ਚੈਨਲ ਤੋਂ ਅਸਥਘਾਟ ਲਈ ਨੱਕੀਆਂ ਖੱਡ ਵਿਚ 100 ਕਿਊਸਿਕ ਪਾਣੀ ਛੱਡਿਆ ਜਾਂਦਾ ਹੈ ਜੋ ਅਸਥਘਾਟ ਦੀ ਪ੍ਰੰਪਰਾ ਦੀ ਪੂਰਤੀ ਕਰਦਾ ਹੈ। ਦਰਅਸਲ ਸਤਲੁਜ ਬੈਡ ਉਪਰ ਬਣੇ ਅਸਥਘਾਟ ਚੈਨਲ ਦਾ ਫਰਸ਼ ਉੱਚਾ ਹੋਣ ਕਾਰਨ ਇਹ ਪਾਣੀ ਉਥੇ ਖਿੰਡ ਜਾਂਦਾ ਹੈ ਤੇ ਲੋੜੀਂਦਾ ਵਹਾਅ ਨਹੀਂ ਬਣਦਾ। ਸਿੰਜਾਈ ਵਿਭਾਗ ਵਲੋਂ ਆਨੰਦਪੁਰ ਹਾਈਡਲ ਚੈਨਲ ਤੋਂ ਲੋੜੀਂਦਾ ਪਾਣੀ ਨੱਕੀਆਂ ਖੱਡ ਵਿਚ ਛੱਡ ਕੇ ਅਸਥਘਾਟ ਤੱਕ ਪਹੁੰਚਾਉਣ ਦੀ ਤਜਵੀਜ਼ ਬਣਾਈ ਗਈ ਸੀ।



ਕੀਰਤਪੁਰ ਸਾਹਿਬ ਵਿਖੇ ਅਸਥਘਾਟ ਜਿਸ ਵਿਚ ਹੁਣ ਪਾਣੀ ਬਹੁਤ ਥੋੜ੍ਹਾ ਹੈ।

ਇਸ ਤਹਿਤ ਪਾਈਪ-ਸਾਈਫਨ ਰਾਹੀਂ ਇਹ ਪਾਣੀ ਅਸਥਘਾਟ ਤੱਕ ਪਹੁੰਚਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਹ ਪ੍ਰਾਜੈਕਟ ਉਦੋਂ 86 ਲੱਖ ਦੇ ਕਰੀਬ ਹੋਣ ਦਾ ਅੰਦਾਜ਼ਾ ਲਾਇਆ ਗਿਆ ਸੀ। ਇਸ ਪ੍ਰਾਜੈਕਟ ਨਾਲ ਕੋਈ ਤਕਨੀਕੀ ਮੁਸ਼ਕਲ ਵੀ ਨਹੀਂ ਹੈ। ਸਿੰਜਾਈ ਵਿਭਾਗ ਦੇ ਮੁੱਖ ਇੰਜਨੀਅਰ (ਜਲ ਨਿਕਾਸ) ਵਿਨੋਦ ਚੌਧਰੀ ਨੇ ਪੁਸ਼ਟੀ ਕੀਤੀ ਕਿ ਉਹ ਆਨੰਦਪੁਰ ਹਾਈਡਲ ਚੈਨਲ ਦੇ ਪਾਣੀ ਰਾਹੀਂ ਅਸਥਘਾਟ ਦੀ ਲੋੜ ਪੂਰੀ ਕਰਨ ਦਾ ਪ੍ਰਾਜੈਕਟ ਬਣਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਅਗਲੀ ਪ੍ਰਵਾਨਗੀ ਲਈ ਤਕਨੀਕੀ ਸਲਾਹਕਾਰ ਨੂੰ ਭੇਜਿਆ ਗਿਆ ਹੈ।

# ਮਾਲਵੇ 'ਤੇ ਟੁੱਟਿਆ ਕੈਂਸਰ ਦਾ ਕਹਿਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮਾਲਵਾ ਖੇਤਰ 'ਚ ਹਜ਼ਾਰਾਂ ਕੈਂਸਰ ਪੀੜਤ ਜ਼ਿੰਦਗੀ ਦੀ ਲੜਾਈ ਹਾਰ ਚੁੱਕੇ ਹਨ ਤੇ ਹਜ਼ਾਰਾਂ ਪੀੜਤ ਅਜੇ ਵੀ ਮੰਜਿਆਂ 'ਤੇ ਪਏ ਹਨ। ਭਾਵੇਂ ਪੂਰੇ ਪੰਜਾਬ 'ਚ ਕੈਂਸਰ ਦੀ ਬਿਮਾਰੀ ਦੇ ਮਰੀਜ਼ ਹਨ ਪਰ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਮੁਕਤਸਰ, ਫਰੀਦਕੋਟ, ਫਿਰੋਜ਼ਪੁਰ, ਮੋਗਾ, ਮਾਨਸਾ, ਸੰਗਰੂਰ ਤੇ ਬਠਿੰਡਾ 'ਚ ਤਾਂ ਇਸ ਬਿਮਾਰੀ ਨੇ ਆਪਣੇ ਪੈਰ ਪੂਰੀ ਤਰ੍ਹਾਂ ਪਸਾਰ

## ਇਕੱਲੇ-ਇਕੱਲੇ ਪਿੰਡ 'ਚ ਹੋ ਚੁੱਕੀਆਂ 50-50 ਮੌਤਾਂ

ਲਏ ਹਨ। ਮਾਲਵੇ ਦੇ ਕਈ ਪਿੰਡਾਂ 'ਚ ਕੈਂਸਰ ਨਾਲ ਮਰਨ ਵਾਲਿਆਂ ਦੀ ਗਿਣਤੀ 50 ਤੋਂ ਟੱਪ ਚੁੱਕੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਲੰਬੀ ਦੇ ਹਰੇਕ ਪਿੰਡ 'ਚ ਕੈਂਸਰ ਨਾਲ ਮੌਤਾਂ ਹੋ ਚੁੱਕੀਆਂ ਹਨ। ਇਸ ਬਿਮਾਰੀ ਦਾ ਕਾਰਨ ਪੀਣ ਵਾਲਾ ਮਾੜਾ ਪਾਣੀ ਹੈ ਕਿਉਂਕਿ ਮਾਲਵਾ ਖੇਤਰ ਦੇ ਜ਼ਿਆਦਾ ਹਿੱਸੇ 'ਚ ਧਰਤੀ ਹੇਠਲਾ ਪਾਣੀ ਖ਼ਰਾਬ ਹੈ। ਉਂਝ ਨਹਿਰਾਂ ਰਾਹੀਂ ਇਸ ਖੇਤਰ ਨੂੰ ਗੰਦਾ ਪਾਣੀ ਸਪਲਾਈ ਹੋ ਰਿਹਾ ਹੈ। ਡਾਕਟਰਾਂ ਅਨੁਸਾਰ ਕੀਟਨਾਸ਼ਕ ਦਵਾਈਆਂ, ਖਾਦਾਂ ਦੀ ਜ਼ਿਆਦਾ ਵਰਤੋਂ ਤੇ ਮਾੜੇ ਪਾਣੀ ਨਾਲ ਤਿਆਰ ਕੀਤੀਆਂ ਜਾ ਰਹੀਆਂ ਸਬਜ਼ੀਆਂ ਵੀ ਇਸ ਬਿਮਾਰੀ ਦੀ ਜੜ੍ਹ ਹਨ।

ਦੁਖ ਦੀ ਗੱਲ ਹੈ ਕਿ ਪੰਜਾਬ ਵਿਚ ਕੈਂਸਰ ਦੀ ਬਿਮਾਰੀ ਦਾ ਕੋਈ ਵੱਡਾ ਹਸਪਤਾਲ ਨਹੀਂ ਹੈ ਜਿਸ ਕਰਕੇ ਮਾਲਵੇ ਦੇ ਕੈਂਸਰ ਪੀੜਤਾਂ ਨੂੰ ਇਲਾਜ ਕਰਾਉਣ ਲਈ ਦੂਰ ਦੁਰਾਡੇ ਦੇ ਹਸਪਤਾਲਾਂ 'ਚ ਜਾਣਾ ਪੈਂਦਾ ਹੈ। ਬੀਕਾਨੇਰ ਦੇ ਕੈਂਸਰ ਹਸਪਤਾਲ 'ਚ ਪੰਜਾਬ ਦੇ ਮਰੀਜ਼ਾਂ ਦੀ ਗਿਣਤੀ ਹਰ ਵੇਲੇ ਸੈਂਕੜਿਆਂ 'ਚ ਰਹਿੰਦੀ ਹੈ। ਬਹੁਤੇ ਕੈਂਸਰ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਬਿਮਾਰੀ ਦਾ ਇਲਾਜ ਬਹੁਤ ਮਹਿੰਗਾ ਹੈ ਤੇ ਗਰੀਬ ਤੇ ਮੱਧ ਵਰਗ ਦੇ ਲੋਕਾਂ ਲਈ ਇਲਾਜ ਕਰਵਾਉਣਾ ਬਹੁਤ ਮੁਸ਼ਕਿਲ ਹੈ। ਸਮੇਂ ਦੀਆਂ ਸਰਕਾਰਾਂ ਤੇ ਕਈ ਸਿਆਸੀ ਆਗੂਆਂ ਨੇ ਇਸ ਖੇਤਰ ਵਿਚ ਹਸਪਤਾਲ ਬਣਾਉਣ ਲਈ ਲੋਕਾਂ ਨੂੰ ਲਾਰੇ ਤਾਂ ਲਾਏ ਹਨ ਪਰ ਅਜੇ ਤੱਕ ਕੀਤਾ ਕੱਖ ਨਹੀਂ। ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਇਸ ਪਾਸੇ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਅਨੇਕਾਂ ਗਰੀਬ ਲੋਕ ਬਿਨਾਂ ਇਲਾਜ ਤੋਂ ਹੀ ਮਰ ਰਹੇ ਹਨ। ਕਈ ਪਰਿਵਾਰ ਤਾਂ ਅਜਿਹੇ ਹਨ ਜਿਨ੍ਹਾਂ 'ਚ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੋਈ ਹੈ।

ਡਾਕਟਰਾਂ ਅਨੁਸਾਰ ਕੈਂਸਰ ਦੇ ਮਰੀਜ਼ਾਂ 'ਚ ਔਰਤਾਂ ਦੀ ਗਿਣਤੀ 65 ਪ੍ਰਤੀਸ਼ਤ ਹੈ ਜਦਕਿ ਮਰਦਾਂ ਦੀ ਗਿਣਤੀ 35 ਪ੍ਰਤੀਸ਼ਤ ਹੈ। ਔਰਤਾਂ ਦੀ ਛਾਤੀ ਦਾ ਕੈਂਸਰ ਵਧੇਰੇ ਹੈ। ਉਂਝ ਗਲੇ ਦਾ ਕੈਂਸਰ, ਪੇਟ ਦਾ ਕੈਂਸਰ ਤੇ ਬਲੱਡ ਕੈਂਸਰ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਇਸ ਖ਼ਤਰਨਾਕ ਬਿਮਾਰੀ ਨੇ ਹਰੇਕ ਵਰਗ ਦੀ ਉਮਰ ਦੇ ਵਿਅਕਤੀਆਂ ਨੂੰ ਜਕੜਿਆ ਹੋਇਆ ਹੈ ਤੇ ਇੱਥੋਂ ਤੱਕ ਕਿ ਛੋਟੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ। ਰਿਪੋਰਟਾਂ ਅਨੁਸਾਰ ਸਾਲ 2001 ਤੋਂ ਲੈ ਕੇ ਪਿਛਲੇ 10 ਸਾਲਾਂ ਦੌਰਾਨ ਪੰਜਾਬ ਵਿਚ 30 ਹਜ਼ਾਰ ਤੋਂ ਵੱਧ ਮੌਤਾਂ ਕੈਂਸਰ ਦੀ ਬਿਮਾਰੀ ਨਾਲ ਹੋਈਆਂ ਹਨ ਤੇ ਇਸ ਵੇਲੇ ਵੀ ਪੰਜਾਬ ਭਰ 'ਚ ਅੱਠ ਹਜ਼ਾਰ ਦੇ ਕਰੀਬ ਵਿਅਕਤੀ ਇਸ ਖ਼ਤਰਨਾਕ ਬਿਮਾਰੀ ਤੋਂ ਪੀੜਤ ਹਨ।

ਮਰੀਜ਼ਾਂ ਦਾ ਇਲਾਜ ਕਰਵਾਉਣ ਲਈ ਕਈ ਵਿਅਕਤੀਆਂ ਦੀਆਂ ਜ਼ਮੀਨਾਂ ਤੇ ਘਰ ਵੀ ਵਿਕ ਗਏ। ਆੜ੍ਹਤੀਆਂ ਤੇ ਸ਼ਾਹੂਕਾਰਾਂ ਤੋਂ ਇਲਾਵਾ ਰਿਸ਼ਤੇਦਾਰਾਂ ਤੋਂ ਵੀ ਉਧਾਰ ਪੈਸੇ ਫੜ ਕੇ ਆਪਣੇ ਸਿਰ ਕਰਜ਼ੇ ਚੜ੍ਹਾ ਲਏ, ਕਿਸੇ ਪਾਸੇ ਜੋਗੇ ਵੀ ਨਹੀਂ ਰਹੇ। ਕਰਜ਼ੇ ਦੀ ਪੰਡ ਵੀ ਸਿਰ ਉੱਪਰ ਹੈ ਤੇ ਮਰੀਜ਼ ਵੀ ਨਹੀਂ ਬਚੇ। ਪੰਜਾਬ ਦੇ ਲੋਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੈਂਸਰ ਦਾ ਵੱਡਾ ਹਸਪਤਾਲ ਬਣਾ ਕੇ ਉਸ ਵਿਚ ਕੈਂਸਰ ਦੇ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਵੇ। ਹਰੇਕ ਪਿੰਡ ਵਿਚ ਕੈਂਪ ਲਾ ਕੇ ਮਰੀਜ਼ਾਂ ਦੀ ਜਾਂਚ ਕੀਤੀ ਜਾਵੇ।



*ਮਾਲਵੇ ਵਿਚ ਇਸ ਤਰ੍ਹਾਂ ਦੇ ਹੌਲਨਾਕ ਦ੍ਰਿਸ਼ ਹੁਣ ਘਰ-ਘਰ ਦਿਸਣ ਲੱਗ ਪਏ ਹਨ*

## ਮੈਕਸ ਕੈਂਸਰ ਹਸਪਤਾਲ ਚਾਲੂ ਹੋਣ ਦੀ ਮਿਆਦ ਖੁੰਝੀ

**ਬਠਿੰਡਾ:** ਮੈਕਸ ਹੈਲਥਕੇਅਰ ਇੰਸਟੀਚਿਊਟ ਲਿਮਟਿਡ ਵੱਲੋਂ ਸਰਕਾਰੀ ਭਾਈਵਾਲੀ ਨਾਲ ਕਾਇਮ ਕੀਤਾ ਜਾਣ ਵਾਲਾ ਸੁਪਰਸਪੈਸ਼ਲਿਟੀ ਕੈਂਸਰ ਤੇ ਦਿਲ ਦੀ ਸਾਂਭ-ਸੰਭਾਲ ਵਾਲਾ ਹਸਪਤਾਲ ਅਪਰੈਲ 2011 ਤੋਂ ਸ਼ੁਰੂ ਹੋਣ ਦੀ ਆਪਣੀ ਸਮਾਂ ਸੀਮਾ ਤੋਂ ਖੁੰਝ ਗਿਆ ਹੈ। ਇਸ ਹਸਪਤਾਲ ਦੀ ਉਸਾਰੀ ਜ਼ੋਰਾਂ 'ਤੇ ਚੱਲ ਰਹੀ ਹੈ ਤੇ ਹੁਣ ਇਸ ਦੇ ਸਤੰਬਰ 2011 ਤੋਂ ਚਾਲੂ ਹੋਣ ਦੀ ਉਮੀਦ ਹੈ। 100 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਫਰਵਰੀ 2009 ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰੱਖਿਆ ਸੀ। ਪੰਜਾਬ ਸਰਕਾਰ ਨੇ ਮੁਕਾਮੀ ਸਿਵਲ ਹਸਪਤਾਲ ਦੀ 4.8 ਏਕੜ ਜ਼ਮੀਨ ਇਕ ਰੁਪਏ ਸਾਲ ਦੇ ਕਿਰਾਏ 'ਤੇ 50 ਸਾਲਾਂ ਲਈ ਮੈਕਸ ਹੈਲਥਕੇਅਰ ਨੂੰ ਦਿੱਤੀ ਸੀ। ਕੰਪਨੀ ਨੇ ਇਸ ਸਬੰਧੀ ਪੰਜਾਬ ਸਰਕਾਰ ਨੂੰ ਕੁਝ ਪੇਸ਼ਗੀ ਰਕਮ ਵੀ ਦਿੱਤੀ ਸੀ।

ਮੈਕਸ ਹੈਲਥਕੇਅਰ ਦੇ ਮੁੱਖ ਕਾਰਜਕਾਰੀ ਅਫਸਰ ਤੇ ਪ੍ਰਬੰਧਕੀ ਨਿਰਦੇਸ਼ਕ ਪਰਵੇਜ਼ ਅਹਿਮਦ ਨੇ ਨੀਂਹ ਪੱਥਰ ਸਮਾਗਮ ਵੇਲੇ ਐਲਾਨ ਕੀਤਾ ਸੀ ਕਿ 200 ਬਿਸਤਰਿਆਂ ਦਾ ਇਹ ਹਸਪਤਾਲ ਅਪਰੈਲ 2011 ਤੱਕ ਚਾਲੂ ਕਰ ਦਿੱਤਾ ਜਾਵੇਗਾ। ਕੰਪਨੀ ਦੇ ਬਿਜ਼ਨਸ ਡਿਵੈਲਪਮੈਂਟ ਅਧਿਕਾਰੀ ਮਨਜਿੰਦਰ ਸਿੰਘ ਨੇ ਆਖਿਆ ਕਿ ਹਸਪਤਾਲ ਦੇ ਸਤੰਬਰ 2011 ਤੱਕ ਚਾਲੂ ਹੋਣ ਦੀ ਉਮੀਦ ਹੈ ਹਾਲਾਂਕਿ ਮੁਕਾਮੀ ਸਿਵਲ ਹਸਪਤਾਲ ਦੇ ਮਾਹਿਰਾਂ ਦਾ ਵਿਚਾਰ ਹੈ ਕਿ ਕੈਂਸਰ ਹਸਪਤਾਲ ਨੂੰ ਪੂਰੀ ਤਰ੍ਹਾਂ ਚਾਲੂ ਹੋਣ 'ਚ ਕਾਫੀ ਸਮਾਂ ਲੱਗੇਗਾ।

ਮੈਡੀਕਲ ਮਾਹਿਰਾਂ ਨੇ ਇਸ ਗੱਲ 'ਤੇ ਵੀ ਰੋਸ ਜਤਾਇਆ ਕਿ ਹਾਲੇ ਤੱਕ ਪੰਜਾਬ ਸਰਕਾਰ ਜਾਂ ਪੰਜਾਬ ਸਿਹਤ ਨਿਗਮ ਗਰੀਬ ਕੈਂਸਰ ਮਰੀਜ਼ਾਂ ਨੂੰ ਇੱਥੋਂ ਇਲਾਜ ਕਰਾ ਸਕਣ ਦੇ ਨੁਕਤੇ ਵੀ ਤੈਅ ਨਹੀਂ ਕਰ ਸਕੇ।

## ਕੈਂਸਰ ਰੋਕਣ ਲਈ ਸਰਕਾਰ ਗੰਭੀਰ: ਬਾਦਲ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਮਾਲਵਾ ਪੱਟੀ 'ਚ ਤੇਜ਼ੀ ਨਾਲ ਵਧ ਰਹੇ ਕੈਂਸਰ ਦੀ ਰੋਕਥਾਮ ਲਈ ਪੰਜਾਬ ਸਰਕਾਰ ਵੱਲੋਂ ਕਮਰਕੱਸੇ ਕਰ ਲਏ ਗਏ ਹਨ ਤੇ ਚਾਰ ਜ਼ਿਲ੍ਹਿਆਂ 'ਚ ਕੈਂਸਰ ਦੀ ਰੋਕਥਾਮ ਲਈ ਵਿੰਗ ਕਾਇਮ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਹ ਮੈਡੀਕਲ ਵਿੰਗ ਅੰਮ੍ਰਿਤਸਰ, ਪਟਿਆਲਾ, ਫਰੀਦਕੋਟ, ਬਠਿੰਡਾ 'ਚ ਕਾਇਮ ਹੋਣਗੇ। ਫਰੀਦਕੋਟ ਦੇ ਗੁਰੂ ਗੋਬਿੰਦ ਮੈਡੀਕਲ ਕਾਲਜ 'ਚ ਇਹ ਵਿੰਗ ਨੂੰ ਸ਼ੁਰੂ ਹੋਣ ਦੀ ਗੱਲ ਆਖਦਿਆਂ ਸ. ਬਾਦਲ ਨੇ ਦੱਸਿਆ ਕਿ ਬਠਿੰਡਾ ਵਿਖੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਆਫ ਸਾਇੰਸਿਜ਼ ਫਰੀਦਕੋਟ ਅਧੀਨ ਕੇਂਦਰ ਦਾ ਨਿਰਮਾਣ ਸ਼ੁਰੂ ਹੋਣ ਵਾਲਾ ਹੈ ਜਦੋਂਕਿ ਅੰਮ੍ਰਿਤਸਰ ਤੇ ਪਟਿਆਲਾ 'ਚ ਖੋਲ੍ਹਣ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਕੈਂਸਰ ਤੋਂ ਲੜਨ ਲਈ ਸਰਕਾਰ ਵੱਲੋਂ ਇਸ ਸਾਲ ਆਪਣੇ ਬਜਟ ਵਿਚ ਵੀ 20 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ।

## ਬਠਿੰਡਾ ਜ਼ਿਲ੍ਹੇ 'ਚ 1549 ਲੋਕ ਕੈਂਸਰ ਦੀ ਭੇਟ ਚੜ੍ਹੇ

**ਬਠਿੰਡਾ :** ਮਾਲਵਾ ਖਿੱਤੇ ਦੇ ਬਲਾਕ ਤਲਵੰਡੀ ਸਾਬੋ, ਸੰਗਤ, ਗਿੱਦੜਬਾਹਾ 'ਚ ਕੈਂਸਰ ਦੀ ਮਾਰ ਜ਼ਿਆਦਾ ਹੈ। ਕੌਮੀ ਪੱਧਰ 'ਤੇ ਇਕ ਲੱਖ ਪਿੱਛੇ 71 ਮਰੀਜ਼ ਔਸਤਨ ਕੈਂਸਰ ਦੇ ਹਨ ਜਦੋਂਕਿ ਮਾਲਵਾ ਖਿੱਤੇ 'ਚ ਇਹ ਦਰ 125 ਮਰੀਜ਼ਾਂ ਦੀ ਹੈ। ਸਰਕਾਰੀ ਸਰਵੇ ਅਨੁਸਾਰ ਸਾਲ 2001 ਤੋਂ 2009 ਤੱਕ ਜ਼ਿਲ੍ਹਾ ਬਠਿੰਡਾ 'ਚ 2551 ਲੋਕਾਂ ਨੂੰ ਕੈਂਸਰ ਦੀ ਮਾਰ ਪਈ ਜਿਨ੍ਹਾਂ 'ਚੋਂ 1549 ਵਿਅਕਤੀ ਤਾਂ ਮੌਤ ਦੇ ਮੂੰਹ ਜਾ ਪਏ ਹਨ। ਬਠਿੰਡਾ ਜ਼ਿਲ੍ਹੇ ਦੇ ਦੋ ਦਰਜਨ ਪਿੰਡਾਂ 'ਚ ਤਾਂ ਕੈਂਸਰ ਦੀ ਬਿਮਾਰੀ ਨੇ ਵੱਧ ਮਾਰ ਪਾਈ ਹੈ। ਪਿੰਡ ਭਗਵਾਨਗੜ੍ਹ 'ਚ 14 ਮਰੀਜ਼ ਕੈਂਸਰ ਦੇ ਹਨ ਜੋ ਬੀਕਾਨੇਰ ਜਾਂਦੇ ਹਨ। ਪਿੰਡ ਜੰਡੀਆ 'ਚ 25 ਮਰੀਜ਼, ਨੇਹੀਆ ਵਾਲਾ 'ਚ 35, ਕੋਟਗੁਰੂ 'ਚ 21 ਮਰੀਜ਼, ਬਾਜਕ ਪਿੰਡ 'ਚ 22 ਮਰੀਜ਼, ਬਹਿਮਣ ਦੀਵਾਨਾ 'ਚ 23 ਮਰੀਜ਼ ਤੇ ਮਲਕਾਣਾ 'ਚ 20 ਮਰੀਜ਼ ਹਨ।

## ਅਲੀਪੁਰ 'ਚ ਦਰਜਨ ਤੋਂ ਵੱਧ ਮੌਤਾਂ

**ਫ਼ਿਰੋਜ਼ਪੁਰ:** ਬਲਾਕ ਕੱਸੂਆਣਾ ਦੇ ਪਿੰਡ ਅਲੀਪੁਰ ਦੇ ਲੋਕ ਜ਼ਹਿਰੀਲੇ ਪਾਣੀ ਕਾਰਨ ਕੈਂਸਰ ਸਮੇਤ ਕਈ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਬਿਮਾਰੀਆਂ ਕਾਰਨ ਪਿੰਡ 'ਚ ਪਿਛਲੇ ਦੋ ਸਾਲਾਂ ਦੌਰਾਨ ਤਕਰੀਬਨ ਦਰਜਨ ਤੋਂ ਵੱਧ ਲੋਕ ਆਪਣੀਆਂ ਜਾਨਾਂ ਗਵਾ ਬੈਠੇ ਹਨ। ਮੌਜੂਦਾ ਸਮੇਂ 'ਚ ਅੱਧਾ ਦਰਜਨ ਲੋਕ ਕੈਂਸਰ ਨਾਲ ਪੀੜਤ ਹਨ। ਗੰਦੇ ਪਾਣੀ ਕਾਰਨ ਤਕਰੀਬਨ 80 ਫੀਸਦੀ ਪਿੰਡ ਦੀ ਵਸੋਂ ਨੂੰ ਚਮੜੀ, ਯੂਰਿਕ ਐਸਿਡ ਸਮੇਤ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੇ ਜਕੜ ਲਿਆ ਹੈ। ਭਾਵੇਂ ਪੰਜਾਬ ਸਰਕਾਰ ਵੱਲੋਂ ਪਾਣੀ ਨੂੰ ਸਾਫ ਕਰਨ ਦੇ ਮੰਤਵ ਨਾਲ ਕਰੋੜਾਂ ਰੁਪਏ ਦੀਆਂ ਗਰਾਂਟਾਂ ਖਰਚਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਪਿੰਡ ਅਲੀਪੁਰ 'ਚ ਦੂਸ਼ਿਤ ਪਾਣੀ ਦਾ ਸ਼ਿਕਾਰ ਲੋਕਾਂ ਦੀ ਦੁਰਦਸ਼ਾ ਸਰਕਾਰੀ ਦਾਅਵਿਆਂ ਨੂੰ ਝੁਠਲਾ ਰਹੀ ਹੈ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜ਼ੀਰਾ ਸ਼ਹਿਰ ਸਮੇਤ ਉਪਰਲੇ ਕਈ ਪਿੰਡਾਂ ਦਾ ਗੰਦਾ ਪਾਣੀ ਇਸ ਪਿੰਡ ਰਾਹੀਂ ਸਤਲੁਜ ਦਰਿਆ ਵਿਚ ਜਾਂਦਾ ਸੀ ਪਰ ਪਿਛਲੇ ਪੰਜ ਸਾਲਾਂ ਤੋਂ ਪਿੰਡ ਲੋਹਕੇ ਦੇ ਕੁਝ ਘਰਾਂ ਨੇ ਇਸ ਪਾਣੀ ਨੂੰ ਰੋਕ ਦਿੱਤਾ ਜਿਸ ਕਾਰਨ ਸਾਰੇ ਸ਼ਹਿਰ ਦਾ ਗੰਦਾ ਪਾਣੀ ਇਸ ਪਿੰਡ ਵਿਚਲੀਆਂ ਜ਼ਮੀਨਾਂ 'ਚ ਜਮ੍ਹਾਂ ਹੋਣਾ ਸ਼ੁਰੂ ਹੋ ਗਿਆ। ਇਸ ਗੰਦੇ ਪਾਣੀ ਨੇ ਧਰਤੀ ਹੇਠਲੇ ਪਾਣੀ ਨੂੰ ਇੰਨਾਂ ਗੰਦਾ ਕਰ ਦਿੱਤਾ ਕਿ ਇਸ ਪਾਣੀ ਨੂੰ ਪੀਣ ਨਾਲ ਪਿੰਡ 'ਚ ਕੈਂਸਰ ਸਮੇਤ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੇ ਪਿੰਡ ਵਾਸੀਆਂ ਨੂੰ ਜਕੜ ਲਿਆ।

# ਸਰਕਾਰ ਦੀਆਂ ਅੱਖਾਂ ਅਜੇ ਵੀ ਨਹੀਂ ਖੁੱਲ੍ਹੀਆਂ

**ਬਠਿੰਡਾ:** ਮਾਲਵੇ 'ਚ ਤਕਰੀਬਨ ਡੇਢ ਦਹਾਕੇ ਤੋਂ ਕੈਂਸਰ ਪੈਰ ਪਸਾਰ ਰਿਹਾ ਹੈ ਪਰ ਪੰਜਾਬ ਸਰਕਾਰ ਹਾਲੇ ਤੱਕ ਕੈਂਸਰ ਦੇ ਕਾਰਨ ਹੀ ਨਹੀਂ ਲੱਭ ਸਕੀ। ਬਠਿੰਡਾ ਪੱਟੀ 'ਚ ਗੁਰਬਤ ਭੰਨੇ ਲੋਕਾਂ ਨੂੰ ਹੁਣ ਕੈਂਸਰ ਦੇ ਮਹਿੰਗੇ ਇਲਾਜ ਨਾਲੋਂ ਮੌਤ ਸਸਤੀ ਲੱਗਦੀ ਹੈ। ਜਿਨ੍ਹਾਂ ਨੂੰ ਇਲਾਜ ਲਈ ਪਾਈ ਵੀ ਨਹੀਂ ਜੁੜ ਸਕੀ, ਉਹ ਜਹਾਨੋਂ ਚਲੇ ਗਏ। ਜ਼ਿਲ੍ਹਾ ਬਠਿੰਡਾ ਦੇ ਤਕਰੀਬਨ 500 ਕੈਂਸਰ ਮਰੀਜ਼ਾਂ ਨੇ ਸਰਕਾਰ ਕੋਲ ਇਲਾਜ ਲਈ ਪਿਛਲੇ ਸਮੇਂ ਦੌਰਾਨ ਪਹੁੰਚ ਕੀਤੀ ਸੀ। ਇਨ੍ਹਾਂ 'ਚੋਂ ਕਰੀਬ 200 ਮਰੀਜ਼ ਸਰਕਾਰੀ ਮਦਦ ਉਡੀਕਦੇ-ਉਡੀਕਦੇ ਹੀ ਰੱਬ ਨੂੰ ਪਿਆਰੇ ਹੋ ਗਏ।16 ਫਰਵਰੀ 2011 ਤੋਂ ਬਠਿੰਡਾ ਪ੍ਰਸ਼ਾਸਨ ਕੋਲ 30 ਲੱਖ ਰੁਪਏ ਮਦਦ ਲਈ ਪਏ ਹਨ ਜਿਨ੍ਹਾਂ ਨੂੰ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਖ਼ੁਦ ਮਰੀਜ਼ਾਂ ਨੂੰ ਵੰਡਣਾ ਚਾਹੁੰਦੇ ਹਨ। ਕੈਂਸਰ ਮਰੀਜ਼ ਹੁਣ ਬੀਬਾ ਬਾਦਲ ਦੀ ਬਠਿੰਡਾ ਫੇਰੀ ਉਡੀਕ ਰਹੇ ਹਨ। ਇਹੋ ਰਾਸ਼ੀ ਵੇਲੇ ਸਿਰ ਵੰਡੀ ਜਾਂਦੀ ਤਾਂ ਪਿੰਡ ਲਹਿਰਾ ਮੁਹੱਬਤ ਦੀ ਜਸਮੇਲ ਕੌਰ ਦੀ ਸ਼ਾਇਦ ਜਾਨ ਬਚ ਜਾਂਦੀ। ਐਸ.ਡੀ.ਐਮ ਬਠਿੰਡਾ ਨੂੰ ਇਹ ਚੈਕ 9 ਮਾਰਚ 2011 ਨੂੰ ਪੱਤਰ ਨੰਬਰ 194 ਤਹਿਤ ਵਾਪਸ ਸਰਕਾਰ ਕੋਲ ਭੇਜਣਾ ਪਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਗਹਿਰੀ ਭਾਗੀ 'ਚ ਕੈਂਸਰ ਦੇ ਕਹਿਰ ਨੇ ਕਈ ਘਰ ਹਿਲਾ ਕੇ ਰੱਖ ਦਿੱਤੇ ਹਨ। ਇਸ ਪਿੰਡ ਦਾ ਬਲਵਿੰਦਰ ਸਿੰਘ ਨੌਂ ਮਹੀਨੇ ਪਹਿਲਾਂ ਕੈਂਸਰ ਨਾਲ ਮੌਤ ਦੇ ਮੂੰਹ ਜਾ ਪਿਆ। ਉਸ ਮਗਰੋਂ ਉਸ ਦੀ ਮਾਂ ਸੁਰਜੀਤ ਕੌਰ ਤੋਂ ਵੀ ਕੈਂਸਰ ਨੇ ਜ਼ਿੰਦਗੀ ਖੋਹ ਲਈ। ਹੁਣ ਬਲਵਿੰਦਰ ਸਿੰਘ ਦੀ ਪਤਨੀ ਸਰਬਜੀਤ ਕੌਰ ਕੈਂਸਰ ਦਾ ਦੁੱਖ ਝੱਲ ਰਹੀ ਹੈ। ਉਹ ਦੱਸਦੀ ਹੈ ਕਿ ਇਲਾਜ 'ਚ ਇਕ ਏਕੜ ਜ਼ਮੀਨ ਵਿਕ ਗਈ ਤੇ ਪਿਛੇ ਹੁਣ ਕੋਈ ਸਹਾਰਾ ਨਹੀਂ ਬਚਿਆ। ਇਸ ਤੋਂ ਵੱਡਾ ਦੁੱਖ ਇਸ ਪਿੰਡ ਦੇ ਹੀ ਗੁਰਦੇਵ ਸਿੰਘ ਦੇ ਪਰਿਵਾਰ ਨੇ ਝੱਲਿਆ ਹੈ। 68 ਵਰ੍ਹਿਆਂ ਦੀ ਉਮਰ ਭੋਗ ਕੇ ਗੁਰਦੇਵ ਸਿੰਘ ਬੀਕਾਨੇਰ ਗੇੜੇ ਲਾਉਂਦਾ ਇਸ ਦੁਨੀਆ 'ਚੋਂ ਤੁਰ ਗਿਆ ਹੈ। ਇਸ ਬਜ਼ੁਰਗ ਦੇ ਚਾਰੇ ਪੁੱਤਰਾਂ ਦੇ ਘਰਾਂ ਨੂੰ ਕੈਂਸਰ ਨੇ ਕੱਖੋਂ ਹੌਲੇ ਕਰ ਦਿੱਤਾ। ਦੋ ਵਰ੍ਹੇ ਪਹਿਲਾਂ ਉਸ ਦਾ ਪੋਤਾ ਅੰਮ੍ਰਿਤਪਾਲ ਵੀ ਕੈਂਸਰ ਕੋਲੋਂ ਹਾਰ ਗਿਆ। ਬਜ਼ੁਰਗ ਦੇ ਲੜਕੇ ਰਾਜ ਸਿੰਘ ਨੂੰ ਅੱਖਾਂ ਦਾ ਕੈਂਸਰ ਹੈ। 12 ਵਰ੍ਹਿਆਂ ਦਾ ਪੋਤਾ ਹਰਮਨਦੀਪ ਵੀ ਕੈਂਸਰ ਦੀ ਪੀੜ ਝੱਲਣੋਂ ਬੇਵੱਸ ਹੈ ਜਦੋਂਕਿ 10 ਸਾਲਾਂ ਦੀ ਪੋਤਰੀ ਕਿਰਨਦੀਪ ਨੂੰ ਵੀ ਸੁਰਤ ਸੰਭਲਣ ਤੋਂ ਪਹਿਲਾਂ ਹੀ ਕੈਂਸਰ ਨੇ ਜਕੜ ਲਿਆ। ਨੌਂ ਵਰ੍ਹਿਆਂ ਦੀ ਅਮਨਦੀਪ ਕੌਰ ਵੀ ਆਪਣੇ ਬਾਬੇ ਵਾਂਗ ਕੈਂਸਰ ਤੋਂ ਪੀੜਤ ਹੈ। ਇਸ ਪਰਿਵਾਰ ਦੀ ਔਰਤ ਕੁਲਵੰਤ ਕੌਰ ਦੱਸਦੀ ਹੈ ਕਿ ਕੈਂਸਰ ਕਾਰਨ ਬੱਚਿਆਂ ਦੀ ਇਕ ਇਕ ਅੱਖ ਹੀ ਕਢਵਾਉਣੀ ਪਈ ਹੈ। ਕਿਧਰੋਂ ਕੋਈ ਵਾਰਸ ਨਹੀਂ ਮਿਲੀ। ਇਕੱਲੇ ਇਸ ਇੱਕੋ ਪਿੰਡ 'ਚ ਲੰਘੇ ਨੌਂ ਵਰ੍ਹਿਆਂ 'ਚ 23 ਮਰੀਜ਼ ਕੈਂਸਰ ਦੀ ਲਪੇਟ ਦੌਰਾਨ ਆਏ ਹਨ ਜਿਨ੍ਹਾਂ 'ਚੋਂ 7 ਮਰੀਜ਼ ਹੁਣ ਇਸ ਦੁਨੀਆਂ 'ਚ ਨਹੀਂ ਰਹੇ।

ਸਾਬਕਾ ਪੰਚਾਇਤ ਮੈਂਬਰ ਲੀਲਾ ਸਿੰਘ ਦੀ ਪਤਨੀ ਸੁਖਦੇਵ ਕੌਰ ਕੈਂਸਰ ਤੋਂ ਪੀੜਤ ਸੀ। ਉਸ ਦੇ ਇਲਾਜ ਲਈ ਡੇਢ ਲੱਖ ਰੁਪਏ ਦਾ ਕਰਜ਼ਾ ਸ਼ਾਹੂਕਾਰਾਂ ਤੇ ਸਹਿਕਾਰੀ ਸਭਾ ਤੋਂ ਚੁੱਕਣਾ ਪਿਆ। ਇਹ ਪਰਿਵਾਰ ਨਾ ਕਰਜ਼ਾ ਮੋੜ ਸਕਿਆ ਹੈ ਤੇ ਨਾ ਘਰ ਦੇ ਜੀਅ ਨੂੰ ਬਚਾ ਸਕਿਆ ਹੈ। ਲੀਲਾ ਸਿੰਘ ਦਾ ਭਰਾ ਜਗਰੂਪ ਸਿੰਘ ਤੇ ਭੈਣ ਅੰਗਰੇਜ਼ ਕੌਰ ਵੀ ਕੈਂਸਰ ਦੀ ਭੇਟ ਚੜ੍ਹ ਚੁੱਕੇ ਹਨ। ਪਿੰਡ ਕੋਟਸ਼ਮੀਰ ਦੇ ਦੋ ਕਿਸਾਨ ਭਰਾ ਇਕਬਾਲ ਸਿੰਘ ਤੇ ਕਰਮਜੀਤ ਸਿੰਘ ਤਾਂ ਆਪਣੇ ਮਾਂ ਦਲੀਪ ਕੌਰ ਨੂੰ ਕੈਂਸਰ ਤੋਂ ਬਚਾਉਣ ਖਾਤਰ ਚਾਰ ਏਕੜ ਜ਼ਮੀਨ ਹੱਥੋਂ ਗੁਆ ਬੈਠੇ ਹਨ। ਇਕਬਾਲ ਸਿੰਘ ਦੱਸਦਾ ਹੈ ਕਿ ਉਨ੍ਹਾਂ ਨੇ ਮਾਂ ਦੇ ਇਲਾਜ 'ਤੇ ਕਰੀਬ ਸੱਤ ਲੱਖ ਖਰਚ ਦਿੱਤੇ ਹਨ। ਇਲਾਜ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕਦੇ ਰਹੇ ਤੇ ਜਦੋਂ ਕਰਜ਼ਾ ਮੋੜਿਆ ਨਾ ਜਾ ਸਕਿਆ ਤਾਂ ਜ਼ਮੀਨ ਹੀ ਗਿਰਵੀ ਕਰਨੀ ਪਈ ਹੈ। ਇਹ ਭਰਾ ਹੁਣ ਸਰਕਾਰੀ ਮਦਦ ਉਡੀਕ ਰਹੇ ਹਨ।

ਪਿੰਡ ਪੱਕਾ ਕਲਾਂ 'ਚ ਤਾਂ ਦਰਦਾਂ ਦਾ ਦਰਿਆ ਹੀ ਵਹਿਦਾ ਹੈ। ਸਰਕਾਰੀ ਰਿਪੋਰਟ ਗਵਾਹ ਹੈ ਕਿ ਇਕੋ ਪਿੰਡ 'ਚ 1 ਜਨਵਰੀ 2001 ਤੋਂ 31 ਦਸੰਬਰ 2009 ਤੱਕ 47 ਲੋਕਾਂ ਨੂੰ ਕੈਂਸਰ ਦੀ ਮਾਰ ਝੱਲਣੀ ਪਈ ਹੈ ਜਿਨ੍ਹਾਂ 'ਚੋਂ 27 ਮਰੀਜ਼ ਤਾਂ ਮੌਤ ਦੇ ਮੂੰਹ ਜਾ ਪਏ। ਬਾਕੀ 20 ਮਰੀਜ਼ ਜ਼ਿੰਦਗੀ ਮੌਤ ਲਈ ਲੜਾਈ ਲੜ ਰਹੇ ਹਨ। ਇਲਾਜ ਲਈ ਬੀਕਾਨੇਰ ਜਾਣਾ ਉਨ੍ਹਾਂ ਦੀ ਮਜ਼ਬੂਰੀ ਹੈ ਕਿਉਂਕਿ ਉਥੇ ਇਲਾਜ ਸਸਤਾ ਹੈ। ਪਿੰਡ ਦਾ 76 ਸਾਲਾ ਬੂਟਾ ਸਿੰਘ ਵੀ ਇਲਾਜ ਲਈ ਬੀਕਾਨੇਰ ਜਾਂਦਾ ਹੈ ਤੇ 8 ਵਰ੍ਹਿਆਂ ਦਾ ਇੰਦਰਜੀਤ ਵੀ। ਇੱਕੋ ਗਲੀ 'ਚ ਸੱਤ ਘਰਾਂ 'ਚ ਕੈਂਸਰ ਦੇ ਮਰੀਜ਼ ਹਨ। ਇਸ ਗਲੀ ਦੇ ਵਸਨੀਕ ਕਿਸਾਨ ਬਲਦੇਵ ਸਿੰਘ ਨੂੰ ਆਪਣੀ ਪਤਨੀ ਜਸਵਿੰਦਰ ਕੌਰ ਦਾ ਇਲਾਜ ਕਰਾਉਣ ਲਈ 1.20 ਲੱਖ ਰੁਪਏ ਦਾ ਕਰਜ਼ਾ ਬੈਂਕ ਤੋਂ ਚੁੱਕਣਾ ਪਿਆ ਹੈ। ਉਹ ਦੱਸਦਾ ਹੈ ਕਿ ਉਸ ਨੂੰ ਮਹੀਨੇ 'ਚ ਦੋ ਵਾਰ ਬੀਕਾਨੇਰ ਜਾਣਾ ਪੈਂਦਾ ਹੈ। ਪ੍ਰਚੂਨ ਦੀ ਜਿਹੜੀ ਦੁਕਾਨ ਉਹ ਕਰਦਾ ਸੀ, ਉਹ ਵੀ ਹੁਣ ਫੇਲ੍ਹ ਹੋ ਗਈ ਹੈ। ਉਸ ਦਾ ਕਹਿਣਾ ਸੀ ਕਿ ਡੇਢ ਵਰ੍ਹਾ ਪਹਿਲਾਂ ਮਾਲੀ ਮਦਦ ਲਈ ਦਰਖਾਸਤ ਦਿੱਤੀ ਸੀ। ਇਸੇ ਤਰ੍ਹਾਂ ਹੀ ਸੰਗਤ ਦੇ ਸੁਖਦੇਵ ਸਿੰਘ ਨੂੰ ਆਪਣੀ ਦੋ ਕਨਾਲ ਜ਼ਮੀਨ ਗਹਿਣੇ ਕਰਨੀ ਪਈ ਹੈ ਤਾਂ ਜੋ ਉਹ ਆਪਣੀ ਪਤਨੀ ਸੁਖਪਾਲ ਕੌਰ ਦੇ ਕੈਂਸਰ ਦਾ ਇਲਾਜ ਕਰਾ ਸਕੇ।

ਪਿੰਡ ਭੋਖੜਾ ਦੀ ਨੌਜਵਾਨ ਮਹਿਲਾ ਕਰਮਜੀਤ ਕੌਰ ਨੂੰ ਕੈਂਸਰ ਨੇ ਅਪਾਹਜ ਕਰ ਦਿੱਤਾ ਹੈ। ਉਸ ਦੇ ਦਿਉਰ ਮੱਖਣ ਸਿੰਘ ਨੇ ਦੱਸਿਆ ਕਿ ਕੈਂਸਰ ਕਾਰਨ ਉਸ ਦੀ ਭਰਜਾਈ ਦੀ ਲੱਤ ਕੱਟਣੀ ਪਈ ਹੈ। ਉਸ ਨੇ ਦੱਸਿਆ ਕਿ ਤਕਰੀਬਨ ਚਾਰ ਲੱਖ ਰੁਪਏ ਇਲਾਜ 'ਤੇ ਖਰਚ ਆ ਚੁੱਕੇ ਹਨ।



*ਦੂਸ਼ਿਤ ਪਾਣੀ ਜੋ ਕੈਂਸਰ ਦਾ ਕਾਰਨ ਬਣ ਰਿਹਾ ਹੈ।*

## ਨੈਣ-ਨਕਸ਼

# ਬੜੀਆਂ ਮੁਖ਼ਤਾਰਾਂ ਹੋਰ ਵੀ ਵਿਲਕਦੀਆਂ ਨੇ

*ਕਈ ਬੰਦਿਆਂ ਤੋਂ ਮੂੰਹ ਘੁਮਾਉਣਾ ਜਾਂ ਪਾਸਾ ਵੱਟਣਾ ਇਸ ਲਈ ਮਜਬੂਰੀ ਬਣ ਜਾਂਦਾ ਹੈ ਕਿਉਂਕਿ ਇਨ੍ਹਾਂ ਨੇ ਜਿੱਥੇ ਵੀ ਜਾਣਾ ਹੁੰਦਾ ਹੈ, ਉਥੇ ਜਾਂ ਤਾਂ ਇਨ੍ਹਾਂ ਨੇ ਸਮੱਸਿਆ ਖੜ੍ਹੀ ਕਰ ਦੇਣੀ ਹੁੰਦੀ ਹੈ, ਜਾਂ ਆਪ ਸਮੱਸਿਆ ਬਣ ਜਾਣਾ ਹੁੰਦਾ ਹੈ। ਬਦਕਿਸਮਤੀ ਨਾਲ ਕਈ ਵਾਰ ਇੱਦਾਂ ਵੀ ਹੋਇਆ ਹੈ ਕਿ ਬੰਦੇ ਘਰੋਂ ਤਾਂ ਨਿਕਲੇ ਬੜੇ ਮਹਾਨ ਕਾਰਜਾਂ ਲਈ ਸਨ ਪਰ ਇਲਜ਼ਾਮ ਭ੍ਰਿਸ਼ਟ ਹੋਣ ਦਾ ਲੁਆ ਬੈਠੇ। ਜਿਹੜੇ ਲੋਕ ਆਪਣੀਆਂ ਹੱਥ-ਰੇਖਾਵਾਂ ਆਪ ਬਣਾਉਣ ਦੇ ਯੋਗ ਹੋਏ ਹਨ, ਉਨ੍ਹਾਂ ਨੂੰ ਰੱਬ ਨੇ ਵੀ ਜ਼ਰੂਰ ਆਖਿਆ ਹੋਵੇਗਾ, 'ਹੁਣ ਤੁਹਾਨੂੰ ਸਫ਼ਲ ਹੋਣ ਤੋਂ ਮੈਂ ਵੀ ਨਹੀਂ ਰੋਕ ਸਕਦਾ।' ਕਦੇ ਧਿਆਨ ਕੇਂਦਰਤ ਕਰਕੇ ਸੋਚਿਆ ਕਿ ਪ੍ਰੇਮ ਵਿਆਹ ਬਹੁਤਾ ਕਰਕੇ ਸਫ਼ਲ ਕਿਉਂ ਨਹੀਂ ਹੋਏ? ਸਫ਼ਲ ਹੋਏ ਨੇ, ਪਰ ਸਿਰਫ਼ ਉਹੀ ਜਿਹੜੇ ਬੰਦੇ ਦੇ ਨੱਕ ਹੇਠ ਹੋਏ ਹੋਣ, ਬਾਕੀਆਂ ਨੂੰ ਸਫ਼ਲ ਹੋਣ ਹੀ ਦਿੱਤਾ ਗਿਆ। ਸਮੱਸਿਆ ਜਾਂ ਦੁਖਦਾਇਕ ਗੱਲ ਇਹ ਹੈ ਕਿ ਜਦੋਂ ਦਾ ਮਨੁੱਖ ਸਮਾਜਕ ਪ੍ਰਾਣੀ ਘੱਟ, ਸਮਾਜ ਦਾ ਠੇਕੇਦਾਰ ਵੱਧ ਅਖਵਾਉਣ ਲੱਗ ਪਿਆ ਹੈ, ਉਦੋਂ ਦਾ ਉਹ ਆਪਣਾ ਨੱਕ ਰੱਖਣ ਲਈ ਦੂਜਿਆਂ ਦੇ ਨੱਕ ਵੱਢਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਜੁਆਨੀ ਵਿਚ ਗਲਤੀਆਂ ਨੂੰ ਸਵੀਕਾਰਨ ਦੀ ਯੋਗਤਾ ਨਹੀਂ ਹੁੰਦੀ। ਇਸੇ ਲਈ ਇਕ ਤੋਂ ਬਾਅਦ ਦੂਜੀ ਗਲਤੀ ਹੋ ਜਾਂਦੀ ਹੈ। ਦਰਅਸਲ ਭੰਬਲਭੂਸੇ ਵਾਲੇ ਯੁੱਗ ਵਿਚ ਕਈਆਂ ਕੋਲ ਤੀਰ ਹੈਗੇ ਆ, ਨਿਸ਼ਾਨੇ ਹੈ ਨ੍ਹੀਂ; ਤੇ ਕਈਆਂ ਦੇ ਭੱਥੇ ਤੀਰਾਂ ਨਾਲ ਭਰੇ ਪਏ ਹਨ ਪਰ ਲਗਾਉਣ ਲਈ ਨਿਸ਼ਾਨਾ ਕੋਈ ਨਹੀਂ। ਮੁਖ਼ਤਾਰਾਂ ਮਾਈ ਦਾ ਦਰਦ ਬਹੁਤ ਵੱਡਾ ਹੈ ਪਰ ਇਹ ਦਰਦ ਉਸ ਤੋਂ ਕਈ ਗੁਣਾ ਵੱਡਾ ਇਸ ਕਰਕੇ ਹੈ ਕਿ ਕੋਈ ਮਾਈ ਦਾ ਲਾਲ ਉਠ ਨਹੀਂ ਰਿਹਾ ਜੋ ਉਹਨੂੰ ਧੀ ਜਾਂ ਭੈਣ ਸਮਝ ਕੇ ਬਦਲਾ ਲਵੇ। ਇਸੇ ਲਈ ਜਾਤੀ ਅਭਿਮਾਨ ਹੇਠ ਹੋਰ ਵੀ ਬੜੀਆਂ ਮੁਖ਼ਤਾਰਾਂ ਅਥਾਹ ਪੀੜਾ ਨਾਲ ਕੁਰਲਾ ਰਹੀਆਂ ਹਨ। ਪੰਛੀ ਜਾਂ ਜਾਨਵਰ ਧੱਕੇ ਨਾਲ ਕਿਤੇ ਵੀ ਕਬਜ਼ਾ ਨਹੀਂ ਕਰਨਾ ਚਾਹੁੰਦੇ, ਇਸੇ ਲਈ ਧਰਮ ਅਤੇ ਜਾਤ ਤੋਂ ਮੁਕਤ ਹਨ ਪਰ ਇਹ ਧਰਮੀ ਬੰਦਾ ਭਲਾ ਕੀ ਕਰਨ ਲੱਗਾ ਹੋਇਐ...?*



**ਐਸ. ਅਸ਼ੋਕ ਭੌਰਾ**

ਕੋਈ ਨਹੀਂ ਚਾਹੁੰਦਾ ਕਿ ਉਸ ਦੇ ਮਾਂ-ਬਾਪ ਤੁਰ ਜਾਣ ਪਰ ਜੇ ਇਹ ਉਮਰ ਭੋਗ ਕੇ ਮਰੇ ਹਨ ਤਾਂ ਡਾਢੇ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦੈ ਕਿਉਂਕਿ ਤੁਸੀਂ ਉਨ੍ਹਾਂ ਨਾਲੋਂ ਕਿਤੇ ਵੱਧ ਕਿਸਮਤ ਵਾਲੇ ਹੋ ਜਿਨ੍ਹਾਂ ਦੇ ਮਾਂ-ਬਾਪ ਔਲਾਦ ਨੂੰ ਗੀਟਿਆਂ ਨਾਲ ਖੇਡਣ ਦੀ ਉਮਰ ਵਿਚ ਛੱਡ ਗਏ। ਜਨਮ ਵੇਲੇ ਕਿਸੇ ਦਾ ਵੀ ਕੋਈ ਧਰਮ ਜਾਂ ਜਾਤ-ਬਰਾਦਰੀ ਨਹੀਂ ਹੁੰਦੀ ਪਰ ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ, ਮਨੁੱਖ ਇਸ ਢਾਂਚੇ ਵਿਚ ਢਲਦਾ ਚਲਾ ਜਾਂਦਾ ਹੈ। ਕੋਈ ਲੱਖ ਕਹੀ ਜਾਵੇ ਕਿ ਧਰਮ ਨੇ ਜ਼ਿੰਦਗੀ ਸੁਖਾਲੀ ਕੀਤੀ ਹੈ, ਮੰਨਣ ਨੂੰ ਜੀਅ ਨਹੀਂ ਕਰਦਾ। ਧਰਮ ਨੇ ਵਿਰੋਧ ਬੜਾ ਪੈਦਾ ਕੀਤੈ, ਕੱਟੜਵਾਦ ਇਸੇ ਦੀ ਦੇਣ ਹੈ।

ਜੇ ਸਮਾਜਿਕ ਵਰਤਾਰੇ ਦਾ ਗਹਿਗੱਚ ਅਧਿਐਨ ਕਰੋਗੇ ਤਾਂ ਲੱਭੇਗਾ ਕਿ ਅਣਖ ਤੇ ਇੱਜ਼ਤ ਵੱਡਿਆਂ ਲੋਕਾਂ ਤੇ ਉਚੀਆਂ ਜਾਤਾਂ ਲਈ ਹੀ ਹਨ, ਗਰੀਬ ਲਈ ਇਨ੍ਹਾਂ ਦੇ ਅਰਥ ਹੱਥ ਜੋੜਨ ਤੋਂ ਵੱਧ ਕੁਝ ਨਹੀਂ। ਫੂਲਨ ਦੇਵੀ ਦਾ ਡਾਕੂ ਬਣਨਾ ਜਾਤੀ ਪ੍ਰਥਾ ਦੇ ਉਚੇ ਅਭਿਆਨ ਦੀ ਦੇਣ ਹੈ। ਚਲੋ ਫੂਲਨ ਦੇਵੀ ਤਾਂ ਨਹੀਂ ਰਹੀ ਪਰ ਸਮਾਜਿਕ ਪ੍ਰਬੰਧ ਹਰਗਿਜ਼ ਬਦਲਿਆ ਨਹੀਂ ਹੈ। ਲਹਿੰਦੇ ਪੰਜਾਬ ਦੇ ਪਿੰਡ ਮੀਰਵਾਲਾ (ਮੁਜ਼ੱਫਰਗੜ੍ਹ-ਪਾਕਿਸਤਾਨ) ਦੀ ਮੁਖ਼ਤਾਰਾਂ ਨਾਲ ਜੋ ਹੋਇਆ, ਉਹ ਕਿਸੇ ਤੋਂ ਲੁਕਿਆ ਨਹੀਂ। ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਪੂਰੇ 12 ਵਰ੍ਹੇ ਲੜਦੀ ਹਫ਼ ਗਈ, ਕਿਉਂਕਿ ਜਿਸ ਨਿਆਂ ਪ੍ਰਣਾਲੀ ਵਿਚ ਉਹ ਦਾ ਵਿਸ਼ਵਾਸ ਸੀ, ਮੌਤ ਦੇ ਘਾਟ ਵੱਲ ਤੋਰੇ ਜਾਣ ਵਾਲੇ ਦੋਸ਼ੀ ਹੱਥ 'ਚੋਂ ਤਿਲਕ ਬਰੀ ਹੋ ਰਹੇ ਹਨ। ਔਰਤ ਨੂੰ ਬੁਰਕਿਆਂ 'ਚ ਸੁਰੱਖਿਆ ਦੇਣ ਵਾਲਾ ਇਸਲਾਮ ਚੁੱਪ ਹੈ, ਪਾਦਰੀ ਤੇ ਕਾਜ਼ੀ ਸੁੱਤੇ ਪਏ ਹਨ, ਮੁੱਲਾਂ ਮੂੰਹ ਘੁਮਾ ਕੇ ਬੈਠੇ ਹਨ, ਅਣਖ ਦੀਆਂ ਟਾਹਰਾਂ ਮਾਰਨ ਵਾਲੇ, ਹਜ਼ਾਰਾਂ ਬੇਗੁਨਾਹਾਂ ਦੇ ਕਾਤਲ ਤਾਲਿਬਾਨ ਅਬਲਾ ਦੇ ਦੁੱਖ 'ਤੇ ਛੇਆਂ ਨੂੰ ਫਾਹੇ ਨਹੀਂ ਲਗਾ ਸਕੇ? ਅਸਲ ਵਿਚ ਪਾਪ ਹਰ ਯੁੱਗ ਵਿਚ ਫੈਲਦਾ ਹੀ ਹੁੰਦਾ ਹੈ। ਮੁਖ਼ਤਾਰਾਂ ਮਾਈ ਨੇ ਹੌਸਲਾ ਕੀਤਾ ਅਤੇ ਘੋਰ ਅਨਿਆਂ ਦਾ ਰੂਪ ਸਾਹਮਣੇ ਆ ਗਿਆ ਹੈ, ਤੇ ਉਂਜ ਪਤਾ ਨ੍ਹੀਂ ਹਾਲੇ ਵੀ, ਨਿੱਤ ਕਿੰਨੀਆਂ ਕੁ ਮੁਖ਼ਤਾਰਾਂ ਨਾਲ ਕੀ ਹੋ ਰਿਹਾ ਹੈ? ਜ਼ਰੂਰੀ ਨਹੀਂ ਕਿ ਸੈਟੇਲਾਈਟ ਦੇ ਯੁੱਗ 'ਚ ਸਭ ਨੂੰ ਸਭ ਕੁਝ ਦਿਸਣ ਲੱਗ ਪਵੇ। ਇਨ੍ਹਾਂ ਘਟਨਾਵਾਂ ਨੂੰ ਗੌਰ ਨਾਲ ਵਿਚਾਰਿਓ, ਇਹ ਵਿਗਿਆਨਕ ਯੁੱਗ ਤੇ ਪੜ੍ਹੇ-ਲਿਖੇ ਮਨੁੱਖ ਦੇ ਸਮੇਂ ਦੀਆਂ ਵਾਰਦਾਤਾਂ ਹਨ। ਇਹ ਨਾ ਕਿਸੇ ਪਛੜੇ ਹਲਕੇ ਵਿਚ ਵਾਪਰੀਆਂ ਹਨ, ਨਾ ਕਿਸੇ ਹਨੇਰੇ 'ਚ। ਸੱਚ ਇਹ ਹੈ ਕਿ ਜ਼ੋਰਾਵਰ ਦਾ ਸੱਤੀਂ-ਵੀਹੀਂ ਸੌ ਹੁਣ ਚੱਲਣ ਲੱਗਾ ਹੈ।

ਬੀਰੂ ਰਾਮ ਨੇ ਜਦੋਂ ਆਪਣੇ ਗਰੀਬੜੇ ਘਰ ਵਿਚ ਗੁਆਂਢੀ ਪਿੰਡ ਦੇ ਵੱਡਿਆਂ ਘਰਾਂ ਦੀ ਕਾਕੀ ਨੂੰ ਵੇਖਿਆ ਤਾਂ ਆਪਣੀ ਪਤਨੀ ਲੱਛਮੀ ਨੂੰ ਬਾਹੋਂ ਫੜ ਕੇ ਪਿਛਲੇ ਕਮਰੇ ਵਿਚ ਲਿਜਾ ਕੇ ਪੁੱਛਣ ਲੱਗਾ, "ਲੱਛਮੀਏ ਇਹ ਘੋੜਿਆਂ ਵਾਲਿਆਂ ਦੀ ਧੀ ਆਪਣੇ ਘਰੇ ਕਿੱਦਾਂ?"

"ਬਥੇਰਾ ਇਹਦੇ ਮੂਹਰੇ ਹੱਥ ਜੋੜਦੀ ਆਂ। ਪੁੱਤ ਨੂੰ ਸਮਝਾਉਨੀ ਆਂ। ਰੱਬ ਦਿਆ ਬੰਦਿਆ! ਤੈਥੋਂ ਚੋਰੀ ਮੈਂ ਬੜਾ ਕੁਝ ਕਰ ਚੁੱਕੀ ਹਾਂ ਪਰ ਦਾਲ 'ਚੋਂ ਰੋੜੇ ਮੈਥੋਂ ਚੁਗ ਨ੍ਹੀਂ ਹੁੰਦੇ।" ਕੰਬਦੀ ਜ਼ੁਬਾਨ 'ਚੋਂ ਲਛਮੀ ਦਾ ਡਰ ਸਾਫ਼ ਝਲਕ ਰਿਹਾ ਸੀ।

"ਤੇ ਆਪਣਾ ਜਿੰਦਰ ਕੀ ਕਹਿੰਦੈ?"

"ਉਹ ਆਂਹਦਾ, ਮੇਰਾ ਪਿੱਛਾ ਨੀ ਛੱਡ ਰਹੀ। ਗੱਲ ਇਹਦੇ ਵੱਡਿਆਂ...ਤੱਕ ਵੀ ਚਲੇ ਗਈ ਹੈ।"

"ਜਾਣੀ ਪੈ ਗਈ ਬੰਬ ਦੇ ਫੀਤੇ ਨੂੰ ਅੱਗ। ਇਹ ਕੁੜੀ ਕੀ ਕਹਿੰਦੀ ਐ?"

"ਵਿਆਹ ਕਰਵਾਉਣੈ ਤਾਂ ਜਿੰਦਰ ਨਾਲ, ਵਰਨਾ ਅੱਗ ਲਾ ਕੇ ਮਰ ਜੂੰ।"

"ਇਹਨੇ ਕਾਹਨੂੰ ਮਰਨੈ। ਬਰੂਦ ਤਾਂ ਸਾਡੇ ਘਰੇ ਟਿਕ ਗਿਐ।"

ਤੇ ਬੀਰੂ ਬਿਨਾਂ ਕਿਸੇ ਦੀ ਸਲਾਹ ਤੋਂ, ਮਾਰੇ ਮੈਲ ਖਾਧੀ ਪੱਗ ਦੇ ਚਾਰ ਵਲੇਟ ਸਿਰ 'ਤੇ, ਧੋਤੀ ਟੰਗੀ ਤੇ ਚੁੱਕਿਆ ਬਿਨਾ ਚੇਨ-ਕਵਰ ਵਾਲਾ ਰੌਲਿਆ ਵੇਲੇ ਦਾ ਸਾਈਕਲ, ਸਿੱਧਾ ਜਾ ਵੱਜਿਆ ਵੱਡਿਆਂ...ਦੀ ਹਵੇਲੀ।

ਵੱਡਾ ਦਰਵਾਜ਼ਾ ਲੰਘ ਕੇ ਸਾਹਮਣੇ ਉਚੇ ਪਲੰਘ 'ਤੇ ਬੈਠੇ ਸਰਦਾਰ ਨੂੰ ਦੇਖ ਕੇ ਕੰਧ ਨਾਲ ਸਾਈਕਲ ਖੜ੍ਹਾ ਕਰਦੇ ਬੀਰੂ ਦੀਆਂ ਕੰਬਣੀਆਂ ਜਿਵੇਂ ਹੱਥਾਂ ਨਾਲੋਂ ਵੀ ਪਹਿਲਾਂ ਸਤਿ ਸ੍ਰੀ ਅਕਾਲ ਕਹਿਣ ਲੱਗ ਪਈਆਂ ਹੋਣ। ਹੱਥ ਤਾਂ ਜੁੜ ਗਏ ਪਰ ਮੂੰਹੋਂ ਫਤਿਹ ਨਿਕਲਣ ਤੋਂ ਪਹਿਲਾਂ ਹੀ 'ਆ ਗਿਐਂ ਗੰਦੀ ਔਲਾਦ ਦਿਆਂ ਜਣਦਿਆ?' ਕੰਨੀਂ ਪੈ ਗਿਆ।

"ਸਰਦਾਰ ਜੀ ਸਾਡੀ ਥਾਂ ਤਾਂ ਥੋਡੇ ਚਰਨਾਂ 'ਚ ਐ, ਬਰਾਬਰ ਥੋੜ੍ਹਾ ਹੋ ਸਕਦੀ ਹੈ। ਥੋੜ੍ਹਾ ਪਿੰਕੀ ਨੂੰ ਸਮਝਾਓ।"

"ਮੱਤਾਂ ਦੇਹ ਆਪਣੇ ਬਦਮਾਸ਼ ਨੂੰ ਜੀਹਦੇ ਟੁਕੜੇ-ਟੁਕੜੇ ਕਰਕੇ...ਐਂ ਤੇਰੀ ਹਿੰਮਤ ਕਿਵੇਂ ਪਈ ਸਾਡੀ ਦੇਹਲੀ...ਤੇਰੀ ਓ... " ਤੇ ਵਿਚਾਰਾ ਬੀਰੂ ਲੀਰਾਂ ਦੀ ਖਿੱਦੋ ਵਾਂਗ ਖਿਲਾਰ'ਤਾ ਵਿਹੜੇ 'ਚ। "ਦਫ਼ਾ ਹੋ ਜਾ ਸਾਲਿਆ, ਜੇ ਫੇਰ ਵੜਿਆ ਤਾਂ ਦੇਖੀਂ।"

ਤੇ ਚਿੱਬ-ਖੜਿੱਬਾ ਜਿਹਾ ਹੋ ਕੇ ਜਦੋਂ ਉਹ ਘਰੇ ਪਹੁੰਚਿਆ ਤਾਂ ਲੱਛਮੀ ਤਾਂ ਸਮਝ ਹੀ ਗਈ ਸੀ ਤੇ ਜਿੰਦਰ ਵੀ ਬਾਪ ਦੀ ਲੱਥੀ ਪੱਗ 'ਤੇ ਸ਼ਰਮ 'ਚ ਡੁੱਬਾ ਅੰਦਰ ਜਾ ਵੜਿਆ।

ਤੇ ਚਾਰ ਕੁ ਦਿਨਾਂ ਪਿੱਛੋਂ ਜਦੋਂ ਪ੍ਰੇਮੀ ਜੋੜਾ ਫ਼ਰਾਰ ਹੋ ਗਿਆ। ਫਿਰ ਅਗਲੇ ਦਿਨ ਜਿੰਦਰ ਦੀ ਮਾਂ ਦੇ ਕੱਪੜੇ ਪਾੜ ਕੇ ਪੂਰੇ ਪਿੰਡ ਵਿਚ ਘੁਮਾਇਆ ਗਿਆ ਤਾਂ ਮੂਹਰੇ ਕੋਈ ਬੋਲਣ ਵਾਲਾ ਹੈ ਹੀ ਨਹੀਂ ਸੀ। ਰਫ਼ਲਾਂ ਤੇ ਵਰਦੀਆਂ ਵਾਲੇ ਉਦੋਂ ਆਏ ਸਨ, ਜਦੋਂ ਬੀਰੂ ਤੇ ਲੱਛਮੀ ਨੇ ਬਾਹਰਲੇ ਬੇਆਬਾਦ ਖੂਹ ਵਿਚ ਜਾਨ ਵੀ ਗੁਆ ਲਈ ਸੀ। ਹੁਣ ਪ੍ਰੇਮਿਕਾ ਤਾਂ ਲੱਭ ਕੇ ਹੋਰ ਥਾਂ ਵਿਆਹ ਵੀ ਦਿੱਤੀ ਹੈ ਪਰ ਪ੍ਰੇਮੀ ਸ਼ਾਇਦ ਸਦਾ ਲਈ ਗੁੰਮ ਕਰ ਦਿੱਤਾ ਗਿਆ ਹੈ। ਸਵਾ ਕੁ ਸਾਲ ਹੋ ਚੱਲਿਐ ਇਸ ਘਟਨਾ ਨੂੰ, ਹਾਲੇ ਤੀਕਰ ਕੋਈ ਮੁਖ਼ਤਾਰਾਂ ਨਹੀਂ ਉਠੀ।

ਲਗਦੇ ਹੱਥ ਤਸਵੀਰ ਦਾ ਦੂਜਾ ਪਾਸਾ ਵੀ ਤੁਹਾਡੀਆਂ ਨਜ਼ਰਾਂ ਸਾਹਮਣੇ ਘੁਮਾ ਦਿੰਨੇ ਆਂ ਕਿ ਵੱਡਿਆਂ ਲੋਕਾਂ ਜਾਂ ਉਚੀਆਂ ਜਾਤੀਆਂ ਵਿਚ ਇੱਜ਼ਤ ਧੀ ਕਰਕੇ ਨਹੀਂ, ਪੁੱਤ ਕਰਕੇ ਵੀ ਹੁੰਦੀ ਐ।

ਬਚਨੇ ਗਰੀਬ ਦੀ ਇਕਲੌਤੀ ਧੀ, ਰੱਜ ਕੇ ਸੁਨੱਖੀ। ਪੜ੍ਹਾਈ-ਲਿਖਾਈ ਵੀ ਚੰਗੀ ਕਰਾਈ, ਹਾਲਾਂਕਿ ਵਿਚਾਰਾ ਕਰਿਆਨੇ ਦੀ ਨਿੱਕੀ ਜਿਹੀ ਦੁਕਾਨ ਨਾਲ ਗੁਜ਼ਾਰਾ ਬੜੀ ਤੰਗੀ ਤੁਰਸ਼ੀ ਨਾਲ ਚਲਦਾ ਸੀ। ਜਿਵੇਂ ਕਹਿੰਦੇ ਨੇ ਕਿ ਦੁੱਧ ਤੇ ਬੁੱਧ ਵਿਗੜਦਿਆਂ ਪਤਾ ਨਹੀਂ ਲਗਦਾ, ਲਾਡਲੀ ਧੀ ਹੱਥਾਂ 'ਚੋਂ ਨਿਕਲਣ ਲੱਗ ਪਈ। ਬਚਨਾ ਤੜਕੇ ਉਠ ਕੇ ਮੰਡੀ 'ਚੋਂ ਸਬਜ਼ੀ-ਭਾਜੀ ਲੈਣ ਚਲਾ ਜਾਂਦਾ, ਧੀ ਕਾਲਜ, ਤੇ ਬਿਮਾਰ ਪਤਨੀ ਦੁਕਾਨ ਦਾ ਕੰਮ-ਕਾਰ ਦੇਖਦੀ। ਨਿਰਲੱਜ ਕੁੜੀ ਨੇ ਚੌਥੀ ਗਲੀ 'ਚ ਉਸ ਮੁੰਡੇ ਨਾਲ ਅੱਖਾਂ ਚਾਰ ਕੀਤੀਆਂ ਜਿਹੜੇ ਵਿਹੜੇ ਲਸਣ ਤੇ ਪਿਆਜ਼ ਨਾ ਵੜਨ ਦੇਣ, ਤੇ ਧੋਤੀ ਤੇ ਬੋਦੀ ਵਾਲਾ ਟੱਬਰ। ਤੇ ਬਚਨੇ ਤੋਂ ਤਾਂ ਪਾਣੀ ਲੈ ਕੇ ਨਾ ਪੀਣ।

ਇਸ਼ਕ ਦੀ ਲੀਕ ਸਿਰੇ ਤੱਕ ਵੱਜ ਗਈ। ਨਿੱਕੇ ਜਿਹੇ ਪਿੰਡ 'ਚ ਢੋਲ ਤਾਂ ਵੱਜ ਹੀ ਗਏ ਤੇ ਨਾਲ ਹੀ ਦੋਵੇਂ ਵਿਗੜੀਆਂ ਜਿਣਸਾਂ ਵਿਆਹ ਲਈ ਅੜ ਗਈਆਂ। ਪਿੰਡ ਵਾਲੇ ਬਥੇਰੀਆਂ ਫਿੱਟ ਲਾਹਣਤਾਂ ਪਾਉਣ ਕਿ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ ਪਰ ਕਿੱਥੇ! ਕਲਜੁੱਗ ਤਾਂ ਕੋਠੇ ਚੜ੍ਹ ਕੇ ਗਿੱਧਾ ਪਾਵੇ।...ਤੇ ਆਖ਼ਰਕਾਰ ਬੇੜਾ ਭਰ ਕੇ ਡੁੱਬ ਹੀ ਗਿਆ। ਵਿਆਹ ਵੀ ਹੋ ਗਿਆ। ਸਿਆਣੇ ਬੰਦੇ, ਬਜ਼ੁਰਗ ਮਰ-ਮਰ ਜਾਣ। ਪਿੰਡ ਦੀ ਧੀ ਪਿੰਡ ਦੀ ਨੂੰਹ ਬਣ ਗਈ।...ਤੇ ਉਤੋਂ ਬੇਸ਼ਰਮ ਹੀਰੋ ਹੌਂਡੇ 'ਤੇ ਟਿੱਚ ਬਟਨਾਂ ਦੀ ਜੋੜ ਵਾਂਗ ਜੁੜ ਕੇ ਘੁੰਮਣ।

ਫਿਰ ਬਚਨੇ ਦੀ ਦੁਕਾਨ ਨੂੰ ਜਿੰਦਾ ਲੱਗ ਗਿਆ। ਉਹ ਕਿਸੇ ਨੂੰ ਵੀ ਆਪਣਾ ਮੂੰਹ ਨਾ ਦਿਖਾਉਣ ਜੋਗਾ ਰਿਹਾ।

ਉਧਰ, ਮੁੰਡੇ ਦਾ ਵੀ ਇਸ਼ਕ ਭੂਤਨਾ ਲੱਥਣ ਲੱਗ ਪਿਆ। ਪਿੱਛੋਂ ਜਾਤ ਬਰਾਦਰੀ ਦੀਆਂ ਹੁੱਝਾਂ ਪੈਣ ਲੱਗ ਪਈਆਂ। ਜਿਹਦੇ ਲਈ ਮਰਨ ਮਿਟਣ ਨੂੰ ਪਤੰਦਰ ਤਿਆਰ ਸੀ, ਫਿਰ ਉਸ ਤੋਂ ਖਹਿੜਾ ਛੁਡਾਉਣ ਦੇ ਬਹਾਨੇ ਲੱਭੇ ਜਾਣ ਲੱਗ ਪਏ।

ਗੱਲ ਫਿਰ ਉਹੀ ਕਿ ਖੀਰ ਖਾਣਾ ਦਿਮਾਗ ਸ਼ੈਤਾਨ ਹੀ ਹੁੰਦਾ ਹੈ। ਕੁੜੀ ਨੂੰ ਘਰ 'ਚ ਹੀ ਬੜੇ ਤਰੀਕੇ ਨਾਲ ਪ੍ਰੇਸ਼ਾਨ ਕਰਨ ਦਾ ਢੰਗ ਲੱਭ ਲਿਆ ਗਿਆ। ਘਰ 'ਚ ਰਿਸ਼ਤੇਦਾਰੀ 'ਚੋਂ ਕਈ ਮੋਹਤਬਰ ਬੀਬੀਆਂ ਪੁਲਿਸ ਚੌਕੀ ਵਾਂਗ ਬਿਠਾ ਦਿੱਤੀਆਂ ਗਈਆਂ। ਕੁੜੀ 'ਤੇ ਲੱਗਣ ਲੱਗ ਪਈਆਂ ਤਾਲਿਬਾਨ ਪਾਬੰਦੀਆਂ। ਇਕ ਦਿਨ ਵੱਡੀ ਬੇਬੇ ਨੇ ਕੁੜੀ ਨੂੰ ਕੋਲ ਬੋਲਾ ਕੇ ਕਿਹਾ, "ਔਕਾਤ ਤੇ ਜਾਤ ਦੇਖੀਦੀ ਐ ਕਿ ਤੂੰ ਹੈਂ ਕਿਨ੍ਹਾਂ 'ਚੋਂ। ਸਾਡੇ ਬਰਾਬਰ ਬੈਠਣ ਦੀ ਹਿੰਮਤ ਨਾ ਕਰਿਆ ਕਰ। ਤੁਹਾਡੇ ਘਰਾਂ 'ਚੋਂ ਅਸੀਂ ਪਾਣੀ ਤਾਂ ਕੀ, ਦੁੱਧ ਨੀ ਪੀਤਾ ਕਦੇ।"

ਦੂਜੀ ਕਹਿਣ ਲੱਗੀ, "ਇਹ ਚੁੜੇਲ ਸੋਹਣਾ ਮੁੰਡੇ ਦੇਖ ਕੇ ਪੈ ਗਈ ਪਿੱਛੇ। ਪੱਟਦੀ ਆਂ ਤੇਰੀ ਗੁੱਤ। ਕੱਢਦੀ ਆਂ ਤੈਨੂੰ ਘਰੋਂ ਬਾਹਰ।"

ਤੇ ਫਿਰ ਗਰੀਬ ਦੀ ਧੀ ਨਾਲ ਨਿੱਤ ਦਿਨ ਨਵਾਂ ਆਢਾ। ਗੰਗਾ ਜਲ ਲਿਆ ਕੇ ਬਾਹਰਲੇ ਬੂਹੇ ਮੂਹਰੇ ਇਕ ਜਣੀ ਬੈਠ ਜਾਂਦੀ। ਬਾਹਰੋਂ ਆਉਂਦੀ ਬਹੂ ਦੇ ਹੱਥ ਧੁਆਉਂਦੀ ਤੇ ਨਾਲ ਹੀ 'ਹੇ ਰਾਮ! ਕਦੋਂ ਖਹਿੜਾ ਛੁੱਟੂ ਕਮ-ਜਾਤਣ ਤੋਂ' ਆਖ ਦਿੰਦੀ।

ਫਿਰ ਚੁੱਲ੍ਹੇ-ਚੌਂਕੇ ਚੜ੍ਹਨ 'ਤੇ ਪਾਬੰਦੀਆਂ ਲੱਗ ਗਈਆਂ। ਰੋਟੀ-ਟੁੱਕ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ।... ਤੇ ਝੁੱਡੂ ਕਲਯੁਗੀ ਪਤੀ ਗਿਰਗਟ ਤੋਂ ਵੀ ਪਹਿਲਾਂ ਰੰਗ ਬਦਲਦਾ ਗਿਆ। ਪਤੀ ਦੇ ਬਰਾਬਰ ਬਹਿ ਕੇ ਰੋਟੀ ਖਾਣਾ ਤਾਂ ਦੂਰ ਦੀ ਗੱਲ, ਵਿਚਾਰੀ ਦਾ ਭਾਂਡਾ-ਟੀਂਡਾ ਹੀ ਅਲੱਗ ਕਰ ਦਿੱਤਾ ਗਿਆ। ਉਹਨੂੰ ਚੰਨ ਦਾ ਟੁਕੜਾ ਕਹਿਣ ਵਾਲਾ ਪਤੀ ਫਿਰ ਟੁਕੜੇ ਨੂੰ ਲੱਤਾਂ ਮਾਰਨ ਲੱਗ ਪਿਆ।

...ਆਖ਼ਰ ਇਕ ਦਿਨ ਧਾਹਾਂ ਮਾਰਦੀ ਇਹ ਇਕਲੌਤੀ ਧੀ, ਜਾਤੀ ਅਭਿਮਾਨ ਦੀ ਮਾਨਸਿਕ ਪੀੜਾ ਨਾ ਸਹਾਰਦਿਆਂ, ਆਪਣੇ ਫੈਸਲਿਆਂ ਨੂੰ ਫੂਕ ਕੇ ਫਿਰ ਬਾਪ ਦੇ ਘਰ ਆ ਵੜੀ। ਰੰਗਲਾ ਚੂੜਾ ਚੁੱਲ੍ਹੇ ਵਿਚ ਫੂਕ ਸੁੱਟਿਆ ਤੇ ਧਰਮੀ ਬਾਬਲ ਦੇ ਗਲ ਲੱਗ ਕੇ ਧਾਹਾਂ ਮਾਰ-ਮਾਰ ਰੋਈ।

ਹੋਇਆ ਫਿਰ ਵੀ ਉਹੀ। ਸਿਆਣੇ ਬੰਦੇ ਅਸਲੀ ਸਿਆਣਿਆਂ ਦੇ ਘਰ ਗਏ: "ਇਹ ਗੰਦੀ ਐ, ਖਾਣਾ ਨ੍ਹੀਂ ਆਉਂਦਾ, ਪਹਿਨਣਾ ਨ੍ਹੀਂ ਆਉਂਦਾ, ਬੈਠਣਾ ਨ੍ਹੀਂ ਆਉਂਦਾ, ਪਕਾਉਣਾ ਨ੍ਹੀਂ ਆਉਂਦਾ...ਸਾਡੇ ਘਰੇ ਕੋਈ ਗੁਰੂ-ਪੀਰ ਨ੍ਹੀਂ ਆਉਂਦਾ। ਲੈ ਲਓ ਚਾਰ ਛਿੱਲੜ, ਤੇ ਛੁਡਾਓ ਹੱਡ ਸਾਡੇ ਇਸ ਬਚਨੇ ਦੀ ਹੀਰ ਤੋਂ।" ਪਤਾ ਨਹੀਂ ਕੀਹਦੀਆਂ ਕੀਹਦੀਆਂ ਆਵਾਜ਼ਾਂ ਉਠੀਆਂ।

ਤੇ ਅਗਲੇ ਦਿਨ ਬਚਨਾ ਆਪਣੀ ਧੀ ਨੂੰ ਲੈ ਕੇ ਪਿੰਡ ਹੀ ਛੱਡ ਕੇ ਚਲਾ ਗਿਆ।

ਫਿਰ ਬਹੁਤ ਸਾਰੇ ਲੋਕ ਕਹਿਣ 'ਹੁਣ ਇਨ੍ਹਾਂ ਸਾਲਿਆਂ ਨੂੰ ਕੱਢੋ ਪਿੰਡ 'ਚੋਂ' ਪਰ ਇੱਜ਼ਤਾਂ ਵਾਲਿਆਂ ਨੂੰ ਕੌਣ ਕੱਢ ਸਕਦੈ?

ਦੁੱਖ ਇਸ ਗੱਲ ਦਾ ਹੈ ਕਿ ਇਹ ਕਹਾਣੀ ਪੰਜਾਬ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਜ਼ਿਲੇ ਦੇ ਵੱਡੇ ਪਿੰਡ ਦੀ ਹੈ। ਇਹ ਕਹਾਣੀ ਅਕਬਰ ਦੇ ਜ਼ਮਾਨੇ ਦੀ ਨਹੀਂ, ਨੀਲੀਆਂ ਤੇ ਚਿੱਟੀਆਂ ਦੇ ਸਮੇਂ ਦੀ ਹੈ।

**ਅੰਤਿਕਾ:**

ਰਸਮਾਂ ਨੂੰ ਰਿੜਕੇ ਜਦੋਂ  
ਰੰਗ ਬੇਰੰਗੇ ਰੰਗ।  
ਔਰਤ ਦਿੱਤੀ ਫ਼ਰਜ਼ ਨੇ  
ਸੂਲੀ ਉਤੇ ਟੰਗ।  
ਪੱਲੂ ਫੜ ਕੇ ਫ਼ਰਜ਼ ਦਾ  
ਭੁੱਲੀ ਸਾਵਣ ਜੇਠ।  
ਔਰਤ ਆਈ ਆਦਿ ਤੋਂ  
ਵਿਛਦੀ ਪੈਰਾਂ ਹੇਠ।  
(ਗਿੱਲ ਮੋਰਾਂ ਵਾਲੀ)

## ਗੱਲ ਬਣੀ ਕਿ ਨਹੀਂ

### ਗ਼ਮ ਤੇ ਉਦਾਸੀ

ਕਿੱਥੇ ਤੇਰੇ ਵਾਅਦੇ ਦੱਸ, ਕਿੱਥੇ ਇਕਰਾਰ ਨੀ  
ਝੂਠੀਏ ਨੀ ਝੂਠੇ ਦਿੱਤਾ ਲਾਰਿਆਂ ਨੇ ਮਾਰ ਨੀ  
ਗ਼ਮਾਂ ਤੇ ਉਦਾਸੀਆਂ ਨੇ ਜ਼ਿੰਦਗੀ ਹੀ ਖਾ ਲਈ  
ਗ਼ਲਤ ਜਗ੍ਹਾ ਤੇ ਅਸੀਂ ਖੌਰੇ ਕਾਹਤੋਂ ਲਾ ਲਈ।

ਸਮਝ ਸਕੇ ਨਾ ਅਸੀਂ ਅੱਖੀਆਂ ਦੀ ਬਾਤ ਨੂੰ  
ਗਿਣਦੇ ਸੀ ਤਾਰੇ ਕਦੇ ਉਠ-ਉਠ ਰਾਤ ਨੂੰ  
ਝੱਲੀਏ ਨੀ ਅੱਖ ਲਾ ਕੇ ਅੱਖ ਕੀਹਦੀ ਲੱਗਦੀ  
ਹੁੰਦੀ ਕਦੋਂ ਫੇਰ ਪ੍ਰਵਾਹ ਏਸ ਜੱਗ ਦੀ  
ਹੌਕਿਆਂ ਦੀ ਗਾਨੀ ਐਵੇਂ ਗਲ 'ਚ ਪੁਆ ਲਈ।

ਰੰਗਲਾ ਚੂੜਾ ਤੇ ਹੱਥ ਮਹਿੰਦੀ ਵਾਲੇ ਰੰਗਲੇ  
ਕੁੱਲੀਆਂ ਨੂੰ ਕਰਦੇ ਪਸੰਦ ਕਿੱਥੇ ਬੰਗਲੇ  
ਯਾਦਾਂ ਦਾ ਇਹ ਸੱਲ ਨਹੀਂਓਂ ਜਾਂਦਾ ਸਹਾਰਿਆ  
ਕਿਸੇ ਬਾਗਾਂ ਵਾਲੇ ਨੇ ਸ਼ਿਕਾਰ ਕਿੱਡਾ ਮਾਰਿਆ  
ਖੰਡ ਦੇ ਭੁਲੇਖੇ ਸੱਚੀਂ ਹੱਥੀਂ ਜ਼ਹਿਰ ਖਾ ਲਈ।

ਡੋਬ ਦਿੱਤਾ ਡੁੱਬ ਜਾਣਾ ਡੁੱਬਿਆ ਅਸ਼ੋਕ ਨੀ  
ਲੇਖਾਂ ਦੀਆਂ ਲਿਖੀਆਂ ਸਕਿਆ ਕੋਈ ਰੋਕ ਨੀ  
ਉਮਰ ਨਿਆਣੀ ਵਿਚ ਹੋਈ ਕਿੱਡੀ ਭੁੱਲ ਨੀ  
ਵੇਚ ਦਿੱਤੇ ਹੀਰੇ ਨੀ ਤੂੰ ਕੌਡੀਆਂ ਦੇ ਤੁੱਲ ਨੀ  
ਹੁਣ ਪਤਾ ਲੱਗਾ ਅਸੀਂ ਗੈਰਾਂ ਨਾਲ ਲਾ ਲਈ।  
ਗ਼ਮਾਂ ਤੇ ਉਦਾਸੀਆਂ ਨੇ ਜ਼ਿੰਦਗੀ ਹੀ ਖਾ ਲਈ।

*-ਐਸ. ਅਸ਼ੋਕ ਭੌਰਾ*

## ਬੱਦਲਾਂ ਨੇ ਹਰ ਥਾਂ ਵਰ੍ਹਨਾ ਵੀ ਨਹੀਂ ਹੁੰਦਾ

**ਧੁੱਪੇ ਬੈਠੀਆਂ ਯਾਦਾਂ**

ਭਾਰਤ ਦੀ ਰਾਜਨੀਤੀ ਵਿਚ ਪੰਜਾਂ ਸਾਲਾਂ ਬਾਅਦ ਵੋਟਰਾਂ ਨਾਲ ਕੁੰਭ ਦਾ ਮੇਲਾ ਭਰਨਾ ਹੀ ਹੁੰਦਾ ਹੈ। ਅਜੋਕੇ ਯੁੱਗ ਵਿਚ ਲੀਡਰਾਂ ਦੇ ਚਿੱਟੇ ਕੱਪੜੇ ਦੇਖ ਕੇ ਲੋਕ ਹੱਸਣ ਕਿਉਂ ਲੱਗ ਪੈਂਦੇ ਹਨ? ਕਿਉਂਕਿ ਹੁਣ ਉਹ ਜਾਣ ਗਏ ਨੇ ਕਿ ਹੇਠਾਂ ਬੜਾ ਕੁਝ ਦਾਗੀ ਹੈ।

ਗੱਲ ਬੜੇ ਸਾਲ ਪੁਰਾਣੀ ਹੈ। ਨਵਾਂ ਸ਼ਹਿਰ ਹਲਕੇ ਦੀ ਮੱਧਕਾਲੀ ਚੋਣ ਹੋ ਰਹੀ ਸੀ। ਹਕੂਮਤ ਕਰ ਰਹੀ ਅਕਾਲੀ ਸਰਕਾਰ ਦੀਆਂ ਫੌਜਾਂ ਦਾ ਜਮਘਟਾ ਮੰਤਰੀਆਂ ਦੇ ਰੂਪ ਵਿਚ ਪਿੰਡ-ਪਿੰਡ ਟਿਕਿਆ ਹੋਇਆ ਸੀ। ਰਾਹੋਂ ਲੱਗੇ ਥਾਣੇਦਾਰ ਸੁਰਿੰਦਰ ਮੋਹਨ ਜੋ ਮੇਰੇ ਘਰ ਸਕਿਉਰਿਟੀ ਇੰਚਾਰਜ ਲਗਾ ਦਿੱਤਾ ਗਿਆ ਸੀ, ਨੇ ਮੈਨੂੰ ਫੋਨ 'ਤੇ ਸਕੂਲੇ ਦੱਸਿਆ ਕਿ ਆਥਣੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਥੋਡੇ



ਘਰੇ ਚਾਹ ਦਾ ਪਿਆਲਾ ਛਕਣਗੇ। ਮੈਂ ਹੱਸਦਿਆਂ ਕਿਹਾ, "ਸੱਦਿਆ ਤਾਂ ਮੈਂ ਹੈ ਨ੍ਹੀਂ?" ਉਹ ਕਹਿਣ ਲੱਗਾ। 'ਇਹਦੇ ਬਾਰੇ ਨ੍ਹੀਂ ਪਤਾ, ਪਰ ਮੇਰੀ ਡਿਊਟੀ ਤੇਰੇ ਘਰ ਲੱਗੀ ਹੈ।' ਅਸਲ ਵਿਚ ਗੱਲ ਇਉਂ ਸੀ ਕਿ ਬਾਦਲ ਸਾਹਿਬ ਚੋਣ ਪ੍ਰਚਾਰ ਹਿੱਤ ਮੁੱਖ ਸਕੱਤਰ ਮਰਹੂਮ ਕੈਪਟਨ ਕੰਵਲਜੀਤ ਸਿੰਘ, ਸਵਰਨਾ ਰਾਮ, ਤੋਤਾ ਸਿੰਘ ਨਾਲ ਮੇਰੇ ਪਿੰਡ 'ਚੋਂ ਲੰਘ ਰਹੇ ਸਨ ਅਤੇ ਭੌਰਾ ਲਿਖਿਆ ਪੜ੍ਹ ਕੇ ਪੁੱਛਣ ਲੱਗੇ ਕਿ ਅਸ਼ੋਕ ਭੌਰਾ ਇਸੇ ਪਿੰਡ ਦਾ ਹੈ, ਮਿਲ ਕੇ ਚੱਲਣਾ। ਇਸੇ ਕਾਫ਼ਲੇ ਵਿਚ ਤਰਲੋਚਨ ਸਿੰਘ ਦੁਪਾਲਪੁਰ ਵੀ ਸ਼ਾਮਲ ਸੀ। ਮੇਰੇ ਘਰੇ ਗਾਉਣ ਵਾਲੇ ਤਾਂ ਅਕਸਰ ਆਉਂਦੇ ਸਨ ਪਰ ਮੁੱਖ ਮੰਤਰੀ ਕਰਕੇ ਘਰ ਪਹਿਲੀ ਵਾਰ ਪੁਲਿਸ ਛਾਉਣੀ ਬਣਿਆ ਸੀ।

ਖ਼ੈਰ! ਚਾਹ-ਪਾਣੀ ਪੀਣ ਉਪਰੰਤ ਬਾਦਲ ਸਾਹਿਬ ਨੇ ਮੰਤਰੀਆਂ ਸਾਹਮਣੇ ਵੀ, ਫਿਰ ਮੇਰੇ ਨਾਲ ਅਲੱਗ ਵੀ ਗੱਲਬਾਤ ਕੀਤੀ। ਅਕਾਲੀ ਉਮੀਦਵਾਰ ਜਤਿੰਦਰ ਸਿੰਘ ਕਰੀਹਾ ਦੀ ਦਿਲਬਾਗ ਸਿੰਘ ਦੇ ਪਿੰਡੋਂ ਮਦਦ ਕਰਨ ਲਈ ਕਹਿਣਾ ਸੁਭਾਵਿਕ ਸੀ ਪਰ ਨਾਲ ਮੇਰੇ ਮੂੰਹ 'ਚ ਮੋਤੀ ਚੂਰ ਦਾ ਵੱਡਾ ਲੱਡੂ ਵੀ ਦੇ ਦਿੱਤਾ ਗਿਆ, 'ਕਾਕਾ ਅਗਲੇ ਸਾਲ ਪੰਜਾਬ ਸਰਕਾਰ ਨਵੀਂ ਸੱਭਿਆਚਾਰਕ ਨੀਤੀ ਬਣਾ ਰਹੀ ਹੈ ਤੇ ਤਕਰੀਬਨ ਅਸੀਂ ਫੈਸਲਾ ਕਰ ਲਿਆ ਹੈ ਕਿ ਇਸ ਦੀ ਵਾਗਡੋਰ ਤੇਰੇ ਹੱਥ ਫੜਾ ਦਿੱਤੀ ਜਾਵੇ। ਜੱਸੋਵਾਲ ਤੇ ਤੇਰੀ ਦੇਣ ਹੈ, ਪੰਜਾਬ ਦੀ ਵਿਰਾਸਤ ਲਈ।' ਮੁੱਖ ਮੰਤਰੀ ਦੇ ਇਹ ਸ਼ਬਦ ਹਾਲੇ ਤੀਕਰ ਚੇਤੇ ਹਨ, ਪਰ ਬਾਦਲ ਸਾਹਿਬ ਅਮਰਿੰਦਰ ਸਿੰਘ ਤੋਂ ਪਿੱਛੋਂ ਮੁੱਖ ਮੰਤਰੀ ਦੀ ਅਗਲੀ ਟਰਮ ਪੂਰੀ ਕਰਨ ਵਾਲੇ ਹਨ। ਚਲੋ! ਜੇ ਲਾਰਿਆਂ ਨੂੰ ਬੂਰ ਨਹੀਂ ਵੀ ਪਿਆ ਤਾਂ ਕੋਈ ਗੱਲ ਨਹੀਂ, ਮੈਂ ਇਸ ਗੱਲ 'ਤੇ ਤਾਂ ਮਾਣ ਕਰਦਾ ਹੀ ਹਾਂ ਕਿ ਮੇਰੀਆਂ ਲਿਖਤਾਂ ਮੁੱਖ ਮੰਤਰੀ ਨੂੰ ਇਕ ਸਾਧਾਰਣ ਅਧਿਆਪਕ ਦੇ ਘਰੇ ਤਾਂ ਘੇਰ ਕੇ ਜ਼ਰੂਰ ਲੈ ਆਈਆਂ ਸਨ। ਸਿਆਣੇ ਬੰਦੇ ਉਦਾਸੀ 'ਚੋਂ ਵੀ ਮਨ ਪ੍ਰਚਾਵਾ ਕਰ ਲੈਂਦੇ ਹਨ!

*-ਐਸ. ਅਸ਼ੋਕ ਭੌਰਾ*

# ਪਾਕਿਸਤਾਨ ਕਿਸ ਤਰ੍ਹਾਂ ਬਣਿਆ ਬਾਰੂਦ ਦਾ ਢੇਰ

*ਕੁਝ ਸਾਲ ਪਹਿਲਾਂ ਪਾਕਿਸਤਾਨ ਦੇ ਪੱਤਰਕਾਰ ਨਜਮ ਸੇਠੀ (ਸੰਪਾਦਕ 'ਫ਼ਰਾਈਡੇਅ ਟਾਈਮਜ਼') ਨੇ ਜਦੋਂ ਪਾਕਿਸਤਾਨ ਨੂੰ 'ਅਸਫਲ ਸਟੇਟ' ਲਿਖ ਦਿੱਤਾ ਸੀ ਤਾਂ ਕੁਝ ਲੋਕਾਂ ਨੇ ਉਸ ਖ਼ਿਲਾਫ਼ ਮੁਹਿੰਮ ਹੀ ਵਿੱਢ ਦਿੱਤੀ ਸੀ। ਹੁਣ ਭਾਰਤ ਦੇ ਨਾਮੀ ਪੱਤਰਕਾਰ ਐਮ.ਜੇ. ਅਕਬਰ ਦੀ ਨਵੀਂ ਪੁਸਤਕ 'ਟਿੰਡਰਬੌਕਸ: ਦਿ ਪਾਸਟ ਐਂਡ ਫਿਊਚਰ ਆਫ ਪਾਕਿਸਤਾਨ' ਵਿਚ ਉਸ ਨੇ ਪਾਕਿਸਤਾਨ ਦੇ ਵਜੂਦ ਬਾਰੇ ਪਿਛਲੇ ਕੁਝ ਸਾਲਾਂ ਤੋਂ ਉਠ ਰਹੇ ਸਵਾਲਾਂ ਬਾਰੇ ਵੇਰਵਿਆਂ ਸਹਿਤ ਚਰਚਾ ਕੀਤੀ ਹੈ। ਇਸ ਤੋਂ ਪਹਿਲਾਂ ਉਹ ਅਸਾਮ ਅਤੇ ਪੰਜਾਬ ਵਿਚ ਪਿਛਲੇ 1980ਵਿਆਂ ਦੇ ਹੌਲਨਾਕ ਘਟਨਾਕ੍ਰਮ ਬਾਰੇ 'ਇੰਡੀਆ: ਦਿ ਸੀਜ ਵਿਦਿਨ' (1984) ਤੋਂ ਇਲਾਵਾ 'ਨਹਿਰੂ: ਦਿ ਮੇਕਿੰਗ ਆਫ ਇੰਡੀਆ', 'ਰੌਇਟ ਆਫਟਰ ਰੌਇਟ' (1990), 'ਕਸ਼ਮੀਰ: ਬਿਹਾਈਂਡ ਦਿ ਵੇਲ' (1991) ਅਤੇ 'ਸ਼ੇਡ ਆਫ ਸਵੋਰਡਜ਼: ਜਹਾਦ ਐਂਡ ਕਨਫਲਿਕਟ ਬਿਟਵੀਨ ਇਸਲਾਮ ਐਂਡ ਕ੍ਰਿਸਚੀਐਨਿਟੀ' (2002) ਵਰਗੀਆਂ ਪੁਸਤਕਾਂ ਨਾਲ ਪੱਤਰਕਾਰ ਹੋਣ ਦੇ ਨਾਲ-ਨਾਲ ਇਤਿਹਾਸਕਾਰ ਅਤੇ ਸਿਆਸੀ ਵਿਸ਼ਲੇਸ਼ਕ ਵਜੋਂ ਆਪਣੀ ਧਾਂਕ ਜਮਾ ਚੁੱਕਾ ਹੈ। ਆਪਣੀ ਨਵੀਂ ਪੁਸਤਕ ਵਿਚ ਇਤਿਹਾਸ ਦੇ ਵਰਕੇ ਫਰੋਲਦਿਆਂ ਉਹ ਮਜ਼ਹਬ ਦੇ ਆਧਾਰ 'ਤੇ ਪਾਕਿਸਤਾਨ ਦੀ ਕਾਇਮੀ ਦਾ ਖੋਜ-ਖੁਰਾ ਲੱਭਦਾ ਹੈ ਅਤੇ ਨਾਲ ਹੀ ਉਹ ਇਹ ਗੱਲ ਤੋਰਦਾ ਹੈ ਕਿ ਮਜ਼ਹਬ ਦੇ ਆਧਾਰ 'ਤੇ ਬਣੇ ਦੋ ਦੇਸ਼-ਇਜ਼ਰਾਈਲ ਅਤੇ ਪਾਕਿਸਤਾਨ, ਮਨੁੱਖਤਾ ਲਈ ਤਾਂ ਕੀ, ਆਪੋ-ਆਪਣੇ ਦੇਸ਼ਵਾਸੀਆਂ ਲਈ ਵੀ ਰਾਹ-ਦਸੇਰੇ ਨਹੀਂ ਬਣ ਸਕੇ। ਪੇਸ਼ ਹੈ ਇਸ ਪੁਸਤਕ ਦਾ ਸਾਰ-ਅੰਸ਼:*



*ਪੁਸਤਕ ਦਾ ਲੇਖਕ ਐਮ.ਜੇ. ਅਕਬਰ*

**ਐਮ.ਜੇ. ਅਕਬਰ**

ਭਾਰਤ ਦੀ ਮੁਗ਼ਲ ਸਲਤਨਤ ਨੇ ਇਸਲਾਮ ਨੂੰ ਜੋ ਵੱਕਾਰ ਬਖ਼ਸ਼ਿਆ, ਉਹ ਤੁਰਕੀ ਦੇ ਖ਼ਲੀਫ਼ੇ ਅਤੇ ਉਨ੍ਹਾਂ ਦਾ ਵਿਸ਼ਾਲ ਸਾਮਰਾਜ ਵੀ ਨਹੀਂ ਬਖ਼ਸ਼ ਸਕਿਆ। ਲਿਹਾਜ਼ਾ, ਮੁਗ਼ਲ ਸਲਤਨਤ ਦੇ ਖਾਤਮੇ ਤੋਂ ਬਾਅਦ ਵੀ ਅਜਿਹੀ ਹੀ ਸਲਤਨਤ ਮੁੜ ਕਾਇਮ ਕਰਨ ਦੀ ਚਾਹਤ ਭਾਰਤੀ ਉਪ ਮਹਾਂਦੀਪ ਦੇ ਮੁਸਲਮਾਨਾਂ ਦੇ ਦਿਲਾਂ ਵਿਚੋਂ ਗਈ ਨਹੀਂ। ਪਾਕਿਸਤਾਨ ਨੂੰ ਮੁਗ਼ਲ ਸਲਤਨਤ ਦਾ ਵਾਰਸ ਹੀ ਮੰਨਿਆ ਜਾਂਦਾ ਹੈ। ਇਹ ਦੇਸ਼ ਮੁਗ਼ਲ ਸਾਮਰਾਜ ਦੇ ਖਾਤਮੇ ਤੋਂ ਬਾਅਦ ਮੁਸਲਮਾਨਾਂ ਲਈ ਅੱਡਰੀ ਥਾਂ ਲੱਭਣ ਅਤੇ ਨਿਸ਼ਚਿਤ ਕਰਨ ਦੇ ਯਤਨਾਂ ਦਾ ਸਿੱਟਾ ਹੀ ਹੈ। ਇਹ ਯਤਨ ਵੀ ਉਸ ਭੈਅ ਦਾ ਹਿੱਸਾ ਸਨ ਜੋ ਬਾਅਦ ਵਿਚ ਇਕ ਸੋਚ ਅਤੇ ਵਿਚਾਰਧਾਰਾ ਵਿਚ ਬਦਲ ਗਿਆ। ਭੈਅ ਇਹ ਸੀ ਕਿ ਵਸੋਂ ਪੱਖੋਂ ਘੱਟ-ਗਿਣਤੀ ਵਿਚ ਰਹਿ ਗਏ ਮੁਸਲਮਾਨ ਬਹੁ-ਗਿਣਤੀ ਹਿੰਦੂਆਂ ਵਿਚ ਜਜ਼ਬ ਹੋਣ ਤੋਂ ਓਨੀ ਦੇਰ ਤੱਕ ਬਚ ਨਹੀਂ ਸਕਣਗੇ ਜਦੋਂ ਤੱਕ ਉਹ ਹਿੰਦੂ ਭਾਈਚਾਰੇ ਨਾਲੋਂ ਤਹਿਜ਼ੀਬੀ ਅਤੇ ਸਿਆਸੀ ਫਾਸਲਾ ਕਾਇਮ ਨਹੀਂ ਕਰਦੇ ਅਤੇ ਆਪਣੇ ਲਈ ਵੱਖਰਾ ਨਿਜ਼ਾਮ ਅਤੇ ਵੱਖਰੀ ਰਿਆਸਤ ਵਜੂਦ ਵਿਚ ਨਹੀਂ ਲਿਆਉਂਦੇ। ਤੁਰਕਿਸ਼ ਅਤੇ ਮੁਗ਼ਲ ਸਲਤਨਤ ਦੀਆਂ ਸੱਤ ਸਦੀਆਂ ਦੌਰਾਨ ਮੁਸਲਿਮ ਭਾਈਚਾਰਾ ਆਪਣੇ-ਆਪ ਨੂੰ ਬਾਕੀ ਭਾਰਤੀਆਂ ਨਾਲੋਂ ਹਰ ਪੱਖੋਂ ਬਿਹਤਰ ਸਮਝਦਾ ਆਇਆ ਸੀ ਪਰ ਸਲਤਨਤ ਦੀ ਹੋਂਦ ਮਿਟਣ 'ਤੇ ਉਸ ਅੰਦਰ ਹੀਣ ਭਾਵਨਾ ਤੇ ਲਾਚਾਰਗੀ ਪਨਪਣ ਲੱਗੀ। ਇਸ ਦੀ ਇਕ ਵਜ੍ਹਾ ਇਹ ਵੀ ਸੀ ਕਿ ਕੌਮੀ ਰਾਜਧਾਨੀ ਦਿੱਲੀ ਦੇ ਦੁਆਲੇ ਦੂਰ-ਦੂਰ ਤੱਕ ਹਿੰਦੂ ਰਿਆਸਤਾਂ ਉਭਰ ਆਈਆਂ ਸਨ ਅਤੇ ਦਿੱਲੀ ਦਾ ਮੁਗ਼ਲ ਬਾਦਸ਼ਾਹ, ਬਾਦਸ਼ਾਹ ਹੋ ਕੇ ਵੀ ਇਨ੍ਹਾਂ ਰਿਆਸਤਾਂ ਦੇ ਰਹਿਮ 'ਤੇ ਸੀ। ਬਰਤਾਨਵੀ ਹਕੂਮਤ ਦੇ ਵੱਖ-ਵੱਖ ਦੌਰਾਂ ਦੌਰਾਨ ਇਹ ਹੀਣ ਭਾਵਨਾ ਹੋਰ ਪਕੇਰੀ ਹੁੰਦੀ ਗਈ ਅਤੇ ਸਥਾਈ ਰੂਪ ਗ੍ਰਹਿਣ ਕਰ ਗਈ।

ਹਿੰਦੂ ਬਹੁਗਿਣਤੀ ਵਿਚ ਜਜ਼ਬ ਹੋ ਕੇ ਰਹਿ ਜਾਣ ਦਾ ਖ਼ੌਫ਼ ਬੁਨਿਆਦੀ ਤੌਰ 'ਤੇ ਗ਼ਲਤ ਸੀ, ਇਸ ਹਕੀਕਤ ਨੂੰ ਉਸ ਸਮੇਂ ਦੇ ਮੁਸਲਿਮ ਵਿਦਵਾਨਾਂ ਤੇ ਦਾਨਸ਼ਵਰਾਂ ਨੇ ਸਮਝਣ ਜਾਂ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਅਸਲੀਅਤ ਨੂੰ ਤਾਂ ਬਿਲਕੁਲ ਹੀ ਨਜ਼ਰਅੰਦਾਜ਼ ਅਤੇ ਦਰਕਿਨਾਰ ਕਰ ਦਿੱਤਾ ਗਿਆ ਕਿ ਜੇਕਰ ਇਸਲਾਮ ਏਨਾ ਹੀ ਕਮਜ਼ੋਰ ਮਜ਼ਹਬ ਹੁੰਦਾ ਤਾਂ ਇਹ ਅਰਬ ਭੂਮੀ ਵਿਚੋਂ ਨਿਕਲ ਕੇ ਇਕ ਪਾਸੇ ਇੰਡੋਨੇਸ਼ੀਆ ਤੇ ਮਲੇਸ਼ੀਆ, ਦੂਜੇ ਪਾਸੇ ਚੀਨ ਦੀ ਦੀਵਾਰ, ਤੀਜੇ ਪਾਸੇ ਰੂਸ ਦੇ ਯੂਰਪ ਵਿਚਲੇ ਹਿੱਸੇ ਦੀਆਂ ਹੱਦਾਂ ਅਤੇ ਚੌਥੇ ਪਾਸੇ ਪੂਰੇ ਉਤਰੀ ਅਫਰੀਕਾ ਤੱਕ ਕਿਵੇਂ ਫੈਲ ਸਕਦਾ ਸੀ। ਇਸਲਾਮੀ ਅਤੀਤ ਵਿਚ ਅਜਿਹਾ ਕੁਝ ਵੀ ਨਹੀਂ ਸੀ ਜਿਹੜਾ ਅਜਿਹਾ ਭਉ, ਅਜਿਹੀ ਹੀਣ-ਬਿਰਤੀ ਉਪਜਾਉਂਦਾ। ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਕੁਝ ਦਾਨਸ਼ਵਰਾਂ ਨੇ ਜਦੋਂ ਇਸ ਹਕੀਕਤ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਇਸਲਾਮ ਦੇ 'ਗ਼ੱਦਾਰ' ਦੱਸ ਕੇ ਤਰਕ ਕਰ ਦਿੱਤਾ ਗਿਆ।

ਦਰਅਸਲ, ਹੀਣ ਭਾਵਨਾ ਦਾ ਮੁੱਢ ਕਿਸੇ ਹਿੰਦੂ ਨੇ ਨਹੀਂ ਬੰਨ੍ਹਿਆ। ਇਸ ਦਾ ਮੁੱਢਲਾ ਦੌਰ 1739 ਤੋਂ 1757 ਈਸਵੀ ਤੱਕ ਦੇ ਪਹਿਲੇ ਪੜਾਅ ਦੌਰਾਨ ਸ਼ੁਰੂ ਹੋਇਆ। 1739 ਵਿਚ ਫਾਰਸੀ (ਇਰਾਨੀ) ਹੁਕਮਰਾਨ ਨਾਦਿਰ ਸ਼ਾਹ (ਜੋ ਹੁਕਮਰਾਨ ਘੱਟ, ਧਾੜਵੀ ਅਤੇ ਜਰਵਾਣਾ ਵੱਧ ਸੀ) ਦਿੱਲੀ ਵਿਚ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਦੇ 'ਮਹਿਮਾਨ' ਵਜੋਂ ਦਾਖਲ ਹੋਇਆ। ਦੋ ਦਿਨਾਂ ਬਾਅਦ ਇਕ ਨਿੱਕੀ ਜਿਹੀ ਘਟਨਾ ਨੂੰ ਬਹਾਨਾ ਬਣਾ ਕੇ ਉਸ ਨੇ ਦਿੱਲੀ ਅੰਦਰ ਕਤਲੇਆਮ ਦੇ ਹੁਕਮ ਦੇ ਦਿੱਤੇ। ਇਸ ਕਤਲੇਆਮ ਦੌਰਾਨ ਹਿੰਦੂ-ਮੁਸਲਮਾਨ ਦਾ ਭੇਦਭਾਵ ਨਹੀਂ ਕੀਤਾ ਗਿਆ। 20 ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਗਿਆ, ਹਜ਼ਾਰਾਂ ਔਰਤਾਂ ਨਾਲ ਜਬ-ਜਨਾਹ ਕੀਤਾ ਗਿਆ ਅਤੇ ਦਿੱਲੀ ਦੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਜਾਇਦਾਦਾਂ ਨੂੰ ਬੇਕਿਰਕੀ ਨਾਲ ਲੁੱਟ ਲਿਆ ਗਿਆ। 58 ਦਿਨਾਂ ਤੱਕ ਦਿੱਲੀ ਵਿਚ ਦਹਿਸ਼ਤ ਤੇ ਵਹਿਸ਼ਤ ਦੇ ਰਾਜ ਮਗਰੋਂ ਨਾਦਿਰ ਸ਼ਾਹ ਵਤਨ ਪਰਤ ਗਿਆ ਪਰ ਬੇਸ਼ਕੀਮਤੀ ਹੀਰੇ-ਜਵਾਹਰਾਤ, ਕਈ ਮਣ ਸੋਨਾ ਤੇ ਚਾਂਦੀ, ਕੋਹਿਨੂਰ ਹੀਰਾ ਅਤੇ ਸ਼ਾਹ ਜਹਾਨ ਵੱਲੋਂ ਚਾਅ ਨਾਲ ਬਣਵਾਇਆ ਤਖ਼ਤ-ਏ-ਤਾਊਸ ਆਪਣੇ ਨਾਲ ਲੈ ਗਿਆ। ਤਿੰਨ ਦਹਾਕਿਆਂ ਤੱਕ ਮਹਾਂਸ਼ਕਤੀ ਵਜੋਂ ਵਿਚਰਨ ਵਾਲੀ ਮੁਗ਼ਲ ਸਲਤਨਤ ਨੂੰ ਜੋ ਨਮੋਸ਼ੀ ਨਾਦਿਰਸ਼ਾਹੀ ਹਮਲੇ ਦੌਰਾਨ ਝੱਲਣੀ ਪਈ, ਉਸ ਨੇ ਆਮ ਖ਼ਲਕਤ ਦਾ ਇਸ ਸਲਤਨਤ 'ਚ ਭਰੋਸਾ ਹੀ ਮਿਟਾ ਦਿੱਤਾ। ਜਿਹੜੀ ਸਲਤਨਤ ਆਪਣੀ ਰਿਆਇਆ ਦੀ ਹਿਫਾਜ਼ਤ ਯਕੀਨੀ ਬਣਾਉਣ ਵਰਗਾ ਬੁਨਿਆਦੀ ਫਰਜ਼ ਵੀ ਅਦਾ ਨਾ ਕਰ ਸਕੀ, ਉਸ ਤੋਂ ਲੋਕਾਂ ਨੇ ਕਿਸੇ ਹੋਰ ਗੱਲ ਦੀ ਕੀ ਤਵੱਕੋ ਰੱਖਣੀ ਸੀ?



*ਮੁਹੰਮਦ ਅਲੀ ਜਿਨਾਹ ਮਹਾਤਮਾ ਗਾਂਧੀ ਨਾਲ*

## ਸੰਕਲਪ ਦਾ ਮੋਢੀ

ਸ਼ਾਹ ਵਲੀਉਲਾ, ਜੋ ਉਸ ਸਮੇਂ ਮੁੱਖ ਮਜ਼ਹਬੀ ਵਿਦਵਾਨ ਤੇ ਦਾਨਸ਼ਵਰ ਸੀ, ਨੇ ਇਸ ਦੁਖਾਂਤ ਤੋਂ ਕਈ ਅਰਥ ਲੱਭੇ। ਮੁਸਲਮਾਨ ਜਿਸ ਮੁਗ਼ਲੀਆ ਹਿਫਾਜ਼ਤ ਨੂੰ ਯਕੀਨੀ ਮੰਨਦੇ ਆ ਰਹੇ ਸਨ, ਉਹ ਹੁਣ ਖਤਮ ਹੋ ਚੁੱਕੀ ਸੀ। ਸਲਤਨਤ ਟੁੱਟ ਚੁੱਕੀ ਸੀ ਅਤੇ ਇਸ ਦੇ ਟੁੱਟਣ ਕਾਰਨ ਜਿਹੜੀਆਂ ਰਿਆਸਤਾਂ ਉਭਰੀਆਂ ਸਨ, ਉਹ ਮੁੱਖ ਤੌਰ 'ਤੇ ਹਿੰਦੂ ਸਨ। ਅਵਧ ਨਾਂ ਦੀ ਜਿਹੜੀ ਮੁਸਲਿਮ ਰਿਆਸਤ ਸਭ ਤੋਂ ਤਾਕਤਵਰ ਜਾਪਦੀ ਸੀ, ਉਸ ਦਾ ਹਾਕਮ ਸ਼ੀਆ ਸੀ। ਸ਼ੀਆ ਸਮਾਜ, ਸ਼ਾਹ ਵਲੀਉਲਾ ਵਰਗੇ 'ਖ਼ਾਲਸ' ਸੁੰਨੀ ਮੁਸਲਮਾਨ ਲਈ ਕਾਫ਼ਿਰਾਂ ਸਮਾਨ ਹੀ ਸੀ। ਅਜਿਹੇ ਹਾਕਮ ਤੋਂ ਇਸਲਾਮ ਦੀ ਸਾਂਭ-ਸੰਭਾਲ ਦੀ ਕੀ ਤਵੱਕੋ ਰੱਖਣੀ! ਫਿਰ ਨਾਦਿਰ ਸ਼ਾਹ ਵੀ ਤਾਂ ਸ਼ੀਆ ਹੀ ਸੀ!!

ਸ਼ਾਹ ਵਲੀਉਲਾ ਦੀ ਸੋਚ ਮੁਤਾਬਕ ਇਸਲਾਮ ਦੀ ਹਿਫਾਜ਼ਤ 'ਕਾਫ਼ਿਰਾਂ' ਨਾਲ ਫਾਸਲਾ ਰੱਖ ਕੇ ਅਤੇ ਮੁਸਲਿਮ ਵੱਕਾਰ ਤੇ ਗੌਰਵ ਨੂੰ ਜਗਾ ਕੇ ਹੀ ਕੀਤੀ ਜਾ ਸਕਦੀ ਸੀ। ਉਹ ਅੱਲ੍ਹਾ ਦਾ ਇਸ ਗੱਲੋਂ ਸ਼ੁਕਰਗੁਜ਼ਾਰ ਸੀ ਕਿ ਉਸ (ਅੱਲਾ) ਨੇ ਉਸ ਦਾ ਖ਼ੂਨ 'ਪਾਕ' ਅਤੇ 'ਅਰਬ' ਹੀ ਰੱਖਿਆ। ਉਸ ਦੇ ਖ਼ਾਨਦਾਨ ਦੇ ਖ਼ੂਨ ਵਿਚ ਕਿਤੋਂ ਕੋਈ ਮਿਲਾਵਟ ਨਹੀਂ ਹੋਈ। ਉਂਜ, ਉਹ ਇਹ ਭਾਂਪ ਗਿਆ ਸੀ ਕਿ ਭਾਰਤੀ ਮੁਸਲਮਾਨਾਂ ਦੀ ਬਹੁਗਿਣਤੀ ਧਰਮ ਪਰਿਵਰਤਨ ਕਰਨ ਵਾਲਿਆਂ ਉਤੇ ਹੀ ਆਧਾਰਤ ਸੀ। ਅਜਿਹੇ ਲੋਕਾਂ ਵਿਚੋਂ ਪੁਰਾਣੇ ਮਜ਼ਹਬ ਤੇ ਭਾਈਚਾਰੇ ਦੇ ਸੰਸਕਾਰ ਨਹੀਂ ਮਰਦੇ। ਉਸ ਨੂੰ ਡਰ ਸੀ ਕਿ ਮੁਸਲਮਾਨਾਂ ਦੀ ਹਕੂਮਤ ਖੁੱਸਣ ਮਗਰੋਂ ਜੇਕਰ ਮਜ਼ਹਬੀ ਸੇਧ ਵੀ ਕਮਜ਼ੋਰ ਪੈ ਗਈ ਤਾਂ ਭਾਰਤੀ ਮੁਸਲਮਾਨ, ਹਿੰਦੂ ਧਰਮ ਵੱਲ ਹੀ ਪਰਤ ਜਾਣਗੇ। ਇਸੇ ਲਈ ਉਸ ਨੇ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਜਿਸਮਾਨੀ, ਵਿਚਾਰਧਾਰਕ ਤੇ ਜਜ਼ਬਾਤੀ ਦੂਰੀ ਬਣਾਈ ਰੱਖਣ 'ਤੇ ਜ਼ੋਰ ਦਿੱਤਾ। ਉਹ ਅਕਸਰ ਇਹ ਹੋਕਾ ਦਿੰਦਾ ਸੀ ਕਿ ਮੁਸਲਮਾਨਾਂ ਨੂੰ ਹਿੰਦੂਆਂ ਤੋਂ ਇੰਨੀ ਕੁ ਦੂਰੀ 'ਤੇ ਜ਼ਰੂਰ ਰਹਿਣਾ ਚਾਹੀਦਾ ਹੈ ਕਿ ਹਿੰਦੂਆਂ ਦੀਆਂ ਰਸੋਈਆਂ ਵਿਚੋਂ ਨਿਕਲਦਾ ਧੂੰਆਂ ਨਜ਼ਰ ਨਾ ਆਵੇ। ਸ਼ਾਹ ਵਲੀਉਲਾ ਦੀ ਧਾਰਮਿਕ ਸੰਸਥਾ ਨੇ 19ਵੀਂ ਸਦੀ ਵਿਚ ਉਤਰ ਭਾਰਤੀ ਮੁਸਲਮਾਨਾਂ ਦੀ ਸੋਚ ਤੇ ਸੂਹਜ ਘੜਨ ਤੇ ਵਿਕਸਿਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਇਹੀ ਸੋਚ ਤੇ ਸੂਹਜ ਪਾਕਿਸਤਾਨ ਦੀ ਕਾਇਮੀ ਦੀ ਬੁਨਿਆਦ ਸਾਬਤ ਹੋਈ। ਇਸ ਸੋਚ ਨੂੰ 'ਫ਼ਾਸਲੇ ਦਾ ਸਿਧਾਂਤ' ਵੀ ਕਿਹਾ ਜਾ ਸਕਦਾ ਹੈ।

## ਬਰੇਲਵੀ ਦਾ ਜਹਾਦ

ਜਿਨ੍ਹਾਂ ਦਿਨਾਂ ਵਿਚ ਵਲੀਉਲਾ ਆਪਣੇ 'ਫ਼ਾਸਲੇ ਦੇ ਸਿਧਾਂਤ' ਦਾ ਪ੍ਰਚਾਰ ਕਰ ਰਿਹਾ ਸੀ, ਉਨ੍ਹੀਂ ਦਿਨੀਂ ਸੱਯਦ ਅਹਿਮਦ ਬਰੇਲਵੀ ਹਿੰਦੂਕੁਸ਼ ਪਰਬਤ ਦੇ ਪੈਰਾਂ ਵਿਚ ਵਸੇ ਇਲਾਕੇ ਵਿਚ ਸਰਗਰਮ ਸੀ। ਉਸ ਦਾ ਆਚਾਰ-ਪ੍ਰਚਾਰ ਵੀ ਵਲੀਉਲਾ ਵਾਲਾ ਹੀ ਸੀ। ਫ਼ਰਕ ਇਹ ਸੀ ਕਿ ਜਿਸ ਥਾਂ (ਬਾਲਾਕੋਟ) 'ਤੇ ਉਸ ਦਾ ਸਦਰ ਮੁਕਾਮ ਸੀ, ਉਹ ਸਮੁੱਚਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਹਕੂਮਤੀ ਕੰਟਰੋਲ ਦਾ ਹਿੱਸਾ ਸੀ। ਬਾਲਾਕੋਟ ਹੁਣ ਪਾਕਿਸਤਾਨੀ ਤਾਲਿਬਾਨ ਦਾ ਮੁੱਖ ਅੱਡਾ ਹੈ। ਬਰੇਲਵੀ ਨੇ ਸਿੱਖ ਸਾਮਰਾਜ ਨਾਲ ਆਪਣੀ ਆਖਰੀ ਟੱਕਰ ਵਾਸਤੇ ਬਾਲਾਕੋਟ ਦੀ ਚੋਟੀ ਇਸ ਕਰਕੇ ਚੁਣੀ ਕਿਉਂਕਿ ਉਸ ਨੂੰ ਇਹ ਜਾਪਦਾ ਸੀ ਕਿ ਇਸ ਪਹਾੜੀ ਚੋਟੀ 'ਤੇ ਚੜ੍ਹਾਈ ਬਹੁਤ ਮੁਸ਼ਕਲ ਹੈ ਅਤੇ ਉਹ ਇਸ 'ਤੇ ਹਮਲਾ ਕਰਨ ਵਾਲਿਆਂ ਨੂੰ ਸਹਿਜੇ ਹੀ ਪਛਾੜ ਸਕਦਾ ਹੈ ਪਰ ਇਲਾਕੇ ਦੇ ਪਠਾਣ ਉਸ ਤੋਂ ਨਾਖੁਸ਼ ਸਨ। ਉਨ੍ਹਾਂ ਨੇ ਸਿੱਖ ਫੌਜਾਂ ਨੂੰ ਉਸ ਦੀ ਛਾਉਣੀ ਤਕ ਪੁੱਜਣ ਵਾਲਾ ਦੂਜਾ ਤੇ ਆਸਾਨ ਰਾਹ ਦਿਖਾ ਦਿੱਤਾ। 6 ਮਈ 1831 ਦੀ ਸਵੇਰ ਨੂੰ ਬਰੇਲਵੀ ਨੂੰ ਅਹਿਸਾਸ ਹੋਇਆ ਕਿ ਸ਼ਹਿਜ਼ਾਦਾ ਸ਼ੇਰ ਸਿੰਘ (ਮਹਾਰਾਜਾ ਰਣਜੀਤ ਸਿੰਘ ਦੇ ਦੂਜੇ ਪੁੱਤਰ) ਨੇ ਤਾਂ ਉਸ ਦੇ ਮੋਰਚਿਆਂ ਨੂੰ ਘੇਰ ਲਿਆ ਹੈ।

> ***ਹਿੰਦੂ ਬਹੁਗਿਣਤੀ ਵਿਚ ਜਜ਼ਬ ਹੋ ਕੇ ਰਹਿ ਜਾਣ ਦਾ ਖ਼ੌਫ਼ ਬੁਨਿਆਦੀ ਤੌਰ 'ਤੇ ਗ਼ਲਤ ਸੀ, ਇਸ ਹਕੀਕਤ ਨੂੰ ਉਸ ਸਮੇਂ ਦੇ ਮੁਸਲਿਮ ਵਿਦਵਾਨਾਂ ਤੇ ਦਾਨਸ਼ਵਰਾਂ ਨੇ ਸਮਝਣ ਜਾਂ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਅਸਲੀਅਤ ਨੂੰ ਤਾਂ ਬਿਲਕੁਲ ਹੀ ਨਜ਼ਰਅੰਦਾਜ਼ ਅਤੇ ਦਰਕਿਨਾਰ ਕਰ ਦਿੱਤਾ ਗਿਆ ਕਿ ਜੇਕਰ ਇਸਲਾਮ ਏਨਾ ਹੀ ਕਮਜ਼ੋਰ ਮਜ਼ਹਬ ਹੁੰਦਾ ਤਾਂ ਇਹ ਅਰਬ ਭੂਮੀ ਵਿਚੋਂ ਨਿਕਲ ਕੇ ਇਕ ਪਾਸੇ ਇੰਡੋਨੇਸ਼ੀਆ ਤੇ ਮਲੇਸ਼ੀਆ, ਦੂਜੇ ਪਾਸੇ ਚੀਨ ਦੀ ਦੀਵਾਰ, ਤੀਜੇ ਪਾਸੇ ਰੂਸ ਦੇ ਯੂਰਪ ਵਿਚਲੇ ਹਿੱਸੇ ਦੀਆਂ ਹੱਦਾਂ ਅਤੇ ਚੌਥੇ ਪਾਸੇ ਪੂਰੇ ਉਤਰੀ ਅਫਰੀਕਾ ਤੱਕ ਕਿਵੇਂ ਫੈਲ ਸਕਦਾ ਸੀ। ਇਸਲਾਮੀ ਅਤੀਤ ਵਿਚ ਅਜਿਹਾ ਕੁਝ ਵੀ ਨਹੀਂ ਸੀ ਜਿਹੜਾ ਅਜਿਹਾ ਭਉ, ਅਜਿਹੀ ਹੀਣ-ਬਿਰਤੀ ਉਪਜਾਉਂਦਾ। ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਕੁਝ ਦਾਨਸ਼ਵਰਾਂ ਨੇ ਜਦੋਂ ਇਸ ਹਕੀਕਤ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਇਸਲਾਮ ਦੇ 'ਗ਼ੱਦਾਰ' ਦੱਸ ਕੇ ਤਰਕ ਕਰ ਦਿੱਤਾ ਗਿਆ।***

ਬਰੇਲਵੀ ਨੇ ਹਥਿਆਰ ਸੁੱਟਣ ਦੀ ਥਾਂ ਸ਼ਹਾਦਤ ਦਾ ਰਾਹ ਚੁਣਿਆ। ਨਮਾਜ਼ ਅਦਾ ਕਰਨ ਮਗਰੋਂ ਉਸ ਨੇ 'ਨਾਅਰਾ-ਏ-ਤਕਬੀਰ,-ਅੱਲਾ-ਹੂ-ਅਕਬਰ' ਬੁਲੰਦ ਕੀਤਾ ਅਤੇ ਸਿੱਖ ਫ਼ੌਜਾਂ ਨਾਲ ਭਿੜ ਪਿਆ। ਕਿਸੇ ਨੇ ਉਸ ਨੂੰ ਮਰਦਿਆਂ ਨਹੀਂ ਦੇਖਿਆ। ਕਿਹਾ ਜਾਂਦਾ ਹੈ ਕਿ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਉਸ ਦੀ ਲਾਸ਼ ਦੀ ਸ਼ਨਾਖ਼ਤ ਕਰਵਾ ਕੇ ਇਸ ਨੂੰ ਮੁਸਲਿਮ ਰਹੁ-ਰੀਤਾਂ ਨਾਲ ਦਫ਼ਨ ਕਰਵਾਇਆ ਪਰ ਅਗਲੇ ਦਿਨ ਜਦੋਂ ਸ਼ਹਿਜ਼ਾਦਾ ਸ਼ੇਰ ਸਿੰਘ ਪਿਸ਼ਾਵਰ ਵਲ ਪਰਤ ਗਿਆ ਤਾਂ ਕੁਝ ਸਿੱਖ ਫੌਜੀਆਂ ਨੇ ਲਾਸ਼ ਕਬਰ ਵਿਚੋਂ ਕੱਢ ਕੇ ਸਿਰ ਕਲਮ ਕਰ ਦਿੱਤਾ ਅਤੇ ਸਿਰ ਤੇ ਧੜ ਦਰਿਆ ਵਿਚ ਸੁੱਟ ਦਿੱਤੇ। ਬਾਅਦ ਵਿਚ ਸਿਰ ਤੇ ਧੜ ਵੱਖ-ਵੱਖ ਥਾਂਵਾਂ ਤੋਂ ਮਿਲੇ ਅਤੇ ਇਨ੍ਹਾਂ ਨੂੰ ਕ੍ਰਮਵਾਰ ਗੜ੍ਹੀ ਹਬੀਬੁੱਲਾ ਅਤੇ ਤਿਲਹੱਟਾ ਵਿਚ ਦਫ਼ਨ ਕੀਤਾ ਗਿਆ ਪਰ ਓਨੀ ਦੇਰ ਤੱਕ ਇਹ ਅਫ਼ਵਾਹ ਉਡ ਗਈ ਕਿ ਬਰੇਲਵੀ ਮੈਦਾਨ-ਏ-ਜੰਗ ਵਿਚੋਂ ਅਚਾਨਕ ਗਾਇਬ ਹੋ ਗਿਆ ਹੈ ਅਤੇ ਛੇਤੀ ਹੀ ਕਿਤੇ ਹੋਰ ਨਜ਼ਰ ਆਏਗਾ। ਹੌਲੀ ਹੌਲੀ ਉਹ ਦੰਦ-ਕਥਾਵਾਂ ਦਾ ਪਾਤਰ ਬਣ ਗਿਆ। ਜਹਾਦ (ਮਜ਼੍ਹਬੀ ਜੰਗ) ਦੇ ਜਿਸ ਸੰਕਲਪ ਨੂੰ ਉਹ ਆਪਣੇ ਜਿਉਂਦੇ ਜੀਅ ਅਮਲੀ ਰੂਪ ਨਹੀਂ ਸੀ ਦੇ ਸਕਿਆ, ਮਰਨ ਮਗਰੋਂ ਉਹ ਉਸੇ ਸੰਕਲਪ ਦਾ ਪ੍ਰਤੀਕ ਬਣ ਉਭਰਿਆ। ਉਸ ਦੇ ਪ੍ਰਸ਼ੰਸਕ ਇਹੀ ਕਹਿੰਦੇ ਹਨ ਕਿ ਪਾਕਿਸਤਾਨੀਆਂ ਦੀਆਂ ਰਗ਼ਾਂ ਵਿਚ ਬਾਲਾਕੋਟ ਦਾ ਖ਼ੂਨ ਦੌੜਦਾ ਹੈ। ਬਰੇਲਵੀ ਅਤੇ ਉਸ ਦੇ ਕਰੀਬੀ ਸਾਥੀ ਸ਼ਾਹ ਇਸਮਾਈਲ (1779-1831) ਦੀਆਂ ਬਾਲਾਕੋਟ ਸਥਿਤ ਮਜ਼ਾਰਾਂ ਹੁਣ ਜਹਾਦ ਦੇ ਮੁਦੱਈਆਂ ਤੋਂ ਇਲਾਵਾ ਆਮ ਲੋਕਾਂ ਲਈ ਵੀ ਮਰਕਜ਼-ਏ-ਜ਼ਿਆਰਤ (ਧਾਰਮਿਕ ਤੀਰਥ) ਬਣ ਚੁੱਕੀਆਂ ਹਨ।

## ਜਿਨਾਹ ਦੀ ਹਿਮਾਕਤ

ਜਿਨਾਹ ਬ੍ਰਿਟਿਸ਼ ਭਾਰਤ ਦੀ ਖ਼ਸੂਸੀ ਪੈਦਾਇਸ਼ ਸੀ। ਅਜਿਹੀ ਪੈਦਾਇਸ਼ ਜਿਸ ਦਾ ਬਦਲ ਲੱਭਣਾ ਨਾਮੁਮਕਿਨ ਹੈ। ਅੰਗਰੇਜ਼ੀ ਤੌਰ-ਤਰੀਕਿਆਂ, ਅਕੀਦਿਆਂ ਤੇ ਫੈਸ਼ਨੇਬਲ ਸੂਟਾਂ ਦਾ ਉਹ ਇਕੋ ਜਿੰਨਾ ਸ਼ੌਕੀਨ ਸੀ। ਅੰਗਰੇਜ਼ੀ ਨੂੰ ਉਹ ਆਪਣੀ ਮਾਤ-ਭਾਸ਼ਾ ਦੱਸਦਾ ਸੀ। ਨਿੱਕੇ-ਮੋਟੇ ਬੰਦੇ ਨੂੰ ਮੂੰਹ ਨਹੀਂ ਸੀ ਲਾਉਂਦਾ। ਲਿੰਕਨ'ਜ਼ ਇੰਨ (ਇੰਗਲੈਂਡ) ਤੋਂ ਕਾਨੂੰਨ ਵਿਸ਼ੇ (ਵਕਾਲਤ) ਦੀ ਡਿਗਰੀ ਹਾਸਲ ਕਰਨ ਮਗਰੋਂ ਉਹ ਲੰਡਨ ਵਿਚ ਥੀਏਟਰ ਕਲਾਕਾਰ ਬਣਨਾ ਚਾਹੁੰਦਾ ਸੀ ਪਰ ਉਸ ਦੇ ਪਿਤਾ ਨੇ ਉਸ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ। ਇਸ ਸਭ ਦੇ ਬਾਵਜੂਦ ਉਹ ਭਾਰਤ ਦੀ ਆਜ਼ਾਦੀ ਦਾ ਓਨਾ ਹੀ ਮੁੱਦਈ ਸੀ ਜਿੰਨੇ ਹੋਰ ਆਜ਼ਾਦੀ ਘੁਲਾਟੀਏ ਪਰ ਮਹਾਤਮਾ ਗਾਂਧੀ ਦੀ ਸੋਚ ਤੋਂ ਉਲਟ ਉਹ ਆਜ਼ਾਦੀ ਲਈ ਜਦੋਜਹਿਦ ਦੌਰਾਨ ਕਾਨੂੰਨ ਨਹੀਂ ਸੀ ਤੋੜਨਾ ਚਾਹੁੰਦਾ। ਉਸ ਦਾ ਕਹਿਣਾ ਸੀ ਕਿ ਕਾਨੂੰਨ ਤੋੜਨਾ ਇਕ ਵਕੀਲ ਵਜੋਂ ਉਸ ਦੇ ਪੇਸ਼ੇ ਦੇ ਇਖ਼ਲਾਕ ਦੇ ਖ਼ਿਲਾਫ਼ ਹੈ। ਦਿਲਚਸਪ ਤੱਥ ਇਹ ਹੈ ਕਿ ਜਿਸ ਤਹਿਰੀਕ ਨੇ ਭਾਰਤੀ ਆਜ਼ਾਦੀ ਸੰਗਰਾਮ ਦਾ ਮੁਹਾਂਦਰਾ ਬਦਲਿਆ (ਪਰ ਨਾਲ ਹੀ ਬਾਅਦ ਵਿਚ ਮੁਸਲਮਾਨਾਂ ਦੇ ਮਨਾਂ ਵਿਚ ਗਾਂਧੀ ਬਾਰੇ ਸੰਸੇ ਪੈਦਾ ਕੀਤੇ), ਉਸ ਦੀ ਸ਼ੁਰੂਆਤ ਤੋਂ ਤੁਰੰਤ ਪਹਿਲਾਂ ਜਿਨਾਹ ਨੇ ਗਾਂਧੀ ਨੂੰ ਸਿਆਸਤ ਤੇ ਧਰਮ ਨੂੰ ਰਲ-ਗੱਡ ਨਾ ਕਰਨ ਅਤੇ ਤਹਿਰੀਕ ਵਿਚ ਗਰਮਖਿਆਲੀਏ ਮੁਲਾਣਿਆਂ ਨੂੰ ਸ਼ਾਮਲ ਨਾ ਕਰਨ ਦੀ ਸਲਾਹ ਦਿੱਤੀ ਸੀ।

1919 ਤੋਂ ਫਰਵਰੀ 1922 ਤੱਕ ਗਾਂਧੀ ਪਹਿਲਾ ਗ਼ੈਰ-ਮੁਸਲਿਮ ਸੀ ਜਿਸ ਨੂੰ ਕਿਸੇ ਜਹਾਦ (ਮਜ਼ਹਬੀ ਜੰਗ) ਦੀ ਵਾਗਡੋਰ ਸੌਂਪੀ ਗਈ। ਗਾਂਧੀ ਨੇ ਖ਼ਿਲਾਫ਼ਤ ਤਹਿਰੀਕ ਦਾ ਮੋਰਚਾ ਡਿਕਟੇਟਰ ਬਣਨਾ ਇਸ ਸ਼ਰਤ 'ਤੇ ਸਵੀਕਾਰ ਕੀਤਾ ਕਿ ਬਰਤਾਨਵੀ ਸਾਮਰਾਜੀਆਂ ਖ਼ਿਲਾਫ਼ ਜਹਾਦ ਬਿਲਕੁਲ ਅਹਿੰਸਕ ਰਹੇਗਾ। ਮੁਸਲਿਮ ਨੇਤਾਵਾਂ, ਜਿਨ੍ਹਾਂ ਵਿਚ ਸਰਕਰਦਾ ਉਲੇਮਾ ਵੀ ਸ਼ਾਮਲ ਸਨ, ਨੇ ਇਹ ਸ਼ਰਤ ਪ੍ਰਵਾਨ ਕਰ ਲਈ। ਖ਼ਿਲਾਫ਼ਤ ਲਹਿਰ ਤੁਰਕੀ ਦੇ ਔਟੋਮਨ ਖਲੀਫ਼ੇ ਅਤੇ ਮੱਕਾ ਤੇ ਮਦੀਨਾ ਉਪਰ ਉਸ ਦੀ ਸਰਦਾਰੀ ਦੀ ਹਮਾਇਤ ਵਿਚ ਸੀ। ਇਸ ਖ਼ਲੀਫ਼ੇ ਨੂੰ ਬਰਤਾਨਵੀ ਤੇ ਯੂਰਪੀਨ ਸਾਮਰਾਜੀਆਂ ਦੀ ਚੜ੍ਹਤ ਦੇ ਖ਼ਿਲਾਫ਼ ਮੁਸਲਿਮ ਸ਼ਕਤੀ ਦਾ ਇਕੋ-ਇਕ ਪ੍ਰਤੀਕ ਮੰਨਿਆ

# ਪਾਕਿਸਤਾਨ ਵਿਚਲੀ ਦਹਿਸ਼ਤਗਰਦੀ ਦੀ ਜੜ੍ਹ ਨਾਦਿਰ ਸ਼ਾਹ ਦੇ ਹਮਲੇ ਵੇਲੇ ਲੱਗੀ?

ਮੋਬਸ਼ਰ ਜਵਾਦ ਅਕਬਰ ਜੋ ਐਮ.ਜੇ. ਅਕਬਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ, ਭਾਰਤੀ ਪੱਤਰਕਾਰੀ ਦੀਆਂ ਨਾਮਵਰ ਹਸਤੀਆਂ ਵਿਚੋਂ ਹੈ। ਮਹਿਜ਼ 19 ਸਾਲਾਂ ਦੀ ਉਮਰ ਵਿਚ ਪੱਤਰਕਾਰੀ ਦੇ ਖੇਤਰ ਵਿਚ ਪੈਰ ਪਾਉਣ ਅਤੇ ਖੁਸ਼ਵੰਤ ਸਿੰਘ ਦੀ ਸੰਪਾਦਕੀ ਸੋਧ ਹੇਠ ਕੰਮ ਕਰਨ ਮਗਰੋਂ 24 ਸਾਲਾਂ ਦੀ ਉਮਰ ਵਿਚ ਸੰਪਾਦਕ ਬਣਨ ਅਤੇ ਉਸ ਮਗਰੋਂ ਕਈ ਅਖ਼ਬਾਰਾਂ ਤੇ ਪਤ੍ਰਿਕਾਵਾਂ ਦਾ ਸੰਪਾਦਕੀ ਸੇਧਗਾਰ ਰਹਿਣ ਤੋਂ ਬਾਅਦ ਅੱਜ ਕਲ੍ਹ ਉਹ 'ਇੰਡੀਆ ਟੂਡੇ' ਗਰੁਪ ਵਿਚ ਐਡੀਟੋਰੀਅਲ ਡਾਇਰੈਕਟਰ ਹੈ। ਪੱਤਰਕਾਰੀ ਦੇ ਖੇਤਰ ਵਿਚ ਏਨੀ ਮਸਰੂਫੀਅਤ ਦੇ ਬਾਵਜੂਦ ਇਤਿਹਾਸ, ਖਾਸ ਕਰਕੇ ਸਮਕਾਲੀਨ ਭਾਰਤੀ ਇਤਿਹਾਸ ਉਤੇ ਉਸ ਦੀ ਬਾਕਮਾਲ ਪਕੜ ਹੈ। ਉਸ ਦੇ ਲੇਖ ਅਤੇ ਤਬਸਰੇ ਪੜ੍ਹਦਿਆਂ ਇਹ ਖਿਆਲ ਵਾਰ-ਵਾਰ ਉਭਰਦਾ ਹੈ ਕਿ ਉਸ ਨੂੰ ਪੱਤਰਕਾਰ ਨਹੀਂ, ਇਤਿਹਾਸਕਾਰ ਹੋਣਾ ਚਾਹੀਦਾ ਸੀ। ਵਿਲੀਅਮ ਡੈਲਰਿੰਪਲ (ਜੋ ਸਕੌਟ ਹੋਣ ਦੇ ਬਾਵਜੂਦ ਭਾਰਤ ਨੂੰ ਭਾਰਤੀਆਂ ਨਾਲੋਂ ਵੱਧ ਜਾਣਦਾ ਹੈ) ਅਤੇ ਰਾਮਚੰਦਰ ਗੁਹਾ ਤੋਂ ਬਾਅਦ ਉਹ ਅਜਿਹਾ ਭਾਰਤੀ ਲੇਖਕ ਹੈ ਜਿਸ ਦੀਆਂ ਇਤਿਹਾਸ ਨਾਲ ਜੁੜੀਆਂ ਲਿਖਤਾਂ, ਖਾਸ ਕਰਕੇ ਪੁਸਤਕਾਂ, ਨਾਵਲਾਂ ਵਾਂਗ ਪੜ੍ਹੀਆਂ ਜਾ ਸਕਦੀਆਂ ਹਨ। ਪ੍ਰਸੰਗ ਅਤੇ ਪਰਿਪੇਖ ਦੀ ਤਾਜ਼ਗੀ ਉਸ ਦੀਆਂ ਰਚਨਾਵਾਂ ਦਾ ਸ਼ਿੰਗਾਰ ਵੀ ਹੈ ਅਤੇ ਤਾਕਤ ਵੀ। ਅਸਾਮ ਅਤੇ ਪੰਜਾਬ ਵਿਚ ਪਿਛਲੇ 1980ਵਿਆਂ ਦੇ ਹੌਲਨਾਕ ਘਟਨਾਕ੍ਰਮ ਬਾਰੇ ਉਸ ਦੀ ਕਿਤਾਬ 'ਇੰਡੀਆ:ਦਿ ਸੀਜ ਵਿਦਿਨ' (1984) ਨੇ ਸਮਕਾਲੀ ਇਤਿਹਾਸਕਾਰ ਅਤੇ ਵਿਸ਼ਲੇਸ਼ਣਕਾਰ ਵਜੋਂ ਉਸ ਦੀ ਪਛਾਣ ਕਾਇਮ ਕੀਤੀ ਜਿਹਤੀ 'ਨਹਿਰੂ: ਦਿ ਮੇਕਿੰਗ ਆਫ ਇੰਡੀਆ', 'ਰੌਇਟ ਆਫਟਰ ਰੌਇਟ' (1990), 'ਕਸ਼ਮੀਰ: ਬਿਹਾਈਂਡ ਦਿ ਵੇਲ' (1991) ਅਤੇ 'ਸ਼ੇਡ ਆਫ ਸਵੋਰਡਜ਼: ਜਹਾਦ ਐਂਡ ਕਨਫਲਿਕਟ ਬਿਟਵੀਨ ਇਸਲਾਮ ਐਂਡ ਕ੍ਰਿਸਚੀਐਨਿਟੀ' (2002) ਵਰਗੀਆਂ ਪੁਸਤਕਾਂ ਨੇ ਹੋਰ ਵੀ ਗੂੜ੍ਹੀ ਬਣਾਈ। ਹੁਣ 'ਟਿੰਡਰਬੌਕਸ: ਦਿ ਪਾਸਟ ਐਂਡ ਫਿਊਚਰ ਆਫ ਪਾਕਿਸਤਾਨ' ਰਾਹੀਂ ਉਸ ਨੇ ਪਾਕਿਸਤਾਨ ਦੇ ਵਜੂਦ ਬਾਰੇ ਉਠ ਰਹੇ ਸਵਾਲਾਂ ਦੇ ਜਵਾਬ ਖੋਜਣ ਦਾ ਯਤਨ ਕੀਤਾ ਹੈ।

ਅਸੀਂ ਭਾਰਤੀ ਅਕਸਰ ਇਹ ਮਹਿਸੂਸ ਕਰਦੇ ਹਾਂ ਕਿ ਪਾਕਿਸਤਾਨੀਆਂ ਨੂੰ ਭਾਰਤ ਨਾਲ ਖ਼ਬਤ ਹੈ। ਉਹ ਆਜ਼ਾਦ ਮੁਲਕ ਅਤੇ ਵੱਖਰੀ ਕੌਮ ਵਜੋਂ ਵਿਕਸਿਤ ਹੋਣ ਦੀ ਥਾਂ ਆਪਣੀਆਂ ਸਰਗਰਮੀਆਂ ਦੇ ਧਰਾਤਲ ਨੂੰ ਭਾਰਤਮੁਖੀ ਬਣਾਉਣ ਤਕ ਹੀ ਸੀਮਤ ਰਹੇ ਹਨ। ਉਨ੍ਹਾਂ ਦੀ ਇਹੋ ਕੋਸ਼ਿਸ਼ ਰਹੀ ਹੈ ਕਿ ਜ਼ਿੰਦਗੀ ਦੇ ਹਰ ਸ਼ੋਹਬੇ ਵਿਚ ਭਾਰਤ ਦੀ ਪਿੱਠ ਲਾਈ ਜਾਵੇ ਅਤੇ ਉਹ ਭਾਰਤ ਤੋਂ ਬਿਹਤਰ ਸਾਬਤ ਹੋਣ ਪਰ ਅਸਲੀਅਤ ਇਹ ਵੀ ਹੈ ਕਿ ਅਸੀਂ ਭਾਰਤੀ ਵੀ ਅਜਿਹੇ ਖ਼ਬਤ ਜਾਂ ਜਨੂਨ ਤੋਂ ਮੁਕਤ ਨਹੀਂ। ਪਾਕਿਸਤਾਨ ਨੂੰ ਨੀਵਾਂ ਦੇਖਣਾ ਅਤੇ ਦਿਖਾਉਣਾ ਸਾਡੇ ਕੌਮੀ ਕਿਰਦਾਰ ਦਾ ਵੀ ਅਹਿਮ ਹਿੱਸਾ ਹੈ। ਸਾਨੂੰ ਇਹ ਪਤਾ ਹੈ ਕਿ ਸੁਰੱਖਿਅਤ ਅਤੇ ਸਥਿਰ ਪਾਕਿਸਤਾਨ, ਭਾਰਤ ਦੇ ਭਵਿੱਖ ਲਈ ਸੁਖਾਵਾਂ ਹੀ ਰਹੇਗਾ ਪਰ ਇਸ ਹਕੀਕਤ ਤੋਂ ਵਾਕਫ਼ ਹੋਣ ਦੇ ਬਾਵਜੂਦ ਅਸੀਂ ਪਾਕਿਸਤਾਨ ਦਾ ਬੁਰਾ ਚਾਹੁਣ ਤੋਂ ਇਨਕਾਰੀ ਵੀ ਨਹੀਂ। ਲਿਹਾਜ਼ਾ, ਉਸ ਦੇਸ਼ ਦੇ ਚੰਗੇ ਪੱਖਾਂ ਨੂੰ ਛੁਟਿਆ ਕੇ ਦੇਖਣਾ ਸਾਡੀ ਮਜਬੂਰੀ ਅਤੇ ਮਗ਼ਰੂਰੀ ਬਣ ਚੁੱਕਾ ਹੈ। ਇਹੋ ਤੱਤ ਪਾਕਿਸਤਾਨ ਬਾਰੇ ਕੋਈ ਵੀ ਫੈਸਲਾ ਕਰਨ ਸਮੇਂ ਸਾਡੀ ਸੂਝ, ਸਾਡੇ ਨਜ਼ਰੀਏ ਵਿਚ ਵਿਗਾੜ ਪੈਦਾ ਕਰ ਦਿੰਦਾ ਹੈ।

'ਟਿੰਡਰਬੌਕਸ' ਵਿਚ ਅਕਬਰ ਨੇ ਅਜਿਹੇ ਉਲਾਰਾਂ ਜਾਂ ਵਿਗਾੜਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਨਾਲ ਹੀ ਇਹ ਯਤਨ ਕੀਤਾ ਕਿ ਪਾਕਿਸਤਾਨ ਦੇ ਅਤੀਤ, ਵਰਤਮਾਨ ਜਾਂ ਭਵਿੱਖ ਤੋਂ ਅਸੀਂ ਅਛੋਹ ਨਹੀਂ ਰਹਿ ਸਕੀਏ। ਪਾਕਿਸਤਾਨ ਦੀਆਂ ਮੌਜੂਦਾ ਸਮੱਸਿਆਵਾਂ ਅਤੇ ਸੰਕਟਾਂ ਲਈ ਅਮਰੀਕਾ ਨੂੰ ਦੋਸ਼ ਦੇਣ ਦਾ ਸਾਡਾ ਰੁਝਾਨ ਜਾਇਜ਼



ਐਮ.ਜੇ. ਅਕਬਰ ਦੀ ਕਿਤਾਬ ਦਾ ਟਾਈਟਲ

ਨਹੀਂ। ਉਂਜ ਵੀ, ਪਾਕਿਸਤਾਨੀ ਨਿਜ਼ਾਮ, ਸਮਾਜ ਤੇ ਸਮੁੱਚੇ ਸਿਆਸੀ ਮੁਹਾਂਦਰੇ ਵਿਚ ਜੋ ਵਿਗਾੜ ਹਨ, ਉਨ੍ਹਾਂ ਵਿਚ ਸਾਡੀ ਵੀ ਭੂਮਿਕਾ ਹੈ।

ਕੀ ਪਾਕਿਸਤਾਨ ਅਗਸਤ, 1947 ਵਿਚ ਵਜੂਦ ਵਿਚ ਆਇਆ? ਅਕਬਰ ਦਾ ਜਵਾਬ ਹੈ: ਨਹੀਂ। ਅਤੇ ਇਸ 'ਨਹੀਂ' ਦਾ ਉਸ ਪਾਸ ਠੋਸ ਆਧਾਰ ਵੀ ਹੈ। ਉਹ ਦੱਸਦਾ ਹੈ ਕਿ ਪਾਕਿਸਤਾਨ ਦੇ ਸੰਕਲਪ ਦੀ ਪੈਦਾਇਸ਼ 1920ਵਿਆਂ ਜਾਂ 30ਵਿਆਂ ਦੀ ਦੇਣ ਵੀ ਨਹੀਂ। ਜਿਵੇਂ ਇਸ ਪੰਨੇ 'ਤੇ ਪ੍ਰਕਾਸ਼ਿਤ ਪੁਸਤਕ ਅੰਸ਼ਾਂ ਤੋਂ ਸਪੱਸ਼ਟ ਹੈ, ਪਾਕਿਸਤਾਨ ਦਾ ਬੀਅ ਤਾਂ ਨਾਦਿਰ ਸ਼ਾਹ ਦਾ ਦਿੱਲੀ 'ਤੇ ਹਮਲਾ ਹੀ ਬੀਜ ਗਿਆ ਸੀ। ਇਸ ਨੂੰ ਪੌਦੇ ਦੇ ਰੂਪ ਵਿਚ ਪਨਪਦਿਆਂ ਅਤੇ ਵਿਕਸਿਤ ਹੁੰਦਿਆਂ ਦੋ ਸਦੀਆਂ ਲੱਗ ਗਈਆਂ। ਇਸ ਬੀਜ ਨੂੰ ਪੌਦੇ ਦੇ ਰੂਪ ਵਿਚ ਪੁੰਗਰਨ ਵਿਚ ਸ਼ਾਹ ਵਲੀਉਲਾ ਨੇ ਜਿੱਥੇ ਸਿਧਾਂਤਕ ਰਹਿਨੁਮਾਈ ਬਖ਼ਸ਼ੀ, ਉਥੇ ਸੱਯਦ ਅਹਿਮਦ ਬਰੇਲਵੀ ਨੇ ਜਹਾਦੀ ਰੂਪ ਬਖ਼ਸ਼ਿਆ। 1857 ਦੇ ਗ਼ਦਰ ਦੀ ਨਾਕਾਮੀ ਤੋਂ ਬਾਅਦ ਸਰ ਸੱਯਦ ਅਹਿਮਦ ਖਾਨ ਨੇ ਅੰਗਰੇਜ਼ੀ ਭਾਸ਼ਾ ਨੂੰ ਸਿੱਖਿਆ ਪ੍ਰਣਾਲੀ ਨੂੰ ਮੁਸਲਮਾਨਾਂ ਅੰਦਰ ਸਵੈਮਾਣ ਜਗਾਉਣ ਅਤੇ ਆਪਣੀ ਤਕਦੀਰ ਦੇ ਖ਼ੁਦ-ਮੁਖ਼ਤਾਰ ਬਣਨ ਦੇ ਸਾਧਨ ਵਜੋਂ ਵਰਤਿਆ। ਇਸੇ ਸਵੈਮਾਣ ਨੂੰ ਮੁਹੰਮਦ ਅਲੀ ਜਿਨਾਹ ਨੇ ਗਾਂਧੀ ਦੇ ਭਾਰਤ ਦੇ ਸੰਕਲਪ ਨੂੰ ਖੰਡਿਤ ਕਰਨ ਅਤੇ ਪਾਕਿਸਤਾਨ ਦੇ ਵੱਖਰੇ ਵਜੂਦ ਦਾ ਪਰਚਮ ਬੁਲੰਦ ਕਰਨ ਲਈ ਵਰਤਿਆ ਅਤੇ ਜਦੋਂ ਜਿਨਾਹ ਨੂੰ ਇਹ ਜਾਪਿਆ ਕਿ ਉਸ ਨੇ ਆਪਣਾ ਮਕਸਦ ਤੇ ਮੁਕਾਮ ਹਾਸਲ ਕਰ ਲਿਆ ਹੈ ਅਤੇ ਹੁਣ ਉਹ ਕੱਟੜਵਾਦ ਦਾ ਲਬਾਦਾ ਲਾਹ ਕੇ ਪਾਕਿਸਤਾਨ ਨੂੰ ਉਦਾਰਵਾਦੀ ਮੁਲਕ ਬਣਨ ਦੇ ਰਾਹ ਤੋਰ ਸਕਦਾ ਹੈ ਤਾਂ ਮੌਲਾਨਾ ਮੌਦੂਦੀ ਵਰਗੇ ਕੱਟੜਪੰਥੀਆਂ ਨੇ ਇਸਲਾਮ ਨੂੰ ਖਤਰੇ ਦੇ ਉਹੀ ਜਿੰਨ ਜਗਾ ਦਿੱਤੇ ਜੋ ਸ਼ਾਹ ਵਲੀਉਲਾ ਤੇ ਸੱਯਦ ਅਹਿਮਦ ਬਰੇਲਵੀ ਨੇ ਪੈਦਾ ਕੀਤੇ ਸਨ। ਇਹੀ ਜਿੰਨ ਪਾਕਿਸਤਾਨ ਦੇ ਮੌਜੂਦਾ ਅਵਤਾਰ ਨੂੰ ਵਿਸਫੋਟਕ ਰੂਪ ਬਖ਼ਸ਼ ਰਹੇ ਹਨ।

ਅਕਬਰ ਦੀ ਰਾਇ ਹੈ ਕਿ ਇਨ੍ਹਾਂ ਜਿੰਨਾਂ ਅਤੇ ਪ੍ਰੇਤਾਂ ਨੂੰ ਹਮੇਸ਼ਾਂ ਲਈ ਦਬਾ ਕੇ ਰੱਖਿਆ ਜਾ ਸਕਦਾ ਸੀ ਬਸ਼ਰਤੇ ਪਾਕਿਸਤਾਨੀ ਹੁਕਮਰਾਨ ਉਦਾਰਵਾਦੀ ਪਹੁੰਚ ਅਪਨਾਉਂਦੇ। ਅਜਿਹਾ ਕਰਨ ਦੀ ਥਾਂ ਉਨ੍ਹਾਂ ਨੇ ਮਜ਼ਹਬਪ੍ਰਸਤਾਂ ਨੂੰ ਖੁਸ਼ ਕਰਨ ਦੀ ਨੀਤੀ ਅਪਨਾਈ। ਸਿਵਿਲ ਸੁਸਾਇਟੀ ਵੀ ਅਜਿਹੀ ਹੀ ਕਾਣ ਦਾ ਸ਼ਿਕਾਰ ਰਹੀ। ਇਸ ਦਾ ਖਮਿਆਜ਼ਾ ਅੱਜ ਦੇ ਪਾਕਿਸਤਾਨ ਨੂੰ ਦਹਿਸ਼ਤਗਰਦੀ ਤੇ ਜੁੱਗਗਰਦੀ ਦੇ ਰੂਪ ਵਿਚ ਭੁਗਤਣਾ ਪੈ ਰਿਹਾ ਹੈ।

ਪਿਛੇ ਜਿਹੇ ਆਪਣੀ ਚੰਡੀਗੜ੍ਹ ਫੇਰੀ ਦੌਰਾਨ ਅਕਬਰ ਨੇ ਪਾਕਿਸਤਾਨ ਦੇ ਸੰਕਲਪ ਲਈ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਨੂੰ ਕੁਝ ਹੱਦ ਤਕ ਜ਼ਿੰਮੇਵਾਰ ਦੱਸਿਆ ਸੀ ਪਰ ਇਸ ਦਾ ਬਹੁਤਾ ਖੁਲਾਸਾ ਨਹੀਂ ਸੀ ਕੀਤਾ। 'ਟਿੰਡਰਬੌਕਸ' ਵਿਚ ਇਸ ਥਿਊਰੀ ਦੀ ਵਜ੍ਹਾ ਉਸ ਨੇ ਸੱਯਦ ਅਹਿਮਦ ਬਰੇਲਵੀ ਦੇ ਪ੍ਰਸੰਗ ਵਿਚ ਖੁਲ੍ਹ ਕੇ ਕੀਤੀ ਹੈ। ਉਂਜ, ਪਾਕਿਸਤਾਨ ਦੇ ਸੰਕਲਪ ਦੇ ਪਿਛੋਕੜ ਦੇ ਪ੍ਰਸੰਗ ਵਿਚ ਇਹ ਪੁਸਤਕ ਜਿੱਥੇ ਭਰਪੂਰ ਜਾਣਕਾਰੀ ਦਿੰਦੀ ਹੈ, ਉਥੇ ਪਿਛਲੇ 54 ਸਾਲਾਂ ਦੇ ਇਤਿਹਾਸ ਦਾ ਵਰਣਨ ਕਰਦਿਆਂ ਇਹ ਇਤਿਹਾਸ ਨਾਲੋਂ ਪੱਤਰਕਾਰੀ ਵਾਲੇ ਲਹਿਜੇ ਤੇ ਅੰਦਾਜ਼ ਤਕ ਸੀਮਤ ਹੋ ਕੇ ਰਹਿ ਜਾਂਦੀ ਹੈ। ਇਹ ਅੰਦਾਜ਼-ਇ-ਬਿਆਨ ਜ਼ਿਆਦਾ ਕਾਇਲ ਨਹੀਂ ਕਰਦਾ। ਜਿਨ੍ਹਾਂ ਨੂੰ ਸਮਕਾਲੀਨ ਪਾਕਿਸਤਾਨ ਦੀ ਸਮੁੱਚਤਾ ਬਾਰੇ ਵੱਧ ਜਾਣਨ ਦੀ ਇੱਛਾ ਹੈ, ਉਨ੍ਹਾਂ ਨੂੰ ਪਾਕਿਸਤਾਨੀ ਲੇਖਿਕਾ ਆਇਸ਼ਾ ਜਲਾਲ ਦੀ ਹਾਲੀਆ ਪੁਸਤਕ 'ਪਾਰਟੀਸਨਜ਼ ਆਫ ਐਲਾ' ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਸ ਪੁਸਤਕ ਵਿਚ ਪਾਕਿਸਤਾਨੀ ਸੱਤਾ ਅਤੇ ਸ਼ਰ੍ਹਾ ਦੀ 'ਜੁਗਲਬੰਦੀ' ਤੋਂ ਆਮ ਪਾਕਿਸਤਾਨੀ ਅਤੇ ਪਾਕਿਸਤਾਨ ਦੇ ਗੁਆਂਢ ਵਿਚ ਵਸੇ ਮੁਲਕਾਂ ਦੇ ਲੋਕਾਂ ਦੀ ਤਦਬੀਰ ਤੇ ਤਕਬੀਰ 'ਤੇ ਪਏ ਅਸਰਾਤ ਦਾ ਖੁਲਾਸਾ ਕਿਤੇ ਵੱਧ ਸ਼ਾਇਸਤਗੀ ਨਾਲ ਕੀਤਾ ਗਿਆ ਹੈ।

---

(ਪਿਛਲੇ ਸਫੇ ਤੋਂ ਜਾਰੀ)

# ਪਾਕਿਸਤਾਨ ਕਿਸ ਤਰ੍ਹਾਂ ਬਣਿਆ ਬਾਰੂਦ ਦਾ ਢੇਰ

ਜਾਂਦਾ ਸੀ। ਗਾਂਧੀ ਅਜਿਹੀ ਜਜ਼ਬਾਤੀ ਤਹਿਰੀਕ ਦਾ ਲਾਭ ਲੈ ਕੇ ਮੁਸਲਮਾਨਾਂ ਤੇ ਹਿੰਦੂਆਂ ਨੂੰ ਬਰਤਾਨਵੀ ਹਕੂਮਤ ਦੇ ਖਿਲਾਫ਼ ਇਕਮੁੱਠ ਕਰਨਾ ਚਾਹੁੰਦਾ ਸੀ। ਅਜਿਹੀ ਏਕਤਾ ਸੰਭਵ ਬਣਾ ਕੇ ਗਾਂਧੀ ਨੇ ਸਿਰਫ਼ ਇਕ ਸਾਲ ਦੇ ਅੰਦਰ ਸਵਰਾਜ ਹਾਸਲ ਕਰਨ ਦਾ ਦਾਅਵਾ ਕੀਤਾ ਪਰ ਫਰਵਰੀ 1922 ਤੱਕ ਉਸ ਨੂੰ ਸਪਸ਼ਟ ਹੋ ਗਿਆ ਕਿ ਉਹ ਦੇਸ਼ ਦੇ ਕੋਨੇ-ਕੋਨੇ ਵਿਚ ਉਭਰ ਰਹੀ ਹਿੰਸਾ ਨੂੰ ਰੋਕ ਨਹੀਂ ਸਕਦਾ। ਅਹਿੰਸਾ ਦਾ ਅਲੰਬਰਦਾਰ ਹੋਣ ਦੇ ਨਾਤੇ ਗਾਂਧੀ ਨੇ ਤਹਿਰੀਕ ਨਾਲੋਂ ਨਾਤਾ ਤੋੜ ਲਿਆ। ਇਸ ਤੋਂ ਉਸ ਦੇ ਮੁਸਲਿਮ ਹਮਾਇਤੀਆਂ ਨੂੰ ਸਦਮਾ ਲੱਗਣਾ ਸੁਭਾਵਿਕ ਹੀ ਸੀ।

ਤਹਿਰੀਕ ਦੀ ਨਾਕਾਮੀ ਤੋਂ ਉਪਜੀ ਕੁੜਿੱਤਣ ਇੰਨੀ ਗਹਿਰੀ ਸੀ ਕਿ ਮੁਸਲਮਾਨਾਂ ਦਾ ਗਾਂਧੀ ਦੀ ਕਾਂਗਰਸ ਨਾਲੋਂ ਜਜ਼ਬਾਤੀ ਨਾਤਾ ਟੁੱਟ ਗਿਆ। ਇਸ ਤੋਂ ਇਹ ਭਾਵ ਨਹੀਂ ਕਿ ਮੁਸਲਮਾਨ ਸਿੱਧੇ ਮੁਸਲਿਮ ਲੀਗ ਨਾਲ ਜਾ ਜੁੜੇ। ਹਕੀਕਤ ਇਹ ਸੀ ਕਿ ਭਾਰਤ ਅੰਦਰ ਮੁਸਲਮਾਨਾਂ ਲਈ ਵੀ ਥਾਂ ਹੋਣ ਦੀ ਚਾਹਤ ਉਦੋਂ ਤਕ ਲਹਿਰ ਦੇ ਰੂਪ ਵਿਚ ਪ੍ਰਚੰਡ ਨਹੀਂ ਹੋਈ ਜਦੋਂ ਤੱਕ ਇਸ ਨੂੰ ਨਿਰੋਲ ਮਜ਼ਹਬੀ ਰੰਗਤ ਦੇ ਕੇ 'ਇਸਲਾਮ ਲਈ ਥਾਂ' ਵਿਚ ਤਬਦੀਲ ਨਹੀਂ ਕਰ ਦਿੱਤਾ ਗਿਆ। ਇਹ ਤਬਦੀਲੀ ਮੁਸਲਿਮ ਲੀਗ ਦੇ ਨੇਤਾਵਾਂ ਨੇ ਇਹ ਪ੍ਰਚਾਰ ਕਰਕੇ ਸੰਭਵ ਬਣਾਈ ਕਿ ਧਰਮ ਨਿਰਪੇਖਤਾ ਦਾ ਹਰ ਸਮੇਂ ਵਾਸਤਾ ਪਾਉਣ ਵਾਲਾ ਹਿੰਦੂ ਬਾਣੀਆ (ਗਾਂਧੀ) ਹਿੰਦੂਵਾਦੀ ਨਿਜ਼ਾਮ ਦਾ ਮੁਦਈ ਹੈ ਅਤੇ ਉਪ ਮਹਾਂਦੀਪ ਵਿਚੋਂ ਇਸਲਾਮ ਦਾ ਸਫਾਇਆ ਕਰਨਾ ਚਾਹੁੰਦਾ ਹੈ। ਇਸਲਾਮ ਦਾ ਬਚਾਅ ਸਿਰਫ਼ ਉਦੋਂ ਹੀ ਹੋ ਸਕਦਾ ਹੈ ਜਦੋਂ ਪਾਕਿਸਤਾਨ ਵਰਗਾ ਕਿਲਾ ਵਜੂਦ ਵਿਚ ਆ ਜਾਵੇ। ਅਜਿਹੀ ਸੋਚ ਦਾ ਮੁੱਖ ਮੁਦਈ ਹੁਣ ਮੁਹੰਮਦ ਅਲੀ ਜਿਨਾਹ ਸੀ ਅਤੇ ਬਤੌਰ ਵਕੀਲ ਉਸ ਕੋਲ ਏਨੀਆਂ ਕੁ ਦਲੀਲਾਂ ਜ਼ਰੂਰ ਸਨ ਕਿ ਜਿਸ ਹਸਤੀ (ਗਾਂਧੀ) ਨੇ ਆਪਣੀ ਪੂਰੀ ਜ਼ਿੰਦਗੀ ਮੁਸਲਮਾਨਾਂ ਦੇ ਭਲੇ ਲਈ ਯਤਨਸ਼ੀਲ ਰਹਿਣ 'ਤੇ ਲਗਾ ਦਿੱਤੀ ਅਤੇ ਆਖਰ ਇਸੇ ਕਾਰਜ ਦੀ ਖਾਤਰ ਆਪਣੀ ਜਾਨ ਵੀ ਗੁਆ ਦਿੱਤੀ, ਉਸ ਨੂੰ ਉਸ ਨੇ ਮੁਸਲਮਾਨ ਭਾਈਚਾਰੇ ਦੀਆਂ ਨਜ਼ਰਾਂ ਵਿਚ ਇਸਲਾਮ ਤੇ ਮੁਸਲਿਮ ਜਗਤ ਦਾ ਘੋਰ ਦੁਸ਼ਮਣ ਬਣਾ ਕੇ ਪੇਸ਼ ਕਰ ਦਿੱਤਾ। ਗਾਂਧੀ ਜਾਂ ਭਾਰਤ ਬਾਰੇ ਇਹੋ ਧਾਰਨਾ ਅੱਜ ਵੀ ਪਾਕਿਸਤਾਨੀ ਸੋਚ ਤੇ ਸੂਹਜ ਦਾ ਅਹਿਮ ਹਿੱਸਾ ਹੈ।

### ਨਿਜ਼ਾਮ-ਏ-ਮੁਸਤਫ਼ਾ?

ਪਾਕਿਸਤਾਨੀ ਨਿਊਜ਼ ਮੈਗਜ਼ੀਨ 'ਨਿਊਜ਼ਲਾਈਨ' ਨੇ ਉਸ ਮੁਲਕ ਵਿਚ ਅਕਲੀਅਤਾਂ (ਘੱਟ-ਗਿਣਤੀਆਂ) ਨਾਲ ਹੁੰਦੇ ਵਿਤਕਰੇ ਅਤੇ ਜ਼ੁਲਮਾਂ ਦੀਆਂ ਕਹਾਣੀਆਂ ਨੂੰ


ਮੁਹੰਮਦ ਅਲੀ ਜਿਨਾਹ

ਦਲੇਰਾਨਾ ਢੰਗ ਨਾਲ ਛਾਪਿਆ ਹੈ। ਇਸ ਦੇ ਅਪਰੈਲ 1995 ਦੇ ਅੰਕ ਵਿਚ 'ਮਜ਼ਹਬ ਦੀ ਕੀਮਤ' ਸਿਰਲੇਖ ਹੇਠ ਤਾਹਿਰ ਮਹਿਦੀ ਤੇ ਮੁਦੱਸਰ ਰਿਜ਼ਵੀ ਵੱਲੋਂ ਲਿਖੀ ਰਿਪੋਰਟ ਛਪੀ ਸੀ ਜਿਸ ਨੇ ਪਹਿਲੀ ਵਾਰ ਪਾਕਿਸਤਾਨੀ ਹਿੰਦੂਆਂ ਨਾਲ ਹੁੰਦੇ ਸਲੂਕ ਨੂੰ ਜੱਗ-ਜ਼ਾਹਿਰ ਕੀਤਾ ਸੀ। ਪਿਛਲੇ ਸਾਲ ਇਸ ਨੇ ਉਮਰਕੋਟ (ਸਿੰਧ) ਵਿਚ ਕਥਿਤ ਕੁਫ਼ਰ ਤੋਲਣ ਤੋਂ ਹੋਏ ਹਿੰਦੂ-ਵਿਰੋਧੀ ਫਸਾਦਾਂ ਦੀ ਦਾਸਤਾਂ ਪ੍ਰਕਾਸ਼ਿਤ ਕੀਤੀ। (ਉਮਰਕੋਟ ਉਹ ਥਾਂ ਹੈ ਜਿੱਥੇ ਸ਼ੇਰਸ਼ਾਹ ਸੂਰੀ ਤੋਂ ਹਾਰੇ ਹਮਾਯੂੰ ਨੂੰ ਹਿੰਦੂ ਰਾਜੇ ਨੇ ਪਨਾਹ ਦਿੱਤੀ ਅਤੇ ਜਿੱਥੇ ਹਮਾਯੂੰ ਦੀ ਹਾਮਲਾ ਪਤਨੀ ਹਮੀਦਾ ਨੇ ਅਕਬਰ ਨੂੰ ਜਨਮ ਦਿੱਤਾ ਸੀ।) ਇਸ ਸ਼ਹਿਰ ਵਿਚ ਹਿੰਦੂ ਵੱਡੀ ਗਿਣਤੀ ਵਿਚ ਵਸੇ ਹੋਏ ਹਨ। 11 ਮਾਰਚ ਨੂੰ ਇਹ ਗੱਲ ਫੈਲ ਗਈ ਕਿ ਡਾ. ਰਬ ਨਵਾਜ਼ ਕੁੰਭੜ ਚੌਕ ਦੇ ਨੇੜੇ ਸੜਕ ਉਤੇ ਕਿਸੇ ਨੇ ਪੈਗੰਬਰ ਦਾ ਨਾਂ ਲਿਖ ਦਿੱਤਾ ਹੈ। ਚਸ਼ਮਦੀਦ ਗਵਾਹਾਂ ਨੇ ਬਾਅਦ ਵਿਚ ਮੰਨਿਆ ਕਿ ਸੜਕ 'ਤੇ ਇਹ ਪੜ੍ਹਨਾ ਮੁਸ਼ਕਲ ਸੀ, ਮਨੋਜ ਸ਼ਬਦ ਲਿਖਿਆ ਹੋਇਆ ਹੈ ਜਾਂ ਮੁਹੰਮਦ ਪਰ ਗੱਲ ਫੈਲਦਿਆਂ ਹੀ ਪੈਗੰਬਰ ਦੀ ਤੌਹੀਨ ਦੇ ਖਿਲਾਫ਼ ਦੰਗੇ ਭੜਕ ਉਠੇ। ਨਿਸ਼ਾਨਾ ਹਿੰਦੂਆਂ ਨੂੰ ਬਣਾਇਆ ਗਿਆ। ਸੂਬਾ ਸਿੰਧ ਵਿਚ ਹਿੰਦੂਆਂ ਨਾਲ ਸੀਨਾਜ਼ੋਰੀ ਦੀਆਂ ਰਿਪੋਰਟਾਂ ਪਾਕਿਸਤਾਨੀ ਅੰਗਰੇਜ਼ੀ ਅਖ਼ਬਾਰਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ। ਸਭ ਤੋਂ ਘਿਨਾਉਣਾ ਢੰਗ ਹੈ ਹਿੰਦੂ ਕੁੜੀਆਂ ਜਾਂ ਔਰਤਾਂ ਨੂੰ ਅਗਵਾ ਕਰ ਲੈਣਾ, ਫਿਰ ਉਨ੍ਹਾਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨਾਲ ਨਿਕਾਹ ਕਰ ਲੈਣਾ। ਪੁਲਿਸ ਇਨ੍ਹਾਂ ਮਾਮਲਿਆਂ ਨੂੰ ਕੁੜੀਆਂ ਵੱਲੋਂ ਮੁਸਲਿਮ ਮੁੰਡਿਆਂ ਨਾਲ ਵਿਆਹ ਖਾਤਰ ਖ਼ੁਦ-ਬਖ਼ੁਦ ਉਧਲ ਜਾਣ ਦੀ ਰੰਗਤ ਦੇ ਕੇ ਰਫ਼ਾ-ਦਫ਼ਾ ਕਰ ਦਿੰਦੀ ਹੈ। ਦਰਅਸਲ, ਮੁਸਲਮਾਨਾਂ ਨਾਲ ਝਗੜੇ ਦੇ ਬਹੁਤੇ ਕੇਸਾਂ ਵਿਚ ਹਿੰਦੂ ਆਪਣਾ ਬਚਾਅ ਮਜ਼ਹਬ-ਬਦਲੀ ਲਈ ਰਾਜ਼ੀ ਹੋ ਕੇ ਕਰਦੇ ਆਏ ਹਨ।

ਜਨਰਲ ਜ਼ਿਆ ਅਜਿਹੀਆਂ ਜ਼ਿਆਦਤੀਆਂ ਨੂੰ ਦਰੁਸਤ ਮੰਨਿਆ ਕਰਦਾ ਸੀ। ਜ਼ਿਆ ਅਕਸਰ ਹੀ ਇਹ ਗੱਲ ਜ਼ੋਰ ਦੇ ਕੇ ਕਿਹਾ ਕਰਦਾ ਸੀ (ਅਤੇ ਉਸ ਨੇ ਇਸ ਲੇਖਕ ਨਾਲ ਮੁਲਾਕਾਤਾਂ ਵਿਚ ਵੀ ਇਹੋ ਕੀਤਾ) ਕਿ ਪਾਕਿਸਤਾਨ ਤੇ ਇਜ਼ਰਾਈਲ ਦੁਨੀਆਂ ਦੇ ਸਿਰਫ਼ ਦੋ ਅਜਿਹੇ ਮੁਲਕ ਹੈ ਜਿਨ੍ਹਾਂ ਦੀ ਪੈਦਾਇਸ਼ ਹੀ ਮਜ਼ਹਬ ਦੀ ਹਿਫ਼ਾਜ਼ਤ ਕਰਨ ਲਈ ਕੀਤੀ ਗਈ। ਉਹ ਕਾਇਦੇ ਆਜ਼ਮ (ਮੁਹੰਮਦ ਅਲੀ ਜਿਨਾਹ) ਦੇ ਸੈਕੂਲਰ ਪਾਕਿਸਤਾਨ ਦੇ ਸੰਕਲਪ ਨੂੰ ਬੇਲੋੜਾ ਦੱਸਦਾ ਸੀ। ਉਸ ਦਾ ਕਹਿਣਾ ਸੀ ਕਿ ਪਾਕਿਸਤਾਨ ਦਾ ਵਜੂਦ ਹੀ ਉਦੋਂ ਤਕ ਰਹੇਗਾ ਜਦੋਂ ਤਕ ਇਹ ਨਿਜ਼ਾਮ-ਏ-ਮੁਸਤਫ਼ਾ (ਪੈਗੰਬਰ ਦੀ ਹਕੂਮਤ) ਭਾਵ ਖਾਲਸ ਇਸਲਾਮੀ ਮੁਲਕ ਹੈ।...ਜ਼ਿਆ ਖ਼ੁਦ ਨੂੰ ਕੱਟੜਪੰਥੀ ਮੰਨਣ ਤੋਂ ਇਨਕਾਰੀ ਸੀ। ਉਸ ਦਾ ਕਹਿਣਾ ਸੀ ਕਿ ਉਹ ਇਸਲਾਮੀ ਜੀਵਨ-ਜਾਚ ਦਾ ਪਾਬੰਦ ਹੈ ਅਤੇ ਹਕੂਮਤ ਦਾ ਸਰਬਰਾਹ ਹੋਣ ਦੇ ਨਾਤੇ ਉਸ ਦਾ ਇਹ ਮੁਕੱਦਸ ਫਰਜ਼ ਹੈ ਕਿ ਉਹ ਸ਼ਰ੍ਹਾ ਮੁਤਾਬਕ ਹਕੂਮਤੀ ਨਿਜ਼ਾਮ ਚਲਾਏ। ਉਹ ਅਕਸਰ ਸੋਚਿਆ ਕਰਦਾ ਸੀ ਕਿ ਉਸ ਵੱਲੋਂ ਚਲਾਈ 'ਸ਼ੁੱਧੀਕਰਨ' ਮੁਹਿੰਮ ਦਾ ਉਸ ਦੀ ਮੌਤ ਮਗਰੋਂ ਕੀ ਬਣੇਗਾ? ਇਹੀ ਸੋਚ ਕੇ ਕਈ ਵਾਰ ਉਹ ਝੂਰਦਾ ਵੀ ਸੀ। ਇਕ ਹੱਦ ਤਕ ਉਸ ਦੀ ਨਿਰਾਸ਼ਾ ਸਹੀ ਵੀ ਸੀ।


ਜਨਰਲ ਜ਼ਿਆ-ਉਲ-ਹੱਕ

ਉਸ ਦੀ ਮੌਤ ਤੋਂ ਡੇਢ ਦਹਾਕਾ ਬਾਅਦ 2006 ਵਿਚ (ਇਕ ਹੋਰ ਫੌਜੀ ਹੁਕਮਰਾਨ) ਪਰਵੇਜ਼ ਮੁਹੰਮਦ ਨੇ ਜ਼ਿਆ ਵਾਲੇ ਹਦੂਦ ਆਰਡੀਨੈਂਸ ਰੱਦ ਕਰ ਦਿੱਤੇ ਅਤੇ ਫਿਰ 2009 ਵਿਚ ਫੈਡਰਲ ਸ਼ਰੀਅਤ ਅਦਾਲਤ ਨੇ ਸ਼ਰਾਬ ਪੀਣ ਨੂੰ ਮਾਮੂਲੀ ਜੁਰਮ ਕਰਾਰ ਦੇ ਕੇ ਇਸ ਜੁਰਮ ਲਈ ਸਜ਼ਾ 80 ਕੋੜਿਆਂ ਦੀ ਥਾਂ ਖਜੂਰ ਦੇ ਪੱਤਿਆਂ ਨਾਲ ਅੱਠ ਛਮਕਾਂ ਮਾਰਨ ਤਕ ਸੀਮਤ ਕਰ ਦਿੱਤੀ।

ਜ਼ਿਆ ਦੀਆਂ 'ਸ਼ੁੱਧਤਾਵਾਦੀ' ਜ਼ਿਆਦਤੀਆਂ ਵਿਚ ਅਜਿਹੀਆਂ ਸੁਧਾਈਆਂ ਕਰਨ ਦੇ ਬਾਵਜੂਦ ਨਾ ਤਾਂ ਬੇਨਜ਼ੀਰ ਭੁੱਟੋ ਅਤੇ ਨਾ ਹੀ ਪਰਵੇਜ਼ ਮੁਸ਼ੱਰਫ, ਇਸਲਾਮੀ ਮੁਲਕ ਦੇ ਜ਼ਿਆ-ਉਲ-ਹੱਕੀ ਖਾਕੇ ਵਿਚ ਬਹੁਤੀ ਤਬਦੀਲੀ ਲਿਆਉਣ ਦੀ ਜੁਰਅੱਤ ਜੁਟਾ ਸਕੇ।... ਦੂਜੇ ਪਾਸੇ ਨਵਾਜ਼ ਸ਼ਰੀਫ ਜੋ ਬੇਨਜ਼ੀਰ ਦੀ ਵਜ਼ੀਰੇ ਆਜ਼ਮ ਵਜੋਂ ਛੁੱਟੀ ਹੋਣ ਮਗਰੋਂ ਪਹਿਲੀ ਵਾਰ ਵਜ਼ੀਰੇ ਆਜ਼ਮ ਬਣਿਆ, ਨੇ ਜ਼ਿਆ ਦੀ ਵਿਰਾਸਤ ਨੂੰ ਅੱਗੇ ਲਿਜਾਣ ਦੇ ਯਤਨ ਇਸ ਹੱਦ ਤਕ ਕੀਤੇ ਕਿ ਖ਼ੁਦ ਨੂੰ ਪਾਕਿਸਤਾਨ ਦੇ ਵਜ਼ੀਰੇ ਆਜ਼ਮ ਦੀ ਥਾਂ 'ਅਮੀਰ' ਦਾ ਰੁਤਬਾ ਹਾਸਲ ਦੇ ਸੁਫ਼ਨੇ ਲੈਣ ਲੱਗਾ। ਉਸ ਨੇ ਸ਼ਰੀਅਤ ਸਖ਼ਤੀ ਨਾਲ ਲਾਗੂ ਕਰਨ ਸਬੰਧੀ ਬਿਲ ਪਾਸ ਕਰਵਾਇਆ ਅਤੇ 8 ਜੂਨ 1991 ਨੂੰ ਇਸ ਨੂੰ ਨੋਟੀਫਾਈ ਕਰਕੇ ਅਮਲੀ ਰੂਪ ਵੀ ਦਿੱਤਾ।

### ਸਿਰਫ਼ ਦੋ ਰਾਹ

ਆਪਣੇ ਡੀ.ਐਨ.ਏ. ਵਿਚ ਨਿਹਿਤ ਵਿਚਾਰਧਾਰਕ ਸੰਕੀਰਣਤਾ ਦੀ ਪ੍ਰਬਲਤਾ ਅਤੇ ਦੇਸ਼ ਨੂੰ ਮੁਸਲਿਮ ਬਹੁਗਿਣਤੀ ਵਾਲੇ ਧਰਮ-ਨਿਰਪੇਖ ਮੁਲਕ ਬਣਾਉਣ ਦੇ ਮੁਹੰਮਦ ਅਲੀ ਜਿਨਾਹ ਦੇ ਸੁਫ਼ਨੇ ਨੂੰ ਸਾਕਾਰ ਨਾ ਕਰ ਸਕਣ ਵਾਲੇ ਸਰਬਰਾਹਾਂ ਦੀਆਂ ਕਮਜ਼ੋਰੀਆਂ ਨੇ ਪਾਕਿਸਤਾਨ ਨੂੰ ਅਜਿਹੇ ਮੁਲਕ ਵਿਚ ਬਦਲ ਦਿੱਤਾ ਹੈ ਜੋ ਨਾ ਤਾਂ ਦਹਿਰੇਵੇਂ ਹੋ ਸਕਦਾ ਹੈ ਅਤੇ ਨਾ ਹੀ ਹਕੂਮਤੀ ਤੇ ਰਾਜਸੀ ਸਥਿਰਤਾ ਹਾਸਲ ਕਰ ਸਕਦਾ ਹੈ। ਤਾਲਿਬਾਨ ਅਤੇ ਉਸ ਦੇ ਮੌਜੂਦਾ ਤੇ ਭਵਿੱਖੀ ਸਾਥੀਆਂ ਤੋਂ ਪਾਕਿਸਤਾਨੀ ਸਟੇਟ ਨੂੰ ਦਰਪੇਸ਼ ਚੁਣੌਤੀਆਂ ਦਾ ਖ਼ਾਤਮ ਹੋਣਾ ਨਾਮੁਮਕਿਨ ਹੈ। ਪਾਕਿਸਤਾਨ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਸਿਰਫ਼ ਉਸ ਹਾਲਤ ਵਿਚ ਕਰ ਸਕਦਾ ਹੈ ਜਦੋਂ ਇਹ ਆਪਣੇ ਬਾਬਾ-ਏ-ਕੌਮ ਮੁਹੰਮਦ ਅਲੀ ਜਿਨਾਹ ਦੇ ਉਦਾਰਵਾਦੀ ਨਿਜ਼ਾਮ ਦੇ ਰਾਹ ਪਰਤ ਆਏ ਅਤੇ ਤਾਲਿਬਾਨ ਤੇ ਉਨ੍ਹਾਂ ਦੇ ਹਮਰਾਹਾਂ ਦੇ ਪਿਤਾਮਾ ਮੌਲਾਨਾ ਮੌਦੂਦੀ ਦੀ ਸੋਚ ਤੇ ਸੂਝ ਨਾਲੋਂ ਨਾਤਾ ਤੋੜ ਲਵੇ। ਜੇਕਰ ਪਾਕਿਸਤਾਨੀ ਆਪਣੇ ਵਤਨ 'ਚ ਮਜ਼ਹਬਪ੍ਰਸਤ ਹਕੂਮਤ ਹਾਵੀ ਹੋਣ ਦੀ ਸੰਭਾਵਨਾ ਤੋਂ ਬਚਣ ਦੀ ਇੱਛਾ ਸ਼ਕਤੀ ਦਾ ਮੁਜ਼ਾਹਰਾ ਨਹੀਂ ਕਰਦੇ ਤਾਂ ਜਿਨਾਹ ਦੀ ਕੌਮ ਨੂੰ ਮੌਜੂਦਪ੍ਰਸਤਾਂ ਦੀ ਕੌਮ ਵਿਚ ਤਬਦੀਲ ਹੋਣ ਤੋਂ ਰੋਕਿਆ ਨਹੀਂ ਜਾ ਸਕੇਗਾ।...ਜੇਕਰ ਪਾਕਿਸਤਾਨ ਆਧੁਨਿਕਤਾ ਦਾ ਰਾਹ ਨਹੀਂ ਲੱਭਦਾ ਤਾਂ ਉਸ ਨੂੰ ਮੱਧ-ਯੁਗੀ ਦਲਦਲ ਵਿਚ ਗ਼ਰਕ ਹੋਣ ਤੋਂ ਰੋਕਿਆ ਨਹੀਂ ਜਾ ਸਕੇਗਾ। ਉਸ ਦੇ ਸਾਹਮਣੇ ਇਹੋ ਦੋ ਰਾਹ ਹਨ। ਕੋਈ ਤੀਜਾ ਬਦਲ ਨਹੀਂ।

# ਜਮਹੂਰੀ ਹੱਕਾਂ ਦੇ ਪ੍ਰਸੰਗ ਵਿਚ ਨਛੱਤਰ ਸਿੰਘ ਰੋਡੇ ਦਾ ਕੇਸ

***'ਪੰਜਾਬ ਟਾਈਮਜ਼' ਦੇ ਕੁਝ ਪਾਠਕਾਂ ਵੱਲੋਂ 'ਹਿੰਦ ਸਮਾਚਾਰ' ਅਖਬਾਰ ਸਮੂਹ ਦੇ ਮੁੱਖ ਸੰਪਾਦਕ ਅਤੇ ਪੰਜਾਬ 'ਚ ਸਾਡੇ ਸਮਿਆਂ ਦੇ ਇਤਿਹਾਸ ਦੇ ਅਤਿ ਵਿਵਾਦਗ੍ਰਸਤ ਬਜ਼ੁਰਗ ਲਾਲਾ ਜਗਤ ਨਰਾਇਣ ਨੂੰ ਪਾਰ ਬੁਲਾਉਣ ਕਰਕੇ ਡੇਢ ਦਹਾਕੇ ਤੋਂ ਵੀ ਵੱਧ ਸਮਾਂ ਜੇਲ੍ਹ ਵਿਚ ਬਿਤਾਉਣ ਵਾਲੇ ਦਰਵੇਸ਼ ਸੱਜਣ ਨਛੱਤਰ ਸਿੰਘ ਰੋਡੇ ਬਾਰੇ ਜਾਣਕਾਰੀ ਛਾਪਣ ਲਈ ਮੰਗ ਕੀਤੀ ਗਈ ਸੀ। ਨਛੱਤਰ ਸਿੰਘ ਰੋਡੇ ਕੁਝ ਸਮਾਂ ਪਹਿਲਾਂ ਸਵਾਸ ਛੱਡ ਗਏ ਸਨ। ਅਸੀਂ ਪਾਠਕਾਂ ਦੀ ਦਿਲਚਸਪੀ ਲਈ ਕਰਮ ਬਰਸਟ ਵੱਲੋਂ ਉਨ੍ਹਾਂ ਦੀ ਰਿਹਾਈ ਦੀ ਵਕਾਲਤ ਲਈ 'ਪੰਜਾਬੀ ਟ੍ਰਿਬਿਊਨ' ਲਈ ਲਿਖਿਆ ਲੇਖ 'ਜਮਹੂਰੀ ਹੱਕਾਂ ਦੇ ਪ੍ਰਸੰਗ ਵਿਚ ਨਛੱਤਰ ਸਿੰਘ ਰੋਡੇ ਦਾ ਕੇਸ' ਛਾਪ ਰਹੇ ਹਾਂ। ਕਰਮ ਬਰਸਟ ਦਾ ਇਹ ਲੇਖ 'ਪੰਜਾਬੀ ਟ੍ਰਿਬਿਊਨ' ਵੱਲੋਂ 2 ਅਗਸਤ 1995 ਨੂੰ ਛਾਪਿਆ ਗਿਆ ਸੀ। ਇਸ ਲੇਖ ਵਿਚ ਉਠਾਏ ਗਏ ਬਹੁਤ ਸਾਰੇ ਨੁਕਤੇ ਅੱਜ ਵੀ ਉਨੇ ਹੀ ਅਰਥਪੂਰਨ ਹਨ। -ਸੰਪਾਦਕ***

**ਕਰਮ ਬਰਸਟ**

ਜਮਹੂਰੀ ਹੱਕਾਂ ਦਾ ਮਸਲਾ ਸ਼ਾਇਦ ਹੀ ਕਿਸੇ ਖਿੱਤੇ ਵਿਚ ਇੰਨਾ ਵਿਵਾਦਗ੍ਰਸਤ ਰਿਹਾ ਹੋਵੇ, ਜਿੰਨਾ ਪੰਜਾਬ ਵਿਚ ਰਿਹਾ ਹੈ। ਇਥੇ ਤਿੰਨ ਪਾਟਵੇਂ ਰੁਝਾਨ ਪ੍ਰਤੱਖ ਦਿਖਾਈ ਦਿੰਦੇ ਹਨ। ਪਹਿਲਾ, ਸਰਕਾਰੀ ਪਰਜਾਤੰਤਰ, ਰਾਜਸੱਤਾ, ਹਿੰਦੂ ਫ਼ਿਰਕਾਪ੍ਰਸਤ ਸ਼ਕਤੀਆਂ ਅਤੇ ਸਰਕਾਰੀ ਕਮਿਊਨਿਸਟਾਂ ਦਾ ਪੈਂਤੜਾ ਹੈ ਕਿ ਖ਼ਾਲਿਸਤਾਨੀ ਲਹਿਰ ਨਾਲ ਸਬੰਧਤ ਵਿਅਕਤੀਆਂ ਨੂੰ ਕਿਸੇ ਵੀ ਕਿਸਮ ਦਾ ਕੋਈ ਜਮਹੂਰੀ ਹੱਕ ਨਹੀਂ ਹੈ। ਉਨ੍ਹਾਂ ਨੂੰ ਬਿਨਾ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਵਰ੍ਹਿਆਂਬੱਧੀ ਬੰਦ ਰੱਖਿਆ ਜਾ ਸਕਦਾ ਹੈ ਅਤੇ ਲੋੜ ਪਵੇ ਤਾਂ ਬਿਨਾ ਕਿਸੇ ਕਾਨੂੰਨੀ ਚਾਰਾਜੋਈ ਤੋਂ ਝੂਠੇ-ਸੱਚੇ ਪੁਲੀਸ ਮੁਕਾਬਲਿਆਂ ਵਿਚ ਖ਼ਤਮ ਕੀਤਾ ਜਾ ਸਕਦਾ ਹੈ। ਇਹ ਰੁਝਾਨ ਸਟੇਟ ਮਸ਼ੀਨਰੀ ਨੂੰ ਫਾਸ਼ੀਵਾਦੀ ਤੌਰ ਤਰੀਕੇ ਅਪਨਾਉਣ ਦਾ ਸਰਟੀਫਿਕੇਟ ਦੇ ਦਿੰਦਾ ਹੈ।

ਦੂਜਾ ਰੁਝਾਨ ਪੰਜਾਬ ਮਨੁੱਖ ਅਧਿਕਾਰ ਜਥੇਬੰਦੀ ਅਤੇ ਇਹਦੀਆਂ ਹੋਰ ਫਾਕਾਂ ਦਾ ਹੈ ਕਿ ਉਹ ਸਿਰਫ ਖ਼ਾਲਿਸਤਾਨੀ ਲਹਿਰ ਵਿਚ ਸ਼ਾਮਲ ਹੋਏ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਉਪਰ ਹੋਏ ਜ਼ੁਲਮਾਂ ਦੀ ਦੁਹਾਈ ਤਾਂ ਦਿੰਦੀਆਂ ਹਨ ਪਰ ਇਸ ਲਹਿਰ ਦੇ ਕਾਰਿੰਦਿਆਂ ਵਲੋਂ ਬੇਗੁਨਾਹ ਲੋਕਾਂ ਦੇ ਕੀਤੇ ਕਤਲਾਂ, ਬੰਦੂਕ ਦੀ ਨਾਲੀ ਨਾਲ ਵਿਰੋਧੀ ਵਿਚਾਰਾਂ ਦੀ ਜ਼ੁਬਾਨਬੰਦੀ ਕਰਨ ਆਦਿ ਵੱਲ ਕੋਈ ਤਵੱਜੋਂ ਨਹੀਂ ਦਿੰਦੀਆਂ ਜਾਂ ਉਨ੍ਹਾਂ ਕਾਰਿੰਦਿਆਂ ਦੇ ਅਜਿਹੇ ਕਾਰਿਆਂ ਨੂੰ ਸਰਕਾਰੀ ਏਜੰਸੀਆਂ ਦੇ ਸਿਰ ਮੜ੍ਹ ਕੇ ਪੱਲਾ ਛੁਡਾ ਲੈਂਦੀਆਂ ਹਨ।

ਇਹ ਦੋਵੇਂ ਰੁਝਾਨ ਇਕਪਾਸੜ ਹਨ ਅਤੇ ਕਿਸੇ ਨਾ ਕਿਸੇ ਰੂਪ ਵਿਚ ਤੁਅੱਸਬੀ ਜ਼ਹਿਨੀਅਤ ਦਾ ਇਜ਼ਹਾਰ ਕਰਦੇ ਹਨ। ਅਜਿਹੇ ਹਾਲਾਤ ਵਿਚ ਜਮਹੂਰੀ ਹੱਕਾਂ ਬਾਬਤ ਸੰਤੁਲਤ ਪਹੁੰਚ ਨੂੰ ਦਰਸਾਉਂਦਾ ਤੀਜਾ ਰੁਝਾਨ ਜਮਹੂਰੀ ਅਧਿਕਾਰ ਸਭਾ, ਪੰਜਾਬ ਦਾ ਰਿਹਾ ਹੈ ਪਰ ਇਹ ਰੁਝਾਨ ਠੀਕ ਹੁੰਦਿਆਂ ਹੋਇਆਂ ਵੀ ਕਮਜ਼ੋਰ ਹਾਲਤ ਵਿਚ ਰਿਹਾ ਹੈ। ਇਹ ਰੁਝਾਨ ਖ਼ਾਲਿਸਤਾਨੀ ਦਹਿਸ਼ਤਗਰਦੀ ਅਤੇ ਹਕੂਮਤੀ ਦਹਿਸ਼ਤਗਰਦੀ ਨੂੰ ਬਰਾਬਰ ਦੀਆਂ ਦੋਸ਼ੀ ਮੰਨਣ ਦਾ ਹੈ, ਭਾਵੇਂ ਜਮਹੂਰੀ ਹੱਕਾਂ ਦੀ ਇਸ ਜਥੇਬੰਦੀ ਵਿਚ ਵੀ ਅਲੱਗ-ਅਲੱਗ ਖੇਤਰਾਂ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲੀਆਂ ਉਪਰੋਕਤ ਦੋਵੇਂ ਸ਼ਕਤੀਆਂ ਵਿਚੋਂ ਮੁੱਖ ਦੋਸ਼ੀ ਟਿਕਣ ਵਿਚ ਵਖਰੇਵੇਂ ਦਿਖਾਈ ਦਿੰਦੇ ਰਹੇ ਹਨ। ਮੋਟੇ ਤੌਰ 'ਤੇ ਇਹ ਲੇਖਕ, ਇਸ ਤੀਜੇ ਰੁਝਾਨ ਦੀ ਪੈਰਵੀ ਕਰਦਾ ਹੈ। ਇਸੇ ਵਿਚਾਰ ਦੀ ਰੌਸ਼ਨੀ ਵਿਚ ਸਾਨੂੰ ਪਿਛਲੇ ਡੇਢ ਦਹਾਕੇ ਵਿਚ ਵਾਪਰੇ ਘਟਨਕ੍ਰਮਾਂ ਦੇ ਸਿੱਟੇ ਵਜੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੇ ਜਾਂ ਹੋਰ ਸਪਸ਼ਟਤਾ ਨਾਲ ਕਿਹਾ ਜਾਵੇ ਕਿ ਸਿਆਸੀ ਕੈਦੀਆਂ/ਕਾਤਲਾਂ ਦੇ ਕੇਸਾਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਕਿਸੇ ਵੀ ਸਿਆਸੀ ਕੈਦੀ/ਕਾਤਲ ਦਾ ਕੇਸ ਲਿਆ ਜਾ ਸਕਦਾ ਹੈ। ਮਿਸਾਲ ਵਜੋਂ ਅਸੀਂ ਨਛੱਤਰ ਸਿੰਘ ਰੋਡੇ ਦਾ ਕੇਸ ਲੈ ਸਕਦੇ ਹਾਂ। ਇਹ ਕੇਸ ਲੈਣ ਦੀ ਇਕ ਵਜ੍ਹਾ ਇਹ ਵੀ ਹੈ ਕਿ ਉਹ ਇਸ ਲਹਿਰ ਦਾ ਪਹਿਲਾ ਸਿਆਸੀ ਕਾਤਲ ਵੀ ਹੈ।

ਨਛੱਤਰ ਸਿੰਘ ਰੋਡੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਗਰਾਈਂ ਹੈ ਅਤੇ ਉਨ੍ਹਾਂ ਨੌਜਵਾਨਾਂ ਦੇ ਪਹਿਲੇ ਪੂਰ ਵਿਚੋਂ ਹੈ ਜੋ ਸੰਤਾਂ ਦੇ ਪ੍ਰਭਾਵ ਹੇਠਾਂ ਆ ਕੇ ਹਥਿਆਰਬੰਦ ਕਾਰਵਾਈਆਂ ਵਿਚ ਸ਼ਾਮਲ ਹੋਏ। ਇਸ ਲੇਖ ਵਿਚ ਭਾਵੇਂ ਸੰਤ ਜਰਨੈਲ ਸਿੰਘ ਦੀ ਵਿਚਾਰਧਾਰਾ ਬਾਰੇ ਚਰਚਾ ਕਰਨ ਦੀ ਬਹੁਤੀ ਗੁੰਜਾਇਸ਼ ਨਹੀਂ, ਫਿਰ ਵੀ ਇੰਨਾ ਕੁ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਭਾਰਤੀ ਰਾਜ ਹਿੰਦੂ (ਬ੍ਰਾਹਮਣਵਾਦੀ) ਰਾਜ ਹੈ। ਇਹਦੇ ਵਿਚ ਸਿੱਖਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਲਈ ਵੱਖਰੇ ਸਿੱਖ ਰਾਜ ਦੀ ਲੋੜ ਹੈ। ਸੰਕਲਪ ਦੇ ਤੌਰ 'ਤੇ ਅਜਿਹੇ ਰਾਜ ਦਾ ਤਸੱਵਰ ਹੀ ਪਹਿਲਾਂ ਕਦੇ ਸਿੱਖ ਹੋਮਲੈਂਡ, ਸਿੱਖ ਰਾਜ, ਖਾਲਸਾ ਰਾਜ ਅਤੇ ਖ਼ਾਲਿਸਤਾਨ ਦੇ ਨਾਂਵਾਂ ਥੱਲੇ ਕੀਤਾ ਜਾਣ ਲੱਗ ਪਿਆ ਸੀ। ਇਸ ਲਈ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹਰ ਉਸ ਵਿਚਾਰ, ਸੰਸਥਾ ਅਤੇ ਵਿਅਕਤੀ ਦੀ ਵਿਰੋਧਤਾ (ਸੋਧਾ ਲਾਉਣਾ) ਜ਼ਰੂਰੀ ਸੀ, ਜੋ ਇਹਦੇ ਰਾਹ ਵਿਚ ਰੋੜਾ ਬਣਦੀ ਹੋਵੇ। ਅਜਿਹੀ ਹੀ ਇਕ 'ਸੰਸਥਾ' ਜਲੰਧਰ ਦੀ ਮਹਾਸ਼ਾ ਪ੍ਰੈਸ ਅਤੇ ਖਾਸ ਕਰਕੇ ਇਹਦਾ ਮੁੱਖ ਬੁਲਾਰਾ ਲਾਲਾ ਜਗਤ ਨਰਾਇਣ ਸੀ ਜੋ ਸੰਤਾਂ ਦੀ ਕਥਿਤ ਹਿੱਟ ਲਿਸਟ ਵਿਚ ਮੋਹਰੀ ਸੀ। ਸੋ, 9 ਸਤੰਬਰ 1981 ਨੂੰ ਲੁਧਿਆਣਾ-ਜਲੰਧਰ ਵਿਚਕਾਰ, ਜਰਨੈਲੀ ਸੜਕ 'ਤੇ ਲਾਲਾ ਜਗਤ ਨਰਾਇਣ ਨੂੰ 'ਸੋਧ' ਦਿੱਤਾ ਗਿਆ। ਕਤਲ ਕਰਕੇ ਭੱਜ ਰਹੇ ਵਿਅਕਤੀਆਂ 'ਚੋਂ ਫੜੇ ਗਏ ਇਕ ਨੂੰ ਹੀ ਨਛੱਤਰ ਸਿੰਘ ਰੋਡੇ ਕਿਹਾ ਜਾਂਦਾ ਹੈ। ਉਹ ਅਸਲ ਵਿਚ ਲਾਲਾ ਜੀ ਦਾ ਕਾਤਲ ਸੀ ਜਾਂ ਨਹੀਂ, ਇਹਦੇ ਬਾਰੇ ਲੋਕਾਂ ਵਿਚ ਮਤਭੇਦ ਹਨ, ਪਰ ਅਦਾਲਤਾਂ ਨੇ ਉਸ ਨੂੰ ਕਾਤਲ ਮੰਨ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਹੋਈ ਹੈ ਅਤੇ ਉਹ ਇਸ ਵੇਲੇ ਸੰਗਰੂਰ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ।



*ਨਛੱਤਰ ਸਿੰਘ ਰੋਡੇ*

ਵਿਚਾਰਧਾਰਾ ਦੀ ਪੱਧਰ 'ਤੇ ਨਾ ਹੀ ਲਾਲਾ ਜਗਤ ਨਰਾਇਣ ਨਾਲ ਅਤੇ ਨਾ ਹੀ ਨਛੱਤਰ ਸਿੰਘ ਰੋਡੇ ਨਾਲ ਇਸ ਲੇਖਕ ਦੀ ਕੋਈ ਹਮਦਰਦੀ ਹੈ, ਕਿਉਂਕਿ ਉਹ ਦੋਵੇਂ ਹੀ ਫ਼ਿਰਕੂ ਸਿਆਸਤ ਦੇ ਪ੍ਰਤੀਨਿਧ ਸਨ। ਲਾਲਾ ਜਗਤ ਨਰਾਇਣ, ਜੋ ਲਗਭਗ ਅੱਧੀ ਸਦੀ ਹਿੰਦੂ ਫ਼ਿਰਕਾਪ੍ਰਸਤ ਸਿਆਸਤ ਦੇ ਬੀਜ ਬੀਜਦਾ ਰਿਹਾ ਸੀ, ਉਹਦੀ ਫ਼ਸਲ ਇਕ ਦਿਨ ਵੱਢਣੀ ਹੀ ਪੈਣੀ ਸੀ ਕਿਉਂਕਿ ਫ਼ਿਰਕੂ ਸਿਆਸਤ ਅੰਤਮ ਤੌਰ 'ਤੇ ਬਗਾਵਤ ਦੀ ਫ਼ਿਰਕਾਪ੍ਰਸਤੀ ਦੇ ਪੈਦਾ ਹੋਣ ਅਤੇ ਮਜ਼ਬੂਤ ਹੋਣ ਦਾ ਆਧਾਰ ਵੀ ਬਹੁਗਿਣਤੀ ਹਿੰਦੂ ਧਰਮ ਦੀ ਫ਼ਿਰਕਾਪ੍ਰਸਤੀ ਹੀ ਸੀ ਅਤੇ ਅੱਜ ਵੀ ਹੈ। ਉਂਜ, ਮੇਰਾ ਇਹ ਅਕੀਦਾ ਹੈ ਕਿ ਫ਼ਿਰਕਾਪ੍ਰਸਤ ਸਿਆਸਤ ਨੂੰ ਕੁਝ ਵਿਅਕਤੀਆਂ ਦੇ ਕਤਲ ਕਰਕੇ ਜਾਂ ਇਕ ਤਰ੍ਹਾਂ ਦੀ ਫ਼ਿਰਕਾਪ੍ਰਸਤੀ ਦਾ ਮੁਕਾਬਲਾ ਦੂਸਰੀ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਵਰਤ ਕੇ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਲਾਲਾ ਜਗਤ ਨਰਾਇਣ ਦੇ ਕਤਲ ਨਾਲ ਨਾ ਤਾਂ ਹਿੰਦੂ ਫ਼ਿਰਕਾਪ੍ਰਸਤੀ ਨੇ ਖ਼ਤਮ ਹੋਣਾ ਸੀ, ਨਾ ਇਹ ਹੋਈ; ਕਿਉਂਕਿ ਕਿਸੇ ਵੀ ਵਿਚਾਰਧਾਰਾ ਦਾ ਜਨਮ ਲੈਣਾ ਜਾਂ ਫੈਲਣਾ ਕੁਝ ਖਾਸ ਵਿਅਕਤੀਆਂ ਕਰਕੇ ਨਹੀਂ ਬਲਕਿ ਸਮਾਜਿਕ ਵਿਕਾਸ ਅਤੇ ਅਜਿਹੇ ਵਿਕਾਸ ਵਿਚ ਕੰਮ ਕਰਦੀਆਂ ਵੱਖ-ਵੱਖ ਸ਼ਕਤੀਆਂ ਦੀ ਹੋਂਦ ਅਤੇ ਟਕਰਾਓ ਵਿਚੋਂ ਹੁੰਦਾ ਹੈ।

ਸੋ, ਲਾਲਾ ਜਗਤ ਨਰਾਇਣ ਦਾ ਕਤਲ ਉਕਾ ਹੀ ਬੇਲੋੜਾ ਸੀ ਅਤੇ ਇਹ ਇਕ ਧਿਰ ਵੱਲੋਂ ਦੂਜੀ ਦੇ ਵਿਚਾਰਾਂ ਨੂੰ ਕੁਚਲਣ, ਉਸ ਦੇ ਲਿਖਣ-ਬੋਲਣ ਦੇ ਜਮਹੂਰੀ ਹੱਕ ਨੂੰ ਖੋਹਣਾ ਸੀ। ਨਛੱਤਰ ਸਿੰਘ ਰੋਡੇ ਨੂੰ ਇਸ ਦੀ ਸਜ਼ਾ ਮਿਲਣੀ ਹੀ ਚਾਹੀਦੀ ਸੀ, ਸੋ ਮਿਲੀ ਵੀ ਅਤੇ ਜਿਸ ਨੂੰ ਉਹ ਭੁਗਤ ਚੁੱਕਿਆ ਹੈ। ਹੁਣ ਸਵਾਲ ਇਹ ਹੈ ਕਿ ਫਿਰ ਰੌਲਾ ਕਾਹਦਾ ਹੈ? ਰੌਲਾ ਇਹ ਹੈ ਕਿ ਨੱਛਤਰ ਸਿੰਘ ਰੋਡੇ ਦਾ ਕੇਸ ਸਾਧਾਰਨ ਨਹੀਂ ਸਮਝਣਾ ਚਾਹੀਦਾ, ਕਿਉਂਕਿ ਉਹਦੀ ਲਾਲਾ ਜਗਤ ਨਰਾਇਣ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ, ਨਾ ਉਹਨੇ ਕੋਈ ਜ਼ਮੀਨ ਵੰਡਣੀ ਸੀ, ਨਾ ਉਹਦੇ ਅਖਬਾਰ ਵਿਚ ਸੰਪਾਦਕ ਬਣਨਾ ਸੀ। ਇਹ ਸਿਆਸੀ ਕਤਲ ਸੀ ਅਤੇ ਰੋਡੇ ਨੂੰ ਉਮਰ ਕੈਦ ਜਿਹੀ ਲੰਮੀ ਸਜ਼ਾ ਦੇਣ ਤੋਂ ਪਹਿਲਾਂ, ਇਸ ਕੇਸ ਦੇ ਸਮਾਜਿਕ ਕਾਰਨਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਸੀ। ਇਹ ਲੋੜ ਅੱਜ ਵੀ ਖ਼ਤਮ ਨਹੀਂ ਹੋਈ।

ਜਾਤਾਂ, ਧਰਮਾਂ, ਸ਼੍ਰੇਣੀਆਂ ਵਿਚ ਵੰਡੇ ਸਮਾਜ ਵਿਚ ਕਿਸੇ ਨਾ ਕਿਸੇ ਕਿਸਮ ਦੇ ਤਣਾਓ ਉਭਰਦੇ ਹੀ ਰਹਿੰਦੇ ਹਨ ਅਤੇ ਸਿੱਟੇ ਵਜੋਂ ਸਿਆਸੀ ਕਤਲ ਵੀ ਹੁੰਦੇ ਰਹਿਣੇ ਹਨ। ਸਵਾਲ ਹੈ ਕਿ ਅਜਿਹੇ ਕੇਸਾਂ ਦਾ ਨਿਬੇੜਾ ਕਿਵੇਂ ਹੋਵੇ? ਕੀ ਇਨ੍ਹਾਂ ਦਾ ਨਿਬੇੜਾ, ਅਜਿਹੀ ਰਿਆਸਤ ਦੇ ਸਿਰ ਛੱਡਿਆ ਜਾ ਸਕਦਾ ਹੈ, ਜੋ ਖੁਦ ਸਿਰ ਤੋਂ ਪੈਰਾਂ ਤੱਕ ਲੁੱਟ ਅਤੇ ਜਬਰ ਨੂੰ ਪ੍ਰਣਾਈ ਹੋਈ ਹੈ, ਇਕ ਅਜਿਹੀ ਰਿਆਸਤ ਜੋ ਖੁਦ ਮਸਲੇ ਖੜ੍ਹੇ ਕਰਦੀ ਹੈ, ਉਨ੍ਹਾਂ ਨੂੰ ਵਧਣ-ਫੁਲਣ ਦੇ ਮੌਕੇ ਦਿੰਦੀ ਹੈ ਅਤੇ ਅੰਤ ਵਿਚ ਆਪਣੀਆਂ ਗਰਜ਼ਾਂ ਲਈ ਹੀ ਉਨ੍ਹਾਂ ਮਸਲਿਆਂ ਉਤੇ ਉਠੀਆਂ ਲਹਿਰਾਂ ਨੂੰ ਦਬਾ ਦਿੰਦੀ ਹੈ। ਕੀ ਖ਼ਾਲਿਸਤਾਨ ਦਾ ਮਸਲਾ ਅਤੇ ਲਹਿਰ ਅਜਿਹੀ ਹੀ ਘਟਨਾ ਨਹੀਂ ਸੀ? ਇਸ ਸਵਾਲ ਨੂੰ ਲੇਖਕਾਂ/ਪਾਠਕਾਂ ਦੀ ਬਹਿਸ ਲਈ ਖੁੱਲ੍ਹਾ ਛੱਡਿਆ ਜਾਂਦਾ ਹੈ।

ਨਛੱਤਰ ਸਿੰਘ ਰੋਡੇ ਦਾ ਕੇਸ ਇਸ ਕਰਕੇ ਮਹੱਤਵਪੂਰਨ ਹੈ ਕਿ ਇਹ ਪਹਿਲਾਂ ਵਰਣਨ ਕੀਤੇ ਹਕੂਮਤੀ ਰੁਝਾਨ, ਕਿ ਕਥਿਤ ਸਮਾਜ ਵਿਰੋਧੀ ਅਨਸਰਾਂ ਦੇ ਕੋਈ ਜਮਹੂਰੀ ਹੱਕ ਨਹੀਂ ਹੁੰਦੇ, ਦੀ ਤਰਜਮਾਨੀ ਕਰਦਾ ਹੈ। ਇਸ ਦੇ ਨਾਲ ਹੀ ਇਹ ਕੇਸ, ਹਕੂਮਤੀ ਮਸ਼ੀਨਰੀ ਦੇ ਪੱਖਪਾਤੀ ਰਵੱਈਏ ਦੀ ਵੀ ਉਘੜਵੀਂ ਮਿਸਾਲ ਹੈ। ਘੱਟ ਗਿਣਤੀਆਂ ਦੀਆਂ ਲਹਿਰਾਂ ਅਤੇ ਲਹਿਰਾਂ ਵਿਚ ਸ਼ਾਮਲ ਵਿਅਕਤੀਆਂ ਵਲੋਂ ਕੀਤੇ ਜੁਰਮਾਂ ਨੂੰ ਕਰੜੇ ਢੰਗਾਂ ਰਾਹੀਂ ਨਜਿੱਠਿਆ ਜਾਂਦਾ ਹੈ ਤਾਂ ਇਸ ਦੇ ਉਲਟ ਬਹੁ ਗਿਣਤੀਆਂ ਦੇ ਪ੍ਰਤੀਨਿਧਾਂ ਵੱਲੋਂ ਕੀਤੇ ਜੁਰਮਾਂ 'ਤੇ ਪਰਦਾ ਪਾਇਆ ਜਾਂਦਾ ਹੈ। 1984 ਦੇ ਦਿੱਲੀ, ਕਾਨਪੁਰ ਅਤੇ ਬੋਕਾਰੋ ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਿਰਫ ਬਚਾਇਆ ਹੀ ਨਹੀਂ ਗਿਆ ਸਗੋਂ ਉਨ੍ਹਾਂ ਨੂੰ ਵਜ਼ਾਰਤ ਵਿਚ ਅਹਿਮ ਥਾਂਵਾਂ ਦੇ ਕੇ ਨਿਵਾਜਿਆ ਵੀ ਗਿਆ ਹੈ। ਬਾਬਰੀ ਮਸਜਿਦ ਢਾਹੁਣ ਵਾਲਿਆਂ ਅਤੇ ਇਹਦੇ ਪ੍ਰਤੀਨਿਧੀਆਂ ਵਲੋਂ ਦਸੰਬਰ ਅਤੇ ਮਾਰਚ 93 ਵਿਚ ਕੀਤੇ ਬੰਬਈ ਬੰਬ ਧਮਾਕਿਆਂ ਵਿਚ ਭਾਰਤੀ ਹਕੂਮਤ ਦਾ ਪੱਖਪਾਤੀ ਰਵੱਈਆ ਉਘੜਦਾ ਹੈ। ਜਦੋਂ ਸ਼ਿਵ ਸੈਨਾ ਦਾ ਮੁਖੀ ਬੰਬਈ ਵਿਚੋਂ ਮੁਸਲਮਾਨਾਂ ਨੂੰ ਲੁੱਟ-ਕੁੱਟ ਕੇ ਕੱਢਣ ਦੀ ਗੱਲ ਕਰਦਾ ਹੈ ਤਾਂ ਉਸ ਵਿਰੁਧ ਕੋਈ ਉਂਗਲ ਵੀ ਨਹੀਂ ਕਰਦਾ, ਪਰ ਸਿਮਰਨਜੀਤ ਸਿੰਘ ਮਾਨ ਨੂੰ ਤੀਜੇ ਦਿਨ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਹਿੰਦੂ ਫ਼ਿਰਕਾਪ੍ਰਸਤਾਂ ਵੱਲ ਨਰਮ ਵਤੀਰਾ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਆਗੂਆਂ ਲਈ ਸਖ਼ਤੀ ਨਾਲ ਪੇਸ਼ ਆਉਣਾ, ਕੀ ਇਹ ਹਕੂਮਤੀ ਰਵੱਈਆ ਭਾਰਤੀ ਰਾਜ ਵਲੋਂ ਅਣਐਲਾਨੇ ਹਿੰਦੂ ਮਜ਼ਹਬੀ ਰਾਜ ਵਿਚ ਬਦਲ ਜਾਣ ਵੱਲ ਇਸ਼ਾਰਾ ਨਹੀਂ ਕਰਦਾ?

ਰੋਡੇ ਅਤੇ ਅਨੇਕਾਂ ਹੋਰ ਸਿੱਖ ਕੈਦੀਆਂ ਦੇ ਕੇਸਾਂ ਵਿਚ ਹਕੂਮਤ ਦੇ ਪੱਖਪਾਤੀ ਰਵੱਈਏ ਦੇ ਹੀ ਦਰਸ਼ਨ ਹੁੰਦੇ ਹਨ। ਸਿਰਫ ਪੰਜਾਬ ਦੇ ਸਿੱਖਾਂ ਨਾਲ ਹੀ ਨਹੀਂ, ਉਤਰ ਪੂਰਬੀ ਰਾਜਾਂ ਵਿਚ ਨਾਗਿਆਂ, ਅਸਾਮੀਆਂ, ਆਂਧਰਾ ਤੇ ਬਿਹਾਰ ਵਿਚ ਨਕਸਲੀ ਕੈਦੀਆਂ ਨਾਲ ਵੀ ਇਹੋ ਸਲੂਕ ਹੋ ਰਿਹਾ ਹੈ, ਜਿੱਥੇ ਸਜ਼ਾ ਭੁਗਤ ਲੈਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ। ਮੁਕਤ ਕਰਨਾ ਤਾਂ ਦੂਰ ਦੀ ਗੱਲ ਹੈ, ਉਨ੍ਹਾਂ ਨੂੰ ਅਖਬਾਰਾਂ ਤਕ ਸਪਲਾਈ ਨਹੀਂ ਹੁੰਦੀਆਂ; ਰਿਸ਼ਤੇਦਾਰਾਂ, ਮਿੱਤਰਾਂ ਤੇ ਸਨੇਹੀਆਂ ਨੂੰ ਮਿਲਣ ਤਕ ਨਹੀਂ ਦਿੱਤਾ ਜਾਂਦਾ। ਨਛੱਤਰ ਸਿੰਘ ਰੋਡੇ ਨੂੰ 25 ਅਗਸਤ, 1983 ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਕਤਲ ਵਿਚ ਉਮਰ ਕੈਦ ਦੋ ਤਰ੍ਹਾਂ ਦੀ ਹੁੰਦੀ ਹੈ। ਜੇਕਰ ਅਦਾਲਤ ਵਲੋਂ ਮੁੱਢ ਵਿਚ ਉਮਰ ਕੈਦ ਦੀ ਸਜ਼ਾ ਹੁੰਦੀ ਹੈ ਤਾਂ ਇਹ 10 ਸਾਲਾਂ ਵਿਚ ਪੂਰੀ ਹੋ ਜਾਂਦੀ ਹੈ। ਜੇਕਰ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਹੋਵੇ ਪਰ ਰਾਸ਼ਟਰਪਤੀ ਰਹਿਮ ਦੀ ਅਪੀਲ ਪ੍ਰਵਾਨ ਕਰਕੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦੇਵੇ ਤਾਂ ਇਹ 14 ਸਾਲਾਂ ਵਿਚ ਪੂਰੀ ਹੋ ਜਾਂਦੀ ਹੈ। ਰੋਡੇ ਨੂੰ ਪਹਿਲੀ ਕਿਸਮ ਦੀ ਸਜ਼ਾ ਹੋਈ ਸੀ ਅਤੇ ਇਹ 8 ਸਤੰਬਰ, 1991 ਨੂੰ ਪੂਰੀ ਹੋ ਚੁੱਕੀ ਹੈ ਪਰ ਅੱਜ ਤਕ ਵੀ ਉਸ ਨੂੰ ਰਿਹਾ ਨਹੀਂ ਕੀਤਾ ਗਿਆ। ਅਜੀਬ ਇਤਫਾਕ ਹੈ ਕਿ ਉਹ 8 ਸਤੰਬਰ 1995 ਨੂੰ 14 ਸਾਲ ਪੂਰੇ ਕਰ ਲਵੇਗਾ ਭਾਵ ਉਮਰ ਕੈਦ ਦੀ ਵੱਧ ਤੋਂ ਵੱਧ ਸਜ਼ਾ। ਕੀ ਪੰਜਾਬ ਸਰਕਾਰ ਉਸ ਨੂੰ ਰਿਹਾ ਕਰ ਦੇਵੇਗੀ? ਇਹ ਵਕਤ ਹੀ ਦੱਸੇਗਾ।

ਇਹ ਕੇਸ ਦੀ ਦੂਸਰੀ ਅਹਿਮ ਗੱਲ ਹੈ ਕਿ ਇਨ੍ਹਾਂ 14 ਸਾਲਾਂ ਵਿਚ ਉਸ ਨੂੰ ਇਕ ਦਿਨ ਲਈ ਵੀ ਪੈਰੋਲ 'ਤੇ ਘਰ ਨਹੀਂ ਭੇਜਿਆ ਗਿਆ। ਜੇਲ੍ਹ ਮੈਨੂਅਲ ਮੁਤਾਬਕ ਹਰ ਉਮਰ ਕੈਦੀ ਨੂੰ ਹਰ ਸਾਲ ਇਕ ਮਹੀਨੇ ਦੀ ਛੁੱਟੀ ਮਿਲਦੀ ਹੈ ਅਤੇ ਤਿੰਨਾਂ ਸਾਲਾਂ ਬਾਅਦ 21 ਦਿਨਾਂ ਦੀ ਵਾਧੂ ਛੁੱਟੀ। ਘੱਟੋ-ਘੱਟ ਅੱਠ ਵਾਰੀ, ਉਸ ਦਾ ਛੁੱਟੀ ਲਈ ਕੇਸ ਜੇਲ੍ਹ ਵਿਭਾਗ ਵੱਲੋਂ ਸਿਫਾਰਸ਼ ਹੋ ਕੇ ਪੰਜਾਬ ਸਰਕਾਰ ਕੋਲ ਭੇਜਿਆ ਜਾ ਚੁੱਕਾ ਹੈ, ਲੇਕਿਨ ਹਰ ਵਾਰੀ ਰੱਦ ਹੋ ਜਾਂਦਾ ਹੈ। ਸਿਤਮਜ਼ਰੀਫੀ ਇਹ ਹੈ ਕਿ ਸੁਰਜੀਤ ਸਿੰਘ ਬਰਨਾਲਾ ਦੀ ਸਿੱਖ (ਅਕਾਲੀ) ਸਰਕਾਰ ਕੋਲ ਵੀ ਰੋਡੇ ਦੀ ਛੁੱਟੀ ਦਾ ਕੇਸ ਦੋ ਵਾਰੀ ਪ੍ਰਵਾਨਗੀ ਲਈ ਗਿਆ ਸੀ, ਫਿਰ ਵੀ ਪਤਾ ਨਹੀਂ ਅਕਾਲੀ ਸਰਕਾਰ ਦੇ ਹੱਥ ਕਿਹੜੀ ਗੈਬੀ ਸ਼ਕਤੀ ਨੇ ਬੰਨ੍ਹੇ ਹੋਏ ਸਨ?

ਰੋਡੇ ਤੋਂ ਬਾਅਦ ਵਾਲੇ, 10 ਸਾਲ ਦੀ ਉਮਰ ਕੈਦ ਕੱਟਣ ਵਾਲੇ ਸਾਰੇ ਕੈਦੀ ਰਿਹਾ ਹੋ ਚੁੱਕੇ ਹਨ। ਫਰਵਰੀ, 1992 ਵਿਚ ਬੇਅੰਤ ਸਿੰਘ ਸਰਕਾਰ ਬਣਨ ਦੀ ਖੁਸ਼ੀ ਵਿਚ 10 ਸਾਲ ਦੀ ਉਮਰ ਕੈਦ ਕੱਟ ਚੁੱਕੇ ਸਾਰੇ ਕੈਦੀ ਰਿਹਾ ਕਰ ਦਿੱਤੇ ਗਏ ਸਨ, ਸਿਵਾਏ ਨਛੱਤਰ ਸਿੰਘ ਰੋਡੇ ਦੇ। ਇਸੇ ਤਰ੍ਹਾਂ 1993 ਅਤੇ 1994 ਵਿਚ ਸੈਂਕੜੇ ਕੈਦੀ ਰਿਹਾ ਕੀਤੇ ਗਏ, ਫਿਰ ਵੀ ਰੋਡੇ ਦੀ ਵਾਰੀ ਨਹੀਂ ਆਈ। ਸਵਾਲ ਹੈ ਕਿ ਇਸ ਵਰਤਾਰੇ ਨੂੰ ਕੀ ਨਾਂ ਦਿੱਤਾ ਜਾਵੇ? ਕੀ ਭਾਰਤ ਵਿਚ ਦੋ ਤਰ੍ਹਾਂ ਦੇ ਕਾਨੂੰਨ ਅਤੇ ਇਨਸਾਫ ਹੈ, ਜੋ ਇਕ ਹੀ ਜੁਰਮ ਵਾਲੇ ਅੱਡ-ਅੱਡ ਬੰਦਿਆਂ ਨਾਲ ਅੱਡ-ਅੱਡ ਸਲੂਕ ਕਰਦਾ ਹੈ, ਉਹ ਵੀ ਬਿਨਾਂ ਸੰਗ-ਸ਼ਰਮ ਦੇ, ਬਿਨਾਂ ਕੋਈ ਕਾਰਨ ਦੱਸਿਆਂ?

ਇਸ ਗੱਲ ਵਿਚ ਕੋਈ ਰੱਟਾ ਹੀ ਨਹੀਂ ਕਿ ਖ਼ਾਲਿਸਤਾਨੀ ਲਹਿਰ ਲੋਕ ਵਿਰੋਧੀ ਸੀ, ਇਹ ਸਮਾਜ ਨੂੰ ਮੱਧਯੁਗੀ ਕਦਰਾਂ-ਕੀਮਤਾਂ ਵੱਲ ਧੱਕਣ ਵਾਲੀ ਸੀ ਪਰ ਜੋ ਨੌਜਵਾਨ ਇਹਦੇ ਵਿਚ ਸ਼ਾਮਲ ਹੋਏ, ਉਨ੍ਹਾਂ ਦਾ ਅਕੀਦਾ ਤਾਂ ਸਿੱਖ ਧਾਰਮਿਕ ਘੱਟ ਗਿਣਤੀ ਦੀ ਮੁਕਤੀ ਕਰਾਉਣਾ ਸੀ। ਇਹ ਇਕ ਵੱਖਰਾ ਸਵਾਲ ਹੈ ਕਿ ਉਹ ਸਮਾਜ ਦੀ ਡਾਇਨੈਮਿਕਸ, ਸਮਾਜ ਵਿਚ ਸ਼ਕਤੀਆਂ ਦੇ ਸਮਤੋਲ ਅਤੇ ਦੋਸਤਾਂ ਤੇ ਦੁਸ਼ਮਣਾਂ ਨੂੰ ਸਮਝਣ ਵਿਚ ਅਸਫਲ ਰਹੇ। ਭਾਵੇਂ ਗਲਤ ਲਹਿਰ ਵਿਚ ਹੀ ਸਹੀ, ਫੇਰ ਵੀ ਉਨ੍ਹਾਂ ਨੇ ਝਾੜਾਂ-ਕਮਾਦਾਂ ਵਿਚ ਤੰਗੀਆਂ ਕੱਟੀਆਂ ਹਨ ਅਤੇ ਸਰਕਾਰੀ ਬੁੱਚੜਖਾਨਿਆਂ ਵਿਚ ਤਸੀਹੇ ਵੀ ਝੱਲੇ ਹਨ। ਆਖਰ ਤਾਂ ਉਹ ਪੰਜਾਬੀ ਕਿਸਾਨਾਂ-ਮਜ਼ਦੂਰਾਂ ਦੇ ਹੀ ਧੀ-ਪੁੱਤ ਹਨ। ਉਨ੍ਹਾਂ ਦਾ ਨਿਸ਼ਾਨਾ ਗਲਤ ਹੋ ਸਕਦਾ ਹੈ, ਨਿਸ਼ਾਨੇ ਨੂੰ ਹਾਸਲ ਕਰਨ ਦੇ ਤੌਰ ਤਰੀਕੇ ਗਲਤ ਹੋ ਸਕਦੇ ਹਨ ਪਰ ਉਨ੍ਹਾਂ ਦੇ ਅਕੀਦੇ ਅਤੇ ਉਸ ਨੂੰ ਜ਼ੁਬਾਨ ਦੇਣ ਦੇ ਜਮਹੂਰੀ ਹੱਕ ਨੂੰ ਸਵੀਕਾਰ ਕਰਨਾ ਹੀ ਚਾਹੀਦਾ ਹੈ।

ਬਹੁਤ ਸਾਰੇ ਬੁੱਧੀਜੀਵੀ ਖ਼ਾਲਿਸਤਾਨੀ ਲਹਿਰ ਪ੍ਰਤੀ ਬਹੁਤ ਜ਼ਿਆਦਾ ਉਲਾਰ (ਨਾਂਹ ਪੱਖੀ) ਰਹੇ ਹਨ ਅਤੇ ਅੱਜ ਵੀ ਹਨ। ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਉਹ ਹਕੂਮਤੀ ਦਹਿਸ਼ਤਗਰਦੀ ਦੇ ਢੰਡੋਰਚੀ ਬਣ ਬੈਠੇ ਹਨ। ਉਹ ਇਸ ਗੱਲ ਨੂੰ ਵਿਸਰ ਗਏ ਕਿ ਰਿਆਸਤ ਅਤੇ ਉਸ ਦੀਆਂ ਸ਼ਕਤੀਆਂ ਹਮੇਸ਼ਾ ਹੀ ਨਿਜੀ ਦਹਿਸ਼ਤਗਰਦੀ ਤੋਂ, ਤੱਤ ਰੂਪ ਵਿਚ, ਵਧੇਰੇ ਜ਼ਾਲਮ ਹੁੰਦੀਆਂ ਹਨ ਕਿਉਂਕਿ ਉਹ ਆਪਣੇ ਕਾਰਨਾਮਿਆਂ ਨੂੰ 'ਦੇਸ਼ ਭਗਤੀ', 'ਦੇਸ਼ ਦੀ ਏਕਤਾ ਤੇ ਅਖੰਡਤਾ', 'ਲੋਕਾਂ ਦੀ ਜਾਨ-ਮਾਲ ਦੀ ਰਾਖੀ', 'ਅਮਨ ਕਾਨੂੰਨ ਦੀ ਬਹਾਲੀ' ਆਦਿ ਦੇ ਝੂਠੇ ਸੰਕਲਪਾਂ ਹੇਠਾਂ ਲੁਕੋ ਲੈਣ ਵਿਚ ਮਾਹਿਰ ਹੁੰਦੀਆਂ ਹਨ।

ਕੀ ਅਸੀਂ ਇਹ ਸਪਸ਼ਟ ਦੇਖ ਨਹੀਂ ਸਕਦੇ ਕਿ ਖ਼ਾਲਿਸਤਾਨੀ ਲਹਿਰ ਨੂੰ ਦਬਾਉਣ ਦੇ ਨਾਂ ਹੇਠਾਂ ਹਕੂਮਤੀ ਮਸ਼ੀਨਰੀ ਦੇ ਦੰਦੇ ਇੰਨੇ ਤਿੱਖੇ ਹੋ ਚੁੱਕੇ ਹਨ ਕਿ ਹੁਣ ਆਮ ਲੋਕਾਂ ਦੇ ਜਮਹੂਰੀ ਹੱਕਾਂ ਦੀ ਕੋਈ ਪੁੱਛ-ਪ੍ਰਤੀਤ ਹੀ ਨਹੀਂ ਰਹੀ? ਜਿਹੜੀ ਮਸ਼ੀਨਰੀ ਕਿਸੇ ਵੇਲੇ ਖ਼ਾਲਿਸਤਾਨੀ ਲਹਿਰ ਨੂੰ ਕੁਚਲਣ ਲਈ ਮਜ਼ਬੂਤ ਕੀਤੀ ਗਈ ਸੀ, ਹੁਣ ਆਮ ਲੋਕਾਈ 'ਤੇ ਝਪਟ ਰਹੀ ਹੈ; ਕਿਸਾਨਾਂ ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਹੱਕੀ ਘੋਲਾਂ ਨੂੰ ਲਹੂ ਵਿਚ ਡੋਬ ਦੇਣ ਲਈ ਉਤਾਰੂ ਰਹਿੰਦੀ ਹੈ। ਆਮ ਲੋਕਾਂ ਦਾ ਖਾਸ ਕਰਕੇ ਸਾਡੇ ਅਖੌਤੀ ਬੁੱਧੀਜੀਵੀਆਂ ਦਾ ਦੁਖਾਂਤ ਰਿਹਾ ਹੈ ਕਿ ਉਹ ਇਕ ਬੁਰਾਈ ਨੂੰ ਖ਼ਤਮ ਹੁੰਦਿਆਂ ਦੇਖਣ ਲਈ ਉਸ ਤੋਂ ਵੀ ਵੱਡੀ ਬੁਰਾਈ ਨਾਲ ਕਰਿੰਗੜੀ ਪਾਉਂਦੇ ਹਨ ਅਤੇ ਫੇਰ ਉਸ ਤੋਂ ਟੰਬੇ ਖਾਂਦੇ ਰਹਿੰਦੇ ਹਨ। ਸਾਡੇ ਲੋਕਾਂ ਦੀ ਅਜਿਹੀ ਹਾਲਤ ਦਾ ਖੂਬਸੂਰਤ ਚਿੱਤਰ, ਜਰਮਨ ਕਵੀ ਪਾਸਟਰ ਨਿਮੋਲਰ ਦੀ ਕਵਿਤਾ ਵਿਚ ਮਿਲਦਾ ਹੈ। ਪਹਿਲਾਂ ਉਹ ਯਹੂਦੀਆਂ ਲਈ ਆਏ ਤੇ ਮੈਂ ਕੁਝ ਨਾ ਬੋਲਿਆ ਕਿਉਂਕਿ ਮੈਂ ਖੁਦ ਯਹੂਦੀ ਨਹੀਂ ਸੀ। ਫਿਰ ਉਹ ਕਮਿਊਨਿਸਟਾਂ ਲਈ ਆਏ ਤੇ ਮੈਂ ਕੁਝ ਨਾ ਬੋਲਿਆ ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ। ਫੇਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ ਤੇ ਮੈਂ ਕੁਝ ਨਾ ਬੋਲਿਆ ਕਿਉਂਕਿ ਮੈਂ ਟਰੇਡ ਯੂਨੀਅਨ ਵਿਚ ਨਹੀਂ ਸੀ। ਫੇਰ ਉਹ ਮੇਰੇ ਲਈ ਆਏ ਤੇ ਹੋਰ ਕੋਈ ਨਹੀਂ ਸੀ, ਬਚਿਆ ਜੋ ਮੇਰੇ ਲਈ ਬੋਲਦਾ।

ਪਿਛਲੇ ਡੇਢ ਦਹਾਕੇ ਦਾ ਸਮਾਂ ਇਕ ਕਾਲਾ ਅਧਿਆਇ ਸੀ। ਇਸ ਨੂੰ ਜਿੰਨੀ ਛੇਤੀ ਭੁਲਾ ਦਿੱਤਾ ਜਾਵੇ, ਓਨਾ ਹੀ ਚੰਗਾ ਰਹੇਗਾ। ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਹੀ ਭਰਾ ਗੁੰਮਰਾਹ ਹੋ ਗਏ ਸਨ, ਭਟਕ ਗਏ ਸਨ ਪਰ ਉਨ੍ਹਾਂ ਦੇ ਵੀ ਜਮਹੂਰੀ ਹੱਕ ਹਨ, ਉਨ੍ਹਾਂ ਨੂੰ ਵੀ ਸਮਾਜ ਵਿਚ ਅਮਨ ਤੇ ਸ਼ਾਨਾਂਮੱਤੀ ਜ਼ਿੰਦਗੀ ਜਿਉਣ ਦਾ ਅਧਿਕਾਰ ਹੈ। ਨਛੱਤਰ ਸਿੰਘ ਰੋਡੇ ਵੀ ਉਨ੍ਹਾਂ ਵਿਚੋਂ ਇਕ ਹੈ। ਉਹ ਆਪਣੇ ਹਿੱਸੇ ਦੀ ਸਜ਼ਾ ਭੁਗਤ ਚੁੱਕਿਆ ਹੈ। ਇਸ ਤੋਂ ਬਾਅਦ ਵੀ ਉਹਨੂੰ ਜੇਲ੍ਹ ਵਿਚ ਬੰਦ ਰੱਖਣਾ ਜਿਥੇ ਉਹਦੇ ਜਮਹੂਰੀ ਹੱਕਾਂ ਦੀ ਉਲੰਘਣਾ ਹੈ, ਉਥੇ ਕੌਮੀ ਤੇ ਕੌਮਾਂਤਰੀ ਤੌਰ 'ਤੇ ਪ੍ਰਵਾਨਤ ਮੁਲ-ਪ੍ਰਬੰਧਾਂ ਦੀ ਵੀ ਹੇਠੀ ਕਰਨਾ ਹੈ। ਰੋਡੇ ਵਰਗੇ ਅਨੇਕਾਂ ਹੋਰ ਸਿਆਸੀ ਕੈਦੀ ਜੋ ਨਿਸ਼ਚਿਤ ਸਜ਼ਾ

*(ਬਾਕੀ ਸਫਾ 32 'ਤੇ)*

***ਇਸ ਗੱਲ ਵਿਚ ਕੋਈ ਰੱਟਾ ਹੀ ਨਹੀਂ ਕਿ ਖ਼ਾਲਿਸਤਾਨੀ ਲਹਿਰ ਲੋਕ ਵਿਰੋਧੀ ਸੀ, ਇਹ ਸਮਾਜ ਨੂੰ ਮੱਧਯੁਗੀ ਕਦਰਾਂ-ਕੀਮਤਾਂ ਵੱਲ ਧੱਕਣ ਵਾਲੀ ਸੀ ਪਰ ਜੋ ਨੌਜਵਾਨ ਇਹਦੇ ਵਿਚ ਸ਼ਾਮਲ ਹੋਏ, ਉਨ੍ਹਾਂ ਦਾ ਅਕੀਦਾ ਤਾਂ ਸਿੱਖ ਧਾਰਮਿਕ ਘੱਟ ਗਿਣਤੀ ਦੀ ਮੁਕਤੀ ਕਰਾਉਣਾ ਸੀ। ਇਹ ਇਕ ਵੱਖਰਾ ਸਵਾਲ ਹੈ ਕਿ ਉਹ ਸਮਾਜ ਦੀ ਡਾਇਨੈਮਿਕਸ, ਸਮਾਜ ਵਿਚ ਸ਼ਕਤੀਆਂ ਦੇ ਸਮਤੋਲ ਅਤੇ ਦੋਸਤਾਂ ਤੇ ਦੁਸ਼ਮਣਾਂ ਨੂੰ ਸਮਝਣ ਵਿਚ ਅਸਫਲ ਰਹੇ। ਭਾਵੇਂ ਗਲਤ ਲਹਿਰ ਵਿਚ ਹੀ ਸਹੀ, ਫੇਰ ਵੀ ਉਨ੍ਹਾਂ ਨੇ ਝਾੜਾਂ-ਕਮਾਦਾਂ ਵਿਚ ਤੰਗੀਆਂ ਕੱਟੀਆਂ ਹਨ ਅਤੇ ਸਰਕਾਰੀ ਬੁੱਚੜਖਾਨਿਆਂ ਵਿਚ ਤਸੀਹੇ ਵੀ ਝੱਲੇ ਹਨ। ਆਖਰ ਤਾਂ ਉਹ ਪੰਜਾਬੀ ਕਿਸਾਨਾਂ-ਮਜ਼ਦੂਰਾਂ ਦੇ ਹੀ ਧੀ-ਪੁੱਤ ਹਨ। ਉਨ੍ਹਾਂ ਦਾ ਨਿਸ਼ਾਨਾ ਗਲਤ ਹੋ ਸਕਦਾ ਹੈ, ਨਿਸ਼ਾਨੇ ਨੂੰ ਹਾਸਲ ਕਰਨ ਦੇ ਤੌਰ ਤਰੀਕੇ ਗਲਤ ਹੋ ਸਕਦੇ ਹਨ ਪਰ ਉਨ੍ਹਾਂ ਦੇ ਅਕੀਦੇ ਅਤੇ ਉਸਨੂੰ ਜ਼ੁਬਾਨ ਦੇਣ ਦੇ ਜਮਹੂਰੀ ਹੱਕ ਨੂੰ ਸਵੀਕਾਰ ਕਰਨਾ ਹੀ ਚਾਹੀਦਾ ਹੈ।***

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ 30 ਅਪਰੈਲ ਦੇ ਅੰਕ ਵਿਚ ਛਪੇ ਸ੍ਰੀ ਕਰਮ ਬਰਸਟ ਦੇ ਲੇਖ ਵਿਚ ਨਿਰੰਕਾਰੀ ਕਾਂਡ ਦੇ ਸ਼ਹੀਦ ਭਾਈ ਫੌਜਾ ਸਿੰਘ ਦੇ ਜ਼ਿਕਰ ਦੌਰਾਨ ਟਾਈਪ ਅਤੇ ਪਰੂਫ ਦੀ ਗਲਤੀ ਕਰਕੇ ਉਨ੍ਹਾਂ ਦੇ ਨਾਂ ਨਾਲ ਸਿੰਘ ਸ਼ਬਦ ਨਹੀਂ ਛਪਿਆ। ਉਨ੍ਹਾਂ ਦੇ ਨਾਂ ਨੂੰ ਭਾਈ ਫੌਜਾ ਸਿੰਘ ਕਰਕੇ ਪੜ੍ਹਿਆ ਜਾਵੇ। ਸਾਨੂੰ ਇਸ ਗਲਤੀ 'ਤੇ ਅਫਸੋਸ ਹੈ। -ਸੰਪਾਦਕ

**ਗੁਰਮਤਿ ਚਿੰਤਨ**

# ਗੁਰਮਤਿ ਅਤੇ ਅਵਤਾਰਵਾਦ-4

**ਡਾ. ਗੁਰਨਾਮ ਕੌਰ**

'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਸ਼ਾਇਦ ਇਹ ਇਤਰਾਜ਼ ਹੋ ਸਕਦਾ ਹੈ ਕਿ ਗੁਰਮਤਿ ਅਤੇ ਅਵਤਾਰਵਾਦ 'ਤੇ ਬਹੁਤ ਲਿਖਿਆ ਜਾ ਚੁਕਿਆ ਹੈ, ਹੁਣ ਵਿਸ਼ਾ ਬਦਲ ਲੈਣਾ ਚਾਹੀਦਾ ਹੈ ਪਰ 'ਰਿਗ ਵੇਦ ਤੋਂ ਦਸਮ ਗ੍ਰੰਥ' ਦੇ ਲੇਖਕ ਡਾ. ਜੋਧ ਸਿੰਘ ਨੇ ਜਿਸ ਲਿਖਤ ਦੀ ਸਿਫਾਰਸ਼, "ਜਿਹੜੀਆਂ ਰਚਨਾਵਾਂ ਭਾਰਤੀ ਨਾਇਕਾਂ ਨੂੰ ਇਕ ਨਵੇਂ ਹੀ ਰੂਪ ਵਿਚ ਪੇਸ਼ ਕਰਦੀਆਂ ਹਨ, 'ਚਉਬੀਸ ਅਉਤਾਰ' ਉਨ੍ਹਾਂ ਵਿਚੋਂ ਇੱਕ ਹੈ" ਕਹਿ ਕੇ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ, "ਦਸਮ ਗ੍ਰੰਥ ਇਕ ਅਜਿਹੀ ਜਟਿਲ ਸਾਹਿਤਕ ਰਚਨਾ ਹੈ ਜਿਸ ਵਿਚ ਭਗਤੀ ਅਤੇ ਸ਼ਕਤੀ ਦੇ ਸਿਧਾਂਤ ਨੂੰ ਢਾਈ ਸੌ ਕਿਸਮ ਦੇ ਵੱਖਰੇ-ਵੱਖਰੇ ਛੰਦਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਸੁਨਿਯੋਜਿਤ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਉਸ ਬਾਰੇ ਮੇਰੀ ਸਮਝ ਵਿਚ ਅਜੇ ਹੋਰ ਵਿਚਾਰ ਕੀਤੀ ਜਾਣੀ ਚਾਹੀਦੀ ਹੈ। 'ਚਉਬੀਸ ਅਉਤਾਰ' ਰਚਨਾਵਾਂ ਦਾ ਇਕ ਆਪਣਾ ਉਪਯੋਗਿਤਾਵਾਦੀ ਦ੍ਰਿਸ਼ਟੀਕੋਣ ਹੈ, ਇਸੇ ਤਰ੍ਹਾਂ ਹੀ ਦਸਮ ਗ੍ਰੰਥ ਦੀਆਂ ਦੂਜੀਆਂ ਰਚਨਾਵਾਂ ਨੂੰ ਵੀ ਸਮਝਿਆ ਜਾ ਸਕਦਾ ਹੈ, ਤਾਂ ਫਿਰ ਇਸ ਕਥਨ ਦੀ ਵਿਸਤਾਰ ਵਿਚ ਪੜਚੋਲ ਕਰਨੀ ਹੀ ਪਵੇਗੀ ਕਿ ਕੀ ਵਾਕਿਆ ਹੀ ਇਸ ਸੰਕਲਨ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜਿਆ ਜਾ ਸਕਦਾ ਹੈ ਅਤੇ ਕੀ ਇਹ ਭਗਤੀ ਅਤੇ ਸ਼ਕਤੀ ਦਾ ਸੁਮੇਲ ਗੁਰਮਤਿ ਵਿਚਾਰਧਾਰਾ ਅਨੁਸਾਰ ਹੀ ਪੇਸ਼ ਕਰਦੀਆਂ ਹਨ?



ਡਾ. ਗੁਰਨਾਮ ਕੌਰ

ਇੱਕ ਵਾਰ ਇੰਟਰਵਿਊ ਵਿਚ ਮੈਨੂੰ ਸਿੱਖ ਇਤਿਹਾਸ ਦੇ ਸਥਾਪਤ ਵਿਦਵਾਨ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਰਹਿ ਚੁੱਕੇ ਸਨ, ਨੇ ਸਵਾਲ ਪੁੱਛਿਆ ਸੀ ਕਿ ਦਸਮ ਗ੍ਰੰਥ ਬਾਰੇ ਤੁਹਾਡੀ ਕੀ ਰਾਇ ਹੈ? ਕੀ ਤੁਸੀਂ ਇਸ ਵਿਚ ਸ਼ਾਮਲ ਸਾਰੀਆਂ ਲਿਖਤਾਂ ਨੂੰ ਗੁਰੂ ਗੋਬਿੰਦ ਸਿੰਘ ਦੀਆਂ ਮੰਨਦੇ ਹੋ? ਤਾਂ ਮੈਂ ਉਤਰ ਦਿੱਤਾ ਸੀ ਕਿ ਨਹੀਂ, ਸਾਰੀਆਂ ਲਿਖਤਾਂ ਕਿੰਤੂ ਮੁਕਤ ਨਹੀਂ ਹਨ ਅਤੇ ਇਨ੍ਹਾਂ ਲਿਖਤਾਂ ਦਾ ਫੈਸਲਾ ਹਾਲੇ ਹੋਣਾ ਹੈ, ਤਾਂ ਉਨ੍ਹਾਂ ਨਾਲ ਹੀ ਦੂਸਰਾ ਪ੍ਰਸ਼ਨ ਕਰ ਦਿੱਤਾ ਕਿ ਇਸ ਦਾ ਫੈਸਲਾ ਕੌਣ ਕਰੇਗਾ ਅਤੇ ਜੇ ਫੈਸਲਾ ਹੁਣ ਵੀ ਨਹੀਂ ਹੋਵੇਗਾ ਤਾਂ ਕਦੋਂ ਹੋਵੇਗਾ?

ਕਈ ਵਾਰ ਬਹੁਤ ਹੈਰਾਨੀ ਹੁੰਦੀ ਹੈ ਕਿ ਜਿਨ੍ਹਾਂ ਮਸਲਿਆਂ ਦੇ ਹੱਲ ਦੀ ਤੁਰੰਤ ਜ਼ਰੂਰਤ ਹੈ ਉਨ੍ਹਾਂ ਲਈ ਉਪਰਾਲਾ ਕਿਉਂ ਨਹੀਂ ਕੀਤਾ ਜਾਂਦਾ? ਮੈਕਲੋਡ ਏਨੇ ਸਾਲ ਲਿਖੀ ਗਿਆ ਪਰ ਪੰਥਕ ਤੌਰ 'ਤੇ ਉਸ ਦਾ ਕਿਸੇ ਨੇ ਨੋਟਿਸ ਨਹੀਂ ਲਿਆ, ਵਿਅਕਤੀਗਤ ਪੱਧਰ 'ਤੇ ਹੀ ਜਵਾਬ ਦਿੱਤੇ ਗਏ। ਇਸੇ ਤਰ੍ਹਾਂ ਬੜੀ ਦੇਰ ਤੋਂ ਡਾ. ਜਰਨੈਲ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕਰਨ ਬਾਰੇ ਸੁਣ ਅਤੇ ਪੜ੍ਹ ਰਹੇ ਸਾਂ ਪਰ ਪ੍ਰੋ. ਹਰਪਾਲ ਸਿੰਘ ਪੰਨੂ ਦੇ ਪੰਜਾਬ ਟਾਈਮਜ਼ ਵਿਚ ਛਪੇ ਲੇਖ ਤੋਂ ਪਤਾ ਲੱਗਿਆ ਹੈ ਕਿ ਇਹ ਅਨੁਵਾਦ ਸਹੀ ਨਹੀਂ ਹੈ ਅਤੇ ਇਹ ਮੁੱਦਾ ਵੀ ਇੱਕ ਜਰਮਨ ਇਸਤਰੀ ਨੇ ਉਠਾਇਆ ਹੈ ਜਿਸ ਵੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਚ ਪਦਵੀ 'ਤੇ ਸੁਸ਼ੋਭਿਤ ਸ. ਦਲਮੇਘ ਸਿੰਘ ਦਾ ਕਈ ਵਾਰ ਧਿਆਨ ਦੁਆਉਣ 'ਤੇ ਵੀ ਕੋਈ ਉਪਰਾਲਾ ਨਹੀਂ ਕੀਤਾ ਗਿਆ। ਜਦੋਂ ਕਲ੍ਹ ਨੂੰ ਜਰਮਨ ਭਾਸ਼ਾ ਦੇ ਜਾਣਕਾਰ ਇਸ ਗਲਤ ਅਨੁਵਾਦ ਦੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝ ਕੇ ਲਿਖਣ ਦਾ ਯਤਨ ਕਰਨਗੇ, ਉਸ ਦੇ ਕੀ ਨਤੀਜੇ ਨਿਕਲਣਗੇ ਕੋਈ ਨਹੀਂ ਸੋਚਦਾ? ਸਭ ਕੁੱਝ ਰਾਜਨੀਤੀ ਅਤੇ ਸਵਾਰਥ ਦੀ ਭੇਟ ਚੜ੍ਹਦਾ ਜਾ ਰਿਹਾ ਹੈ ਭਾਵੇਂ ਉਹ ਨਾਨਕਸ਼ਾਹੀ ਕੈਲੰਡਰ ਹੋਵੇ, ਭਾਵੇਂ ਦਸਮ ਗ੍ਰੰਥ ਵਿਚ ਸ਼ਾਮਲ ਲਿਖਤਾਂ ਜਾਂ ਫਿਰ ਅਜਿਹੇ ਅਨੁਵਾਦ। ਧਰਮ ਪਹਿਲਾਂ ਹੈ ਰਾਜਨੀਤੀ ਪਿੱਛੋਂ, ਪਰ ਸਾਡਾ ਮੁੱਖ ਮੁੱਦਾ ਰਾਜਨੀਤਕ ਤਾਕਤ 'ਤੇ ਕਬਜ਼ਾ ਕਰਨਾ ਬਣ ਗਿਆ ਹੈ ਧਾਰਮਿਕ ਮਸਲੇ ਪਿੱਛੇ ਰਹਿ ਗਏ ਹਨ।

'ਅਥ ਮਧੁ ਕੈਟਬ ਬਧਹ' ਵਿਚ ਕਵੀ ਸ਼ਾਮ ਕਹਿੰਦਾ ਹੈ ਕਿ ਮਧੁ ਕੈਟਭ ਦਾ ਵਧ ਕਰਨ ਲਈ ਜਦੋਂ ਵਿਸ਼ਨੂੰ ਜਾਗਿਆ ਅਰਥਾਤ ਉਸ ਨੇ ਅਵਤਾਰ ਧਾਰਿਆ, ਮੈਂ ਕਵੀ ਸ਼ਾਮ ਉਸ ਨੂੰ ਵਿਸ਼ਨੂੰ ਦਾ ਚੌਧਵਾਂ ਅਵਤਾਰ ਕਹਿੰਦਾ ਹਾਂ। 'ਅਰਿਹੰਤ ਦੇਵ ਅਵਤਾਰ ਕਥਨੰ' ਵਿਚ ਦੱਸਿਆ ਹੈ ਕਿ ਵਿਸ਼ਨੂੰ ਵੱਲੋਂ 'ਕਾਲਪੁਰਖ' ਦੀ ਵਡਿਆਈ ਕਰਨ 'ਤੇ 'ਕਾਲ ਪੁਰਖ' ਨੇ ਵਿਸ਼ਨੂੰ ਨੂੰ ਬਚਨ ਕੀਤਾ ਕਿ 'ਅਰਿਹੰਤ' ਦਾ ਅਵਤਾਰ ਧਾਰ ਅਤੇ ਨਵੇਂ ਧਰਮ ਸ਼ੁਰੂ ਕਰ ਜਿਨ੍ਹਾਂ ਵਿਚੋਂ ਇੱਕ 'ਸਰੇਵੜੇ' ਜਾਂ ਜੈਨ ਧਰਮ ਸੀ। ਉਸ ਨੇ ਦਾਨਵਾਂ ਨੂੰ ਸ਼ਿਖਾਹੀਣ (ਸਿਰੋਂ ਗੰਜੇ ਹੋ ਜਾਣ) ਲਈ ਮੋਚਨੇ ਦੇ ਦਿੱਤੇ ਅਤੇ ਉਨ੍ਹਾਂ ਨੂੰ ਜਾਨਵਰਾਂ ਦੀ ਬਲੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਭਾਵ ਅਹਿੰਸਾ 'ਤੇ ਚੱਲਣ ਲਈ ਕਿਹਾ ਤਾਂ ਕਿ ਉਹ ਯਗ ਆਦਿ ਨਾ ਕਰ ਸਕਣ (ਯਗ ਵਿਚ ਜਾਨਵਰਾਂ ਦੀ ਬਲੀ ਦੇਣੀ ਹੁੰਦੀ ਹੈ) ਅਤੇ ਉਹ ਯਗ ਦੇ ਪੁੰਨ ਲਾਭ ਪ੍ਰਾਪਤ ਨਾ ਕਰ ਸਕਣ। ਗੁਰੂ ਨਾਨਕ ਰਾਗ ਮਾਝ ਵਿਚ ਜੈਨ ਧਰਮ ਬਾਰੇ ਕਹਿੰਦੇ ਹਨ ਕਿ ਇਹ ਆਪਣੇ ਵਾਲ ਪੁੱਟ ਲੈਂਦੇ ਹਨ ਅਤੇ ਗੰਦਾ ਪਾਣੀ ਪੀਂਦੇ ਹਨ, ਭੀਖ ਮੰਗਦੇ ਹਨ ਅਤੇ ਦੂਸਰਿਆਂ ਦਾ ਜੂਠਾ ਖਾਂਦੇ ਹਨ, ਪਾਣੀ ਤੋਂ ਸੰਗਦੇ ਹਨ ਭਾਵ ਨਹਾਉਂਦੇ ਨਹੀਂ ਅਤੇ ਭੇਡਾਂ ਵਾਂਗ ਆਪਣਾ ਸਿਰ ਮੁੰਨ ਕੇ ਰੱਖਦੇ ਹਨ...ਨਾ ਉਹ ਯੋਗੀ ਹਨ ਅਤੇ ਨਾ ਹੀ ਜੰਗਮ ਹਨ ਅਤੇ ਨਾ ਹੀ ਉਹ ਮੁਹੰਮਦਨ ਹਨ। ਉਹ ਪਰਮਾਤਮਾ ਦੇ ਸਰਾਪੇ ਹੋਏ ਗੁਆਚਿਆਂ ਦੀ ਤਰ੍ਹਾਂ ਘੁੰਮਦੇ ਰਹਿੰਦੇ ਹਨ:

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗ ਮੰਗ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ
ਪਾਣੀ ਦੇਖਿ ਸੰਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ
ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ
ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ
ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ
ਬ੍ਰਹਮਣ ਅੰਨੁ ਨ ਖਾਹੀ॥ (ਪੰਨਾ 149)

ਇਹ ਕਹਿ ਕੇ ਕਿ 'ਚਉਬੀਸ ਅਉਤਾਰ' ਵਰਗੀ ਰਚਨਾ ਗੁਰੂ ਗੋਬਿੰਦ ਸਿੰਘ ਦੀ ਹੈ, ਕੀ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਗੱਲਾਂ ਅਤੇ ਅਮਲ, ਜਿਨ੍ਹਾਂ ਨੂੰ ਗੁਰੂ ਨਾਨਕ ਨੇ ਨਿੰਦਿਆ ਅਤੇ ਨਕਾਰਿਆ, ਦੀ ਗੁਰੂ ਗੋਬਿੰਦ ਸਿੰਘ ਨੇ ਪੁਨਰ-ਵਿਆਖਿਆ ਅਤੇ ਪੁਨਰ-ਸਥਾਪਨਾ ਕੀਤੀ? ਗੁਰੂ ਗੋਬਿੰਦ ਸਿੰਘ ਨੇ ਆਪਣੇ ਖਾਲਸੇ ਨੂੰ ਰੋਮਾਂ ਦੀ ਬੇਅਦਬੀ ਕਰਨ ਦੀ ਮਨਾਹੀ ਕੀਤੀ। ਇਸ ਲਈ ਉਹ ਵਾਲਾਂ ਨੂੰ ਜੜੋਂ ਮੋਚਨੇ ਨਾਲ ਉਖਾੜਨ ਵਰਗੇ ਗੁਰਮਤਿ ਚਿੰਤਨ ਦੇ ਵਿਰੋਧੀ ਵਿਚਾਰਾਂ ਦੀ ਪੁਨਰ-ਵਿਆਖਿਆ ਕਿਉਂ ਕਰਨਗੇ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਉਸ ਮਨੁੱਖੀ-ਆਤਮਾ ਦਾ ਗੀਤ ਹੈ ਜੋ ਪਰਮਾਤਮਾ ਨਾਲੋਂ ਵਿਛੜੀ ਹੋਈ ਹੈ। ਇਸ ਵਿਯੋਗ ਨੂੰ ਕਿਵੇਂ ਦੂਰ ਕਰਨਾ ਹੈ ਤਾਂ ਕਿ ਉਸ ਪ੍ਰਭੂ ਨਾਲ ਸੰਯੋਗ ਬਣ ਜਾਵੇ? ਇਸ ਮੰਜਲ ਦੀ ਪ੍ਰਾਪਤੀ ਲਈ ਜੀਵ-ਆਤਮਾ ਦੀ ਤੜਪ ਦੀ ਗਹਿਰਾਈ ਅਤੇ ਗੰਭੀਰਤਾ ਨੂੰ ਦੱਸਣ ਲਈ ਆਮ ਜ਼ਿੰਦਗੀ ਵਿਚੋਂ ਬਹੁਤ ਸਾਰੇ ਬਿੰਬਾਂ, ਪ੍ਰਤੀਕਾਂ ਅਤੇ ਚਿੰਨਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਵੱਧ ਵਰਤਿਆ ਗਿਆ ਪ੍ਰਤੀਕ ਪਤੀ ਅਤੇ ਪਤਨੀ ਦਾ ਹੈ। ਪਰਮਾਤਮਾ ਨੂੰ ਪਤੀ ਅਤੇ ਜੀਵ-ਆਤਮਾ ਨੂੰ ਪਤਨੀ ਚਿਤਵਿਆ ਹੈ ਅਤੇ ਸੰਯੋਗ ਨੂੰ ਜੀਵ-ਆਤਮਾ ਦਾ ਪਰਮਾਤਮਾ ਨਾਲ ਇੱਕ-ਸੁਰ ਹੋ ਜਾਣਾ ਕਿਹਾ ਹੈ, ਜਿਥੇ ਦੋਹਾਂ ਵਿਚ ਕਿਸੇ ਕਿਸਮ ਦਾ ਕੋਈ ਫ਼ਰਕ ਨਹੀਂ ਰਹਿ ਜਾਂਦਾ। ਇਥੇ ਗੁਰਬਾਣੀ ਦੇ ਉਲਟ 'ਅਥ ਚੰਦ ਅਵਤਾਰ ਕਥਨੰ' ਵਿਚ ਦੱਸਿਆ ਹੈ ਕਿ ਕੋਈ ਵੀ ਇਸਤਰੀ ਆਪਣੇ ਪਤੀ ਦੀ ਸੇਵਾ ਨਹੀਂ ਸੀ ਕਰ ਰਹੀ ਅਤੇ ਨਾ ਹੀ ਉਹ ਕਿਸੇ ਦੇਵਤੇ ਦੀ ਪੂਜਾ ਕਰ ਰਹੀਆਂ ਸਨ ਕਿਉਂਕਿ ਉਹ ਕਾਮ ਦੀ ਇੱਛਾ ਤੋਂ ਪੀੜਤ ਨਹੀਂ ਸੀ, ਇਸ ਲਈ ਉਨ੍ਹਾਂ ਦਾ ਵਰਤਾਉ ਆਪਣੇ ਪਤੀਆਂ ਪ੍ਰਤੀ ਹਲੀਮ ਨਹੀਂ ਸੀ। ਇਸ ਲਈ 'ਕਾਲ ਪੁਰਖ' ਨੇ ਵਿਸ਼ਨੂੰ ਨੂੰ 'ਸ਼ਸ਼ੀ (ਚੰਦ੍ਰਮਾ)' ਦਾ ਅਵਤਾਰ ਧਾਰਨ ਲਈ ਕਿਹਾ ਤਾਂ ਕਿ ਪੁਰਸ਼ ਜੇਤੂ ਹੋ ਸਕਣ ਅਤੇ ਦੁਨੀਆਂ ਵਿਚ ਸੰਤਾਨ ਪੈਦਾ ਹੋਵੇ। ਵਿਸ਼ਨੂੰ ਨੇ ਸ਼ਸ਼ੀ ਦਾ ਅਵਤਾਰ ਧਾਰਿਆ ਅਤੇ ਇਸਤਰੀਆਂ ਉਤੇ ਕਾਮ ਦੇ ਤੀਰ ਵਰਸਾਏ। ਇਸ ਨਾਲ ਇਸਤਰੀਆਂ ਮੁਹਤਾਜ ਹੋ ਗਈਆਂ ਅਤੇ ਪਤੀਆਂ ਦੀ ਸੇਵਾ ਕਰਨ ਲੱਗੀਆਂ ਜਿਸ 'ਤੇ ਵਿਸ਼ਨੂੰ ਖੁਸ਼ ਹੋ ਗਿਆ:

ਤਬ ਮਹਾਂ ਤੇਜ ਮੁਰਾਰਿ॥
ਧਰਿਯੋ ਸੁ ਚੰਦ੍ਰ ਅਵਤਾਰ॥
ਤਨ ਕੈ ਮਦਨ ਕੋ ਬਾਨ॥
ਮਾਰਿਯੋ ਤ੍ਰੀਯਨ ਕਹੁ ਤਾਨਿ॥9॥
ਤਾਂਤੇ ਭਈ ਤ੍ਰੀਯ ਦੀਨ॥
ਸਬ ਗਰਬ ਹੁਐ ਗਯੋ ਛੀਨ॥
ਲਾਗੀ ਕਰਨ ਪਤਿ ਸੇਵ॥
ਯਾ ਤੇ ਪ੍ਰਸੰਨਿ ਭਏ ਦੇਵ॥10॥

ਇਸ ਕਥਾ ਦਾ ਗੁਰਮਤਿ ਨਾਲ ਕੀ ਸਬੰਧ ਬੈਠਦਾ ਹੈ? ਇਹ ਖਾਲਸੇ ਨੂੰ ਕੀ ਸਿੱਖਿਆ ਦਿੰਦੀ ਹੈ? ਇਸ ਵਿਚਾਰਧਾਰਾ 'ਤੇ ਚੱਲਦਿਆਂ ਉਹ ਕਿਸ ਕਿਸਮ ਦੇ 'ਸੰਤ ਸਿਪਾਹੀ' ਬਣਨਗੇ?

'ਰਾਮ ਅਵਤਾਰ ਕਥਨੰ' ਵਿਚ ਦੱਸਿਆ ਹੈ ਕਿ ਜਦੋਂ ਸਰਵਣ ਦੀ ਮੌਤ ਅਤੇ ਉਸ ਦੇ ਮਾਂ-ਬਾਪ ਦੇ ਅੰਤ 'ਤੇ ਰਾਜਾ ਦਸ਼ਰਥ ਉਦਾਸ ਹੋ ਗਿਆ ਤਾਂ ਉਸ ਨੂੰ ਦੇਵ-ਬਾਣੀ ਹੋਈ ਕਿ ਉਸ ਦਾ ਰਾਮ ਨਾਉਂ ਦਾ ਪੁੱਤਰ ਪੈਦਾ ਹੋਵੇਗਾ ਜੋ ਵਿਸ਼ਨੂੰ ਦਾ ਅਵਤਾਰ ਹੋਵੇਗਾ, ਵੀਹ ਬਾਹਾਂ ਵਾਲੇ ਰਾਵਣ ਦਾ ਵਧ ਕਰਕੇ ਉਹ ਸ਼ਿਵ ਦੇ ਮਾਣ ਨੂੰ ਮਿਟਾ ਦੇਵੇਗਾ। ਇਉਂ ਜਾਪਦਾ ਹੈ ਕਿ ਇਹ ਕਥਾ ਵਿਸ਼ਨੂੰ ਦੇ ਮੰਨਣ ਵਾਲਿਆਂ, ਜਿਸ ਦਾ ਰਾਮ ਚੰਦਰ ਅਵਤਾਰ ਹੈ ਅਤੇ ਸ਼ਿਵ ਦੇ ਮੰਨਣ ਵਾਲਿਆਂ, ਜਿਸ ਦੀ ਰਾਵਣ ਪੂਜਾ ਕਰਦਾ ਹੈ, ਵਿਚ ਲੜਾਈ ਹੈ। ਇਥੇ ਵੇਦਾਂ ਅਤੇ ਸ਼ਾਸਤਰਾਂ ਦੀ ਸਿੱਖਿਆ ਨੂੰ ਵਿਸਤਾਰ ਦਿੱਤਾ ਗਿਆ ਹੈ ਜਿਸ ਦਾ ਸਿੱਖ ਧਰਮ ਦੇ ਸਿਧਾਂਤਾਂ ਨਾਲ ਕੋਈ ਸਬੰਧ ਨਹੀਂ ਹੈ। ਯਗ ਕਰਨ ਦਾ ਸਬੰਧ ਚਮਤਕਾਰਾਂ ਨਾਲ ਜੁੜਿਆ ਹੋਇਆ ਹੈ ਜੋ ਕਿ ਗੁਰਮਤਿ ਵਿਚ ਪ੍ਰਾਪਤ 'ਹੁਕਮ' ਅਤੇ 'ਭਾਣਾ ਮੰਨਣ' ਦੇ ਸਿਧਾਂਤ ਦੇ ਵਿਰੁਧ ਹੈ। ਦੱਸਿਆ ਗਿਆ ਹੈ ਕਿ 'ਯੁਗ-ਪੁਰਸ਼' ਵੱਲੋਂ ਰਾਜਾ ਦਸ਼ਰਥ ਨੂੰ ਖੀਰ ਦਿੱਤੀ ਗਈ ਜੋ ਉਸ ਨੇ ਆਪਣੀਆਂ ਰਾਣੀਆਂ ਵਿਚ ਵੰਡ ਦਿੱਤੀ। ਉਨ੍ਹਾਂ ਨੇ ਗਰਭ ਧਾਰਨ ਕਰ ਲਿਆ ਅਤੇ ਬਾਰਾਂ ਮਹੀਨੇ ਦੇ ਗਰਭ ਤੋਂ ਬਾਅਦ, ਇੱਕ ਰਾਣੀ ਦੇ ਰਾਮ ਚੰਦਰ ਅਤੇ ਦੂਸਰੀਆਂ ਦੇ ਭਰਤ, ਲਛਮਣ, ਅਤੇ ਸ਼ਤਰੂਘਨ ਪੈਦਾ ਹੋਏ। ਗਰਭ ਦੇ ਬਾਰਾਂ ਮਹੀਨੇ ਬਾਅਦ ਬੱਚੇ ਪੈਦਾ ਹੋਣੇ ਇੱਕ ਗੈਰ-ਕੁਦਰਤੀ ਘਟਨਾ ਹੈ। ਕੀ ਗੁਰੂ ਮਹਾਰਾਜ ਅਜਿਹਾ ਤੱਥ ਲਿਖਣਗੇ? ਸੀਤਾ ਜਦੋਂ ਰਾਮ ਚੰਦਰ ਨਾਲ ਬਣਵਾਸ ਨੂੰ ਜਾਂਦੀ ਹੈ ਤਾਂ ਉਸ ਦੀ ਸੁੰਦਰਤਾ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਉਸ ਦੀਆਂ ਅੱਖਾਂ ਇਉਂ ਲਗਦੀਆਂ ਹਨ ਜਿਵੇਂ ਸ਼ਰਾਬ ਨਾਲ ਮਦਮਾਤੀਆਂ ਹੋਣ ਜਾਂ ਲਾਲ ਗੁਲਾਬ ਹੋਣ। ਨਰਗਸ ਦੇ ਫੁੱਲਾਂ ਨੂੰ ਈਰਖਾ ਹੋਈ ਅਤੇ ਹਿਰਨਾਂ ਵਿਚ ਹੀਣ-ਭਾਵ ਪੈਦਾ ਹੋਇਆ। ਸ਼ਰਾਬ ਵੀ ਇਸ ਤਰ੍ਹਾਂ ਦੀ ਮਸਤੀ ਪੈਦਾ ਨਹੀਂ ਕਰ ਸਕਦੀ ਭਾਵੇਂ ਸਾਰਾ ਜ਼ੋਰ ਲਾ ਲਵੇ, ਜਿੰਨੀ ਮਸਤੀ ਸੀਤਾ ਨੂੰ ਦੇਖ ਕੇ ਪੈਦਾ ਹੁੰਦੀ ਹੈ। ਉਸ ਦੇ ਭਰਵਟੇ ਕਮਾਣਾਂ ਦੀ ਤਰ੍ਹਾਂ ਸੁੰਦਰ ਹਨ ਜਿਹੜੇ ਉਸ ਦੀਆਂ ਨਜ਼ਰਾਂ ਵਿਚੋਂ ਤੀਰ ਛੱਡਦੇ ਹਨ,

ਲਖੇ ਨੈਨ ਥਾਰੇ, ਬਿਧੇ ਰਾਮ ਪਿਆਰੇ
ਰੰਗੇ ਰੰਗ ਸਰਾਬ ਸੁੱਹਾਬ ਜੈਸੇ। 298
ਰੰਗੇ ਰੰਗ ਰਾਤੇ, ਮਯੰ ਮੱਤ ਮਾਤੇ
ਮਕਬੂਲਿ ਗੁੱਲਾਬ ਕੇ ਫੂਲ ਸੋਹੈਂ।
ਨਰਗਸ ਨੇ ਦੇਖ ਕੈ ਨਾਕ ਐਂਠਾ
ਮ੍ਰਿਗੀ-ਰਾਜ ਕੇ ਦੇਖਤੈਂ ਮਾਨ ਮੋਹੈਂ।
ਸ਼ਬੋ ਰੋਜ ਸਰਾਬ ਨੇ ਸੋਰ ਲਾਇਆ
ਪ੍ਰਜਾ ਆਮ ਜਹਾਨ ਕੇ ਪੇਖ ਵਾਰੇ।
ਭੱਵਾਂ ਤਾਨਿ ਕਮਾਨ ਕੀ ਭਾਂਤਿ ਪਿਆਰੀ
ਨਿ ਕਮਾਨ ਹੀ ਨੈਨ ਕੇ ਬਾਨ ਮਾਰੇ।

ਸਿੱਖ ਧਰਮ-ਚਿੰਤਨ ਪੱਕੇ ਤੌਰ 'ਤੇ ਹਿੰਦੂ ਧਰਮ-ਚਿੰਤਨ ਨਾਲੋਂ ਵਿਲੱਖਣ ਹੈ ਪਰ ਇਸ ਦੇ ਬਾਵਜੂਦ ਸੀਤਾ ਦਾ ਭਾਰਤੀ ਮਨਾਂ ਵਿਚ ਅਲੱਗ ਕਿਸਮ ਦਾ ਸਤਿਕਾਰ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਵਰਗੀ ਹਸਤੀ ਸੀਤਾ ਦੀ ਸੁੰਦਰਤਾ ਦਾ ਬਿਆਨ ਅਜਿਹੀ ਭਾਸ਼ਾ ਵਿਚ ਕਰੇਗੀ ਜਿਸ ਦਾ ਉਪਰ ਜ਼ਿਕਰ ਕੀਤਾ ਗਿਆ ਹੈ? ਅਤੇ ਕੀ ਉਹ ਉਸ ਦੇ ਨੈਣਾਂ ਦੀ ਮਸਤੀ ਦੀ ਤੁਲਨਾ ਸ਼ਰਾਬ ਨਾਲ ਮਸਤ ਨੈਣਾਂ ਨਾਲ ਕਰਨਗੇ? ਗੁਰੂ ਕੋਈ ਆਮ ਕਵੀ ਨਹੀਂ ਹਨ, ਜੋ ਕਿਸੇ ਵੀ ਤਰ੍ਹਾਂ ਦੀ ਭਾਸ਼ਾ ਵਰਤ ਲੈਣਗੇ, ਉਹ ਗੁਰੂ ਹਸਤੀ ਹਨ। ਸਾਰੇ ਅਵਤਾਰਾਂ ਦੇ ਵਰਨਣ ਵਿਚ, ਇੱਕ ਜਾਂ ਦੂਜੀ ਤਰ੍ਹਾਂ, ਦੈਂਤਾਂ ਅਤੇ ਦੁਰਗਾ ਜਾਂ ਕਾਲੀ ਦੇਵੀ ਦਾ ਜ਼ਿਕਰ ਜ਼ਰੂਰ ਆਇਆ ਹੈ। ਸਿੱਖ ਧਰਮ ਦੁਰਗਾ ਜਾਂ ਕਾਲੀ ਦੇਵੀ ਦਾ ਪੂਜਕ ਨਹੀਂ ਹੈ। ਇਸ ਤੋਂ ਅਸੀਂ ਇਹ ਨਤੀਜਾ ਸਹਿਜੇ ਹੀ ਕੱਢ ਸਕਦੇ ਹਾਂ ਕਿ ਇਹ ਲਿਖਤਾਂ ਗੁਰੂ ਮਹਾਰਾਜ ਦੇ ਨਾਮ ਨਾਲ ਨਹੀਂ ਜੋੜੀਆਂ ਜਾ ਸਕਦੀਆਂ।

'ਅਥ ਕ੍ਰਿਸਨਾਵਤਾਰ ਕਥਨੰ' ਵਿਸ਼ਨੂੰ ਦੇ ਇੱਕੀਵੇਂ ਅਵਤਾਰ ਦੇ ਸ਼ੁਰੂ ਵਿਚ ਦੱਸਿਆ ਹੈ ਕਿ ਪਾਪਾਂ ਤੋਂ ਡਰੀ ਹੋਈ ਧਰਤੀ ਬ੍ਰਹਮਾ ਕੋਲ ਗਈ (ਇੱਕ ਵਿਦਵਾਨ ਨੇ ਬ੍ਰਹਮਾ ਦਾ ਅਨੁਵਾਦ ਪਰਮਾਤਮਾ ਯਾਨਿ ਲਾਰਡ, ਗੌਡ ਕੀਤਾ ਹੈ)। ਬ੍ਰਹਮਾ ਖ਼ੀਰ-ਸਾਗਰ ਤੇ ਗਿਆ ਜਿਥੇ 'ਕਾਲ ਪੁਰਖ' ਬੈਠਾ ਸੀ। 'ਕਾਲ ਪੁਰਖ' ਨੇ ਵਿਸ਼ਨੂੰ ਨੂੰ ਕ੍ਰਿਸ਼ਨ ਦਾ ਅਵਤਾਰ ਧਾਰਨ ਲਈ ਕਿਹਾ, ਜਿਸ ਦੀ ਆਗਿਆ 'ਤੇ ਵਿਸ਼ਨੂੰ ਨੇ ਸੰਤਾਂ ਦੀ ਮਦਦ ਕਰਨ ਲਈ ਮਥੁਰਾ ਦੇ ਇਲਾਕੇ ਵਿਚ ਜਨਮ ਲਿਆ। ਇਹ ਵੀ ਦੱਸਿਆ ਹੈ ਕਿ ਕ੍ਰਿਸ਼ਨ ਨੇ ਜਿੰਨੇ ਵੀ ਚਮਤਕਾਰ ਦਿਖਾਏ ਉਹ ਸਾਰੇ 'ਭਾਗਵਤ ਪੁਰਾਣ' ਵਿਚ ਦਰਜ਼ ਹਨ ਜਿਨ੍ਹਾਂ ਵਿਚੋਂ ਮੈਂ ਗਿਆਰਾਂ ਸੌ ਬਾਨਵੇਂ (1192) ਅਨੰਦਪੁਰ ਬੈਠ ਕੇ ਦੱਸੇ (ਡਾ. ਰਤਨ ਸਿੰਘ ਜੱਗੀ ਅਨੁਸਾਰ ਬਾਕੀ ਦੇ ਪਾਊਂਟਾ ਸਾਹਿਬ)। ਡਾ. ਜੋਧ ਸਿੰਘ ਅਤੇ ਡਾ. ਧਰਮ ਸਿੰਘ ਨੇ ਦਸਮ ਗ੍ਰੰਥ ਦੇ ਅੰਗਰੇਜੀ ਅਨੁਵਾਦ ਵਿਚ 'ਮੈਂ' ਦਾ ਅਨੁਵਾਦ 'ਗੁਰੂ' ਕੀਤਾ ਹੈ। ਪਰ ਇਹ ਕਵੀ ਸ਼ਾਮ ਵੀ ਹੋ ਸਕਦਾ ਹੈ ਜਿਸ ਦੇ ਨਾਮ ਦਾ ਜ਼ਿਕਰ ਇਨ੍ਹਾਂ ਲਿਖਤਾਂ ਵਿਚ ਵਾਰ ਵਾਰ ਆਇਆ ਹੈ ਕਿਉਂਕਿ ਪਾਊਂਟਾ ਸਾਹਿਬ ਵਿਖੇ ਖ਼ਾਸ ਸਥਾਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਥੇ ਗੁਰੂ ਸਾਹਿਬ ਦੇ ਦਰਬਾਰ ਦੇ ਬਵੰਜਾ ਕਵੀ ਬੈਠ ਕੇ ਕਵਿਤਾ ਦਾ ਉਚਾਰਨ ਕਰਿਆ ਕਰਦੇ ਸੀ। ਇੱਕ ਥਾਂ ਲਿਖਿਆ ਹੈ ਕਿ ਦੇਵਕੀ ਨੇ ਕ੍ਰਿਸ਼ਨ ਨੂੰ ਆਪਣੇ ਪੁੱਤਰ ਵਜੋਂ ਨਹੀਂ ਸਗੋਂ ਭਗਵਾਨ ਕਰਕੇ ਜਾਣਿਆ। ਉਸ ਨੇ ਸਿਰ ਝੁਕਾਇਆ ਅਤੇ ਕ੍ਰਿਸ਼ਨ ਦੇ ਪੈਰੀਂ ਪੈ ਗਈ ਅਤੇ ਕ੍ਰਿਸ਼ਨ ਨੂੰ ਅਹਿਸਾਸ ਹੋ ਗਿਆ ਕਿ ਉਸ (ਦੇਵਕੀ) ਨੇ ਉਸ ਦਾ ਸੱਚ ਜਾਣ ਲਿਆ ਹੈ, ਇਸ ਲਈ ਉਸ ਨੇ ਮਾਇਆ ਦੀ ਦੀਵਾਰ ਹੋਰ ਪੱਕੀ ਕਰ ਦਿੱਤੀ:

ਸੰਖ ਗਦਾ ਕਰ ਅਉਰ ਤ੍ਰਿਸੂਲ
ਧਰੇ ਤਨ ਕਉਚ ਬਡੇ ਬਡਭਾਗੀ।
ਨੰਦ ਗਹੈ ਕਰ ਸਾਰੰਗ ਸਾਰੰਗ
ਪੀਤ ਧਰੈ ਪਟ ਪੈ ਅਨੁਰਾਗੀ।
ਸੋਈ ਹੁਤੀ ਜਨਮਯੋ ਇਹ ਕੇ
ਗ੍ਰਿਹਿ ਕੈ ਡਰਪੈ ਮਨ ਮੈ ਉਠ ਜਾਗੀ।
ਦੇਵਕੀ ਪੁਤ੍ਰ ਨ ਜਾਨਯੋ ਲਖਿਅ
ਹਰਿ ਕੈ ਕੈ ਪ੍ਰਨਾਮ ਸੁ ਪਾਇਨ ਲਾਗੀ। 57

ਇਸ ਰਚਨਾ ਵਿਚ ਵੀ ਬਾਕੀ ਅਵਤਾਰ ਕਥਾਵਾਂ ਵਾਂਗ ਅੰਤਰ-ਵਿਰੋਧ ਸਪਸ਼ਟ ਨਜ਼ਰ ਆਉਂਦੇ ਹਨ, ਜਿਵੇਂ ਅਰੰਭ ਵਿਚ ਤਾਂ 'ਕਾਲ ਪੁਰਖ' ਵੱਲੋਂ ਵਿਸ਼ਨੂੰ ਨੂੰ ਆਗਿਆ ਕਰਦੇ ਦਿਖਾਇਆ ਹੈ ਅਵਤਾਰ ਧਾਰਨ ਲਈ ਅਤੇ ਕਿਸੇ ਹੋਰ ਥਾਂ ਵਿਸ਼ਨੂੰ ਨੂੰ ਪਰਮਾਤਮਾ ਦੱਸਿਆ ਹੈ ਜੋ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਧਾਰਦਾ ਹੈ। ਇਹ ਲਿਖਤ ਕੇਵਲ ਸਵੈ-ਵਿਰੋਧੀ ਹੀ ਨਹੀਂ ਸਗੋਂ ਗੁਰਮਤਿ ਵਿਚਾਰਧਾਰਾ ਦੇ ਵੀ ਵਿਰੋਧ ਵਿਚ ਹੈ ਕਿਉਂਕਿ ਗੁਰਮਤਿ ਅਨੁਸਾਰ ਪਰਮਾਤਮਾ ਜਨਮਦਾ ਜਾਂ ਮਰਦਾ ਨਹੀਂ। ਇਸ ਲਈ ਉਹ ਅਵਤਾਰ ਨਹੀਂ ਧਾਰਦਾ।

ਇਸ ਕਥਾ ਵਿਚ ਦੂਸਰਾ ਨੁਕਤਾ ਗੌਰ ਕਰਨ ਯੋਗ ਇਹ ਹੈ ਕਿ ਅਰੰਭ ਵਿਚ ਤਾਂ ਕਵੀ ਨੂੰ 'ਚੰਡਿਕਾ' ਨੂੰ ਕ੍ਰਿਪਾ ਲਈ ਬੇਨਤੀ ਕਰਦਾ ਦਿਖਾਇਆ ਹੈ, ਜਿਸ ਦੇ ਗੁਣਾਂ ਦਾ ਧਿਆਨ ਧਰ ਕੇ ਕਵੀ ਬੁਰਾਈਆਂ ਤੋਂ ਨਿਜ਼ਾਤ ਪਾ ਸਕਦਾ ਹੈ ਅਤੇ ਆਪਣੇ ਅੰਦਰ ਉਚੀ ਬੁੱਧੀ ਦਾ ਸੰਚਾਰ ਕਰ ਸਕਦਾ ਹੈ। ਉਸ ਦੀ ਕ੍ਰਿਪਾ ਤੋਂ ਬਿਨਾ ਕਵੀ ਇੱਕ ਸ਼ਬਦ ਵੀ ਨਹੀਂ ਉਚਰ ਸਕਦਾ ਅਤੇ ਉਸ ਦੇ ਨਾਮ ਦੀ ਬੇੜੀ ਵਿਚ ਸਵਾਰ ਹੋ ਕੇ ਉਹ ਕਵਿਤਾ ਦੇ ਸੰਸਾਰ ਤੋਂ ਪਾਰ ਜਾ ਸਕਦਾ ਹੈ। ਫਿਰ ਉਹ ਆਪਣੇ ਮਨ ਨੂੰ 'ਸ਼ਾਰਦਾ' ਨੂੰ ਯਾਦ ਕਰਨ ਲਈ ਕਹਿੰਦਾ ਹੈ ਜੋ ਬੇਅੰਤ ਗੁਣਾਂ ਦੀ ਮਾਲਿਕ ਹੈ। ਜਦੋਂ ਉਹ ਕਿਰਪਾ ਕਰੇਗੀ ਤਾਂ ਉਹ 'ਭਾਗਵਤ' ਰਚ ਸਕੇਗਾ। ਇਸ ਸਾਰੇ ਕਥਨ ਤੋਂ ਇਹੀ ਪਤਾ ਲਗਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਹੋ ਸਕਦੀ। ਗੁਰੂ ਜਿਹੜੇ ਇੱਕ ਪਰਮਾਤਮਾ ਵਿਚ ਵਿਸ਼ਵਾਸ਼ ਰੱਖਦੇ ਹਨ, ਕਿਵੇਂ 'ਚੰਡਿਕਾ' ਜਾਂ 'ਸ਼ਾਰਦਾ' ਦੀ ਕ੍ਰਿਪਾ ਲਈ ਬੇਨਤੀ ਕਰ ਸਕਦੇ ਹਨ ਅਤੇ ਕਿਵੇਂ ਉਹ ਚੰਡਿਕਾ ਨੂੰ ਸਾਰੇ ਸੰਕਟਾਂ ਨੂੰ ਹਰਨ ਵਾਲੀ, ਸਭ ਸਿੱਧੀਆਂ ਦੇਣ ਵਾਲੀ, ਤਰਨ ਤਾਰਨ ਅਤੇ ਹੋਰ ਅਨੇਕਾਂ ਗੁਣਾਂ ਦੀ ਧਾਰਨੀ ਕਹਿ ਸਕਦੇ ਹਨ, ਜਿਸ ਦੀ ਸ਼ਰਨ ਹਰ ਕੋਈ ਜਾਣਾ ਚਾਹੁੰਦਾ ਹੈ ਅਤੇ ਜਿਸ ਦੀ ਕ੍ਰਿਪਾ ਨਾਲ ਇਹ ਗ੍ਰੰਥ (ਭਾਗਵਤ) ਪੂਰਾ ਹੋਇਆ ਹੈ। ਵਾਰ ਵਾਰ ਕਵੀ ਨੇ ਕ੍ਰਿਸ਼ਨ ਨੂੰ 'ਹਰਿ' ਅਰਥਾਤ ਪਰਮਾਤਮਾ ਕਿਹਾ ਹੈ:

ਸੋਇ ਰਹੇ ਹਰਿ ਜੀ ਤਬ ਹੀ ਕਬਿ ਨੇ
ਅਪੁਨੇ ਮਨ ਮੈ ਸੁਖ ਪਾਯੋ। 5।
ਮਾਤ ਗਹਿਯੋ ਰਿਸ ਕੈ ਸੁਤ ਕੋ
ਤਬ ਲੈ ਛਿਟੀਆ ਤਨ ਤਾਹਿੰ ਪ੍ਰਹਾਰਿਯੋ।
ਤਉ ਮਨ ਮਧਿ ਡਰਿਯੋ ਹਰਿ ਜੀ
ਜਸੁਧਾ ਜਸੁਧਾ ਕਰਿ ਕੈ ਜੁ ਪੁਕਾਰਿਯੋ।

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਕੌਮ ਦੇ ਹਿਤਕਾਰੀ, ਸੇਵਾ ਦੇ ਅਧਿਕਾਰੀ, ਕਥਨੀ ਤੇ ਕਰਨੀ ਦੇ ਪੂਰੇ, ਜਪੀ ਤਪੀ ਅਤੇ ਸਿਦਕੀ ਸੂਰੇ, ਇਖਲਾਕ ਦੇ ਉਚੇ, ਜੀਵਨ ਦੇ ਸੁੱਚੇ, ਮਾਇਆ ਦੇ ਤਿਆਗੀ, ਨਾਮ ਦੇ ਵੈਰਾਗੀ, ਗੁਰਮਤਿ ਦੇ ਪ੍ਰਚਾਰ, ਕੌਮ ਦੇ ਸੁਧਾਰ ਅਤੇ ਪੰਥ ਦੇ ਵੱਕਾਰ ਲਈ ਆਪਣਾ ਤਨ-ਮਨ-ਧਨ ਨਿਛਾਵਰ ਕਰ ਦੇਣ ਵਾਲੇ, ਪ੍ਰਚਾਰਕ, ਸੁਧਾਰਕ, ਲੇਖਕ ਅਤੇ ਪ੍ਰਕਾਸ਼ਕ, ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਢਾਡੀ ਸਿੰਘ, ਪੂਜ ਸੰਤ ਜਨ ਅਥਵਾ ਮੰਹਤ ਜਨ, ਜੋ ਵੀ ਕੌਮ ਦੀ ਉਨਤੀ ਤੇ ਬਿਹਤਰੀ ਲਈ ਭਰਪੂਰ ਯਤਨ ਕਰ ਰਹੇ ਹਨ ਅਤੇ ਕੌਮ ਦੇ ਰੂਹਾਨੀ ਮੰਡਲਾਂ ਵਿਚ ਛਾਏ ਕੂੜੇ ਵਹਿਮਾਂ ਤੇ ਭਰਮਾਂ ਅਤੇ ਅਨਮਤੀ ਕਰਮਾਂ ਦੇ ਕਾਲੇ ਪਰਛਾਵਿਆਂ ਦਾ ਵਿਨਾਸ਼ ਕਰ ਕੇ ਗੁਰਮਤਿ ਦਾ ਪ੍ਰਕਾਸ਼ ਕਰ ਰਹੇ ਹਨ। ਉਹ ਸਾਰੇ ਹੀ ਧੰਨਤਾ ਦੇ ਯੋਗ ਹਨ, ਗੁਰੂ ਪੰਥ ਦੀ ਪ੍ਰਸੰਨਤਾ ਦੇ ਯੋਗ ਹਨ।

(2) ਹਰ ਇੱਕ ਗੁਰਸਿੱਖ ਲਈ ਬੇਟੀ ਤੇ ਬੇਟਾ ਇੱਕ ਸਮਾਨ ਹੈ। ਬੇਟੀ ਤਾਂ ਮਾਤਾ-ਪਿਤਾ ਦੀ ਜਿੰਦ ਹੈ ਅਤੇ ਬੇਟਾ ਜਾਨ ਹੈ। ਦੋਵਾਂ ਵਿਚ ਹੀ ਸਾਖਿਆਤ ਵਾਹਿਗੁਰੂ ਬਿਰਾਜਮਾਨ ਹੈ।

(3) ਸਮਾਂ ਬੀਤਦੇ ਦੇਰ ਨਹੀਂ ਲਗਦੀ।

(4) ਗੁਰੂ ਦੇ ਭਾਣੇ ਵਿਚ ਆਉਣਾ ਸਿੱਖੋ, ਦੁੱਖ ਵਿਚ ਸੁੱਖ ਮਨਾਉਣਾ ਅਤੇ ਬਿਪਤ ਸਮੇਂ ਵੀ ਮੁਸਕਾਉਣਾ ਸਿੱਖੋ।

(5) ਨਿਰਾਸ਼ਾ ਨੂੰ ਤਿਆਗੋ, ਆਸਥਾ ਵਿਚ ਜੀਉ।

(6) ਵਾਹਿਗੁਰੂ 'ਤੇ ਵਿਸ਼ਵਾਸ ਲਿਆਉ, ਚਿਤ ਨਾ ਡੁਲਾਉ ਅਤੇ ਮਨ ਨਾ ਕਲਪਾਉ, ਢਹਿੰਦੀਆਂ ਕਲਾਂ ਵੱਲ ਨਾ ਜਾਉ, ਚੜ੍ਹਦੀਆਂ ਕਲਾਂ ਵੱਲ ਆਉ।

(7) ਬੇਟੀ ਦੇ ਆਉਣ 'ਤੇ ਇੰਨਾ ਸੰਤਾਪ ਕਿਉਂ? ਆਦਰ ਦੀ ਬਜਾਏ ਅਨਾਦਰ ਕਰਨ ਦਾ ਪਾਪ ਕਿਉਂ? ਕਲੀਆਂ ਜਿਹੀਆਂ ਕੋਮਲ ਬੇਟੀਆਂ ਦਾ ਇੰਨਾ ਕਠੋਰ ਚਿਤ ਬਾਪ ਕਿਉਂ?

(8) ਲਕਸ਼ਮੀ ਬੇਟੀ ਦਾ ਇੰਨਾ ਅਪਮਾਨ ਕਿਉਂ? ਅਤੇ ਪਾਰਸ ਬੇਟੇ ਦਾ ਇੰਨਾ ਸਨਮਾਨ ਕਿਉਂ? ਬੇਟੀ ਤਾਂ ਘਰ ਦੀ ਸ਼ਾਨ ਅਤੇ ਮਾਪਿਆਂ ਦੀ ਜਾਨ ਹੁੰਦੀ ਹੈ। ਬੇਟੀ ਦੀ ਪਦਵੀ ਤਾਂ ਬੜੀ ਮਹਾਨ ਹੁੰਦੀ ਹੈ। ਬੇਟੀ ਤਾਂ ਵਾਹਿਗੁਰੂ ਵਰਦਾਨ ਹੁੰਦੀ ਹੈ।

(9) ਬੇਟੀ ਦੀ ਪਿਆਰੀ ਰੰਗਤ ਵਿਚ ਤਾਂ ਪਿਤਾ ਦੀ ਸਾਰੀ ਆਤਮਾ ਹੀ ਘੁਲ ਜਾਂਦੀ ਹੈ ਅਤੇ ਬੇਟੀ ਬਿਨਾ ਤਾਂ ਮੋਏ ਪਿਤਾ ਦੀ ਅਰਥੀ ਹੀ ਰੁੱਲ ਜਾਂਦੀ ਹੈ।

(10) ਅਪਰਾਧੀ ਨੂੰ ਉਸ ਦੀ ਪਹਿਲੀ ਭੁੱਲ ਚੁੱਕ ਖਿਮਾ ਕਰਕੇ ਅਗੋਂ ਵਾਸਤੇ ਸਖਤ ਤਾੜਨਾ ਕਰਨੀ ਚਾਹੀਦੀ ਹੈ ਅਤੇ ਦੁਬਾਰਾ ਉਹ ਭੁੱਲ ਚੁੱਕ ਦੁਹਰਾਉਣ 'ਤੇ ਸਖਤ ਤੋਂ ਸਖਤ ਸਜ਼ਾ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ।

(11) ਜੇ ਭਾਈ ਮਨੀ ਸਿੰਘ ਜਿਹੇ ਮਹਾਨ ਹੈਡ ਗ੍ਰੰਥੀ ਆਪਣੀ ਭੁੱਲ ਚੁੱਕ ਦੇ ਇਵਜ਼ ਆਪਣਾ ਬੰਦ ਬੰਦ ਕਟਵਾ ਸਕਦੇ ਹਨ ਤਾਂ ਅੱਜ ਦੇ ਪਾਠੀ ਸਿੰਘ ਆਪਣੀਆਂ ਨਿਤ ਦੀਆਂ ਭੁੱਲਾਂ ਚੁੱਕਾਂ ਬਦਲੇ ਕਿਵੇਂ ਬਖਸ਼ੇ ਜਾ ਸਕਦੇ ਹਨ?

(12) ਹੁਣ ਮੇਰੇ ਪ੍ਰਕਾਸ਼ਮਾਨ ਮਨ ਤੋਂ ਬੇਟੀ ਅਤੇ ਬੇਟੇ ਦਾ ਫਰਕ ਮਿਟ ਗਿਆ ਹੈ। ਹੁਣ ਇਹ ਮੇਰੀਆਂ ਬੇਟੀਆਂ ਮੇਰੇ ਲਈ ਕੰਚਨ ਤੋਂ ਕਿਤੇ ਵੱਧ ਪਾਰਸ ਸਮਾਨ ਹਨ, ਬੇਟਿਆਂ ਤੋਂ ਵੱਧ ਢਾਰਸ ਦੇਣ ਵਾਲੀਆਂ ਵਾਰਸ ਸਮਾਨ ਹਨ।

(13) ਚੰਦਰੀ ਸ਼ਰਾਬ ਹੀ ਚੰਦਰੇ ਸ਼ਰਾਬੀ ਨੂੰ ਪੀ ਜਾਂਦੀ ਹੈ।

(14) ਸ਼ਰਾਬ ਕੇਵਲ ਸ਼ਰਾਬੀ ਦਾ ਘਿਰਣਤ ਖੂਨ ਅਤੇ ਵਜੂਦ ਹੀ ਨਹੀਂ ਪੀਂਦੀ ਬਲਕਿ ਉਸ ਦੀ ਅਕਲ ਤੇ ਸਿਆਣਪ, ਸੋਚ ਅਤੇ ਸਮਝ, ਅਣਖ ਅਤੇ ਇਜ਼ਤ, ਸ਼ਰਮ ਅਤੇ ਹਯਾ ਪੀਣ ਦੇ ਨਾਲ ਨਾਲ ਸ਼ਰਾਬੀ ਦੀ ਸਮੁੱਚੀ ਆਤਮਾ ਅਥਵਾ ਜ਼ਮੀਰ ਵੀ ਪੀ ਜਾਂਦੀ ਹੈ।

(15) ਖੁਸ਼ੀ ਦੇ ਦਿਨ ਦਿਹਾਰ, ਸ਼ਗਨਾਂ ਦੇ ਕਾਰ ਵਿਹਾਰ ਅਤੇ ਅਨੰਦਕਾਰਜ ਸਮੇਂ ਲਾਵਾਂ ਚਾਰ, ਸਜੇ ਹੋਏ ਗੁਰੂ ਦਰਬਾਰ ਵਿਚ ਬੜੀ ਹੀ ਮੁਸ਼ਕਿਲ ਨਾਲ ਮਨ ਨੂੰ ਮਾਰ ਕੇ ਦੋ ਢਾਈ ਘੰਟੇ ਬਹਿਣਾ, ਗੁਰਬਾਣੀ ਦਾ ਇਲਾਹੀ ਕੀਰਤਨ ਸਰਵਣ ਕਰਨਾ ਅਤੇ ਫਿਰ ਸੀਤ ਪ੍ਰਸ਼ਾਦ ਵੀ ਲੈਣਾ ਜਾਂ ਨਾ ਲੈਣਾ, ਪਰ ਘਰਦਿਆਂ ਵੱਲੋਂ ਉਚੇਚੀ ਸਜਾਈ ਸ਼ਰਾਬ ਦੀ ਮਹਿਫਲ ਵਿਚ ਸ਼ਰਾਬ ਦੇ ਹਾੜਿਆਂ ਤੇ ਟੁੱਟ ਟੁੱਟ ਕੇ ਪੈਣਾ ਹੀ ਅੱਜ ਕੱਲ੍ਹ ਦੇ ਮਨਮਤੀਏ ਸਿੱਖ ਸਰਦਾਰਾਂ ਦਾ ਮਨ ਭਾਉਂਦਾ ਗਹਿਣਾ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਵਲਾਇਤ ਦਾ ਸਾਮਰਾਜ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਸਾਡਾ ਤੇ ਮੇਰੇ ਚਾਚਾ ਜੀ ਦਾ ਘਰ ਜੁੜਵਾਂ ਹੁੰਦਾ ਸੀ, ਸਾਂਝਾ ਵਿਹੜਾ ਤੇ ਸਾਂਝਾ ਹੀ ਵਰਾਂਡਾ। ਬਹੁਤ ਛੋਟੇ ਹੁੰਦੇ ਮੈਂ ਤੇ ਮੇਰੇ ਹਾਣ ਦਾ ਚਚੇਰਾ ਭਰਾ ਮੱਖਣ ਇਕ ਖੇਡ ਖੇਡਦੇ ਹੁੰਦੇ ਸਾਂ। ਅਸੀਂ ਆਪਣੀ ਆਪਣੀ ਪੰਘੂੜੀ (ਮੰਜੀ) ਬਰਾਂਡੇ ਦੇ ਪੀਲਪਾਵੇ ਨਾਲ ਟੇਢੀ ਜਿਹੀ ਡਾਹ ਕੇ ਉਸ ‘ਤੇ ਲਿਟਦੇ ਜਾਂ ਵਾਰ ਵਾਰ ਘਿਸੜਦੇ ਘਿਸੜਦੇ ਥੱਲੇ ਨੂੰ ਆਉਂਦੇ ਸਾਂ। ਇਸ ਸਾਦੀ ਜਿਹੀ ਖੇਡ ਨੂੰ ਅਸੀਂ ਬਲੈਤੀ ਕੰਮ ਕਰਨਾ ਆਖਦੇ ਸਾਂ। ਖੇਡ ਦਾ ਇਹ ਨਾਂ ਜ਼ਾਹਿਰ ਕਰਦਾ ਹੈ ਕਿ ਅਸੀਂ ਉਸ ਨੰਨ੍ਹੀ ਉਮਰ ਵਿਚ ਬਲੈਤੀ (ਵਲਾਇਤੀ) ਸ਼ਬਦ ਦੇ ਅਰਥ ਨੂੰ ਕਿਵੇਂ ਸਮਝਿਆ ਹੋਵੇਗਾ। ਦੁਆਬੇ ਦੇ ਲੋਕ ਵਲਾਇਤ ਵਿਚ ਚਿਰ ਤੋਂ ਹੀ ਜਾਣ ਲੱਗੇ ਸਨ ਤੇ ਵਲਾਇਤ ਦੀਆਂ ਚੀਜ਼ਾਂ ਵੀ ਆਉਣ ਲੱਗੀਆਂ ਸਨ। ਇਸ ਤਰ੍ਹਾਂ ਉਸ ਸਮੇਂ ਸਾਡੇ ਮਨ ਵਿਚ ਬਲੈਤ ਦਾ ਅਰਥ ਸ਼ਾਇਦ ਕੋਈ ਅਜੀਬੋ ਗਰੀਬ, ਵੱਖਰੀ ਜਾਂ ਨਵੀਂ ਜਿਹੀ ਚੀਜ਼ ਵੱਸਿਆ ਹੋਵੇਗਾ, ਇਸੇ ਲਈ ਇਸ ਟੇਢੀ ਜਿਹੀ ਨਵੀਂ ਖੇਡ ਦਾ ਨਾਂ ਅਸੀਂ ਬਲੈਤੀ ਕੰਮ ਧਰ ਦਿੱਤਾ। ਸਾਰੇ ਦੇਸ਼ ਵਿਚ ਵਿਲਾਇਤ, ਵਲੈਤ ਜਾਂ ਦੁਆਬੇ ਵਿਚ ਬਲੈਤ ਇੰਗਲੈਂਡ ਨੂੰ ਕਿਹਾ ਜਾਂਦਾ ਸੀ। ਲੋਕ ਇੰਗਲੈਂਡ ਪੜ੍ਹਨ ਜਾਂਦੇ ਸਨ ਤੇ ਆ ਕੇ ਵਿਲਾਇਤ ਪਾਸ ਕਹਾਉਂਦੇ ਸਨ। ਇੰਗਲੈਂਡ ਤੋਂ ਮਿਲੀ ਇਕ ਪੁਰਾਤਨ ਜਨਮ ਸਾਖੀ ਨੂੰ ਵਲਾਇਤ ਵਾਲੀ ਸਾਖੀ ਕਿਹਾ ਜਾਂਦਾ ਹੈ। ਖਾਸ ਨਾਂਵਾਂ ਵਿਚ ਵਲਾਇਤ ਸ਼ਬਦ ਦੀ ਵਰਤੋਂ ਹੁੰਦੀ ਹੈ। ਇੰਗਲੈਂਡ ਰਹਿ ਕੇ ਆਏ ਲੋਕਾਂ ਨੂੰ ਵਲੈਤੀਏ ਆਖਿਆ ਜਾਂਦਾ ਸੀ, ਕਈ ਨਵੇਂ ਛੱਤੇ ਘਰ ਅੱਗੇ ਆਪਣੇ ਨਾਂ ਅੱਗੇ ਵਲੈਤੀਆ ਲਿਖਵਾ ਦਿੰਦੇ ਸਨ। ਹੁਣ ਇੰਗਲੈਂਡੀਆ, ਕੈਨੇਡੀਅਨ ਜਾਂ ਅਮਰੀਕਨ ਲਿਖਾਉਂਦੇ ਹਨ। ਕੁਝ ਲੋਕ ਅੱਜ ਕਿਸੇ ਵੀ ਪੱਛਮੀ ਦੇਸ਼ ਨੂੰ ਵਲਾਇਤ ਆਖਦੇ ਹਨ ਪਰ ਅਜੇ ਵੀ ਮੋਟੇ ਤੌਰ ‘ਤੇ ਬਰਤਾਨੀਆ ਲਈ ਇਹ ਸ਼ਬਦ ਰੂੜ ਹੋ ਚੁੱਕਾ ਹੈ।

ਪਰ ਮੁਢਲੇ ਤੌਰ ‘ਤੇ ਵਲਾਇਤ ਸ਼ਬਦ ਬਰਤਾਨੀਆ ਵੱਲ ਇਸ਼ਾਰਾ ਨਹੀਂ ਕਰਦਾ। ਪੰਜਾਬ ਵਿਚ ਅੰਗਰੇਜ਼ਾਂ ਦੇ ਰਾਜ ਜਾਂ ਪ੍ਰਭਾਵ ਤੋਂ ਪਹਿਲਾਂ ਵੀ ਵਲਾਇਤ ਸ਼ਬਦ ਪ੍ਰਚਲਿਤ ਸੀ। ਅਠਾਰਵੀਂ ਸਦੀ ਦਾ ਪੰਜਾਬੀ ਸ਼ਿਰੋਮਣੀ ਕਿੱਸਾਕਾਰ ਵਾਰਿਸ ਸ਼ਾਹ ਲਿਖਦਾ ਹੈ:

ਕੋਈ ਧੋਬੀ ਵਲਾਇਤੋਂ ਆ ਲੱਥਾ
ਸਰੀ ਸਾਫ ਦੇ ਥਾਨ ਚੜ੍ਹ ਖੁੰਭ ਗਿਆ।
ਤੇਰੀ ਚੋਲੀ ਵਲੂੰਧਰੀ ਸਣੇ ਸੀਨੇ
ਪੇਂਜੇ ਤੂੰਬਿਆਂ ਨੂੰ ਜਿਵੇਂ ਤੁੰਬ ਗਿਆ।

ਅਠਾਰਵੀਂ-ਉਨ੍ਹੀਵੀਂ ਸਦੀ ਦੇ ਸਿੱਖ ਵਿਦਵਾਨ ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਗ੍ਰੰਥ ਵਿਚ ਲਿਖਦੇ ਹਨ:

ਸ਼੍ਰੀ ਸਤਿਗੁਰ ਪੂਰਨ ਹਰਿਰਾਇ।
ਕਿਤਿਕ ਸਮੋ ਢਿਗ ਸੇਵ ਕਮਾਇ।
ਭਏ ਪ੍ਰਸੰਨ ਏਕ ਦਿਨ ਹੇਰਾ।
ਕਹੋ ਬਾਕ ਸ਼੍ਰੀ ਮੁਖ ਤਿਸ ਬੇਰਾ॥੨॥
ਕਾਬਲ ਕੇਰ ਵਲਾਇਤ ਜੋਇ।
ਤਹਿ ਕੀ ਸੰਗਤਿ ਸਿਖ ਸਭਿ ਕੋਇ।

ਅਠਾਰਵੀਂ-ਉਨ੍ਹੀਵੀਂ ਸਦੀ ਦਾ ਪੰਜਾਬੀ ਕਿੱਸਾਕਾਰ ਹਾਸ਼ਮ ਸ਼ਾਹ ਆਪਣੀ ਸੱਸੀ ਵਿਚ ਪੁੰਨੂ ਦਾ ਬਿਉਰਾ ਦਿੰਦਾ ਉਸ ਦੇ ਸ਼ਹਿਰ ਨੂੰ ਵਲਾਇਤ ਤੇ ਇਸ ਦੇ ਪਿਤਾ ਨੂੰ ਇਸ ਦਾ ਵਾਲੀ (ਸ਼ਾਸਕ) ਆਖਦਾ ਹੈ:

ਕੀਚਮ ਸ਼ਹਿਰ ਵਲਾਇਤ ਥਲਾਂ ਦੀ
ਹੋਤ ਅਲੀ ਤਿਸ ਵਾਲੀ।
ਤਿਸ ਦਾ ਪੱਤ ਪੁੰਨੂੰ ਸ਼ਹਿਜ਼ਾਦਾ
ਐਬ ਸਵਾਬੋਂ ਖਾਲੀ।

ਇਨ੍ਹਾਂ ਟੂਕਾਂ ਵਿਚ ਵਲਾਇਤ ਦਾ ਅਰਥ ਬਰਤਾਨੀਆ ਨਾ ਹੋ ਕੇ ਕੋਈ ਵੀ ਬਾਹਰਲਾ ਦੇਸ਼




ਹੈ ਖਾਸ ਤੌਰ ‘ਤੇ ਮਧ ਏਸ਼ੀਆ ਦਾ ਇਰਾਨ, ਅਫਗਾਨਿਸਤਾਨ ਵਗੈਰਾ।

ਨਿਸਚੇ ਹੀ ਫਾਰਸੀ ਦਾ ਵਲਾਇਤ ਸ਼ਬਦ ਭਾਰਤ ਉਤੇ ਮਧ ਪੂਰਬ ਦੀ ਇਸਲਾਮੀ ਚੜ੍ਹਤ ਸਮੇਂ ਆਇਆ। ਵਲਾਇਤ ਸ਼ਬਦ ਦਾ ਮੁਖ ਅਰਥ ਦੇਸ਼ ਹੀ ਹੈ ਤੇ ਮੁਸਲਮਾਨੀ ਅਹਿਲਕਾਰ ਆਪਣੇ ਪੂਰਵ ਦੇਸ਼ ਨੂੰ ਵਲਾਇਤ ਕਹਿੰਦੇ ਸਨ। ਉਨ੍ਹਾਂ ਦੇ ਨਜ਼ਰੀਏ ਤੋਂ ਇਸ ਦਾ ਅਰਥ ਉਨ੍ਹਾਂ ਦਾ ਆਪਣਾ ਦੇਸ ਹੈ ਪਰ ਸਾਡੇ ਨਜ਼ਰੀਏ ਤੋਂ ਉਨ੍ਹਾਂ ਦਾ ਦੇਸ਼ ਅਰਥਾਤ ਬਿਗਾਨਾ ਦੇਸ਼ ਹੈ ਖਾਸ ਤੌਰ ‘ਤੇ ਮਧ ਪੂਰਬ ਦਾ ਕੋਈ ਦੇਸ਼। ਫਾਰਸੀ ਵਿਚ ਵਿਲਾਇਤ ਦੇ ਅਰਥ ਹਨ-ਸਵਾਮੀਤਵ, ਹਕੂਮਤ; ਮਾਲਕੀ, ਕਬਜ਼ਾ, ਕੰਟਰੋਲ, ਅਧਿਕਾਰ, ਪ੍ਰਭੁਸੱਤਾ, ਸੱਤਾ; ਰਾਜ-ਖੇਤਰ, ਰਾਜ, ਪ੍ਰਾਂਤ; ਰਾਖਾ; ਦੋਸਤੀ, ਮੇਲ, ਮਿਲਾਪ; ਸੰਤਤਾਈ।

ਫਾਰਸੀ ‘ਵਿਲਾਇਤ’ ਅਰਬੀ ਵਿਲਾਇਆ ਦਾ ਬਦਲਿਆ ਰੂਪ ਹੈ ਜਿਸ ਦੇ ਮੁਖ ਅਰਥ ਪ੍ਰਸ਼ਾਸਨਕ ਇਕਾਈ ਅਰਥਾਤ ਪ੍ਰਾਂਤ ਆਦਿ ਹੈ। ਇਹ ਸ਼ਬਦ ਅਰਬੀ ਧਾਤੂ ਵ-ਲ-ਈ ਤੋਂ ਬਣਿਆ ਹੈ ਜਿਸ ਦਾ ਅਰਥ ਪ੍ਰਸ਼ਾਸਨ ਕਰਨਾ ਹੈ। ਇਸੇ ਤੋਂ ਵਾਲੀ (ਪ੍ਰਸ਼ਾਸਕ, ਰਾਜਪਾਲ, ਗਵਰਨਰ ਆਦਿ) ਬਣਿਆ। ਜਿਸ ’ਤੇ ਰਾਜ ਕੀਤਾ ਜਾਵੇ ਅਰਥਾਤ ਰਿਆਸਤ, ਉਹ ਹੈ ਵਿਲਾਇਆ। ਏਹੀ ਫਾਰਸੀ ਦਾ ਵਿਲਾਏਤ ਤੇ ਪੰਜਾਬੀ ਦਾ ਵਲਾਇਤ ਹੈ। ਖਲੀਫਿਆਂ ਦੇ ਰਾਜ ਸਮੇਂ ਇਹ ਉਨ੍ਹਾਂ ਦੇ ਅਧੀਨ ਅਨੇਕਾਂ ਰਾਜਾਂ ਲਈ ਵਰਤਿਆ ਜਾਂਦਾ ਸੀ ਜੋ ਵਧ ਘਟ ਖੁਦਮੁਖਤਿਆਰ ਵੀ ਸਨ। ਮੁਸਲਮਾਨੀ ਅਸਰ ਵਾਲੇ ਵਿਭਿੰਨ ਦੇਸ਼ਾਂ ਵਿਚ ਇਸ ਸ਼ਬਦ ਦੇ ਵੱਖ ਵੱਖ ਅਰਥ ਲਏ ਜਾਂਦੇ ਹਨ ਜਿਵੇਂ ਮਰਾਕੋ ਵਿਚ ਕਈ ਪ੍ਰਾਂਤਾਂ ਦਾ ਸਮੂਹ ਹੈ; ਅਲਜੇਰੀਆ, ਸੂਡਾਨ, ਟੂਨੀਸ਼ੀਆ, ਓਮਾਨ ਵਿਚ ਸੂਬਾ, ਪ੍ਰਾਂਤ ਹੈ; ਕੀਨੀਆ, ਤਨਜ਼ਾਨੀਆ ਦੀ ਸਹੇਲੀ ਭਾਸ਼ਾ ਵਿਚ ਜ਼ਿਲ੍ਹਾ ਹੈ; ਮਲੇਸ਼ੀਆ ਵਿਚ ਕੇਂਦਰ-ਸ਼ਾਸਿਤ ਪ੍ਰਦੇਸ਼ ਹੈ: ਇੰਡੋਨੇਸ਼ੀਆਂ ਵਿਚ ਕੋਈ ਵੀ ਪ੍ਰਸ਼ਾਸਨ-ਮੁਕਤ ਖੇਤਰ, ਇਲਾਕਾ ਜਾਂ ਪ੍ਰਦੇਸ਼ ਵਿਲਾਇਆ ਹੈ। ਓਸਮਾਨੀਆ ਸਾਮਰਾਜ ਦੇ ਪ੍ਰਾਂਤਾਂ ਨੂੰ ਰਵਾਇਤੀ ਤੌਰ ’ਤੇ ਇਆਲਿਤ ਕਿਹਾ ਜਾਂਦਾ ਸੀ ਪਰ ਬਾਅਦ ਵਿਚ ਤੁਰਕੀ ਉਚਾਰਣ ਕਾਰਨ ਵਿਲਾਏਤ ਕਿਹਾ ਜਾਣ ਲੱਗਾ। ਇਨ੍ਹਾਂ ਦੇ ਸ਼ਾਸਕ ਨੂੰ ਵਾਲੀ ਕਿਹਾ ਜਾਂਦਾ ਸੀ। ਤਾਜ਼ਿਕਸਤਾਨ, ਤੁਰਕਮੈਨਿਸਤਾਨ, ਉਜ਼ਬੇਕਿਸਤਾਨ ਅਤੇ ਅਫਗਾਨਿਸਤਾਨ ਦੀ ਪਸ਼ਤੋ ਵਿਚ ਇਹ ਪਦ ਪ੍ਰਾਂਤ ਲਈ ਹੀ ਵਰਤਿਆ ਜਾਂਦਾ ਹੈ। ਦਾਗਿਸਤਾਨ ਦੀ ਸੇਜ਼ ਭਾਸ਼ਾ ਵਿਚ ਇਹ ਜ਼ਿਲ੍ਹੇ ਲਈ ਵਰਤਿਆ ਜਾਂਦਾ ਹੈ। ਉਮਾਨ ਵਿਚ ਇਹ ਸ਼ਬਦ ਕਿਸੇ ਨਗਰ ਸ਼ਹਿਰ ਲਈ ਵੀ ਵਰਤਿਆ ਜਾਂਦਾ ਹੈ। ਕਿਸੇ ਸ਼ਹਿਰ ਵਿਚ ਵੜੋ, ਸੜਕ ਦੇ ਬੋਰਡ ਤੇ ਸ਼ਹਿਰ ਦੇ ਨਾਂ ਪਿਛੋਂ ਵਲਾਇਤ ਲਿਖਿਆ ਮਿਲੇਗਾ ਜਿਵੇਂ “ਅਲ ਸਿਫ਼ਾ ਵਲਾਇਤ ਤੁਹਾਡਾ ਸਵਾਗਤ ਕਰਦਾ ਹੈ।” ਮੁਗਲਾਂ ਸਮੇਂ ਪਰਗਣੇ ਤੋਂ ਵੱਡੇ ਇਲਾਕੇ ਨੂੰ ਸ਼ੁੱਕ, ਖਿੱਤਾ, ਅਰਸਾ, ਦਿਆਰ, ਖਿੱਤਾ ਤੋਂ ਇਲਾਵਾ ਵਲਾਇਤ ਵੀ ਕਿਹਾ ਜਾਂਦਾ ਸੀ ਜਿਵੇਂ ਵਲਾਇਤ-ਏ-ਮੀਆਂ ਦੁਆਬ। ਅਮਰੀਕੀ ਰਾਜਾਂ ਨੂੰ ਅਰਬੀ ਵਿਚ ਵਿਲਾਇਆ ਕਿਹਾ ਜਾਂਦਾ ਹੈ ਤੇ ਇਸ ਹਿਸਾਬ ਨਾਲ ਯੂ.ਐਸ.ਏ. ਨੂੰ ਅਲ-ਵਿਲਾਇਤ ਅਲ-ਮੁਤਾਹਿਦਾ ਕਿਹਾ ਜਾਂਦਾ ਹੈ।

ਹੁਣ ਅਸੀਂ ਇਸ ਸ਼ਬਦ ਦੇ ਮੂਲ ਵੱਲ ਆਉਂਦੇ ਹਾਂ। ਅਰਬੀ ਦਾ ਇਕ ਧਾਤੂ ਹੈ ਵ-ਲ-ਈ ਜਿਸ ਤੋਂ ਵਲੀ ਸ਼ਬਦ ਬਣਿਆ ਹੈ। ਇਸ ਦੇ ਅਰਥ ਹਨ-ਨੇੜੇ ਹੋਣਾ, ਨਾਲ ਲੱਗਣਾ, ਰੱਬ ਜਾਂ ਰਾਜੇ ਦਾ ਚਹੇਤਾ, ਦੋਸਤ, ਮਦਦਗਾਰ, ਰੱਖਿਅਕ, ਸ਼ਾਸਕ। ਅਸੀਂ ਦੇਖਦੇ ਹਾਂ ਕਿ ਇਸ ਧਾਤੂ ਤੋਂ ਬਣਦੇ ਸ਼ਬਦ ਸੰਸਾਰਕ ਅਤੇ ਅਧਿਆਤਮਕ-ਦੋਨਾਂ ਦਿਸ਼ਾਵਾਂ ਵੱਲ ਤੁਰਦੇ ਹਨ। ਸੰਸਾਰਕ ਅਰਥਾਂ ਵਿਚ ਇਹ ਰਾਜਸੀ ਸੱਤਾ ਦੇ ਸੰਕੇਤਕ ਹਨ ਜਿਵੇਂ ਅਸੀਂ ਪਿਛੇ ਵਲਾਇਤ ਸ਼ਬਦ ਨੂੰ ਵਿਭਿੰਨ ਰਾਜਕੀ ਇਕਾਈਆਂ ਦੇ ਅਰਥਾਂ ਦੇ ਰੂਪ ਵਿਚ ਦੇਖ ਚੁਕੇ ਹਾਂ। ਇਸੇ ਮੂਲ ਤੋਂ ਬਣਿਆ ਸ਼ਬਦ ‘ਵਾਲੀ’ ਇਨ੍ਹਾਂ ਇਕਾਈਆਂ ਦਾ ਸ਼ਾਸਕ ਹੈ। ਇਸੇ ਮੂਲ ਤੋਂ ਇਕ ਹੋਰ ਸ਼ਬਦ ਵਿਉਤਪਤ ਹੁੰਦਾ ਹੈ ‘ਮੌਵਾਲ’ ਜੋ ਗੈਰ-ਅਰਬੀ ਮੁਸਲਮਾਨਾਂ ਲਈ ਵਰਤਿਆ ਜਾਂਦਾ ਹੈ। ਇਹ ਮੌਵਾਲ ਮੁਸਲਮਾਨੀ ਜਗਤ ਵਿਚ ਇਕ ਤਰ੍ਹਾਂ ਦੂਸਰੇ ਦਰਜੇ ਦੇ ਸ਼ਹਿਰੀ ਸਨ। ਅੱਜ ਮੌਵਾਲ ਜਾਂ ਇਸ ਦਾ ਬਹੁਵਚਨ ਮੌਵਾਲੀ ਲਫਜ਼ ਗਰੀਬ ਗੁਰਬੇ, ਗੰਦੇ ਚੀਥੜਿਆਂ ਵਿਚ ਰਹਿਣ ਵਾਲੇ ਲੋਕਾਂ ਲਈ ਵਰਤਿਆ ਜਾਂਦਾ ਹੈ।

ਇਸੇ ਦੇ ਸਮਾਨੰਤਰ ਧਾਰਮਕ ਸੰਦਰਭ ਵਿਚ ਇਸ ਦੇ ਅਰਥ ਰੂਹਾਨੀ ਸੱਤਾ ਵਾਲੇ ਬਣਦੇ ਹਨ। ਵਲੀ ਦਾ ਅਰਥ ਸੰਤ ਜਾਂ ਪੀਰ ਹੈ। ਇਹ ਸੂਫੀ ਇਮਾਮਾਂ ਦੀ ਉਪਾਧੀ ਵੀ ਹੈ। ਇਸ ਦਾ ਬਹੁਵਚਨ ਔਲੀਆ ਹੈ। ਮੌਲਾ ਵੀ ਇਸੇ ਤੋਂ ਬਣਿਆ। ਇਸੇ ਪ੍ਰਸੰਗ ਵਿਚ ਵਲਾਇਤ ਦਾ ਅਰਥ ਸੰਤਤਾਈ ਤੇ ਅੱਗੇ ਪਵਿੱਤਰ ਪੁਰਖ ਨਾਲ ਮਿਲਾਪ ਜਾਂ ਨੇੜਤਾ ਵੀ ਹੋ ਜਾਂਦਾ ਹੈ। ਵਲੀ-ਏ-ਖੁਦਾ ਦਾ ਅਰਥ ਖੁਦਾ ਦਾ ਬੰਦਾ ਅਰਥਾਤ ਸੰਤ ਪੀਰ ਹੁੰਦਾ ਹੈ। ਵਲੀ ਕਾਮਿਲ ਪੂਰਾ ਸੂਰਾ ਸੰਤ ਹੈ। ਵਲਾਇਤ ਪਾਉਣਾ ਦਾ ਮਤਲਬ ਸੰਤਤਾਈ ਦਾ ਰੁਤਬਾ ਪਾਉਣਾ ਜਾਂ ਪਹੁੰਚੇ ਹੋਏ ਹੋਣਾ ਹੈ। ਸਾਹਿਬੇ ਵਲਾਇਤ ਵੀ ਪੂਰਾ ਸੰਤ ਹੈ। ਇਸੇ ਪ੍ਰਸੰਗ ਤੋਂ ਵਲੀ ਜਾਂ ਵਲਾਇਤ ਸ਼ਬਦ ਖਾਸ ਨਾਂਵਾਂ ਵਿਚ ਵੀ ਵਰਤੇ ਜਾਂਦੇ ਹਨ ਜਿਵੇਂ ਸਿਤਾਰ ਦੇ ਉਸਤਾਦ ਵਿਲਾਇਤ ਖਾਂ, ਇਰਾਨ ਦੇ ਸਾਬਕਾ ਵਿਦੇਸ਼ ਮੰਤਰੀ ਅਲੀ ਅਕਬਰ ਵਿਲਾਇਤੀ, ਵਲੀ ਕੰਧਾਰੀ ਆਦਿ। ਸਾਡੇ ਦੇਸ਼ ਵਿਚ ਵਲੈਤੀ ਰਾਮ ਜਿਹੇ ਨਾਂ ਆਮ ਹੀ ਮਿਲ ਜਾਂਦੇ ਹਨ।

ਪਰ ਫਿਰ ਵੀ ਜੇ ਸਾਡੇ ਦਿਮਾਗਾਂ ਵਿਚ ਵਲਾਇਤ ਦਾ ਮੁੱਖ ਅਰਥ ਬਰਤਾਨੀਆ ਹੈ ਤਾਂ ਇਸ ਦਾ ਕਾਰਨ ਏਹੀ ਹੈ ਕਿ ਬਰਤਾਨਵੀ ਰਾਜ ਦਾ ਸਾਡਾ ਅਨੁਭਵ ਨਿਕਟਤਮ ਹੈ। ਪਹਿਲੇ ਪਹਿਲ ਬਰਤਾਨਵੀ ਰਾਜ ਸਮੇਂ ਸਾਡੇ ਦੇਸ਼ ਵਿਚ ਦਾਖਿਲ ਹੋਈਆਂ ਚੀਜ਼ਾਂ ਦਾ ਨਾਂ ‘ਵਲਾਇਤੀ’ ਵਿਸ਼ੇਸ਼ਣ ਨਾਲ ਬਣਨ ਲੱਗ ਪਿਆ। ਜਿਵੇਂ ਟਮਾਟਰ ਨੂੰ ਵਲਾਇਤੀ ਬੈਂਗਣ, ਸ਼ਿਮਲਾ ਮਿਰਚ ਨੂੰ ਵਲਾਇਤੀ ਸੇਮ, ਸੋਡਾ ਵਾਟਰ ਨੂੰ ਵਲਾਇਤੀ ਪਾਣੀ, ਰਸਭਰੀ ਨੂੰ ਵਲਾਇਤੀ ਮਕੋ ਕਿਹਾ ਜਾਣ ਲੱਗਾ। ਹੋਰ ਤਾਂ ਹੋਰ ਵਲਾਇਤੀ ਸ਼ਬਦ ‘ਬਲਾਇਟੀ’ (blighty) ਦੇ ਰੂਪ ਵਿਚ ਅੰਗਰੇਜ਼ੀ ਸ਼ਬਦਾਵਲੀ ਵਿਚ ਵੀ ਘੁਸ ਗਿਆ। ਅੰਗਰੇਜ਼ਾਂ ਦੇ ਮਨ ਵਿਚ ਵੀ ਵਲਾਇਤ ਜਾਂ ਵਲਾਇਤੀ ਸ਼ਬਦ ਸੱਤਾ ਦਾ ਪ੍ਰਤੀਕ ਸੀ। ਇਹ ਸ਼ਬਦ ਪਹਿਲਾਂ ਸ਼ਾਇਦ ਭਾਰਤੀ ਸੈਨਾ ਦੇ ਗੋਰੇ ਸੈਨਿਕਾਂ ਵਲੋਂ ਆਪਣੀ ਸਰਜ਼ਮੀਨ੍ਹ ਇੰਗਲੈਂਡ ਲਈ ਵਰਤਿਆ ਗਿਆ ਪਰ ਇਸ ਦੀ ਵਿਆਪਕ ਵਰਤੋਂ ਪਹਿਲੀ ਸੰਸਾਰ ਜੰਗ ਸਮੇਂ ਹੋਈ ਜਦ ਲੜਾਈ ਭਿੜਾਈ ਤੋਂ ਤੰਗ ਗੋਰੇ ਸੈਨਿਕ ਹੇਰਵੇ ਨਾਲ ਆਪਣੇ ਦੇਸ਼ ਨੂੰ ‘ਬਲਾਇਟੀ’ ਕਹਿ ਕੇ ਯਾਦ ਕਰਨ ਲੱਗੇ। ਉਸ ਜ਼ਮਾਨੇ ’ਚ ਕਈ ਅੰਗਰੇਜ਼ੀ ਗੀਤ ਲਿਖੇ ਗਏ ਜਿਨ੍ਹਾਂ ਵਿਚ ਇਸ ਸ਼ਬਦ ਦੀ ਵਰਤੋਂ ਸੀ ਤੇ ਜੋ ਹਰ ਇਕ ਦੀ ਜ਼ਬਾਨ ’ਤੇ ਚੜ੍ਹ ਗਏ ਜਿਵੇਂ, There’s a ship that’s bound for Blighty, We wish we were in Blighty, and Take Me Back to Dear Old Blighty.

ਅੰਗਰੇਜ਼ੀ ਦੇ ਇਹ ਸ਼ਬਦ ਜੋੜ ਬਾਅਦ ਵਿਚ ਅਪਨਾਏ ਗਏ। ਆਕਸਫੋਰਡ ਡਿਕਸ਼ਨਰੀ ਨੇ ਅੰਗਰੇਜ਼ੀ ਵਿਚ ਇਸ ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਦਾ ਸਿਹਰਾ ਅੰਗਰੇਜ਼ੀ ਕਵੀ ਰੁਡਯਾਰਡ ਕਿਪਲਿੰਗ ਨੂੰ ਦਿੱਤਾ ਹੈ। ਉਸ ਦੀ ਕ੍ਰਿਤ From Sea to Sea (1899) ਵਿਚ ਲਿਖਿਆ ਮਿਲਦਾ ਹੈ:

Let the town hear of the wonders which I have seen in Belait.

ਯੁਧ ਦੇ ਮੈਦਾਨ ਵਿਚ ਲੱਗੇ ਜ਼ਖਮਾਂ ਨੂੰ ਗੋਰੇ ਸੈਨਿਕ ਵਲਾਇਤੀ ਜ਼ਖਮ (blighty wounds) ਕਹਿਣ ਲੱਗ ਪਏ ਅਰਥਾਤ ਅਜਿਹੇ ਜ਼ਖਮ ਜਿਨ੍ਹਾਂ ਬਹਾਨੇ ਉਨ੍ਹਾਂ ਦਾ ਲੜਾਈ ਤੋਂ ਛੁਟਕਾਰਾ ਹੋ ਸਕਦਾ ਸੀ ਤੇ ਉਹ ਆਪਣੇ ਪਿਆਰੇ ਵਤਨ ਬਲਾਇਟੀ ਵਾਪਿਸ ਜਾ ਸਕਦੇ ਸਨ। ਹਸਪਤਾਲ ਜਾਣ ਜਾਂ ਦੇਸ਼ ਪਰਤਣ ਲਈ ਕਈ ਵਾਰੀ ਉਹ ਆਪ ਹੀ ਆਪਣੇ ਆਪ ਨੂੰ ਗੰਭੀਰ ਜ਼ਖਮੀ ਕਰ ਲੈਂਦੇ ਸਨ। ਅੱਜ ਅਸੀਂ ਦੇਖਦੇ ਹਾਂ ਕਿ ਸਰਵ ਵਿਆਪਕ ਬਰਤਾਨੀਵੀ ਰਾਜ ਦਾ ਸੂਰਜ ਡੁੱਬ ਚੁੱਕਾ ਹੈ ਪਰ ‘ਵਿਲਾਇਤ’ ਸ਼ਬਦ ਦਾ ਸੂਰਜ ਨਹੀਂ ਡੁੱਬਾ।

# ਨਛੱਤਰ ਸਿੰਘ ਰੋਡੇ ਦਾ ਕੇਸ

*(ਸਫਾ 30 ਦੀ ਬਾਕੀ)*

ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕਰਨਾ, ਹਰ ਜਮਹੂਰੀਅਤਪਸੰਦ ਸ਼ਹਿਰੀ ਦਾ ਮੁੱਢਲਾ ਫਰਜ਼ ਹੈ।

ਖਾਸ ਕਰਕੇ ਜਦੋਂ ਸਿੱਖ ਨੌਜਵਾਨਾਂ ਨੂੰ ਬਲੀ ਦੇ ਬੱਕਰੇ ਬਣਾਉਣ ਵਾਲੇ, ਉਨ੍ਹਾਂ ਨੂੰ ਬਲਦੀ ਦੇ ਬੂਥੇ ਦੇਣ ਵਾਲੇ, ਹਰ ਵੰਨਗੀ ਦੇ ਮੌਕਾਪ੍ਰਸਤ ਸਿਆਸੀ ਆਗੂ (ਇਹ ਭਾਵੇਂ ਅਕਾਲੀ ਹਨ, ਭਾਵੇਂ ਕਾਂਗਰਸ ਨੇਤਾ), ਮੌਜ ਨਾਲ ਆਪਣੀ ਜ਼ਿੰਦਗੀ ਦਾ ਆਨੰਦ ਮਾਣ ਰਹੇ ਹਨ, ਜਿਨ੍ਹਾਂ ਨੂੰ ਆਪਣੇ ਕੁਕਰਮਾਂ ਦੀ ਕੋਈ ਸਜ਼ਾ ਨਹੀਂ ਮਿਲੀ, ਤਾਂ ਹਜ਼ਾਰਾਂ ਨਿਰਦੋਸ਼ ਜਾਂ ਦੋਸ਼ੀ ਗੱਭਰੂਆਂ ਨੂੰ ਜੇਲ੍ਹਾਂ ਵਿਚ ਬੰਦ ਰੱਖਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ। ਸਾਨੂੰ ਸਾਰੇ ਸਿਆਸੀ ਕੈਦੀਆਂ ਸਮੇਤ ਕਾਤਲਾਂ ਨੂੰ ਰਿਹਾ ਕਰਨ ਦੀ ਅਤੇ ਉਨ੍ਹਾਂ ਦੇ ਢੁੱਕਵੇਂ ਮੁੜ ਵਸੇਬੇ ਦੀ ਮੰਗ ਕਰਨੀ ਚਾਹੀਦੀ ਹੈ। ਸਿੱਖਾਂ ਨੂੰ ਅਜਿਹੀ ਮੰਗ ਕਰਨੀ ਚਾਹੀਦੀ ਹੈ। ਇਹ ਹੋਰ ਵੀ ਚੰਗਾ ਹੋਵੇਗਾ ਜੇ ਇਹ ਮੰਗ ਖ਼ਾਲਿਸਤਾਨੀ ਲਹਿਰ ਦੇ ਇਕਪਾਸੜ ਵਿਰੋਧੀਆਂ-ਭਾਰਤੀ ਜਨਤਾ ਪਾਰਟੀ ਅਤੇ ਸਰਕਾਰੀ ਕਮਿਊਨਿਸਟਾਂ, ਵੱਲੋਂ ਹੋਵੇ। ਕੀ ਉਹ ਅਜਿਹੀ ਫਰਾਖ਼ਦਿਲੀ ਦਿਖਾ ਸਕਦੇ ਹਨ? ਇਸ ਦੀ ਆਪਾਂ ਉਡੀਕ ਕਰਾਂਗੇ।

# ...ਤੇ ਭੂਆ ਉਡੀਕਦੀ ਰਹੀ ਫੁੱਫੜ ਨੂੰ

## ਯਾਦਾਂ ਦੀ ਪਿਟਾਰੀ

ਸਾਡਾ ਪਿੰਡ ਜਲੰਧਰ ਤੋਂ ਕੋਈ ਪੰਜਾਹ ਕੁ ਕਿਲੋਮੀਟਰ ਸ਼ਾਹਕੋਟ ਤੋਂ ਪੱਛਮ ਵੱਲ ਪੈਂਦਾ ਹੈ। ਪਿੰਡ ਵਿਚ ਮਿਸਤਰੀਆਂ ਦੇ ਕਾਫੀ ਘਰ ਸਨ ਪਰ ਹੁਣ ਕੁਝ ਕੁ ਘਰਾਂ ਨੂੰ ਛੱਡ ਕੇ ਬਹੁਤੇ ਰੁਜ਼ਗਾਰ ਲਈ ਵਿਦੇਸ਼ਾਂ ਵਿਚ ਅਤੇ ਕੁਝ ਜਲੰਧਰ, ਲੁਧਿਆਣਾ ਅਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਜਾ ਵਸੇ ਹਨ। ਸਾਡਾ ਪਰਿਵਾਰ ਕਾਫੀ ਵੱਡਾ ਹੋਣ ਕਾਰਨ ਸਾਰਿਆਂ ਨਾਲ ਕਾਫੀ ਮੇਲ ਮਿਲਾਪ ਸੀ। ਪਿੰਡ ਦੀ ਹੀ ਮਿਸਤਰੀਆਂ ਦੀ ਇਕ ਕੁੜੀ ਸੀ ਜਿਨ੍ਹਾਂ ਦਾ ਘਰ ਪਿੰਡ ਦੇ ਵਿਚਕਾਰ ਵੱਡੇ ਪਿਪਲ ਦੇ ਕੋਲ ਹੀ ਸੀ। ਉਹ ਕੁੜੀ ਪ੍ਰਤਾਪੀ ਬਾਅਦ ਵਿਚ ਸਾਰੇ ਪਿੰਡ ਦੀ ਭੂਆ ਬਣ ਗਈ।

ਭੂਆ ਪ੍ਰਤਾਪੀ ਮੇਰੇ ਪਿਤਾ ਜੀ ਦੇ ਜਿਗਰੀ ਯਾਰ ਰਤਨ ਸਿੰਘ ਦੀ ਭੂਆ ਸੀ। ਭੂਆ ਪ੍ਰਤਾਪੀ ਜਵਾਨ ਹੋਈ ਤੇ ਮਾਂ-ਪਿਉ ਨੇ ਮੁੰਡਾ ਲੱਭ ਕੇ ਵਿਆਹ ਦਾ ਦਿਨ ਰੱਖ ਦਿੱਤਾ। ਘੋੜਿਆਂ, ਊਠਾਂ ਅਤੇ ਬਲਦ ਗੱਡੀਆਂ ‘ਤੇ ਬਰਾਤ ਆਈ, ਰੌਣਕਾਂ ਲੱਗੀਆਂ, ਅਨੰਦ ਕਾਰਜ ਤੋਂ ਬਾਅਦ ਡੋਲੀ ਲੋਹੀਆਂ ਲਾਗੇ ਪੈਂਦੇ ਪਿੰਡ ਮਾਣਕ ਵੱਲ ਤੋਰ ਦਿਤੀ। ਸੱਸ ਨੇ ਪਾਣੀ ਵਾਰ ਨਵੀਂ ਵਿਆਹੀ ਜੋੜੀ ਨੂੰ ਅਸ਼ੀਰਵਾਦ ਦੇ ਕੇ ਅੰਦਰ ਲੰਘਾਇਆ। ਕੁਝ ਸਮੇਂ ਬਾਅਦ ਭੂਆ ਦਾ ਭਤੀਜਾ ਰਤਨ ਸਿੰਘ ਵੀ ਆਪਣੇ ਪਰਿਵਾਰ ਨਾਲ ਇੰਗਲੈਂਡ ਚਲਾ ਗਿਆ ਸੀ। ਪਿਛੇ ਉਨ੍ਹਾਂ ਦੀ ਮਾਤਾ ਅਤੇ ਚਚੇਰੇ ਭਰਾ ਰਹਿ ਗਏ। ਭੂਆ ਉਨ੍ਹਾਂ ਕੋਲ ਅਕਸਰ ਹੀ ਆਉਂਦੀ ਰਹਿੰਦੀ। ਭੂਆ ਪ੍ਰਤਾਪੀ ਜਦੋਂ ਵੀ ਪਿੰਡ ਆਉਂਦੀ ਤਾਂ ਸਾਡੇ ਘਰ ਹਮੇਸ਼ਾਂ ਚਾਹ-ਪਾਣੀ ਪੀ ਕੇ ਹੀ ਪੇਕਿਆਂ ਦੇ ਘਰ ਜਾਂਦੀ। ਭੂਆ ਦਾ ਸਾਡੇ ਪਿਤਾ ਜੀ ਨਾਲ ਪਿਆਰ ਸਕੇ ਭਰਾ ਵਾਂਗ ਹੀ ਸੀ।

ਜਦੋਂ ਵੀ ਭੂਆ ਨੇ ਪਿੰਡ ਆਉਣਾ ਅਸੀਂ ਆਪਣੀ ਖੇਡ ਵਿਚੇ ਛੱਡ ਭੱਜ ਕੇ ਭੂਆ ਨੂੰ ਮਿਲਣਾ। ਕਦੇ ਪਤਾ ਹੀ ਨਹੀਂ ਸੀ ਲੱਗਾ ਕਿ ਇਹ ਸਾਡੀ ਸਕੀ ਭੂਆ ਹੈ ਜਾਂ ਓਦਾਂ ਹੀ ਪਿੰਡੋਂ ਆਂ। ਸਮਾਂ ਹੌਲੀ-ਹੌਲੀ ਲੰਘਦਾ ਗਿਆ, ਕਦੇ ਸੋਚਿਆ ਹੀ ਨਹੀਂ ਸੀ ਕਿ ਭੂਆ ਦਾ ਜੀਵਨ ਸਾਥੀ ਕਿਥੇ ਹੈ? ਜੋ ਕਦੇ ਦੇਖਿਆ ਹੀ ਨਹੀਂ। ਕਦੇ ਕਦੇ ਸੋਚਣਾ ਕਿ ਭੂਆ ਪ੍ਰਤਾਪੀ ਵਾਲਾ ਫੁੱਫੜ ਕਦੇ ਨਹੀਂ ਵੇਖਿਆ, ਸਾਡੇ ਪਿੰਡ ਆਉਣਾ ਨਹੀਂ ਚਾਹੁੰਦਾ ਜਾਂ ਭੂਆ ਨਾਲ ਗੁੱਸੇ ਹੋਊ? ਪਰ ਕਦੇ ਹੀਆ ਨਾ ਪਿਆ ਕਿ ਪੁੱਛਾਂ, ਭੂਆ ਫੁੱਫੜ ਕਿਥੇ ਆ? ਇੱਕ ਵਾਰੀ ਮੈਂ ਡਰਦੇ ਡਰਦੇ ਆਪਣੀ ਮਾਂ ਨੂੰ ਪੁੱਛ ਹੀ ਲਿਆ ਕਿ ਬੀਬੀ ਇਹ ਭੂਆ ਪ੍ਰਤਾਪੀ ਵਾਲਾ ਫੁੱਫੜ ਕਦੇ ਨਹੀਂ ਦੇਖਿਆ। ਕੀ ਗੱਲ ਉਹ ਨਹੀਂ ਆਉਂਦਾ ਆਪਣੇ ਪਿੰਡ? ਤਾਂ ਜਾ ਕੇ ਸਾਰੀ ਗੱਲ ਮੇਰੀ ਮਾਂ ਨੇ ਦੱਸੀ ਕਿ ਕਿਸ ਤਰ੍ਹਾਂ ਫੁੱਫੜ ਭੂਆ ਨੂੰ ਛੱਡ ਕੇ ਚਲਾ ਗਿਆ ਤੇ ਭੂਆ ਨੇ ਸਾਰੀ ਜ਼ਿੰਦਗੀ ਉਡੀਕ ਵਿਚ ਕੱਢੀ?

ਗੱਲ ਇਸ ਤਰ੍ਹਾਂ ਹੋਈ ਕਿ ਫੁੱਫੜ ਨੂੰ ਕਿਸੇ ਸਾਧ ਨੇ ਕਹਿ ਦਿਤਾ ਕਿ ਵਿਆਹ ਤੋਂ ਬਾਅਦ ਸਵਾ ਮਹੀਨਾ ਤੂੰ ਆਪਣੀ ਘਰ ਵਾਲੀ ਦੇ ਮੱਥੇ ਨਾ ਲੱਗੀਂ। ਜੇ ਤੂੰ ਸਵਾ ਮਹੀਨੇ ਤੋਂ ਪਹਿਲਾਂ ਮੱਥੇ ਲੱਗਾ ਤਾਂ ਜਿਓਂਦਾ ਨਹੀਂ ਰਹਿਣਾ। ਫੁੱਫੜ ਨੇ ਭੂਆ ਨੂੰ ਇਹ ਗੱਲ ਵਿਆਹ ਤੋਂ ਦੂਜੇ ਦਿਨ ਦਸ ਦਿੱਤੀ। ਭੂਆ ਮੰਜੇ ‘ਤੇ ਘੁੰਡ ਕੱਢ ਕੇ ਬੈਠੀ ਸੀ। ਨਾ ਭੂਆ ਨੇ ਫੁੱਫੜ ਵੱਲ ਨਜ਼ਰ ਭਰ ਕੇ ਵੇਖਿਆ ਅਤੇ ਨਾ ਹੀ ਫੁੱਫੜ ਨੂੰ ਸਾਧ ਵਲੋਂ ਇਜਾਜ਼ਤ ਨਹੀਂ ਸੀ ਕਿ ਪਤਨੀ ਦਾ ਮੂੰਹ ਵੇਖ ਸਕੇ। ਜੋ ਵੀ ਫੁਫੜ ਨੇ ਕਿਹਾ, ਭੂਆ ਨੇ ਆਪਣੀ ਚੁੰਨੀ ਨੂੰ ਗੰਡਾਂ ਮਾਰ ਲਈਆਂ। ਉਸੇ ਦਿਨ ਤੋਂ ਲੱਗੀ ਫੁਫੜ ਦੇ ਸਵਾ ਮਹੀਨੇ ਦੀ ਉਡੀਕ ਕਰਨ। ਸਵਾ ਮਹੀਨਾਂ ਵੀ ਨਿਕਲ ਗਿਆ ਤੇ ਸਵਾ ਸਾਲ ਵੀ, ਫਿਰ ਦਹਾਕੇ ਪਰ ਫੁੱਫੜ ਨਾ ਆਇਆ ਅਤੇ ਨਾ ਹੀ ਪਤਾ ਲੱਗਾ ਕਿ ਗਿਆ ਕਿਧਰ? ਭੂਆ ਦੀ ਉਡੀਕ ਖਤਮ ਨਾ ਹੋਈ। ਹਰ ਰੋਜ਼ ਔਸੀਆਂ ਪਾਉਂਦੀ ਰਹਿੰਦੀ ਕਿ ਕਦੋਂ ਸਿਰ ਦਾ ਸਾਈਂ ਬਹੁੜੇਗਾ। ਨਾ ਉਹ ਆਇਆ ਤੇ ਨਾ ਹੀ ਉਡੀਕ ਮੁੱਕੀ। ਭੂਆ ਦਾ ਪਿਆਰ ਤੇ ਸਤਿਕਾਰ ਪੇਕੇ ਤੇ ਸਹੁਰੇ ਪਿੰਡ ਬਰਕਰਾਰ ਰਿਹਾ। ਕਈ ਵਾਰ ਤਾਂ ਪਿੰਡ ਦਾ ਕੋਈ ਫੈਸਲਾ ਕਰਾਉਣਾ ਹੁੰਦਾ ਤਾਂ ਵੀ ਭੂਆ ਨੂੰ ਹੀ ਬੁਲਾਇਆ ਜਾਂਦਾ। ਸਾਡੇ ਪਿੰਡ ਆ ਕੇ ਭੂਆ ਕਈ ਕਈ ਦਿਨ ਰਹਿ ਜਾਂਦੀ।

ਫਿਰ ਭੂਆ ਨੇ ਆਪਣੇ ਜੇਠ ਦਾ ਮੁੰਡਾ ਗੋਦ ਲੈ ਲਿਆ ਅਤੇ ਉਸੇ ਦੇ ਸਹਾਰੇ ਜ਼ਿੰਦਗੀ ਬਸਰ ਕਰਨ ਲੱਗੀ। ਗੋਦ ਲਏ ਪੁੱਤ ਦੇ ਸਾਰੇ ਚਾਅ ਲਾਡ ਪੂਰੇ ਕੀਤੇ ਅਤੇ ਵਿਆਹ ਕਰ ਕੇ ਖੁਸ਼ੀਆਂ ਮਨਾਈਆਂ। ਭੂਆ ਨੇ ਕਦੇ ਜਾਹਿਰ ਹੀ ਨਹੀਂ ਹੋਣ ਦਿਤਾ ਸੀ ਕਿ ਉਸ ਨੇ ਸਾਰੀ ਉਮਰ ਕਿਵੇਂ ਆਪਣੇ ਜੀਵਨ ਸਾਥੀ ਦੀ ਉਡੀਕ ਵਿਚ ਬਸਰ ਕੀਤੀ? ਭੂਆ ਬਿਰਧ ਹੋ ਗਈ ਅਤੇ ਹੌਲੀ-ਹੌਲੀ ਸਾਡੇ ਪਿੰਡ ਆਉਣਾ ਘਟ ਗਿਆ। ਭੂਆ ਨੇ ਕਦੇ ਕਿਸੇ ਨੂੰ ਨਹੀਂ ਦਸਿਆ ਕਿ ਫੁੱਫੜ ਉਸ ਨੂੰ ਕੀ ਕਹਿ ਕੇ ਚਲਾ ਗਿਆ ਅਤੇ ਵਾਪਿਸ ਆਉਣ ਬਾਰੇ ਕੀ ਦਸ ਕੇ ਗਿਆ? ਅੰਤ ਭੂਆ ਪਤੀ ਨੂੰ ਉਡੀਕ ਉਡੀਕ ਰੱਬ ਨੂੰ ਪਿਆਰੀ ਹੋ ਗਈ। ਆਖਰੀ ਵੇਲੇ ਤੱਕ ਵੀ ਭੂਆ ਦੀ ਉਡੀਕ ਮੁਕੀ ਨਹੀਂ ਸੀ। ਅੱਖਾਂ ਬੂਹੇ ਵੱਲ ਹੀ ਸਨ ਕਿ ਸ਼ਾਇਦ ਕਿਤੇ ਆਖਰੀ ਸਾਹਾਂ ‘ਤੇ ਹੀ ਸਿਰ ਦਾ ਸਾਈਂ ਆ ਜਾਵੇ। ਚਿਤਾ ਨੂੰ ਲਾਂਬੂ ਓਹੀ ਲਾਵੇ ਪਰ ਭੂਆ ਤੱਤੜੀ ਦੀ ਖਾਹਿਸ਼ ਪੂਰੀ ਨਾ ਹੋਈ ਤੇ ਭੂਆ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਅਕਾਲ ਪੁਰਖ ਦੇ ਚਰਨਾਂ ‘ਚ ਜਾ ਬਿਰਾਜੀ। ਇੱਕ ਦਿਨ ਮੈਂ ਆਪਣੀ ਮਾਂ ਨੂੰ ਫਿਰ ਭੂਆ ਪ੍ਰਤਾਪੀ ਬਾਰੇ ਪੁਛਿਆ। ਮਾਂ ਕਾਫੀ ਬਿਰਧ ਹੋ ਚੁੱਕੀ ਹੈ ਅਤੇ ਉਸ ਨੂੰ ਪੁਰਾਣੀਆਂ ਗੱਲਾਂ ਬਹੁਤੀਆਂ ਭੁੱਲ ਚੁਕੀਆਂ ਹਨ ਪਰ ਜਦੋਂ ਮੈਂ ਭੂਆ ਪ੍ਰਤਾਪੀ ਬਾਰੇ ਪੁਛਿਆ ਤਾਂ ਝੱਟ ਸਾਰੀ ਕਹਾਣੀ ਫਿਲਮ ਵਾਂਗ ਮੇਰੇ ਸਾਹਮਣੇ ਲਿਆ ਖੜੀ ਕੀਤੀ।

*-ਲਖਵਿੰਦਰ ਸਿੰਘ ਮੱਟੂ*
*ਫੋਨ:513-300-4020*

### ਬਿਖੜੇ ਸਫ਼ਰ ਦਾ ਅਰੰਭ : ਸੰਸਾਰ ਦੀ ਮਹਾਨ ਨ੍ਰਿਤਕੀ ਆਈਸਾਡੋਰਾ ਡੰਕਨ

# ਜਰਮਨੀ ਵਿਚ ਡੰਕਨ ਦੇ ਡੰਕੇ



**ਆਈਸਾਡੋਰਾ ਡੰਕਨ ਦੁਨੀਆਂ ਦੀ ਮਹਾਨ ਨ੍ਰਿਤਕੀ ਤਾਂ ਸੀ ਹੀ, ਉਹ ਮਹਾਨ ਇਨਕਲਾਬੀ ਅਤੇ ਅੰਤਾਂ ਦੀ ਮਨਮੋਹਕ ਵੀ ਸੀ। ਸਾਡੇ ਸ਼ੁਭਚਿੰਤਕ ਹਰਭਜਨ ਸਿੰਘ ਹੁੰਦਲ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਸਦੀ ਜੀਵਨੀ ਦਾ ਖਰੜਾ ਸਾਨੂੰ ਭੇਜਿਆ ਹੈ। ਪਿਛਲੇ ਅੰਕਾਂ ਵਿਚ ਅਸੀਂ ਇਸ ਵਿਚੋਂ ਕੁਝ ਕਾਂਡ ਪਾਠਕਾਂ ਦੀ ਨਜ਼ਰ ਕੀਤੇ ਹਨ ਜਿਨ੍ਹਾਂ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਭਰਿਆ ਹੈ। ਇਸ ਅੰਕ ਵਿਚ ਇਕ ਹੋਰ ਕਾਂਡ ਪੇਸ਼ ਕੀਤਾ ਜਾ ਰਿਹਾ ਹੈ ਜਿਸ ਵਿਚ ਆਈਸਾਡੋਰਾ ਡੰਕਨ ਦੇ ਜੀਵਨ ਦੇ ਹੋਰ ਅਹਿਮ ਪੱਖਾਂ ਬਾਰੇ ਰੌਸ਼ਨੀ ਪਾਈ ਗਈ ਹੈ। -ਸੰਪਾਦਕ**

**ਹਰਭਜਨ ਸਿੰਘ ਹੁੰਦਲ**

ਡੰਕਨ ਹੁਣ ਭਰ ਜਵਾਨ ਸੀ। ਉਸ ਦੀ ਜਵਾਨੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਉਸ ਦੇ ਜਿਸਮ ਵਿਚ ਕਸਬੀ ਨ੍ਰਿਤਕੀਆਂ ਵਰਗੀ ਲਚਕ ਸੀ। ਨੱਚਦੀ ਤਾਂ ਦਰਸ਼ਕਾਂ ਦੇ ਸਾਹ ਰੁਕ ਜਾਂਦੇ। ਪ੍ਰੋਗਰਾਮ ਖ਼ਤਮ ਹੋਣ 'ਤੇ ਲੋਕਾਂ ਦਾ ਜੀਅ ਕਰਦਾ ਕਿ ਉਸ ਨੂੰ ਬਾਹਾਂ ਵਿਚ ਘੁੱਟ ਲੈਣ ਪਰ ਇਕ ਸੰਕੋਚ, ਇਕ ਝਿਜਕ ਰਾਹ ਵਿਚ ਆਣ ਖਲੋਂਦੀ। ਉਸ ਦੀ ਸੋਭਾ ਹੌਲੀ-ਹੌਲੀ ਯੂਰਪ ਦੇ ਦੂਸਰੇ ਦੇਸ਼ਾਂ ਵਿਚ ਪ੍ਰੈਸ ਰਾਹੀਂ ਫੈਲ ਰਹੀ ਸੀ ਪਰ ਉਧਰ ਉਹ ਸੀ ਕਿ ਇਕ ਟੁੱਟੇ ਜਹੇ ਸਟੂਡੀਓ ਵਿਚ ਗੁਰਬਤ ਨਾਲ ਜੂਝ ਰਹੀ ਸੀ।

ਇਨ੍ਹੀਂ ਦਿਨੀਂ ਇਕ ਚਮਤਕਾਰ ਵਾਪਰਿਆ। ਉਹ ਹਾਲੀ ਪ੍ਰੈਸ ਵਿਚ ਹੀ ਸੀ, ਜਦੋਂ ਜਰਮਨੀ ਦੇ ਇਕ ਸੰਗੀਤ ਹਾਲ ਦਾ ਪ੍ਰਬੰਧਕ ਉਸ ਕੋਲ ਆ ਕੇ ਕਹਿਣ ਲੱਗਾ, "ਆਓ! ਮੈਂ ਜਰਮਨੀ ਵਿਚ ਤੁਹਾਡੇ ਨਾਚ ਦੇ ਪ੍ਰਦਰਸ਼ਨ ਦਾ ਪ੍ਰਬੰਧ ਕਰਦਾ ਹਾਂ" ਪਰ ਡੰਕਨ ਨਾ ਮੰਨੀ। ਪ੍ਰਬੰਧਕ ਨਿਰਾਸ਼ ਵੀ ਹੋਇਆ ਅਤੇ ਹੈਰਾਨ ਵੀ। ਉਸ ਨੇ ਹਜ਼ਾਰਾਂ ਜਰਮਨ ਸਿੱਕੇ ਉਸ ਨੂੰ ਪੇਸ਼ਗੀ ਦੇਣ ਦਾ ਇਕਰਾਰ ਕੀਤਾ ਪਰ ਡੰਕਨ ਨਾ ਮੰਨੀ। ਕਿਹੜੀ ਝਿਜਕ ਸੀ ਉਸ ਨੂੰ ਕਿ ਉਹ ਘਰ ਆਈ ਮਾਇਆ ਨੂੰ ਧੱਕੇ ਦੇ ਰਹੀ ਸੀ ਜਦ ਕਿ ਉਸ ਦੇ ਆਪਣੇ ਘਰ ਵਿਚ ਭੰਗ ਭੁੱਜ ਰਹੀ ਸੀ?

ਆਖਣ ਲੱਗੀ, "ਨਹੀਂ ਮੈਂ ਤੇਰੇ ਸੰਗੀਤ ਹਾਲ ਵਿਚ ਪ੍ਰੋਗਰਾਮ ਨਹੀਂ ਕਰਾਂਗੀ। ਤੇਰਾ ਹਾਲ ਤਾਂ ਬਾਜ਼ੀਗਰਾਂ ਅਤੇ ਜਿਮਨਾਸਟਿਕ ਕਰਨ ਵਾਲਿਆਂ ਲਈ ਹੈ। ਆਵਾਂਗੀ ਮੈਂ ਕਿਸੇ ਵੇਲੇ ਜਰਮਨੀ ਵਿਚ ਵੀ, ਪਰ ਪ੍ਰੋਗਰਾਮ ਕਰਾਂਗੀ ਕਿਸੇ ਢੁਕਵੇਂ ਓਪੇਰਾ ਹਾਊਸ ਵਿਚ। ਮੈਂ ਤੇਰੇ ਸੰਗੀਤ ਹਾਲ ਵਿਚ ਗੋਗੜਾਂ ਵਾਲੇ ਬੁਰਜੂਆ ਲੋਕਾਂ ਦੇ ਮਨ ਪ੍ਰਚਾਵੇ ਲਈ ਨਹੀਂ ਆ ਸਕਦੀ।"

ਉਹ ਪ੍ਰਬੰਧਕ ਮਹੀਨੇ ਭਰ ਲਈ ਪ੍ਰੋਗਰਾਮ ਕਰਵਾਉਣ ਲਈ ਤਿਆਰ ਸੀ ਪਰ ਡੰਕਨ ਦੇ ਮੂੰਹੋਂ ਨਾਂਹ ਨਿਕਲ ਚੁੱਕੀ ਸੀ ਅਤੇ ਹੁਣ ਹਾਂ ਕਰਨ ਦੀ ਗੁੰਜਾਇਸ਼ ਨਹੀਂ ਸੀ। ਨਿਰਾਸ਼ ਹੋ ਉਹ ਪ੍ਰਬੰਧਕ ਵਾਪਸ ਜਰਮਨੀ ਪਰਤ ਗਿਆ।

ਐਪਰ ਸ਼ਹਿਜ਼ਾਦੀਆਂ, ਰਾਜ ਕੁਮਾਰਾਂ ਅਤੇ ਹੋਰ ਪਤਵੰਤੀਆਂ ਹਸਤੀਆਂ ਦੇ ਘਰਾਂ ਵਿਚ ਕੁਝ ਇਕ ਚੋਣਵੇਂ ਦਰਸ਼ਕਾਂ ਸਾਹਮਣੇ ਨਾਚ ਪੇਸ਼ ਕਰਨ ਨਾਲ ਭਲਾ ਕਦੋਂ ਤੀਕ ਪੂਰੀਆਂ ਪੈਦੀਆਂ! ਚਾਰ ਡੰਗ ਸੌਖੇ ਲੰਘਦੇ ਅਤੇ ਫਿਰ ਲੰਗਰ ਮਸਤ!!

ਪਰ ਕੇਹੀ ਖਿੱਚ ਸੀ, ਡੰਕਨ ਦੀ ਜਵਾਨ ਸ਼ਖ਼ਸੀਅਤ ਅਤੇ ਅਲੋਕਾਰ ਨਾਚ ਵਿਚ ਕਿ ਉਸ ਨੂੰ ਕੋਈ ਨਾ ਕੋਈ ਐਸੀ ਕਦਰਦਾਨ ਮਿਲ ਜਾਂਦੀ ਤੇ ਉਸ ਦੇ ਚਾਰ ਦਿਨ ਸੌਖੇ ਲੰਘ ਜਾਂਦੇ। ਇਨ੍ਹਾਂ ਹੀ ਦਿਨਾਂ ਵਿਚ ਉਸ ਦੇ ਭਰਾ ਰੇਸ ਮਾਂਡ ਨੇ ਦੱਸਿਆ ਕਿ ਉਸ ਨੂੰ ਅਮਰੀਕਾ ਤੋਂ ਪ੍ਰੋਗਰਾਮ ਦਾ ਸੱਦਾ ਆਇਆ ਹੈ, ਤੇ ਉਹ ਜਾ ਰਿਹਾ ਹੈ। ਹੁਣ ਪਿੱਛੇ ਮਾਂਵਾਂ ਧੀਆਂ, ਦੋਵੇਂ ਜਣੀਆਂ ਇਕੱਲੀਆਂ ਰਹਿ ਗਈਆਂ।

ਇਨ੍ਹਾਂ ਹੀ ਦਿਨਾਂ ਵਿਚ ਡੰਕਨ ਨੂੰ ਇਕ ਹੋਰ ਔਰਤ ਮਿਲੀ ਜੋ ਸੰਗੀਤ ਦੇ ਖੇਤਰ ਦੀ ਮਾਹਰ ਸੀ। ਉਹ ਫੈਸ਼ਨਪ੍ਰਸਤ ਵੀ ਸੀ। ਉਸ ਨਾਲ ਮੇਲ-ਜੋਲ ਵਧਦਾ ਗਿਆ ਜੋ ਅਖ਼ੀਰ ਦੋਸਤੀ ਵਿਚ ਬਦਲ ਗਿਆ।

ਇਕ ਦਿਨ ਉਹ ਦੋ ਹੋਰ ਬੰਦਿਆਂ ਨੂੰ ਲੈ ਕੇ ਘਰ ਆਈ ਅਤੇ ਡੰਕਨ ਨੂੰ ਆਖਣ ਲੱਗੀ, "ਇਹ ਹੈਨਰੀ ਬਟਾਲੇ ਹੈ ਤੇ ਔਹ ਜੀਨ ਲੌਰੇਨ। ਮੈਂ ਹਾਂ ਬਰਚੀ ਬੈਡੀ।"

ਇਨ੍ਹਾਂ ਹੀ ਦਿਨਾਂ ਵਿਚ ਉਸ ਦਾ ਲੂਈ ਫੂਲਰ ਨਾਂ ਦੀ ਇਕ ਹੋਰ ਪ੍ਰਤਿਭਾਸ਼ੀਲ ਔਰਤ ਨਾਲ ਸੰਪਰਕ ਜੁੜ ਗਿਆ। ਉਹ ਔਰਤ ਸਟੇਜ ਦੀ ਪ੍ਰਸਿੱਧ ਕਲਾਕਾਰ ਸੀ। ਉਸ ਨੇ ਕਿਹਾ ਕਿ ਉਹ ਬਰਲਿਨ ਜਾ ਰਹੀ ਹੈ। ਜੇ ਤੂੰ ਮੇਰਾ ਸਾਥ ਦੇਣਾ ਚਾਹੇਂ ਤਾਂ ਵਧੀਆ ਗੱਲ ਹੋਵੇਗੀ। ਡੰਕਨ ਇਸ ਪੇਸ਼ਕਸ਼ ਤੋਂ ਬੜੀ ਖੁਸ਼ ਹੋਈ ਅਤੇ ਜਾਣ ਲਈ ਤਿਆਰ ਹੋ ਗਈ। ਲੂਈ ਫੂਲਰ ਸ਼ਾਹਖਰਚ ਔਰਤ ਸੀ। ਛੇਤੀ ਹੀ ਡੰਕਨ ਇਸ ਸਾਥ ਤੋਂ ਉਕਤਾ ਗਈ। ਉਥੋਂ ਉਹ ਵਿਆਨਾ ਚਲੇ ਗਈ ਜਿੱਥੇ ਉਸ ਨੂੰ ਹੰਗਰੀ ਵਾਸੀ ਕਲਾ ਪ੍ਰਬੰਧਕ ਅਲੈਗਜ਼ਾਂਡਰ ਗਰੋਸ ਮਿਲਿਆ। ਉਸ ਨੇ ਡੰਕਨ ਨੂੰ ਕਿਹਾ, "ਜਦੋਂ ਤੈਨੂੰ ਲੋੜ ਜਾਪੇ, ਮੈਨੂੰ ਬੁਦਾਪੈਸਟ ਵਿਚੋਂ ਲੱਭ ਲਵੀਂ।"

ਐਸੀ ਤੰਗੀ ਦੇ ਦਿਨੀਂ ਡੰਕਨ ਨੂੰ ਗਰੋਸ ਦਾ ਚੇਤਾ ਆਇਆ। ਗਰੋਸ ਨੇ ਡੰਕਨ ਨਾਲ ਤੀਹ ਦਿਨਾਂ ਦੇ ਨਾਚ ਦਾ ਠੇਕਾ ਕਰ ਲਿਆ। ਡੰਕਨ ਨੂੰ ਹੋਰ ਭਲਾ ਕੀ ਚਾਹੀਦਾ ਸੀ! ਇਹ ਪਹਿਲਾ ਮੌਕਾ ਸੀ ਡੰਕਨ ਦੇ ਜੀਵਨ ਦਾ, ਜਦੋਂ ਉਸ ਨੂੰ ਕਿਸੇ ਵੱਡੇ ਥੀਏਟਰ ਵਿਚ ਪਬਲਿਕ ਸਾਹਮਣੇ ਨੱਚਣ ਦਾ ਮੌਕਾ ਮਿਲ ਰਿਹਾ ਸੀ। ਉਸ ਦੇ ਜੀਵਨ ਵਿਚ ਸੰਸਥਾਵਾਂ ਨੇ ਨਹੀਂ, ਵਿਅਕਤੀਆਂ ਨੇ ਵੱਡਾ ਹਿੱਸਾ ਪਾਇਆ।

ਝਿਜਕਦੀ ਹੋਈ ਡੰਕਨ ਨੇ ਇਕਰਾਰਨਾਮੇ ਦੇ ਕਾਗਜ਼ਾਤ 'ਤੇ ਦਸਤਖ਼ਤ ਕੀਤੇ ਅਤੇ ਆਪਣਾ ਤੌਖਲਾ ਦੱਸਦੇ ਹੋਏ ਗਰੋਸ ਨੂੰ ਆਖਣ ਲੱਗੀ, "ਮੇਰਾ ਨ੍ਰਿਤ ਚੋਣਵੇਂ ਵਿਸ਼ੇਸ਼ ਵਰਗ, ਕਲਾਕਾਰਾਂ, ਬੁੱਤ ਘਾੜਿਆਂ, ਚਿੱਤਰਕਾਰਾਂ ਅਤੇ ਸੰਗੀਤਕਾਰਾਂ ਲਈ ਹੀ ਹੈ, ਇਹ ਆਮ ਪਬਲਿਕ ਲਈ ਨਹੀਂ ਹੈ।" ਗਰੋਸ ਨੇ ਸਮਝਾਇਆ ਕਿ ਕਲਾਕਾਰਾਂ ਦੇ ਸਭ ਤੋਂ ਵੱਧ ਆਲੋਚਕ ਦਰਸ਼ਕ ਹੁੰਦੇ ਹਨ। ਜੇ ਉਨ੍ਹਾਂ ਨੂੰ ਤੇਰਾ ਨਾਚ ਪਸੰਦ ਆ ਜਾਵੇ ਤਾਂ ਆਮ ਲੋਕ ਸੌ ਗੁਣਾਂ ਵੱਧ ਇਸ ਨੂੰ ਪਸੰਦ ਕਰਨਗੇ। ਡੰਕਨ ਨੂੰ ਵਿਸ਼ਵਾਸ ਆ ਗਿਆ। ਯੂਰਾਨੀਆ ਥੀਏਟਰ ਵਿਚ ਪਹਿਲੀ ਰਾਤ ਹੀ ਇੰਨੇ ਦਰਸ਼ਕਾਂ ਦੀ ਭੀੜ ਹੋ ਗਈ ਕਿ ਡੰਕਨ ਹੈਰਾਨ ਹੋ ਗਈ। ਤੀਹ ਦਿਨ ਇੰਜ ਹੀ ਲੋਕ ਹੁਮਾ-ਹੁਮਾ ਕੇ ਆਉਂਦੇ ਰਹੇ। ਡੰਕਨ ਦੇ ਜਵੀਨ ਦੀ ਇਹ ਪਹਿਲੀ ਸਫ਼ਲਤਾ ਸੀ। ਉਹ ਚੋਣਵੇਂ ਦਰਸ਼ਕਾਂ ਦੇ ਤੰਗ ਘੇਰੇ ਨੂੰ ਤੋੜ ਕੇ ਆਪਣੀ ਕਲਾ ਨੂੰ ਆਮ ਲੋਕਾਂ ਤੀਕ ਲੈ ਗਈ ਸੀ। ਸ਼ਾਇਦ ਉਹ ਵੀ ਦੇਰ ਤੋਂ ਇਹੋ ਕੁਝ ਚਾਹੁੰਦੀ ਆ ਰਹੀ ਸੀ। ਆਮ ਲੋਕ ਹੀ ਉਹ ਸ਼ਕਤੀ ਅਤੇ ਉਹ ਧਿਰ ਹੁੰਦੇ ਹਨ ਜੋ ਕਲਾਕਾਰਾਂ ਨੂੰ ਆਪਣੀਆਂ ਪਲਕਾਂ 'ਤੇ ਬਿਠਾਉਂਦੇ ਹਨ, ਹੱਥਾਂ 'ਤੇ ਚੁੱਕਦੇ ਹਨ ਅਤੇ ਹਿਰਦਿਆਂ ਵਿਚ ਵਸਾ ਲੈਂਦੇ ਹਨ। ਡੰਕਨ ਖੁਦ ਵੀ ਇਸ ਪ੍ਰਾਪਤੀ 'ਤੇ ਹੈਰਾਨ ਹੋ ਰਹੀ ਸੀ।

**(2)**

ਇਕ ਰਾਤ ਪ੍ਰੋਗਰਾਮ ਦੇ ਅੰਤ 'ਤੇ ਡੰਕਨ ਦੀ ਨਜ਼ਰ ਦਰਸ਼ਕਾਂ ਵਿਚ ਖਲੋਤੇ ਇਕ ਹੰਗਰੀ ਵਾਸੀ ਨੌਜਵਾਨ 'ਤੇ ਪਈ। ਉਸ ਦੇ ਨੈਣ ਨਕਸ਼ ਕੱਦ ਕਾਠ ਅਤੇ ਸਮੁੱਚੀ ਦੱਖ ਡੰਕਨ ਦੇ ਦਿਲ ਵਿਚ ਖੁੱਭ ਗਈ। ਮੌਸਮ ਅਤੇ ਵਾਤਾਵਰਣ ਵੀ ਇੰਨਾ ਖੁਸ਼ਗਵਾਰ ਸੀ, ਲੋਕਾਂ ਦੇ ਉਤਸ਼ਾਹ ਤੇ ਮਿਲ ਰਹੀ ਪ੍ਰਸ਼ੰਸਾ ਨੇ ਵੀ ਡੰਕਨ ਨੂੰ ਨਸ਼ਈ ਕੀਤਾ ਹੋਇਆ ਸੀ। ਰਾਤ ਦੇ ਖਾਣੇ ਦੀ ਆਪਣੀ ਹੀ ਲੱਜ਼ਤ ਸੀ। ਡੰਕਨ ਨੂੰ ਅਜਿਹੇ ਵਾਤਾਵਰਣ ਵਿਚ ਇੰਜ ਅਨੁਭਵ ਹੋਇਆ, ਜਿਵੇਂ ਉਸ ਦੇ ਅੰਗ-ਅੰਗ ਵਿਚੋਂ ਖ਼ੁਸ਼ਬੋ ਦੀਆਂ ਲਪਟਾਂ ਹਵਾ ਵਿਚ ਘੁਲ਼ ਰਹੀਆਂ ਹੋਣ। ਅਜਿਹੀ ਮਹਿਫ਼ਿਲ ਵਿਚ ਉਹ ਨੌਜਵਾਨ ਡੰਕਨ ਨੂੰ ਮਿਲਿਆ ਅਤੇ ਕਹਿਣ ਲੱਗਾ, "ਤੇਰਾ ਚਿਹਰਾ ਫੁੱਲ ਵਰਗਾ ਹੈ। ਤੂੰ ਮੇਰਾ ਫੁੱਲ ਹੈਂ (ਹੰਗੇਰੀਅਨ ਭਾਸ਼ਾ ਵਿਚ ਫੁੱਲ ਦੇ ਅਰਥ ਫਰਿਸ਼ਤਾ ਹੁੰਦਾ ਹੈ) ਉਸ ਨੇ ਰੁੱਕੇ 'ਤੇ ਆਪਣਾ ਸਿਰਨਾਵਾਂ ਲਿਖ ਕੇ ਡੰਕਨ ਨੂੰ ਫੜਾਇਆ ਜਿਸ 'ਤੇ ਰਾਇਲ ਨੈਸ਼ਨਲ ਥੀਏਟਰ ਦਾ ਪਤਾ ਲਿਖਿਆ ਹੋਇਆ ਸੀ। ਉਸ ਰਾਤ ਡੰਕਨ ਅਤੇ ਉਸ ਦੀ ਮਾਂ ਉਸ ਥੀਏਟਰ ਵਿਚ ਉਸ ਐਕਟਰ ਦਾ ਰੋਲ ਵੇਖਣ ਗਈਆਂ। ਇਸ ਨਾਟਕ ਵਿਚ ਉਹ ਸੈਕਸ਼ਪੀਅਰ ਦੇ ਨਾਟਕ 'ਰੋਮੀਓ ਤੇ ਜੂਲੀਅਟ' ਵਿਚ ਰੋਮੀਓ ਦਾ ਪਾਰਟ ਕਰ ਰਿਹਾ ਸੀ। ਉਹ ਸਿਰਕੱਢ ਐਕਟਰ ਸੀ ਜਿਸ ਦੀ ਮਹਿਮਾ ਸਾਰੇ ਹੰਗਰੀ ਵਿਚ ਫੈਲੀ ਹੋਈ ਸੀ। ਉਸ ਦਾ ਰੋਲ ਵੇਖ ਡੰਕਨ ਮੋਹੀ ਗਈ ਅਤੇ ਨਾਟਕ ਖਤਮ ਹੋਣ 'ਤੇ ਉਸ ਨੂੰ ਸਟੇਜ ਦੇ ਪਿਛਲੇ ਪਾਸੇ ਮਿਲਣ ਗਈ। ਸਭ ਲੋਕ ਡੰਕਨ ਨੂੰ ਤੱਕ ਰਹੇ ਸਨ। ਡੰਕਨ ਮਾਂ ਤੋਂ ਚੋਰੀ ਉਸ ਨੂੰ ਮਿਲੀ ਅਤੇ ਉਹ ਇਕ-ਦੂਜੇ ਦੇ ਬਹੁਤ ਨੇੜੇ ਹੋ ਗਏ।

ਉਸ ਐਕਟਰ ਨੇ ਕਿਹਾ ਕਿ ਡੰਕਨ ਨਾਲ ਆਪਣੇ ਪਿਆਰ ਦੇ ਸਿੱਟੇ ਵਜੋਂ ਉਹ ਆਪਣੇ ਕੀਤੇ ਜਾ ਰਹੇ ਰੋਮੀਓ ਦੇ ਰੋਲ ਨੂੰ ਹੁਣ ਨਵੀਂ ਰੰਗ ਵਿਚ ਪੇਸ਼ ਕਰੇਗਾ। ਆਪਣੀ ਜੀਵਨੀ (ਮਾਈ ਲਾਈਫ਼) ਵਿਚ ਡੰਕਨ ਨੇ ਉਸ ਐਕਟਰ ਦਾ ਨਾਮ ਨਹੀਂ ਦਿੱਤਾ ਸਗੋਂ ਮੇਰਾ ਰੋਮੀਓ ਲਿਖਿਆ ਹੈ। ਮਾਂ ਦੇ ਸੌਣ ਬਾਅਦ ਇਕ ਰਾਤ ਉਹ ਫਿਰ ਮਿਲੇ ਅਤੇ ਮੁਹੱਬਤ ਦਾ ਪ੍ਰਗਟਾਵਾ ਕੀਤਾ।

ਅਗਲੀ ਸਵੇਰ ਉਹ ਦੋਵੇਂ, ਡੰਕਨ ਦੀ ਮਾਂ ਅਤੇ ਪ੍ਰਬੰਧਕਾਂ ਨੂੰ ਦੱਸੇ ਬਗ਼ੈਰ ਇਕ ਘੋੜਾ-ਗੱਡੀ ਲੈ, ਸ਼ਹਿਰ ਤੋਂ ਕਈ ਮੀਲ ਦੂਰ ਇਕ ਜੰਗਲ ਵਿਚ ਕਿਸੇ ਵਿਕੋਲਿਤਰੇ ਘਰ ਵਿਚ ਚਲੇ ਗਏ ਜਿਥੇ ਕੁਝ ਦਿਨ ਇਕੱਠੇ ਰਹੇ। ਰੋਮੀਓ ਦੀ ਆਵਾਜ਼ ਵੀ ਸੁਰੀਲੀ ਸੀ ਅਤੇ ਉਹ ਆਪਣੇ ਦੇਸ਼ ਦੇ ਲੋਕ ਗੀਤਾਂ ਨੂੰ ਸੁਰੀਲੀ ਆਵਾਜ਼ ਵਿਚ ਗਾਉਂਦਾ ਸੀ।



ਉਸ ਨੂੰ ਖਾਨਾਬਦੋਸ਼ਾਂ ਦੇ ਗੀਤ ਵੀ ਯਾਦ ਸਨ। ਡੰਕਨ ਪ੍ਰੇਮ ਮੁਗਧ ਹੋਈ ਆਪਾ ਭੁੱਲ ਗਈ ਸੀ।

**(3)**

ਮਿਸਟਰ ਗਰੋਸ ਨੇ ਡੰਕਨ ਦਾ ਹੰਗਰੀ ਦੇਸ਼ ਦੇ ਟੂਰ ਦਾ ਪ੍ਰਬੰਧ ਕੀਤਾ। ਟੂਰ ਦੌਰਾਨ ਉਸ ਦੀ ਭਰਪੂਰ ਪ੍ਰਸ਼ੰਸਾ ਹੋਈ। ਉਸ ਨੇ ਹੰਗਰੀ ਦੇ ਦੇਸ਼ ਭਗਤਾਂ ਦੀ ਕੋਈ ਲੋਕ ਗਾਥਾ ਲੈ ਕੇ ਉਸ ਨੂੰ ਨਾਚ ਰਾਹੀਂ ਪੇਸ਼ ਕੀਤਾ ਅਤੇ ਹੰਗਰੀ ਵਾਸੀਆਂ ਦੇ ਦਿਲ ਮੋਹ ਲਏ।

ਦੌਰੇ ਤੋਂ ਪਰਤ ਕੇ ਡੰਕਨ ਨੂੰ ਉਸ ਦਾ ਰੋਮਿਓ ਫਿਰ ਮਿਲਿਆ ਪਰ ਉਹ ਕੁਝ ਉਦਾਸ ਜਿਹਾ ਪ੍ਰਤੀਤ ਹੋਇਆ। ਉਸ ਨੇ ਵਿਆਹ ਦੀ ਪੇਸ਼ਕਸ਼ ਵੀ ਕੀਤੀ ਪਰ ਡੰਕਨ ਸਾਹਮਣੇ ਆਪਣੀ ਨ੍ਰਿਤ ਕਲਾ ਲਈ ਤਰਜੀਹ ਸੀ। ਅਖ਼ੀਰ ਡੰਕਨ ਨੇ ਅਲੈਗਜ਼ਾਂਡਰ ਗਰੋਸ ਨਾਲ ਸਾਰੇ ਜਰਮਨੀ ਦਾ ਟੂਰ ਕਰਨ ਲਈ ਇਕਰਾਰਨਾਮਾ ਕਰ ਲਿਆ। ਹੌਲੀ-ਹੌਲੀ ਰੋਮੀਓ ਨਾਲ ਪਿਆਰ ਸਬੰਧਾਂ ਦਾ ਇਹ ਦੌਰ ਯਾਦ ਬਣ ਕੇ ਰਹਿ ਗਿਆ। ਉਹ ਇਸ ਪਿਆਰ ਅਨੁਭਵ ਨੂੰ ਆਪਣੀ ਨ੍ਰਿਤ ਕਲਾ ਵਿਚ ਸਮੋਅ ਕੇ ਆਪਣੇ ਜੀਵਨ ਉਦੇਸ਼ ਵੱਲ ਹੋਰ ਵਧੇਰੇ ਸਮਰਪਿਤ ਹੋ ਗਈ। ਇਕ ਜਵਾਰਭਾਟਾ ਆਇਆ ਸੀ ਅਤੇ ਲੰਘ ਗਿਆ। ਉਹ ਦੁਬਾਰਾ ਆਪਣਾ ਮਾਨਸਿਕ ਤਵਾਜ਼ਨ ਕਾਇਮ ਕਰਨ ਦੇ ਆਹਰੇ ਲੱਗ ਗਈ।

**(4)**

ਡੰਕਨ ਦੀ ਨਾਚ ਕਲਾ ਵਿਚ ਵੰਨਗੀ ਬੜੀ ਸੀ। ਉਸ ਨੂੰ ਬਦਲਵੀਂ ਲੋੜ ਅਨੁਸਾਰ ਆਪਣੇ ਨਾਚ ਦੀਆਂ ਮੁਦਰਾਵਾਂ ਵਿਚ ਵਾਧੇ-ਘਾਟੇ ਕਰਨੇ ਆਉਂਦੇ ਸਨ। ਉਸ ਦੇ ਆਪਣੇ ਜੀਵਨ ਕਾਲ ਵਿਚ ਹੀ ਉਸ ਦੀ ਨ੍ਰਿਤ ਕਲਾ ਦੀ ਨਕਲ ਹੋਣ ਲੱਗ ਪਈ ਸੀ। ਫਾਰਸੀ ਦਾ ਅਖਾਣ ਹੈ, 'ਨਕਲ ਰੇ-ਚਿਹ-ਅਕਲ'। ਨਕਲ ਲਈ ਅਕਲ ਚਾਹੀਦੀ ਹੁੰਦੀ ਹੈ। ਆਪਣੇ ਨਾਚ ਨੂੰ ਉਹ ਕਿਵੇਂ ਵੰਨ-ਸੁਵੰਨਤਾ ਅਤੇ ਮੌਲਿਕਤਾ ਬਖ਼ਸ਼ਦੀ ਸੀ, ਉਸ ਦੀ ਇਕ ਹੀ ਮਿਸਾਲ ਦੇਣੀ ਕਾਫ਼ੀ ਹੋਵੇਗੀ। ਅਬਾਜ਼ੀਆ ਵਿਚ ਜਿਸ ਘਰ ਵਿਚ ਉਹ ਰਹਿੰਦੀ ਸੀ, ਉਥੇ ਖਿੜਕੀ ਨੂੰ ਸਾਹਮਣਾ ਖਜੂਰ ਦਾ ਬਿਰਖ ਸੀ। ਡੰਕਨ ਨੇ ਇਸ ਤਰ੍ਹਾਂ ਦੇ ਠੰਢੀ ਜਲਵਾਯੂ ਵਾਲੇ ਇਲਾਕੇ ਵਿਚ ਖਜੂਰ ਦਾ ਬਿਰਖ ਘੱਟ ਹੀ ਵੇਖਿਆ ਸੀ। ਸਵੇਰ ਦੀ ਹਵਾ ਵਿਚ ਖਜੂਰ ਦੇ ਪੱਤੇ ਕੰਬਦੇ ਹੁੰਦੇ ਸੀ। ਉਨ੍ਹਾਂ ਪੱਤਿਆਂ ਦੀ ਕੰਬਣੀ ਵਿਚੋਂ ਉਸ ਨੇ ਬਾਹਾਂ, ਹੱਥਾਂ ਅਤੇ ਉਂਗਲਾਂ ਦੀ ਲਰਜ਼ਿਸ਼ ਦੀਆਂ ਮੁਦਰਾਵਾਂ ਵਿਕਸਿਤ ਕਰ ਲਈਆਂ!

ਮਿਊਨਿਖ ਉਨ੍ਹੀਂ ਦਿਨੀਂ ਕਲਾਤਮਿਕ ਅਤੇ ਬੌਧਿਕ ਸਰਗਰਮੀਆਂ ਦਾ ਕੇਂਦਰ ਸੀ। ਬਾਜ਼ਾਰ ਕਿਤਾਬਾਂ ਅਤੇ ਪਾਠਕਾਂ ਨਾਲ ਭਰੇ-ਭਰੇ ਪ੍ਰਤੀਤ ਹੁੰਦੇ। ਦੁਰਲੱਭ ਪੁਸਤਕਾਂ ਅਤੇ ਨਵੀਆਂ ਛਪੀਆਂ ਕਿਤਾਬਾਂ ਦੀਆਂ ਐਡੀਸ਼ਨਾਂ ਕੱਛੇ ਮਾਰੀ ਵਿਦਿਆਰਥੀ ਦੁਕਾਨਾਂ 'ਤੇ ਭੀੜ ਕਰੀ ਰੱਖਦੇ। ਅਜਾਇਬ ਘਰਾਂ ਅਤੇ ਆਰਟ ਗੈਲਰੀਆਂ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ। ਇਥੇ ਰਹਿੰਦਿਆਂ ਡੰਕਨ ਨੇ ਜਰਮਨ ਭਾਸ਼ਾ ਸਿੱਖੀ ਅਤੇ ਸ਼ੋਫ਼ਨ ਹਾਵਰ ਤੇ ਕਾਂਤ ਵਰਗੇ ਦਾਰਸ਼ਨਿਕਾਂ ਦੀਆਂ ਲਿਖਤਾਂ ਪੜ੍ਹੀਆਂ। ਉਹ ਵਿਦਵਾਨਾਂ ਅਤੇ ਸੰਗੀਤਕਾਰਾਂ ਦੀਆਂ ਗੰਭੀਰ ਗੋਸ਼ਟੀਆਂ ਵਿਚ ਭਾਗ ਲੈਂਦੀ ਤੇ ਉਨ੍ਹਾਂ ਦੇ ਵਿਚਾਰ ਸੁਣਦੀ। ਇਥੇ ਹੀ ਉਸ ਨੂੰ ਇਕ ਰਾਤ ਸਿਗਫ ਰਾਈਡ ਵੈਗਨਰ ਮਿਲਿਆ ਜੋ ਰਿਜਰਡ ਵੈਗਨਰ ਦਾ ਲੜਕਾ ਸੀ। ਇਹ ਲਿਖਤਾਂ ਪੜ੍ਹ, ਗੋਸ਼ਟੀਆਂ ਸੁਣ ਅਤੇ ਇਨ੍ਹਾਂ ਬੁੱਧੀਜੀਵੀਆਂ ਦੇ ਵਿਚਾਰ ਗ੍ਰਹਿਣ ਕਰ ਕੇ ਡੰਕਨ ਦਾ ਬਹੁਤ ਬੌਧਿਕ ਵਿਕਾਸ ਹੋਇਆ। ਹੁਣ ਉਹ ਕੋਈ ਅਨਪੜ੍ਹ ਅੱਲੜ ਕੁੜੀ ਨਹੀਂ ਸੀ ਰਹਿ ਗਈ। ਨਿਸ਼ਚੇ ਹੀ ਇਸ ਵਾਤਾਵਰਨ ਨੇ ਡੰਕਨ ਦੀ ਸੋਚ ਅਤੇ ਕਲਾ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ।

**(5)**

ਇਕ ਵਾਰ ਫਿਰ ਜਦੋਂ ਡੰਕਨ ਪਰਿਵਾਰ ਨੇ ਆਪਣੀ ਜਮ੍ਹਾਂ ਪੂੰਜੀ ਦੀ ਫਰੋਲਾ-ਫਰਾਲੀ ਕੀਤੀ ਤਾਂ ਪਤਾ ਲੱਗਾ ਕਿ ਪੂੰਜੀ ਤਾਂ ਖ਼ਤਮ ਹੋਣ ਕਿਨਾਰੇ ਸੀ। ਉਨ੍ਹਾਂ ਨੂੰ ਫ਼ਿਕਰ ਹੋਇਆ ਅਤੇ ਪ੍ਰੋਗਰਾਮਾਂ ਦੇ ਮੁੱਖ ਪ੍ਰਬੰਧਕ ਅਲੈਗਜ਼ਾਂਡਰ ਗਰੋਸ ਨੂੰ ਖਰਚਾ ਭੇਜਣ ਲਈ ਬੇਨਤੀ ਕੀਤੀ। ਉਹ ਪਹਿਲਾਂ ਹੀ ਡੰਕਨ ਦੀ ਨਵੀਂ ਪੇਸ਼ਕਾਰੀ ਦੀ ਤਿਆਰੀ ਕਰ ਰਿਹਾ ਸੀ। ਜਦੋਂ ਡੰਕਨ ਬਰਲਿਨ ਪਹੁੰਚੀ ਤਾਂ ਇਹ ਵੇਖ ਕੇ ਹੈਰਾਨ ਰਹਿ ਗਈ ਕਿ ਸਾਰੇ ਸ਼ਹਿਰ ਦੀਆਂ ਕੰਧਾਂ ਉਸ ਦੇ ਹੋ ਰਹੇ ਪ੍ਰੋਗਰਾਮ ਦੇ ਇਸ਼ਤਿਹਾਰਾਂ ਨਾਲ ਭਰੀਆਂ ਪਈਆਂ ਸਨ। ਪ੍ਰੋਗਰਾਮ ਓਪੇਰਾ ਹਾਊਸ ਵਿਚ ਹੋ ਰਿਹਾ ਸੀ ਅਤੇ ਆਰਕੈਸਟਰਾ ਫਿਲਹਾਰਮੋਨਿਕ ਦਾ ਸੀ। ਉਨ੍ਹਾਂ ਦਾ ਠਹਿਰਾਅ ਹੋਟਲ ਬ੍ਰਿਸਟਲ ਵਿਚ ਸੀ ਜਿੱਥੇ ਉਸ ਨੂੰ ਪੱਤਰਕਾਰਾਂ ਅਤੇ ਫੋਟੋਗ੍ਰਾਫਰਾਂ ਨੇ ਆਣ ਘੇਰਿਆ। ਵੰਨ-ਸੁਵੰਨੇ ਗੁੰਝਲਦਾਰ ਪ੍ਰਸ਼ਨਾਂ ਦੇ ਠੋਕਵੇਂ ਉਤਰ ਦੇਣ ਵੇਲੇ ਡੰਕਨ ਨੂੰ ਸੱਜਰੇ-ਸੱਜਰੇ ਅਧਿਐਨ ਦਾ ਬੜਾ ਲਾਭ ਹੋਇਆ। ਡੰਕਨ ਨੇ ਆਪਣੇ ਨ੍ਰਿਤ ਸਿਧਾਂਤਾਂ ਬਾਰੇ ਐਸੇ ਉਤਰ ਦਿੱਤੇ ਕਿ ਪੱਤਰਕਾਰ ਨਿਰਉਤਰ ਹੋ ਗਏ।

ਅਗਲੇ ਦਿਨ ਅਖ਼ਬਾਰਾਂ ਵਿਚ ਲੰਮੇ-ਲੰਮੇ ਲੇਖ ਛਪੇ ਵੇਖ ਡੰਕਨ ਪ੍ਰਸੰਨ ਹੋ ਗਈ। ਗਰੋਸ ਨੇ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਸਾਰਾ ਜ਼ੋਰ ਲਾਇਆ ਹੋਇਆ ਸੀ। ਉਸ ਨੇ ਪੈਸੇ ਦੀ ਪ੍ਰਵਾਹ ਨਹੀਂ ਸੀ ਕੀਤੀ। ਪ੍ਰੋਗਰਾਮ ਵੇਖ ਬਰਲਿਨ ਦੇ ਬਾਸ਼ਿੰਦੇ ਪੈਰਾਂ ਤੋਂ ਹਿੱਲ ਗਏ। ਦੋ ਘੰਟੇ ਦੇ ਪ੍ਰੋਗਰਾਮ ਤੋਂ ਬਾਅਦ ਵੀ ਦਰਸ਼ਕ ਉਠਣ ਨੂੰ ਤਿਆਰ ਨਹੀਂ ਸਨ। ਡੰਕਨ ਦੇ ਅਦਭੁੱਤ ਨ੍ਰਿਤ ਨੇ ਬਰਲਿਨ ਵਾਸੀਆਂ ਦੀ ਬਹਿ ਜਾ-ਬਹਿ ਜਾ ਕਰਵਾ ਦਿੱਤੀ ਸੀ। ਡੰਕਨ ਦੇ ਡੰਕੇ ਵੱਜਣ ਲੱਗੇ।

ਇਸ ਤੋਂ ਪਿੱਛੋਂ ਪਰਿਵਾਰ ਦੀਆਂ ਨਜ਼ਰਾਂ ਯੂਨਾਨ ਉਤੇ ਸਨ।

---

## ਪੰਜਾਬ ਨਸ਼ਿਆਂ ਨੇ ਖਾ ਲਿਆ

ਰੰਗਲਾ, ਪੰਜਾਬ ਨਸ਼ਿਆਂ ਨੇ ਖਾ ਲਿਆ।
ਕੌਮ ਦੇ ਮੁਹਾਫਿਜਾਂ ਨੇ ਮੂੰਹ ਭੁਆ ਲਿਆ।
ਵਿਹਲੜ ਜਵਾਨੀ ਫਿਰਦੀ ਨਸ਼ੇ ਚੱਬਦੀ।
ਮਾਯੂਸੀਆਂ ਦੇ ਵਿਹੜੇ 'ਚੋਂ ਸਕੂਨ ਲੱਭਦੀ।
ਘੋਨ-ਮੋਨ ਸਿਰ ਕੰਨੀਂ ਪਾਈਆਂ ਮੁੰਦਰਾਂ।
ਕਾਨੇ ਵਾਂਙੂ ਲੱਤਾਂ, ਸੁੱਕੀਆਂ ਨੇ ਹੜਬਾਂ।
ਤੀਸ ਮਾਰ ਖਾਂ ਦਾ ਖਿਤਾਬ ਪਾ ਲਿਆ।
ਰੰਗਲਾ, ਪੰਜਾਬ ਨਸ਼ਿਆਂ ਨੇ ਖਾ ਲਿਆ।

ਸ਼ਰਮਾਂ, ਹਯਾਵਾਂ ਮੁੱਕੀਆਂ ਨੇ ਸਾਡੀਆਂ।
ਸੜਕਾਂ ਤੇ ਨੰਗੇ ਪਏ ਨੇ ਕਾਕੇ ਕਾਕੀਆਂ।
ਚੰਗਾ ਮੰਦਾ ਨਸ਼ਾ ਜੋ ਵੀ ਜਿੱਥੋਂ ਲੱਭਦਾ,
ਲੱਪਾਂ ਭਰ ਖਾਂਦੇ, ਪੀਂਦੇ ਨੇ ਗਲਾਸੀਆਂ।
ਪੜ੍ਹਨਾ ਪੜ੍ਹਾਉਣਾ ਸਾਰਾ ਖੂਹੇ ਪਾ ਲਿਆ।
ਰੰਗਲਾ, ਪੰਜਾਬ ਨਸ਼ਿਆਂ ਨੇ ਖਾ ਲਿਆ।

ਨੰਗੀਆਂ, ਅਸ਼ਲੀਲ਼ ਫਿਲਮਾਂ ਨੇ ਵੇਖਦੇ।
ਖਾਕ 'ਚ ਅਕੀਦੇ ਮਿਲ ਗਏ ਨੇ ਦੇਸ਼ ਦੇ।
ਨਸ਼ਿਆਂ ਨੇ ਸੁੱਧ ਬੁਧ ਐਸੀ ਮਾਰੀ ਆ,
ਮਾਂਵਾਂ, ਭੈਣਾਂ ਦੀਆਂ ਇਜ਼ਤਾਂ ਨਾ ਖੇਡਦੇ।
ਚੋਰਾਂ, ਯਾਰਾਂ, ਠੱਗਾਂ ਰਲ ਭਰਮਾ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।
ਮਾਂ, ਬਾਪ ਦੀਆਂ ਸਭੇ ਨੀਂਦਾਂ ਉਡੀਆਂ।
ਵੱਸੋਂ ਬਾਹਰੇ ਵੇਖ ਵੇਖ ਗੁੱਡੇ, ਗੁੱਡੀਆਂ।
ਕੱਖੀਂ ਕਾਨੀਂ, ਹੱਥ ਮਾਰਦੇ ਨੇ ਫਿਰਦੇ,
ਮੱਥੇ ਹੱਥ ਮਾਰ ਰੋਂਦੇ ਬੁੱਢੇ, ਬੁੱਢੀਆਂ।
ਘਰ-ਬਾਰ ਸਣੇ ਬੱਚਿਆਂ ਗੁਆ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਵੇਚ-ਵੱਟ ਮਾਲ, ਮੱਤਾ ਸਾਰਾ ਘਰ ਦਾ।
ਖਾਂਦੇ ਭੰਗ, ਫੀਮ, ਡੋਡੀਆਂ ਤੇ ਜ਼ਰਦਾ।
ਕੰਮ ਕਾਰ ਜੋਗੇ ਛੱਡਿਆ ਨਹੀਂ ਨਸ਼ੇ ਨੇ,
ਬਾਲ-ਬੱਚੇ, ਟੱਬਰ ਸਾਰਾ ਭੁੱਖਾ ਮਰਦਾ।
ਗ਼ਰੀਬੀ, ਭੁੱਖ, ਨੰਗ ਨੇ ਘੇਰਾ ਪਾ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਨਾ ਹਲ ਵਾਹੇ, ਨਾ ਕੋਈ ਲਾਵੇ ਕਲੀਆਂ।
ਖਾਲੀ ਸੱਥਾਂ ਵਿਹੜੇ ਸੁੰਞੀਆ ਨੇ ਗਲੀਆਂ।
ਰੰਗਲਾ ਪੰਜਾਬ ਮੇਰਾ ਗਿਆ ਧੁਆਂਖਿਆ,
ਸਿਖਰ ਦੁਪਹਿਰੇ, ਸ਼ਾਮਾਂ ਆਣ ਢਲੀਆਂ।
ਹਾਸੇ ਖੇੜੇ, ਖੁਸ਼ੀਆਂ ਨੂੰ ਰੋਗ ਲਾ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਕਾਟੋ, ਤੂੰਬਾ, ਬੁਗਦੂ ਕਿਤੇ ਨਹੀਂ ਵੱਜਦੇ।
ਚੋਬਰਾਂ ਦੇ ਟੋਲੇ ਨਹੀਂ ਗਿੱਧੇ 'ਚ ਨੱਚਦੇ।
ਜਿਦ ਜਿਦ ਹੁਣ ਨਹੀਂ ਪਾਉਂਦੇ ਬੋਲੀਆਂ,
ਖੂੰਡੇ ਮੋਢੇ, ਕੈਂਠੇ ਨਹੀਂ ਗਲਾਂ 'ਚ ਸੱਜਦੇ।
ਰੂਪ, ਰੰਗ, ਰਾਗ ਸਾਰਾ ਕੁਮਲਾ ਗਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਭਾਲਿਆਂ ਵੀ ਕਿਤੇ ਨਹੀ ਜਵਾਨ ਲੱਭਦੇ।
ਪਏ ਪੱਖੇ ਵਾਂਗੂ ਡੋਲਦੇ ਸਰੀਰ ਸਭ ਦੇ।
ਲੀਡਰਾਂ, ਮੁਸਾਹਿਬਾਂ ਛੱਡ ਜਿੰਮੇਵਾਰੀਆਂ,
ਬੇਖਸਮਾ ਪੰਜਾਬ ਕੀਤਾ ਹਵਾਲੇ ਰੱਬ ਦੇ।
ਵੋਟਾਂ ਲੈ ਕੇ ਆਪਣਾ ਪੱਲਾ ਛੁਡਾ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਦਾਰਾ, ਦੌਲੀ, ਬਾਜ, ਕੱਕੂ ਕਿਥੋਂ ਜੰਮਣੇ।
ਗਾਮਾ, ਗੁੰਗਾ, ਕੱਲੂ ਕਿਤੋਂ ਨਹੀਂ ਲਭਣੇ।
ਮੁੱਛਹਿਰੇ, ਚੌੜੇ ਸੀਨੇ, ਸ਼ੇਰਾਂ ਜਿਹੇ ਗੱਭਰੂ,
ਮੇਲਿਆਂ 'ਚ ਛਿੰਝਾਂ ਦੇ ਨਹੀਂ ਢੋਲ ਵਜਣੇ।
ਫਤੇ ਸਿੰਘ, ਕਿੱਕਰ ਜੋ ਨਾਂ ਕਮਾ ਗਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

ਗ਼ੱਦਾਰੀਆਂ, ਮੱਕਾਰੀਆ ਨੇ ਸਾਂਝ ਪਾ ਕੇ।
ਡੋਬ ਦਿੱਤੀ ਬੇੜੀ ਕੰਢੇ ਉਤੇ ਲਿਆ ਕੇ।
ਸੋਹਣੇ ਪੰਜ-ਆਬ ਦੀਆਂ ਖੇੜੇ ਖੁਸ਼ੀਆਂ,
ਉਡ ਗਈਆਂ ਦੁਰੇਡੇ ਕਿਤੇ ਖੰਭ ਲਾ ਕੇ।
ਗਿੱਦੜਾਂ ਨੇ ਰਲ 'ਚੰਨ' ਸ਼ੇਰ ਢਾਹ ਲਿਆ।
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

***-ਚੰਨ, ਫੋਨ:908-788-8427***

# ਪੋਤਾ ਮਾਲਾ ਦਾ, ਦਲਬੀਰ ਚੇਤਨ

ਆਜ਼ਾਦੀ ਅਤੇ ਮਾਂ ਤੋਂ ਚੰਗਾ ਸ਼ਬਦ ਦੁਨੀਆਂ ਦੇ ਕਿਸੇ ਵੀ ਸ਼ਬਦਕੋਸ਼ ਵਿਚੋਂ ਨਹੀਂ ਮਿਲ ਸਕਦਾ। ਗੁਲਾਮ ਮਨੁੱਖ ਮੁਹੱਬਤ ਨਹੀਂ ਕਰ ਸਕਦਾ ਤੇ ਮਾਂ ਬਿਨਾ ਕੋਈ ਮੁਹੱਬਤ ਕਰਨੀ ਸਿਖਾ ਨਹੀਂ ਸਕਦਾ। ਮਾਂ ਮੁਹੱਬਤ ਬਾਰੇ ਕੋਈ ਭਾਸ਼ਣ ਨਹੀਂ ਕਰਦੀ। ਬੱਸ! ਉਹ ਤਾਂ ਇਹ ਸਭ ਕੁਝ ਆਪਣੇ ਦੁੱਧ ਵਾਂਗ ਸਾਡੇ ਸਮੁੱਚੇ ਸਰੀਰ ਦੀਆਂ ਨਾੜਾਂ ਵਿਚ ਰਚਾ ਦਿੰਦੀ ਹੈ।



**ਪਰਸ਼ਿੰਦਰ ਸਿੰਘ**
ਫੋਨ:469-335-2263

ਔਰਤ ਕਈ ਰੂਪਾਂ ਤੇ ਰਿਸ਼ਤਿਆਂ ਵਿਚ ਮਰਦ ਦੇ ਅੰਗ-ਸੰਗ ਤੁਰਦੀ ਉਸ ਦਾ ਆਸਰਾ ਵੀ ਬਣਦੀ ਹੈ ਤੇ ਪ੍ਰੇਰਨਾ ਸਰੋਤ ਵੀ। ਇੰਜ ਔਰਤ-ਮਰਦ ਦਾ ਰਿਸ਼ਤਾ ਬੜਾ ਸਹਿਜ ਤੇ ਮੁਹੱਬਤੀ ਰਿਸ਼ਤਾ ਹੈ; ਲੋਕ ਗੀਤ ਦੀ ਤੁਕ ਵਰਗਾ, 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ'।

ਮਨੁੱਖ ਨੇ ਔਰਤ ਦੇ ਸਾਰੇ ਰਿਸ਼ਤਿਆਂ 'ਚੋਂ ਮਾਂ ਨੂੰ ਵਧੇਰੇ ਮਾਨਤਾ ਦਿੱਤੀ ਹੈ। ਇਬਰਾਹੀਮ ਲਿੰਕਨ ਵੀ ਕਹਿੰਦਾ ਹੈ ਕਿ ਰੱਬ ਹਰ ਥਾਂ ਨਹੀਂ ਸੀ ਪਹੁੰਚ ਸਕਦਾ, ਇਸ ਲਈ ਉਸ ਨੇ ਮਾਂ ਨੂੰ ਪੈਦਾ ਕੀਤਾ। ਲਿੰਕਨ ਦੀ ਇਹ ਧਾਰਨਾ ਪੜ੍ਹ ਕੇ ਆਪਣਾ ਘਰ ਹੀ ਪੂਜਾ ਸਥਾਨ ਵਰਗਾ ਲੱਗਣ ਲੱਗ ਪੈਂਦਾ ਹੈ ਪਰ ਔਰਤ ਦੇ ਬਾਕੀ ਰਿਸ਼ਤੇ ਕਿਥੇ ਜਾਣ? ਇਸ ਦੇ ਉਲਟ ਮਰਦ ਨੇ ਆਪਣੀ ਪਛਾਣ ਪਤੀ ਪਰਮੇਸ਼ਵਰ ਦੇ ਰੂਪ ਵਿਚ ਸਥਾਪਤ ਕਰਵਾ ਲਈ ਹੈ ਪਰ ਜਿਥੇ ਇਹ ਪਰਮੇਸ਼ਵਰ ਬੈਠੇ ਹਨ, ਉਥੇ ਕਦੀ ਵੀ ਅਗਰਬੱਤੀ ਵਰਗਾ ਸੁਗੰਧਤ ਮਾਹੌਲ ਨਹੀਂ ਹੁੰਦਾ। ਜਦੋਂ ਧਰਤੀ ਵਰਗੀ ਕੋਈ ਔਰਤ ਸਾਰਾ ਸ਼ਗੁਫ਼ਤਾ ਪੁਛਦੀ ਹੈ ਕਿ 'ਔਰਤ ਦਾ ਬਦਨ ਤੋਂ ਜ਼ਿਆਦਾ ਕੋਈ ਵਤਨ ਨਹੀਂ ਹੁੰਦਾ' ਤਾਂ ਸ਼ਾਇਦ ਅਸਮਾਨ ਵਾਂਗ ਫੈਲੇ ਮਰਦ ਕੋਲ ਵੀ ਇਸ ਦਾ ਕੋਈ ਜਵਾਬ ਨਹੀਂ।

'ਜਿਸ ਪਿਆਰੇ ਸੇ ਨੇਹੁੰ' ਕਹਾਣੀ ਦੀ ਪਾਤਰ ਮੇਰੇ ਦਾਦੀ ਜੀ ਹਨ। ਦਾਦੀ ਜੀ ਨੇ ਬਚਪਨ ਵਿਚ ਲੋਰੀਆਂ ਦੇ ਕੇ ਸੁਆਇਆ ਵੀ ਅਤੇ ਚੜ੍ਹਦੀ ਜਵਾਨੀ 'ਚ ਮੱਤਾਂ ਵੀ ਦਿੱਤੀਆਂ, 'ਵੇ ਮੁੰਡਿਓ! ਇੱਧਰੋਂ ਆਉਂਦੇ ਜੇ, ਉਧਰ ਟਪੂਸੀਆਂ ਮਾਰਦੇ ਨਿਕਲ ਜਾਂਦੇ ਜੇ। ਕੋਈ ਕੰਮ ਧੰਦਾ ਵੀ ਕਰਿਆ ਕਰੋ। ਪਤਾ ਲੱਗੂ ਜਦੋਂ ਸਿਰਾਂ 'ਤੇ ਪਈ।' 'ਹੁਣ ਸਿੰਗਾਂ 'ਤੇ ਰਹਿਣ ਦੇ ਮਾਂ, ਸਿੰਗਾਂ 'ਤੇ। ਜਦੋਂ ਸਿਰਾਂ 'ਤੇ ਪਊ, ਆਪੇ ਦੇਖੀ ਜਾਊ।'...ਤੇ ਜਦੋਂ ਵਾਕਿਆ ਹੀ ਸਿਰਾਂ 'ਤੇ ਪਈ, ਤਾਂ ਦਾਦੀ ਮਾਂ ਯਾਦ ਆਈ!

ਅਸੀਂ ਬਜ਼ੁਰਗਾਂ ਦੀਆਂ ਗੱਲਾਂ ਆਪਣੀ ਆਉਣ ਵਾਲੀ ਔਲਾਦ ਨੂੰ ਬਹੁਤ ਘੱਟ ਦੱਸਦੇ ਹਾਂ। ਸ਼ਾਇਦ ਸਾਡਾ ਪਰਿਵਾਰ ਵੀ ਇਸ ਇਤਿਹਾਸ ਤੋਂ ਕੋਰਾ ਰਹਿ ਜਾਣਾ ਸੀ ਜੇ ਦਲਬੀਰ ਚੇਤਨ ਇਨ੍ਹਾਂ ਨੂੰ ਕਿਤਾਬਾਂ ਵਿਚ ਨਾ ਲਿਖਦਾ। ਨਾਗਮਣੀ ਵਿਚ ਇਕ ਕਾਲਮ ਛਪਦਾ ਹੁੰਦਾ ਸੀ। ਨਾਂ ਹੁਣ ਮੈਨੂੰ ਯਾਦ ਨਹੀਂ, ਉਹਦੇ ਵਿਚ ਹਰ ਲੇਖਕ ਆਪਣੇ ਘਰ ਦਾ ਇਤਿਹਾਸ ਲਿਖਦਾ ਹੁੰਦਾ ਸੀ। ਚੇਤਨ ਨੇ ਲਿਖ ਕੇ ਭੇਜਿਆ 'ਪੋਤਾ ਮਾਲਾ ਦਾ ਦਲਬੀਰ ਚੇਤਨ'। ਇਹ ਸਭ ਕੁਝ ਮੈਂ ਘਰ ਬਾਰੇ ਉਸ ਲੇਖ ਵਿਚ ਪੜ੍ਹਿਆ। ਮੇਰੀ ਦਾਦੀ ਮਾਂ ਮੇਰੇ ਦਾਦੇ ਦੀ ਪੰਜਵੀਂ ਵਿਆਹੁਤਾ ਸੀ। ਪਤਾ ਨਹੀਂ ਉਨ੍ਹਾਂ ਦੇ ਵਿਹੜੇ ਨੂੰ ਇਹ ਕਿਹੋ ਜਿਹਾ ਸੰਤਾਪ ਸੀ ਕਿ ਉਹਦੇ ਚਾਰੇ ਖੂੰਜਿਆਂ ਵਿਚੋਂ ਕੋਈ ਵੀ ਫੁੱਲ ਨਾ ਖਿੜ ਸਕਿਆ ਤੇ ਫੁੱਲ ਖਿੜਾਉਣ ਵਾਲੀਆਂ ਵਾਰੀ-ਵਾਰੀ ਮੌਤ ਦੀ ਗੋਦ ਵਿਚ ਜਾ ਵਸਦੀਆਂ ਰਹੀਆਂ। ਅਖੀਰ, ਪੰਜਵੀਂ ਦਾਦੀ ਆਈ ਜਿਸ ਦਾ ਪੱਕਾ ਨਾਂ ਕੇਸਰ ਕੌਰ ਸੀ ਪਰ ਬਾਬੇ ਦੇ ਵਿਹੜੇ ਪੈਰ ਧਰਦਿਆਂ ਹੀ 'ਮਾਲਾ' ਬਣ ਗਈ। ਇਸ ਮਾਲਾ ਦੇ ਵਿਹੜੇ ਦਾ ਜੋ ਪਹਿਲਾ ਫੁੱਲ ਖਿੜਿਆ, ਉਹ ਮੇਰੇ ਪਿਤਾ ਜੀ ਸਨ। ਤਿੰਨ ਭਰਾ ਤੇ ਇਕ ਭੈਣ।

ਦਾਦਾ ਜੀ ਨੂੰ ਦਲਬੀਰ ਚੇਤਨ ਨੇ ਵੀ ਨਹੀਂ ਦੇਖਿਆ ਪਰ ਦਾਦੀ ਮਾਂ, ਦਾਦਾ ਜੀ ਦੀਆਂ ਗੱਲਾਂ ਬਹੁਤ ਕਰਦੀ ਹੁੰਦੀ ਸੀ। ਦਾਦਾ ਜੀ ਪਿੰਡ ਦੇ ਆਲ੍ਹਾ ਨੰਬਰਦਾਰ ਹੁੰਦੇ ਸਨ। 1905 ਵਿਚ ਜਦੋਂ ਜਾਰਜ ਪੰਚਮ ਭਾਰਤ ਆਇਆ ਤਾਂ ਦਿੱਲੀ ਵਿਚ ਬਹੁਤ ਵੱਡਾ ਦਰਬਾਰ ਸਜਿਆ। ਪੰਜਾਬ ਦੇ ਪਿੰਡਾਂ ਦੇ ਆਲ੍ਹਾ ਨੰਬਰਦਾਰ ਉਥੇ ਸਰਕਾਰੀ ਖਰਚੇ 'ਤੇ ਸੱਦੇ ਗਏ। ਜਾਰਜ ਪੰਚਮ ਦੀ ਫੋਟੋ ਵਾਲੀ ਤਾਂਬੇ ਦੀ ਅੰਗੂਠੀ ਅਤੇ ਵੱਡੀ ਫੋਟੋ ਉਨ੍ਹਾਂ ਨੂੰ ਸਨਮਾਨ ਵਜੋਂ ਦਿੱਤੀ ਗਈ। ਅੰਗੂਠੀ ਉਨ੍ਹਾਂ ਨੇ ਉਂਗਲ ਵਿਚ ਪਾ ਲਈ ਤੇ ਫੋਟੋ ਕਮਰੇ ਦੀ ਕੰਧ ਨਾਲ ਲਟਕਾ ਦਿੱਤੀ। ਚੇਤਨ ਲਿਖਦਾ ਹੈ, 'ਨਾਨਕਿਆਂ ਦਾ ਪਰਿਵਾਰ ਕਮਿਊਨਿਸਟ ਵਿਚਾਰਧਾਰਾ ਦਾ ਸੀ। ਜਦ ਮੈਂ ਨਾਨਕੇ ਜਾਂਦਾ, ਮਾਮਾ ਜੀ ਨੇ ਆਪਣੇ ਪਲੰਘ ਦੇ ਸਰਹਾਣੇ ਵਾਲੀ ਕੰਧ 'ਤੇ ਸ਼ਹੀਦ ਭਗਤ ਸਿੰਘ ਦੀ ਫੋਟੋ ਲਾਈ ਹੁੰਦੀ। ਤੇ ਮੇਰੇ ਦਾਦੇ ਦੇ ਪਲੰਘ ਦੇ ਸਿਰਹਾਣੇ ਵਾਲੀ ਕੰਧ 'ਤੇ ਜਾਰਜ ਪੰਚਮ ਦੀ ਫੋਟੋ ਲਟਕਦੀ। ਇੰਜ ਮੇਰਾ ਬਚਪਨ ਦੋ ਵੱਖੋ-ਵੱਖਰੀਆਂ ਸ਼ਖ਼ਸੀਅਤਾਂ ਦਰਮਿਆਨ ਵੰਡਿਆ ਖਲੋਤਾ ਸੀ ਪਰ ਪਤਾ ਨਹੀਂ ਕਿਉਂ, ਮੈਨੂੰ ਹਮੇਸ਼ਾ ਹੀ ਮਾਮੇ ਦੇ ਕਮਰੇ ਦੀ ਕੰਧ 'ਤੇ ਲਟਕਦੀ ਸ਼ਹੀਦ ਭਗਤ ਸਿੰਘ ਦੀ ਤਸਵੀਰ ਨਕਲੀ ਜਿਹੇ ਜਾਰਜ ਪੰਚਮ ਨਾਲੋਂ ਕਿਤੇ ਵੱਧ ਚੰਗੀ ਲਗਦੀ। ਮੇਰਾ ਬਾਬਾ ਪੂਰਾ ਸੂਰਾ ਹੱਥੀਂ ਕਿਰਤ ਕਰਨ ਵਾਲਾ ਕਾਮਾ ਸੀ। ਹਲ ਦੀ ਜੰਗੀ ਨੱਪਦਿਆਂ ਜਾਂ ਫਸਲਾਂ ਗੁੱਡਦਿਆਂ ਉਨ੍ਹਾਂ ਨੂੰ ਵੀ ਜਾਰਜ ਪੰਚਮ ਦੀ ਪਾਈ ਅੰਗੂਠੀ ਸ਼ਾਇਦ ਚੁਭਦੀ ਤੇ ਰੜਕਦੀ ਰਹਿੰਦੀ ਹੋਵੇਗੀ। ਉਨ੍ਹਾਂ ਲਾਹ ਕੇ ਮੇਰੀ ਦਾਦੀ ਨੂੰ ਫੜਾ ਦਿੱਤੀ। ਮੈਂ ਬਚਪਨ ਵਿਚ ਸੀ ਤੇ ਦਾਦੀ ਆਪਣੀ ਜਾਚੇ ਪਤਾ ਨਹੀਂ ਮੈਨੂੰ ਹੀ ਦਰਸਾਉਣਾ ਚਾਹੁੰਦੀ ਹੋਵੇਗੀ, ਉਹਨੇ ਕਦੇ-ਕਦੇ 'ਤੂੰ ਤਾਂ ਪੁੱਤਰਾ ਵੇਖਿਆ ਨਹੀਂ ਆਪਣਾ ਦਾਦਾ, ਗਲ ਬੰਦੂਕ ਪਾਈ ਤੇ ਘੋੜੀ 'ਤੇ ਚੜ੍ਹਿਆ, ਅੰਗਰੇਜ਼ ਦਾ ਪੂਰਾ ਪੂਰਾ ਸੂਬੇਦਾਰ ਲਗਦਾ ਸੀ।' ਦਾਦੀ ਦੇ ਇਨ੍ਹਾਂ ਬੋਲਾਂ ਨਾਲ ਮੈਨੂੰ ਨਫ਼ਰਤ ਸੀ। ਮੇਰੇ ਘਰ ਵਿਚ ਬਾਬੇ ਦੀ ਕੋਈ ਫੋਟੋ ਨਹੀਂ ਸੀ ਪਰ ਦਾਦੀ ਅੰਗੂਠੀ ਨੂੰ ਮੱਥੇ ਨਾਲ ਲਾਉਂਦੀ ਤੇ ਫੇਰ ਜਾਰਜ ਪੰਚਮ ਦੀ ਫੋਟੋ ਅੱਗੇ ਮੱਥਾ ਟੇਕਦੀ। ਆਪਣੇ



ਦਲਬੀਰ ਚੇਤਨ

ਬਚਪਨ ਵਿਚ ਹੀ ਮੈਥੋਂ ਇਹ ਬਰਦਾਸ਼ਤ ਨਹੀਂ ਸੀ ਹੁੰਦਾ। ਮੈਨੂੰ ਇਹ ਗੁਲਾਮੀ ਵਰਗੀ ਗੱਲ ਲਗਦੀ ਸੀ। ਪਤਾ ਨਹੀਂ ਕਿਸ ਰੋਹ ਵਿਚ ਮੈਂ ਇਕ ਦਿਨ ਇਹ ਅੰਗੂਠੀ ਚੋਰੀ ਕੀਤੀ। ਉਹਦੇ 'ਤੇ ਉਕਰੀ ਜਾਰਜ ਦੀ ਫੋਟੋ ਨੂੰ ਸੀਮਿੰਟ ਹੋਈ ਕੰਧ 'ਤੇ ਰਗੜਿਆ ਤੇ ਅੰਗੂਠੀ ਨੂੰ ਪਿੰਡ ਦੇ ਵੱਡੇ ਸਾਰੇ ਛੱਪੜ ਵਿਚ ਵਗਾਹ ਮਾਰਿਆ। ਤੇ ਅੱਜ ਜਦ ਮੈਂ ਕਿਤੇ ਪਿੰਡ ਜਾਂਦਾ ਹਾਂ ਤਾਂ ਉਹ ਪਿੰਡ ਵਿਚ ਵੱਡਾ ਸਾਰਾ ਪਾਣੀ ਨਾਲ ਭਰਿਆ ਛੱਪੜ ਦੇਖਦਾ ਹਾਂ ਤਾਂ ਸੋਚਦਾ ਹਾਂ-ਕਾਸ਼ ਇਹ ਕਿਸੇ ਦਿਨ ਸੁੱਕ ਜਾਵੇ ਤੇ ਮੈਂ ਇਹਦੇ ਉਪਰ ਤੁਰ ਕੇ ਦਾਦਾ ਜੀ ਦੀ ਅੰਗੂਠੀ ਲੱਭਾਂ!'

ਦਾਦੀ ਮਾਂ ਸਵੇਰੇ-ਸਵੇਰੇ ਗੁਰਦੁਆਰੇ ਜਾਂਦੀ। ਜਿਸ ਕੌਲੀ ਵਿਚ ਆਟਾ ਲੈ ਜਾਂਦੀ, ਆਉਂਦੀ ਹੋਈ ਗੁਰਦੁਆਰੇ ਤੋਂ ਅੰਮ੍ਰਿਤ ਲੈ ਆਉਂਦੀ। ਘਰ ਵਿਚ ਪ੍ਰਵੇਸ਼ ਕਰਦਿਆਂ ਹੀ ਇਕ ਨੇ ਕਹਿ ਦੇਣਾ-ਦਾਦੀ ਆ ਗਈ। ਫਿਰ ਅਸੀਂ ਸਾਰਿਆਂ ਆਪਣੇ ਮੂੰਹਾਂ 'ਤੇ ਕੱਪੜੇ ਲੈ ਲੈਣੇ। ਕਹਿੰਦੀ-ਵੇ ਬੱਚਿਓ, ਤੁਸੀਂ ਕਿਉਂ ਡਰਦੇ ਜੇ। 'ਦਾਦੀ ਇਹ ਪਾਣੀ ਸਵੇਰੇ-ਸਵੇਰੇ ਜਦੋਂ ਮੂੰਹ 'ਤੇ ਪੈਂਦਾ ਤਾਂ ਠੰਢਾ ਲਗਦਾ।' ਫਿਰ ਕਹਿੰਦੀ-ਬੱਚਿਓ ਇਹ ਪਾਣੀ ਨਹੀਂ, ਇਹ ਤਾਂ ਅੰਮ੍ਰਿਤ ਏ ਬਾਬਾ ਜੀ ਦਾ।'

ਇਕ ਵਾਰੀ ਦਾਦੀ ਮਾਂ ਢਿੱਲੀ ਮੱਠੀ ਹੋ ਗਈ। ਮੈਂ ਪਿੰਡ 'ਚੋਂ ਆਪਣੇ ਯਾਰ ਡਾਕਟਰ ਸ਼ਰਮੇ ਕੋਲ ਗਿਆ। ਸ਼ਰਮਾ ਮੈਨੂੰ ਸਕੂਟਰ 'ਤੇ ਬਿਠਾ ਕੇ ਘਰ ਆ ਗਿਆ। ਘਰ ਵੜਦਿਆਂ ਸਾਰ ਹੀ ਉਚੀ-ਉਚੀ ਬੋਲਣ ਲੱਗ ਪਿਆ-ਦਾਦੀ ਮੈਂ ਆ ਗਿਆ। ਤੈਨੂੰ ਮਰਨ ਨਹੀਂ ਦਿੰਦਾ। ਜੇ ਤੂੰ ਮਰ ਗਈ ਤਾਂ ਸਿੱਧੀ ਸਵਰਗ ਨੂੰ ਜਾਏਂਗੀ। ਆਹ ਦੇਖ ਮੈਂ ਲੱਗਾ ਤੇਰੇ ਸੂਈ ਲਾਉਣ। 'ਵੇ ਤੂੰ ਕਿਹੜੇ ਜਨਮਾਂ ਦੇ ਬਦਲੇ ਲੱਗਾ ਮੇਰੇ ਕੋਲੋਂ ਲੈਣ। ਮੈਂ ਧਰਮਰਾਜ ਨੂੰ ਕੀ ਕਹੂੰਗੀ ਕਿ ਮੈਂ ਸੂਈ ਲੁਆ ਕੇ ਆਈ ਹਾਂ। ਪੁੱਤ ਬਿੱਲੋ, ਇਹਨੂੰ ਚਾਹ ਪਿਆ ਤੇ ਘਰੋਂ ਤੋਰ ਦੇ। ਨਾ ਮੈਂ ਸੂਈ ਲਵਾਣੀ ਹੈ, ਨਾ ਦਵਾਈ ਹੀ ਪੀਣੀ ਹੈ। ਬੱਸ, ਆਪੇ ਹੀ ਸੌਂਫ ਜਵੈਣ ਖਾ ਕੇ ਠੀਕ ਹੋ ਜਾਣਾ।' ਆਖਰੀ ਸਾਹਾਂ ਤੱਕ ਉਹਨੇ ਆਪਣੀ ਜ਼ਿੰਦਗੀ ਵਿਚ ਕਦੀ ਵੀ ਦਵਾਈ ਨਹੀਂ ਖਾਧੀ। ਲੱਸੀ ਦੀ ਉਹ ਬਹੁਤ ਸ਼ੌਕੀਨ ਹੁੰਦੀ ਸੀ। ਸਿਆਲ ਵਿਚ ਵੀ ਰਾਤ ਨੂੰ ਲੱਸੀ ਪੀ ਕੇ ਸੌਣਾ। ਜੇ ਘਰ ਨਾ ਮਿਲਣੀ ਤਾਂ ਗੁਆਂਢੀਆਂ ਦੇ ਜਾ ਕੇ ਪੀ ਆਉਣੀ।

ਮੇਰੇ ਭੂਆ ਜੀ ਯੂ.ਪੀ. ਰਹਿੰਦੇ ਹਨ। ਨੈਨੀਤਾਲ ਦੇ ਪੈਰਾਂ ਵਿਚ। ਮੈਂ ਵੀ ਉਥੇ ਜਾ ਆਇਆ ਹਾਂ। ਬਹੁਤ ਹੀ ਸੁਹਾਣੀ ਜਗ੍ਹਾ ਹੈ। ਮੈਂ ਉਸ ਨੂੰ ਯੂਰਪ ਵਾਲੀ ਭੂਆ ਕਹਿੰਦਾ ਹਾਂ। ਉਹ ਇਕ ਵਾਰੀ ਆਈ ਤਾਂ ਕਹਿਣ ਲੱਗੀ, 'ਮਾਤਾ ਚੱਲ ਮੈਂ ਤੈਨੂੰ ਆਪਣਾ ਦੇਸ਼ ਦਿਖਾਵਾਂ।' 'ਧੀਏ ਮੈਂ ਏਨੀ ਦੂਰ ਕਿੱਥੇ ਜਾਣਾ' ਪਰ ਨਾਂਹ ਕਰਦਿਆਂ-ਕਰਦਿਆਂ ਵੀ ਉਹ ਨਾਲ ਲੈ ਗਏ, 5-6 ਮਹੀਨੇ ਉਥੇ ਰਹਿ ਆਏ। ਆ ਕੇ ਉਥੇ ਦੀਆਂ ਬਹੁਤ ਗੱਲਾਂ ਸੁਣਾਇਆ ਕਰਨ।

ਘਰ ਵਿਚ ਜਦ ਵੀ ਕੋਈ ਲੇਖਕ ਦੋਸਤ ਆਉਂਦਾ ਤਾਂ ਉਹਦੇ ਕੋਲ ਬੈਠ ਕੇ ਉਹਦਾ ਨਾਂ, ਉਹਦਾ ਸਾਰਾ ਹਾਲ ਪੁੱਛਦੀ-ਪੁੱਤ ਕੀ ਨਾਂ ਏ ਤੇਰਾ। 'ਮਾਂ ਜੀ ਮੈਂ ਕਿਰਪਾਲ ਕਜ਼ਾਕ ਹਾਂ।' 'ਤੇ ਆਹ ਪੁੱਤ?' 'ਮੈਂ ਪ੍ਰੇਮ ਗੋਰਖੀ ਹਾਂ।' 'ਅੱਛਾ ਜਿਉਂਦੇ ਵੱਸਦੇ ਰਹੋ ਪੁੱਤ। ਤੁਸੀਂ ਕਿੱਥੋਂ ਆਏ?' 'ਜੀ ਅਸੀਂ ਪਟਿਆਲੇ ਤੋਂ।' 'ਅੱਛਾ! ਪਟਿਆਲਾ ਨੈਨੀਤਾਲ ਤੋਂ ਦੂਰ ਏ?' 'ਨਹੀਂ ਮਾਤਾ, ਨੈਨੀਤਾਲ ਤੇ ਬਹੁਤ ਦੂਰ ਏ।' 'ਵੇਖ ਲਾ ਪੁੱਤ, ਮੇਰੀ ਧੀ ਕਿੰਨੀ ਦੂਰ ਰਹਿੰਦੀ ਏ। ਮੈਂ ਵੀ ਨੈਨੀਤਾਲ ਜਾ ਕੇ ਆਈ ਹਾਂ। ਮੈਂ ਸਦਕੇ ਜਾਵਾਂ ਜਿਨ੍ਹਾਂ ਰਾਹਾਂ ਤੋਂ ਤੁਸੀਂ ਚੱਲ ਕੇ ਆਏ ਜੇ। ਦਲਬੀਰ ਦੇ ਬੇਲੀ ਜੇ?' 'ਹਾਂ ਮਾਤਾ।'

ਦਾਦੀ ਮਾਂ ਲਈ ਨੈਨੀਤਾਲ ਸਭ ਤੋਂ ਆਖਰੀ ਮੀਲ ਪੱਥਰ ਸੀ ਜ਼ਿੰਦਗੀ ਦਾ। ਜਦ ਇਹ ਕਹਾਣੀ ਛਪੀ ਤਾਂ ਬਹੁਤ ਸਾਰੇ ਪਰਿਵਾਰਾਂ ਨੇ ਬੱਚਿਆਂ ਨੂੰ ਕਿਹਾ-ਇਹ ਮੇਰੀ ਮਾਂ ਦੀ ਕਹਾਣੀ ਏ। ਕਿਸੇ ਨੇ ਕਿਹਾ ਇਹ ਮੇਰੀ ਨਾਨੀ ਦੀ ਕਹਾਣੀ ਏ। ਕਿਸੇ ਨੇ ਕਿਹਾ ਕਿ ਇਹ ਮੇਰੀ ਦਾਦੀ ਦੀ ਕਹਾਣੀ ਏ। ਅਸਲ ਵਿਚ ਮਾਂਵਾਂ, ਦਾਦੀਆਂ, ਨਾਨੀਆਂ ਇਕੋ ਤਰ੍ਹਾਂ ਹੀ ਦੀਆਂ ਹੀ ਹੁੰਦੀਆਂ ਨੇ!

ਹੁਣ ਮੈਂ ਆਪਣੀ ਮਾਂ ਦੀ ਗੱਲ ਕਰਦਾ ਹਾਂ। ਖੂਨ ਦੇ ਰਿਸ਼ਤਿਆਂ ਵਿਚ ਕਿੰਨੀ ਕਸਕ ਹੈ। ਫਰਵਰੀ 2002; ਚੇਤਨ ਦਾ ਘਰੋਂ ਫੋਨ ਆਇਆ-ਬੀ ਜੀ ਨੂੰ ਘਰ ਲੈ ਆਏ ਹਾਂ। ਡਾਕਟਰਾਂ ਨੇ ਜੁਆਬ ਦੇ ਦਿੱਤਾ। ਜਿਹੜੀ ਫਲਾਈਟ ਮਿਲਦੀ, ਬੱਸ ਆ ਜਾ। 22 ਫਰਵਰੀ ਨੂੰ ਦੁਪਹਿਰੇ ਇਕ ਵਜੇ ਘਰ ਪਹੁੰਚਾ। ਬੇਸੁਰਤੀ ਦੀ ਹਾਲਤ ਵਿਚ ਮਾਂ ਨੂੰ ਮੰਜੇ 'ਤੇ ਪਈ ਦੇਖ ਕਾਲਜੇ ਦਾ ਰੁੱਗ ਭਰਿਆ ਗਿਆ। ਆਖਰੀ ਸਾਹਾਂ ਬਾਰੇ ਇਨਸਾਨ ਕਦੇ ਵੀ ਚਿਤਵਦਾ ਨਹੀਂ। ਰੱਬ ਜਾਣਦਾ ਏ ਉਨ੍ਹਾਂ ਨੇ ਮੈਨੂੰ ਪਛਾਣਿਆ ਜਾਂ ਨਹੀਂ। ਸਾਰੇ ਘਰਦੇ ਅਤੇ ਰਿਸ਼ਤੇਦਾਰ ਕਹਿੰਦੇ ਸਨ, ਕਿ ਬੱਸ ਤੈਨੂੰ ਬਹੁਤ ਹੀ ਯਾਦ ਕਰਦੀ ਏ-'ਵੇ ਪਰਸ਼ਿੰਦਰ ਤੂੰ ਪੈਸਿਆਂ ਦੇ ਪਿੱਛੇ ਪੈ ਗਿਆ। ਪੈਸੇ ਤੈਨੂੰ ਪਿਆਰੇ ਹੋ ਗਏ। ਮੈਂ ਤੇਰੀ ਮਾਂ ਹਾਂ। ਮੈਨੂੰ ਆ ਕੇ ਮਿਲ ਜਾਹ।'

ਰਾਤ ਪਈ। ਮੇਰਾ ਦਿਲ ਕਰਦਾ ਸੀ ਕਿ ਮੈਂ ਉਹਦੇ ਕੋਲ ਬੈਠਾਂ ਪਰ ਘਰਦੇ ਕਹਿਣ ਲੱਗੇ, ਤੂੰ ਥੱਕਿਆ ਆਇਆਂ, ਤੂੰ ਉਪਰ ਜਾ ਕੇ ਆਰਾਮ ਕਰ ਲੈ। ਤੜਕੇ ਦਾ ਵਕਤ ਏ ਉਸੇ ਹੀ ਕਮਰੇ ਵਿਚ ਉਪਰ ਮੈਂ ਸੁਤਾ ਸਾਂ। ਮੇਰਾ ਸਰੀਰ ਪਸੀਨੋ-ਪਸੀਨਾ ਹੋਇਆ ਏ। ਜ਼ੋਰ-ਜ਼ੋਰ ਦੀ ਆਵਾਜ਼ਾਂ ਦੇ ਰਿਹਾਂ ਪਰ ਆਵਾਜ਼ ਮੂੰਹ ਵਿਚੋਂ ਕੋਈ ਨਿਕਲ ਨਹੀਂ ਰਹੀ। ਦਿਲ ਧੜਕ ਰਿਹਾ ਹੈ ਜਿਸ ਤਰ੍ਹਾਂ ਬਾਹਰ ਨਿਕਲ ਚੱਲਿਆ। ਜਦ ਸੁਰਤ ਆਈ ਤਾਂ ਦੇਖ ਰਿਹਾ ਹਾਂ ਕਿ ਮੈਂ ਕਿਥੇ ਹਾਂ। ਸਾਹਮਣੇ ਘੜੀ 'ਤੇ ਤਿੰਨ ਵਜੇ ਹਨ। ਉਠ ਕੇ ਬੈਠ ਜਾਂਦਾ ਹਾਂ। ਫਿਰ ਮੈਨੂੰ ਪਤਾ ਲੱਗਦਾ ਕਿ ਮੈਂ ਘਰ ਆਇਆ ਹਾਂ ਪਰ ਇਹ ਸਭ ਕੁਝ ਮੇਰੀ ਸਮਝ 'ਚ ਨਹੀਂ ਆ ਰਿਹਾ। ਸੋਚਦਾਂ, ਥੱਲੇ ਜਾਵਾਂ ਪਰ ਥੱਲੇ ਜਾਣ ਦੀ ਬਜਾਏ ਉਪਰ ਦੀ ਛੱਤ 'ਤੇ ਚਲੇ ਜਾਂਦਾ ਹਾਂ। ਦੂਰ ਦੇਖਦਾ ਹਾਂ-ਹਰਿਮੰਦਰ ਸਾਹਿਬ ਦੀਆਂ ਲਾਈਟਾਂ ਹਨ। ਬਾਬਾ ਦੀਪ ਸਿੰਘ ਦਾ ਗੁਰਦੁਆਰਾ ਨਜ਼ਰ ਆਉਂਦਾ ਏ। ਕੁਝ ਦੇਰ ਮੈਂ ਉਪਰ ਹੀ ਸੈਰ ਕਰਦਾ ਹਾਂ। ਮਨ 'ਚ ਕੋਈ ਖਿਆਲ ਆਉਂਦਾ ਏ। ਥੱਲੇ ਉਤਰਦਾ ਹਾਂ। ਨਹਾ ਕੇ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਆਉਂਦਾ ਹਾਂ। ਥੱਲੇ ਉਤਰਦਿਆਂ ਪੌੜੀਆਂ ਵਿਚ ਮੇਰਾ ਭਰਾ ਖੜ੍ਹਾ ਏ। ਕਹਿੰਦਾ-ਪਰਮਿੰਦਰ, ਬਹੁਤ ਚੰਗਾ ਹੋਇਆ ਤੂੰ ਆ ਗਿਆ। ਬੀਜੀ ਤੈਨੂੰ ਹੀ ਉਡੀਕਦੇ ਸਨ। ਸਵੇਰੇ ਤਿੰਨ ਵਜੇ ਉਹ ਪੂਰੇ ਹੋ ਗਏ! ਭੱਜ ਕੇ ਅੰਦਰ ਜਾਂਦਾ ਹਾਂ। ਉਹ ਰੂਹ ਤਾਂ ਜਾ ਚੁੱਕੀ ਏ।

ਕਦੇ ਕਦੇ ਸੁਪਨੇ ਦੇ ਵਿਚ ਆ ਜਾਂਦੀ ਏ ਮਾਂ
ਇਉਂ ਲਗਦਾ ਏ
ਹੋ ਗਈ ਏ ਜਿਉਂ ਸਿਰ 'ਤੇ ਠੰਢੀ ਛਾਂ।

# ਜਿਸ ਪਿਆਰੇ ਸੇ ਨੇਹੁੰ

**ਦਲਬੀਰ ਚੇਤਨ**

ਅਜੇ ਗੁਰਦੁਆਰੇ ਵਾਲਾ ਬਾਬਾ ਬੋਲਿਆ ਵੀ ਨਹੀਂ ਸੀ ਕਿ ਕਿਸੇ ਨੇ ਸਾਡਾ ਬੂਹਾ ਆ ਖੜਕਾਇਆ। ਠੰਢ ਕਰਕੇ ਮੈਂ ਰਜਾਈ 'ਚ ਦੜਿਆ ਬੈਠਾ ਕੋਈ ਨਵੀਂ ਕਿਤਾਬ ਪੜ੍ਹ ਰਿਹਾ ਸਾਂ, ਇਸ ਲਈ ਝੱਟ ਹੀ ਬੂਹਾ ਖੜਕਣ ਦੀ ਆਵਾਜ਼ ਸੁਣ ਲਈ। ਮੈਂ ਘੜੀ ਵੱਲ ਝਾਤੀ ਮਾਰੀ। ਅਜੇ ਪੰਜ ਵੀ ਨਹੀਂ ਸਨ ਵੱਜੇ। ਸੋਚਿਆ, ਕੜਾਕੇ ਦੀ ਠੰਢ 'ਚ ਕੌਣ ਹੋਵੇਗਾ ਇਸ ਵੇਲੇ? ਸ਼ਾਇਦ ਗਵਾਂਢੀ ਟੈਕਸੀ ਡਰਾਈਵਰ ਹੋਵੇ ਜਿਸ ਕੋਲ ਆਪਣੀ ਥਾਂ ਥੋੜ੍ਹੀ ਹੋਣ ਕਰਕੇ ਉਹ ਟੈਕਸੀ ਸਾਡੇ ਵਿਹੜੇ ਵਿਚ ਲਾ ਜਾਂਦਾ ਸੀ ਤੇ ਕਿਸੇ ਬੀਮਾਰ-ਸ਼ਮਾਰ ਨੂੰ ਸ਼ਹਿਰ ਖੜਨ ਲਈ ਜਾਂ ਮਰਗ-ਮਕਾਣ 'ਤੇ ਵੇਲੇ-ਕੁਵੇਲੇ ਆ ਬੂਹਾ ਖੜਕਾਉਂਦਾ ਸੀ। ਜਾਂ ਸ਼ਾਇਦ ਸਵਰਨ ਸਿੰਘ ਸਵਾਲੀਆ ਹੀ ਹੋਵੇ ਜੋ ਅਤਿਵਾਦੀ ਹੋਣ ਦੇ ਸ਼ੱਕ ਵਿਚ ਪੁਲਿਸ ਦੀ ਤਗੜੀ ਤੌਣੀ ਝੱਲ ਕੇ ਝੱਲਾ ਜਿਹਾ ਹੋ ਗਿਆ ਸੀ ਤੇ ਸਾਰੀ ਰਾਤ ਗਲੀਆਂ 'ਚ ਪਿਆ ਫਿਰਦਾ ਰਹਿੰਦਾ ਸੀ। ਹੋਰਨਾਂ ਘਰਾਂ ਵਾਂਗ ਕਦੇ ਕਦਾਈਂ ਉਹ ਸਾਡਾ ਬੂਹਾ ਵੀ ਖੜਕਾਉਂਦਾ ਤੇ ਪੁੱਛਦਾ, "ਹੁਣ ਮੈਂ ਠੀਕ-ਠਾਕ ਹਾਂ ਨਾ?" ਮੈਨੂੰ ਪਤਾ ਸੀ ਬਹੁਤ ਲੋਕੀਂ ਉਹਦੀ ਗੱਲ ਸੁਣ ਕੇ ਹੱਸ ਪੈਂਦੇ ਸਨ ਜਾਂ ਹੁੰਗਾਰਾ ਹੀ ਨਹੀਂ ਸਨ ਭਰਦੇ ਪਰ ਮੈਂ ਐਵੇਂ ਹੀ ਤਸੱਲੀ ਦੇਣ ਲਈ ਕਹਿ ਦਿੰਦਾ, "ਹਾਂ ਚਾਚਾ, ਹੁਣ ਤੂੰ ਬਿਲਕੁਲ ਠੀਕ-ਠਾਕ ਏਂ।" ਮੇਰੀ ਗੱਲ ਸੁਣ ਕੇ ਸੱਚੀ-ਮੁੱਚੀ ਝੱਲਿਆਂ ਵਾਂਗ ਹੱਸਦਾ ਤੇ ਕਹਿੰਦਾ, "ਆ ਤੁਰ ਮੇਰੇ ਨਾਲ ਤੇ ਆਪਣੀ ਚਾਚੀ ਨੂੰ ਦੱਸ ਇਹੋ ਗੱਲ...ਉਹ ਬੱਸ ਐਵੇਂ ਹੀ ਕਹਿੰਦੀ ਰਹਿੰਦੀ ਐ ਕਿ ਮੈਂ ਝੱਲਾ ਹੋ ਗਿਆਂ।"

ਇੰਜ ਕਈ ਕੁਝ ਸੋਚਦਿਆਂ ਬੂਹਾ ਖੋਲ੍ਹਿਆ ਤਾਂ ਗੁਰਦੁਆਰੇ ਵਾਲਾ ਬਾਬਾ ਸਾਹਮਣੇ ਖਲੋਤਾ ਸੀ। ਚੰਨ ਚਾਨਣੀ ਰਾਤ 'ਚ ਉਹਦੀ ਭਰਵੀਂ ਚਿੱਟੀ ਦਾਹੜੀ ਲਿਸ਼ਕ ਰਹੀ ਸੀ। ਵਾਕਿਆ ਹੀ ਗਰੀਬ ਦੀ ਜਵਾਨੀ ਤੇ ਸਿਆਲ ਦੀ ਚਾਨਣੀ ਅਣਗੌਲਿਆਂ ਹੀ ਲੰਘ ਜਾਂਦੀਆਂ ਨੇ। ਪੁੰਨਿਆ ਦੇ ਲਾਗੇ-ਬੰਨੇ ਦੇ ਦਿਨ ਸਨ ਪਰ ਮੈਨੂੰ ਹੁਣ ਪਤਾ ਲੱਗਾ ਕਿ ਚਾਨਣੀ ਆਪਣੇ ਪੂਰੇ ਜੋਬਨ 'ਤੇ ਸੀ। ਬਾਬਾ ਜੀ ਦੇ ਬੁੱਲ੍ਹਾਂ 'ਤੇ ਸੱਚ ਵਰਗੀ ਮੁਸਕਰਾਹਟ ਹਮੇਸ਼ਾ ਹੀ ਰਹਿੰਦੀ ਸੀ। ਇਸ ਮੁਸਕਰਾਹਟ ਕਰਕੇ ਉਹ ਮੈਨੂੰ ਬੜੇ ਹੀ ਚੰਗੇ ਲੱਗਦੇ ਸਨ।

ਮੇਰੀ 'ਸਾਸਰੀ ਕਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਚਿੰਤਾ ਜਿਹੀ ਨਾਲ ਪੁੱਛਿਆ, "ਮਾਤਾ ਜੀ ਦਾ ਕੀ ਹਾਲ ਹੈ?" ਮੇਰੀ ਦਾਦੀ ਜਿਨ੍ਹਾਂ ਨੂੰ ਮੈਂ ਅੰਮਾ ਕਹਿੰਦਾ ਹਾਂ, ਉਹ ਮਾਤਾ ਜੀ ਕਿਹਾ ਕਰਦੇ ਹਨ ਤੇ ਮਾਤਾ ਜੀ ਨਾਲ ਉਨ੍ਹਾਂ ਦਾ ਵੀ ਅੰਤਾਂ ਦਾ ਮੋਹ ਹੈ।

"ਬਿਲਕੁਲ ਠੀਕ-ਠਾਕ। ਰਾਤੀਂ ਹੱਸਦਿਆਂ-ਖੇਡਦਿਆਂ ਸੁੱਤੇ ਨੇ।" ਮੇਰੀ ਗੱਲ ਸੁਣ ਕੇ ਉਨ੍ਹਾਂ ਦੇ ਬੁੱਲ੍ਹ ਫ਼ਰਕੇ ਪਰ ਇਹ ਫ਼ਰਕਾਹਟ ਵੀ ਮੁਸਕਰਾਹਟ ਸੱਖਣੀ ਸੀ।

"ਕੀ ਗੱਲ ਬਾਬਾ ਜੀ।" ਮੈਂ ਉਨ੍ਹਾਂ ਦੀ ਚਿੰਤਾ ਨੂੰ ਭਾਂਪਦਿਆਂ ਬੋਲਿਆ।

"ਗੱਲ ਤਾਂ ਕੋਈ ਖਾਸ ਨਹੀਂ, ਮੈਨੂੰ ਬੜਾ ਅਜੀਬ ਜਿਹਾ ਸੁਪਨਾ ਆਇਆ।...ਉਸ ਤੋਂ ਬਾਅਦ ਨੀਂਦ ਹੀ ਨਹੀਂ ਪਈ। ਮੈਂ ਉਦੋਂ ਦਾ ਮਾਤਾ ਜੀ ਬਾਰੇ ਹੀ ਸੋਚੀ ਜਾਨਾਂ...ਹੁਣ ਗੁਰਦੁਆਰੇ ਚੱਲਿਆ ਸਾਂ, ਸੋਚਿਆ ਮਾਤਾ ਜੀ ਦਾ ਪਤਾ ਹੀ ਲੈਂਦਾ ਚੱਲਾਂ।"

ਸੁਣ ਕੇ ਮੈਨੂੰ ਵੀ ਚਿੰਤਾ ਹੋਈ। ਇਸ ਵੇਲੇ ਤੱਕ ਤਾਂ ਅੰਮਾ ਨਹਾ ਧੋ ਕੇ ਗੁਰਦੁਆਰੇ ਜਾਣ ਵਾਲੀ ਹੁੰਦੀ ਸੀ। ਕਿਤੇ ਰਾਤੋ-ਰਾਤ ਢਿੱਲੀ-ਮੱਠੀ ਹੀ ਨਾ ਹੋ ਗਈ ਹੋਵੇ ਪਰ ਮੈਨੂੰ ਇਹ ਵੀ ਪਤਾ ਸੀ ਕਿ ਜੇ ਕਦੇ ਉਹ ਢਿੱਲੀ-ਮੱਠੀ ਵੀ ਹੁੰਦੀ ਤਾਂ ਸਭ ਤੋਂ ਪਹਿਲਾਂ ਆਵਾਜ਼ ਮੈਨੂੰ ਹੀ ਮਾਰਦੀ ਸੀ, "ਸੁਖਚੈਨ, ਆਹ ਵੇਖੀ ਖਾਂ ਪੁੱਤਰ, ਮੇਰੀ ਨਬਜ਼ ਚਲਦੀ ਵੀ ਆ ਕਿ ਨਹੀ?"

ਅੰਮਾ ਦੀ ਗੱਲ ਸੁਣ ਕੇ ਮੈਂ ਹੱਸ ਪੈਂਦਾ ਤੇ ਕਹਿੰਦਾ, "ਅੰਮਾ ਇਸ ਨਬਜ਼ ਨਾਲ ਈ ਜਿੰਦ ਆ ਤੇ ਜਿੰਦ ਨਾਲ ਜਹਾਨ...ਜਦੋਂ ਨਬਜ਼ ਬੰਦ ਹੋ ਗਈ, ਨਾ ਜਿੰਦ ਨਾ ਜਹਾਨ।"

"ਅੱਛਾ!" ਉਹ ਹੈਰਾਨੀ ਜ਼ਾਹਿਰ ਕਰਦੀ, "ਸਰੀਰ ਕੁਝ ਵੱਲ ਜਿਹਾ ਨਹੀਂ ਲੱਗਦਾ ਜਾਂ ਫਿਰ ਨਖਸਮੀ ਹੌਲੀ ਚੱਲਦੀ ਹੋਊ!" ਫਿਰ ਉਹ ਆਪ ਪੁੱਛਦੀ, "ਸੁਖਚੈਨ, ਜੇ ਨਬਜ਼ ਹੌਲੀ ਚੱਲੇ ਤਾਂ ਕੋਈ ਡਰ ਤਾਂ ਨਹੀਂ ਹੁੰਦਾ?"

ਮੈਂ ਹੱਸ ਕੇ ਕਹਿੰਦਾ, "ਅੰਮਾ ਮੌਤ ਤੋਂ ਏਨਾ ਡਰੀਦਾ ਨਹੀਂ।" ਉਹ ਤਗੜੀ ਹੋ ਕੇ ਕਹਿੰਦੀ, "ਇਦੇ 'ਚ ਭਲਾ ਡਰਨ ਵਾਲੀ ਕਿਹੜੀ ਗੱਲ ਆ।" ਪਰ ਅਗਲੇ ਹੀ ਪਲ ਬੜੀ ਗੰਭੀਰਤਾ ਨਾਲ ਕਹਿੰਦੀ, "ਪਰ ਸੁਖਚੈਨ ਪੁੱਤ, ਇਹ ਜੱਗ ਹੈ ਬੜਾ ਮਿੱਠਾ, ਮਰਨ ਨੂੰ ਕਿਸੇ ਦਾ ਜੀਅ ਥੋੜ੍ਹਾ ਕਰਦੈ?"

ਮੇਰਾ ਇਹ ਸੁਖਚੈਨ ਸਿੰਘ ਨਾਂ ਸਾਡੇ ਕਾਮੇ ਨੇ ਰੱਖਿਆ ਸੀ। ਅਸਲ 'ਚ ਨਾਂ ਰੱਖਣ ਵਾਲਾ ਕਾਮਾ ਲਗਾਤਾਰ ਇੱਕੀ-ਬਾਈ ਸਾਲ ਕੰਮ-ਕਾਰ ਤੇ ਦੁੱਖ-ਸੁੱਖ 'ਚ ਮੇਰੇ ਬਾਬੇ ਦੇ ਨਾਲ ਰਿਹਾ ਸੀ ਤੇ ਉਹਦੇ ਮਰਨ ਤੋਂ ਬਾਅਦ ਜਦ ਮੈਂ ਪੈਦਾ ਹੋਇਆ ਤਾਂ ਇਹੀ ਕਾਮਾ ਸਾਡੇ ਨਾਲ ਸੀ। ਘਰਦੇ ਦੱਸਦੇ ਨੇ ਕਿ ਤੇਰਵੇਂ ਤੋਂ ਬਾਅਦ ਗੁਰਦੁਆਰੇ ਮੱਥਾ ਟਿਕਾ ਕੇ ਜਦ ਮੈਨੂੰ ਘਰ ਲਿਆਏ ਤਾਂ ਸਾਡੇ ਕਾਮੇ ਜਗੀਰੂ ਨੇ ਖੁਸ਼ ਹੋ ਕੇ ਬੜੇ ਮਾਣ ਨਾਲ ਅੰਮਾ ਨੂੰ ਕਿਹਾ, "ਸਰਦਾਰਨੀਏ, ਮੈਂ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਨੰਬਰਦਾਰਾਂ ਦੇ ਘਰ ਜੇ ਮੁੰਡਾ ਹੋਇਆ ਤਾਂ ਉਹਦਾ ਨਾਂ ਸੁਖਚੈਨ ਸਿਹੁੰ ਰੱਖਣਾ।"

ਮਾਂ-ਪਿਉ ਨੇ ਜਗੀਰੂ ਦੇ ਸੁਝਾਏ ਨਾਂ ਨੂੰ ਜਿਵੇਂ ਪਸੰਦ ਨਾ ਕੀਤਾ, "ਨਹੀਂ ਜਗੀਰੂ, ਇਹ ਪੁਰਾਣਾ ਜਿਹਾ ਨਾਂ ਏ। ਅਸਾਂ ਇਸ ਦਾ ਨਾਂ ਨਵਚੇਤਨ ਸੋਚਿਆ।"

ਅੰਮਾ ਦੱਸਿਆ ਕਰਦੀ ਸੀ ਕਿ ਉਦੋਂ ਜਗੀਰੂ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ, "ਜੇ ਅੱਜ ਨੰਬਰਦਾਰ ਜੀਂਦਾ ਹੁੰਦਾ, ਕੀਹਦੀ ਹਿੰਮਤ ਸੀ ਕਿ ਮੇਰੀ ਗੱਲ 'ਦੂਲ ਜਾਂਦਾ?"

ਬਾਬੇ ਦਾ ਜ਼ਿਕਰ ਸੁਣ ਕੇ ਅੰਮਾ ਦੀਆਂ ਅੱਖਾਂ ਵੀ ਭਰ ਆਈਆਂ। ਉਹਨੇ ਜਗੀਰੂ ਨੂੰ ਦਿਲਾਸਾ ਦਿੰਦਿਆਂ ਕਿਹਾ, "ਵੇਖ ਜਗੀਰੂ ਇਹੋ ਜਿਹੇ ਖੁਸ਼ੀ ਦੇ ਮੌਕੇ ਰੰਜ ਨਹੀਂ ਕਰੀਦਾ। ਉਹ ਜਾਣੇ, ਮਾਂ-ਪਿਉ ਜਿਹੜਾ ਮਰਜ਼ੀ ਨਾਂ ਰੱਖਣ ਪਰ ਮੈਂ ਇਹਨੂੰ ਹਮੇਸ਼ਾ ਸੁਖਚੈਨ ਹੀ ਕਿਹਾ ਕਰੂੰਗੀ। ਤੇ ਇੰਜ ਇਕੋ ਘਰ ਵਿਚ ਮੇਰੇ ਦੋਵੇਂ ਨਾਂ ਬਰਕਰਾਰ ਚੱਲਦੇ ਆ ਰਹੇ ਹਨ।

ਕਦੇ ਨਵੇਂ ਯਾਰਾਂ-ਦੋਸਤਾਂ ਦੇ ਆਉਣ 'ਤੇ ਅੰਮਾ ਵੱਲੋਂ ਇਹ ਨਾਂ ਲੈ ਕੇ ਮਾਰੀ ਆਵਾਜ਼ ਦਾ ਜਦ ਮੈਂ ਹੁੰਗਾਰਾ ਭਰਦਾ ਤਾਂ ਉਹ ਬੜੇ ਹੈਰਾਨ ਹੁੰਦੇ, ਉਂਜ ਵੀ ਅੰਮਾ ਦੀਆਂ ਬਹੁਤੀਆਂ ਗੱਲਾਂ ਅਤੇ ਗੁਣ ਹੈਰਾਨੀ ਪੈਦਾ ਕਰਨ ਵਾਲੇ ਸਨ। ਉਹ ਹੈਰਾਨ ਹੁੰਦੇ ਕਿ ਇਹੋ ਜਿਹੇ ਮਿੱਠੇ ਬੋਲ ਇਕ ਸਾਧਾਰਨ ਔਰਤ ਨੇ ਕਿੱਥੋਂ ਸਿੱਖ ਲਏ ਹੋਣਗੇ। ਕੋਈ ਯਾਰ-ਦੋਸਤ ਆਉਂਦਾ ਤਾਂ ਅੰਮਾ ਉਨ੍ਹਾਂ ਨੂੰ ਗਲ ਨਾਲ ਲਾ ਕੇ ਮੱਥਾ ਚੁੰਮਦੀ, ਹੱਥ ਚੁੰਮਦੀ ਤੇ ਕਹਿੰਦੀ, "ਮੈਂ ਉਨ੍ਹਾਂ ਰਾਹਾਂ ਦੇ ਸਦਕੜੇ ਵੀ, ਜਿੱਥੋਂ ਤੂੰ ਚੱਲ ਕੇ ਆਇਆਂ। ਉਨ੍ਹਾਂ ਘੜੀਆਂ-ਪਲਾਂ ਦੇ ਸਦਕੜੇ, ਜਦੋਂ ਤੂੰ ਚੱਲ ਕੇ ਆਇਆ। ਸਾਡੇ ਘਰ ਸੁਖਚੈਨ ਨੇ ਜੰਮਣਾ ਸੀ ਤੇ ਤੂੰ ਆਉਣਾ ਸੀ। ਉਹ ਵੀ ਕਰਮਾਂ ਵਾਲਾ ਤੇ ਤੁਹਾਡੇ ਕਰਕੇ ਅਸੀਂ ਵੀ ਕਰਮਾਂ ਵਾਲੇ।"

ਜਦੋਂ ਵੀ ਕੋਈ ਦੋਸਤ ਘਰ ਆਉਂਦਾ, ਅੰਮਾ ਰੋਟੀ ਸਾਡੇ ਨਾਲ ਹੀ ਖਾਂਦੀ। ਪਹਿਲੀ ਬੁਰਕੀ ਨੂੰ ਮੂੰਹ 'ਚ ਪਾਉਣ ਤੋਂ ਪਹਿਲਾਂ ਉਹ ਅੱਖਾਂ ਮੀਟ ਕੇ ਅਰਦਾਸ ਕਰਦੀ, "ਹੇ ਵਾਹਿਗੁਰ ਤੂੰ ਇਹ ਨਿਆਮਤਾਂ ਬਖ਼ਸ਼ੀਆਂ, ਤੇਰੇ ਸ਼ੁਕਰਗੁਜ਼ਾਰ ਹਾਂ। ਹਰੇਕ ਨੂੰ ਦਈਂ ਤੇ ਕਿਸੇ ਦੇ ਪੈਰਾਂ ਪਿੱਛੇ ਸਾਨੂੰ ਵੀ ਦਈਂ।" ਤੇ ਅਖੀਰ 'ਤੇ ਅੰਮਾ ਹਦਾਇਤ ਵਾਂਗ ਕਹਿੰਦੀ, "ਪੁੱਤਰੋ! ਆਖਰੀ ਬੁਰਕੀ ਬਗੈਰ ਲਾਜ਼ਮੇ ਦੇ ਖਾਇਆ ਕਰੋ ਤਾਂ ਕਿ ਅੰਨ ਦਾ ਅਸਲੀ ਸਵਾਦ ਵੀ ਯਾਦ ਰਹੇ।"

ਅੰਮ੍ਰਿਤ ਵੇਲੇ ਗੁਰਦੁਆਰੇ ਪਹੁੰਚਣ ਵਾਲੀ ਅੰਮਾ ਆਮ ਤੌਰ 'ਤੇ ਪਹਿਲੀ ਔਰਤ ਹੁੰਦੀ। ਗੁਰਦੁਆਰਿਉਂ ਲਿਆਂਦੇ ਅੰਮ੍ਰਿਤ ਨਾਲ ਉਹ ਸਾਰੇ ਘਰ 'ਚ ਛਿੱਟਾ ਦਿੰਦੀ। ਡੰਗਰਾਂ ਵਾਲੇ ਅੰਦਰ ਤੇ

## ਮਾਂ ਦਿਵਸ 'ਤੇ ਵਿਸ਼ੇਸ਼

ਹਲ-ਪੰਜਾਲੀਆਂ 'ਤੇ ਵੀ ਉਹ ਅੰਮ੍ਰਿਤ ਤ੍ਰਕਾਉਂਦੀ। ਆਖਰੀ ਬਚੀਆਂ ਕੁਝ ਬੂੰਦਾਂ ਨਾਲ ਉਹ ਆਪਣੇ ਹੱਥ ਭਿਉਂ ਲੈਂਦੀ ਤੇ ਗੋਲ੍ਹਾਂ ਦੇ ਬੁੱਲ੍ਹਾਂ ਨੂੰ ਲਾਉਂਦੀ। ਗੋਲ੍ਹਾਂ ਉਸ ਹੱਥ ਨੂੰ ਆਪਣੀ ਜ਼ਬਾਨ ਨਾਲ ਚੱਟਣ ਲੱਗ ਪੈਂਦੀ। ਅੰਮਾ ਵੀ ਖਲੋਤੀ ਕਦੀ ਗੋਲ੍ਹਾਂ ਨੂੰ ਤੇ ਕਦੇ ਉਹਦੀਆਂ ਅੱਖਾਂ ਨੂੰ ਪਲੋਸਦੀ ਰਹਿੰਦੀ।

ਗੋਲ੍ਹਾਂ ਸਾਡੀ ਗਾਂ ਦਾ ਨਾਂ ਹੈ। ਇਹ ਸਾਡੇ ਘਰ ਪੀੜ੍ਹੀ ਦਰ ਪੀੜ੍ਹੀ ਸੱਤਵੀਂ ਗੋਲ੍ਹਾਂ ਹੈ। ਮੁੱਲ ਖਰੀਦ ਕੇ ਲਿਆਂਦੀ ਪਹਿਲੀ ਗਾਂ ਦਾ ਨਾਂ ਅੰਮਾ ਨੇ ਇਸ ਲਈ ਗੋਲ੍ਹਾਂ ਰੱਖ ਦਿੱਤਾ ਕਿ ਉਸ ਨਾਲ ਸਾਡੇ ਵਿਹੜੇ ਵਿਚ ਉਗੇ ਤੂਤ ਨੂੰ ਲੋਹੜੇ ਦੀਆਂ ਗੋਲ੍ਹਾਂ ਲੱਗੀਆਂ ਸਨ ਤੇ ਗਾਂ ਦਾ ਲਾਖਾ ਜਿਹਾ ਰੰਗ ਗੋਲ੍ਹਾਂ ਦੇ ਰੰਗ ਨਾਲ ਮਿਲਦਾ-ਜੁਲਦਾ ਸੀ ਤੇ ਉਂਜ ਵੀ ਅੰਮਾ ਨੇ ਅਨਭੋਲ ਹੀ ਭਵਿੱਖਵਾਣੀ ਜਿਹੀ ਕੀਤੀ ਸੀ ਕਿ ਤੁਸੀਂ ਵੇਖਿਓ, ਇਸ ਗੋਲ੍ਹਾਂ ਨੂੰ ਅੱਗਿਓਂ ਵੀ ਕਈ ਗੋਲ੍ਹਾਂ ਲੱਗਣੀਆਂ, ਤੇ ਸੱਚਮੁੱਚ ਹੀ ਇੰਜ ਗੋਲ੍ਹਾਂ ਦਾ ਸਿਲਸਿਲਾ ਤੁਰਦਾ-ਤੁਰਦਾ ਇਸ ਗੋਲ੍ਹਾਂ ਤੱਕ ਪਹੁੰਚ ਗਿਆ ਸੀ।

ਜਿਵੇਂ ਅੰਮਾ ਆਪਣੇ ਧੀਆਂ-ਪੁੱਤਰਾਂ ਤੇ ਪੋਤੇ-ਪੋਤੀਆਂ ਨੂੰ ਪਿਆਰ ਕਰਦੀ ਸੀ, ਉਂਜ ਹੀ ਗੋਲ੍ਹਾਂ ਨੂੰ ਵੀ ਕਰਦੀ। ਅੰਮਾ ਉਹਦੇ ਪਿੰਡੇ 'ਤੇ ਹੱਥ ਫੇਰਦੀ, ਉਹਨੂੰ ਅੰਮ੍ਰਿਤ ਵਾਲਾ ਹੱਥ ਚਟਾਉਂਦੀ, ਉਹਦੇ ਸਿਰ ਨੂੰ ਪਲੋਸਦੀ ਤੇ ਰੋਜ਼ ਆਟੇ ਦਾ ਪੇੜਾ ਆਪਣੇ ਹੱਥੀਂ ਚਾਰਦੀ। ਜੇ ਕਦੇ ਅੰਮਾ ਬਾਹਰ ਜਾਂਦੀ ਤਾਂ ਗੋਲ੍ਹਾਂ ਮੂੰਹ ਚੁੱਕੀ ਜਿਵੇਂ ਉਹਨੂੰ ਉਡੀਕਦੀ ਰਹਿੰਦੀ। ਹਾੜ੍ਹ ਹੋਵੇ ਜਾਂ ਸਿਆਲ, ਉਹਨੂੰ ਪਾਏ ਪੱਠਿਆਂ 'ਤੇ ਅੰਮਾ ਜਿੰਨਾ ਚਿਰ ਆਟਾ ਨਾ ਧੂੜ ਦਿੰਦੀ, ਉਹ ਪੱਠੇ ਨਾ ਖਾਂਦੀ।

ਗੋਲ੍ਹਾਂ ਹੱਥਲ ਸੀ ਤੇ ਉਹਦੀਆਂ ਧਾਰਾਂ ਸਿਰਫ਼ ਅੰਮਾ ਹੀ ਕੱਢ ਸਕਦੀ ਸੀ ਪਰ ਜਦ ਵੀ ਅੰਮਾ ਢਿੱਲੀ-ਮੱਠੀ ਹੁੰਦੀ, ਮੰਜੇ ਤੋਂ ਵੀ ਨਾ ਉਠਿਆ ਜਾਂਦਾ ਤਾਂ ਅਸੀਂ ਗੋਲ੍ਹਾਂ ਨੂੰ ਕਿੱਲਿਓਂ ਖੋਲ੍ਹ ਦਿੰਦੇ। ਉਹ ਪੈਂਦ ਵਾਲੇ ਪਾਸੇ ਆ ਖਲੋਂਦੀ ਤੇ ਅੰਮਾ ਦਾ ਪੈਰ ਚੱਟਣ ਲੱਗਦੀ। ਅੰਮਾ ਹੂੰਗਦੀ ਆਵਾਜ਼ 'ਚ ਕਹਿੰਦੀ, "ਆ ਮੇਰੀ ਧੀ। ਮੇਰੇ ਕੋਲ ਆ।" ਗੋਲ੍ਹਾਂ ਅੰਮਾ ਦੇ ਸਿਰਹਾਣੇ ਆ ਖਲੋਂਦੀ। ਅੰਮਾ ਉਹਦੇ ਮੱਥੇ ਨੂੰ ਆਪਣੇ ਹੱਥਾਂ ਨਾਲ ਪਲੋਸ ਕੇ ਕਹਿੰਦੀ, "ਧੀਏ ਮੈਂ ਅੱਜ ਵੱਲ ਜਿਹੀ ਨਹੀਂ, ਪਰ ਟੱਬਰ ਨੂੰ ਦੁੱਧ ਮਿਲਣਾ ਚਾਹੀਦਾ, ਸਮਝੀ?" ਤੇ ਸੱਚੀ-ਮੁੱਚੀ ਗੋਲ੍ਹਾਂ ਅੰਮਾ ਦੀ ਗੱਲ ਪੂਰੀ ਦੀ ਪੂਰੀ ਸਮਝ ਜਾਂਦੀ ਤੇ ਫੇਰ ਜਿਹੜਾ ਮਰਜ਼ੀ ਉਹਦੀਆਂ ਧਾਰਾਂ ਕੱਢ ਲੈਂਦਾ। ਤੇ ਇੰਜ ਹੀ ਅੰਮਾ ਨੇ ਜਦੋਂ ਕਦੇ ਕੁਝ ਦਿਨਾਂ ਲਈ ਕਿਧਰੇ ਜਾਣਾ ਹੁੰਦਾ ਤਾਂ ਉਹ ਜਾਣ ਤੋਂ ਪਹਿਲਾਂ ਗੋਲ੍ਹਾਂ ਨੂੰ ਬੜਾ ਪਿਆਰ ਕਰਦੀ ਤੇ ਫੇਰ ਤੁਰਨ ਵੇਲੇ ਕਹਿੰਦੀ, "ਗੋਲ੍ਹਾਂ ਮੈਂ ਚੱਲੀ ਆਂ। ਮੇਰੀ ਧੀ ਰਾਣੀ ਨੇ ਓਦਰਨਾ ਨਹੀਂ, ਪੱਠੇ ਵੀ ਖਾਣੇ ਆ ਤੇ ਟੱਬਰ ਲਈ ਦੁੱਧ ਵੀ ਦੇਣਾ ਏ, ਚੰਗਾ।" ਤੇ ਗੋਲ੍ਹਾਂ ਬੀਬੇ ਬੱਚਿਆਂ ਵਾਂਗ ਮਾਂ ਦੇ ਕਹੇ ਦਾ ਪਾਲਣ ਕਰਦੀ।

ਅੰਮਾ ਦਾ ਪੇਕਾ ਨਾਂ ਤਾਂ ਕੇਸਰ ਕੌਰ ਸੀ ਪਰ ਇਸ ਘਰ ਆ ਕੇ ਉਹ ਦਾ ਨਾਂ ਮਾਲਾ ਬਣ ਗਿਆ। ਅਸਲ 'ਚ ਬਾਬੇ ਦੀਆਂ ਚਾਰ ਵਿਆਹੁੜਾਂ ਹੇਠ ਉਪਰ ਹੀ ਮਰ ਗਈਆਂ ਸਨ ਅਤੇ ਮਾਲਾ ਪੰਜਵੀਂ ਸੀ। ਪਹਿਲੀਆਂ ਚੌਂਹਾਂ 'ਚੋਂ ਕੋਈ ਔਲਾਦ ਨਹੀਂ ਸੀ।

ਅੰਮਾ ਦੇ ਸਹੁਰੇ ਘਰ ਪ੍ਰਵੇਸ਼ ਵੀ ਬੜਾ ਅਜੀਬ ਤਰ੍ਹਾਂ ਦਾ ਸੀ। ਘਰ ਦੇ ਬਾਹਰਲੇ ਬੂਹੇ ਨੂੰ ਅੰਦਰੋਂ ਕੁੰਡਾ ਮਾਰ ਦਿੱਤਾ ਗਿਆ ਸੀ। ਬਾਹਰਲੀ ਕੰਧ ਨੂੰ ਪੌੜੀ ਲਾ ਕੇ ਨਵੀਂ ਵਹੁਟੀ ਦੇ ਹੱਥ ਵਿਚ ਫੁੱਲਾਂ ਵਾਲੀ ਟੋਕਰੀ ਫੜਾ ਦਿੱਤੀ ਗਈ। ਅੰਮਾ ਨੇ ਇਹ ਪੌੜੀ ਚੜ੍ਹ ਕੇ ਅੰਦਰ ਲੱਗੀ ਪੌੜੀ ਰਾਹੀਂ ਵਿਹੜੇ ਵਿਚ ਉਤਰ ਕੇ ਬੰਦ ਬੂਹੇ ਨੂੰ ਖੋਲ੍ਹਣਾ ਸੀ। ਉਸ ਇੰਜ ਹੀ ਕੀਤਾ ਤੇ ਮੇਲਣਾਂ ਨੇ ਉਚੀ ਹੇਕ ਨਾਲ ਗਾਇਆ,

"ਮਾਲਣ ਫੁੱਲ ਲੈ ਕੇ ਆਈ ਏਸ ਵਿਹੜੇ
ਏਸ ਵਿਹੜੇ 'ਚ ਭਰ ਜਾਣੇ ਖੇੜੇ
ਤੇ ਬੰਦ ਬੂਹਾ ਖੁੱਲ੍ਹ ਨੀ ਗਿਆ।"

ਤੇ ਸੱਚਮੁੱਚ ਹੀ ਅੰਮਾ ਦੇ ਖੋਲ੍ਹੇ ਬੂਹੇ ਵਿਹੜੇ ਵਿਚ ਇਕ-ਇਕ ਕਰਕੇ ਇਕ ਨਹੀਂ, ਕਈ ਫੁੱਲ ਉਗ ਖਲੋਤੇ ਸਨ।

ਅੰਮਾ ਨਾਲ ਜੁੜੀਆਂ ਯਾਦਾਂ ਮੱਥੇ ਦੀ ਫਿਰਕੀ ਵਿਚ ਘੁੰਮ ਰਹੀਆਂ ਹਨ। ਮੈਨੂੰ ਯਾਦ ਹੈ, ਜਦੋਂ ਮੈਂ ਨਵਾਂ-ਨਵਾਂ ਏਅਰ ਫੋਰਸ ਦੀ ਨੌਕਰੀ 'ਚ ਗਿਆ ਤਾਂ ਪਤਾ ਨਹੀਂ ਕੀਹਨੇ ਅੰਮਾ ਨੂੰ ਦੱਸ ਦਿੱਤਾ ਕਿ ਸ਼ਾਇਦ ਸੁਖਚੈਨ ਨੂੰ ਸੌਣ ਲਈ ਮੰਜਾ ਵੀ ਨਾ ਮਿਲਿਆ ਹੋਵੇ। ਅੰਮਾ ਉਦਾਸ ਜਿਹੀ ਹੋ ਗਈ ਤੇ ਉਹਨੇ ਭੁੰਜੇ ਸੌਣਾ ਸ਼ੁਰੂ ਕਰ ਦਿੱਤਾ। ਆਖਿਆ ਕਰੇ, "ਜੇ ਮੇਰਾ ਪੁੱਤ ਭੁੰਜੇ ਸੌਂ ਸਕਦਾ ਤਾਂ ਮੈਂ ਕਿਉਂ ਨਹੀਂ?"

ਤੇ ਜਦੋਂ ਮੈਂ ਪਹਿਲੀ ਛੁੱਟੀ ਆਇਆ ਤਾਂ ਕੁਦਰਤੀ ਉਹ ਮੱਸਿਆ ਦਾ ਦਿਨ ਸੀ। ਅੰਮਾ ਤਰਨ ਤਾਰਨ ਮੱਸਿਆ ਨਹਾਉਣ ਗਈ ਸੀ। ਪਿੰਡ ਤੋਂ ਦੋ ਕੋਹ ਪਹਿਲਾਂ ਹੀ ਉਹਨੂੰ ਮੇਰੇ ਆਉਣ ਬਾਰੇ ਕਿਸੇ ਨੇ ਦੱਸ ਦਿੱਤਾ। ਉਹ ਉਥੋਂ ਕਦੇ ਭੱਜਦੀ, ਕਦੇ ਕਾਹਲੀ ਤੁਰਦੀ ਤੇ ਫੇਰ ਸਾਹ ਲੈ ਕੇ ਭੱਜਦੀ ਘਰ ਪਹੁੰਚੀ। ਮੈਨੂੰ ਆਪਣੇ ਗਲ਼ ਨਾਲ ਲਾਈ ਹਫ਼ੀ ਅੰਮਾ ਤੋਂ ਕੋਈ ਗੱਲ ਨਹੀਂ ਸੀ ਹੋ ਰਹੀ ਤੇ ਉਹ ਬੱਸ ਵਾਰ-ਵਾਰ ਮੇਰਾ ਮੱਥਾ ਚੁੰਮ ਰਹੀ ਸੀ।

ਰੋਜ਼ ਦੋਵੇਂ ਵੇਲੇ ਗੁਰਦੁਆਰੇ ਜਾਣ ਵਾਲੀ ਅੰਮਾ ਉਸ ਦਿਨ ਸਾਰਾ ਦਿਨ ਮੇਰੇ ਕੋਲ ਬੈਠੀ ਗੱਲਾਂ ਸੁਣਦੀ ਤੇ ਦੱਸਦੀ ਰਹੀ। ਰਹਿਰਾਸ ਵੇਲੇ ਭਾਈ ਨੇ ਸੰਖ ਪੂਰਿਆ ਪਰ ਅੰਮਾ ਨੇ ਗੁਰਦੁਆਰੇ ਜਾਣ ਦੀ ਬਜਾਇ ਉਥੇ ਬੈਠਿਆਂ-ਬੈਠਿਆਂ ਹੀ ਆਪਣੇ ਹੱਥ ਦੁਆ ਮੰਗਣ ਵਾਂਗ ਫੈਲਾ ਦਿੱਤੇ, "ਹੇ ਸੱਚਿਆ ਪਾ'ਸ਼ਾ, ਸਰਬੱਤ ਦਾ ਭਲਾ ਕਰੀਂ, ਦੇਸੀਂ-ਪ੍ਰਦੇਸੀਂ ਸੁੱਖ ਰੱਖੀਂ।" ਮੈਨੂੰ ਯਾਦ ਸੀ ਕਿ ਅੰਮਾ ਸਰਬੱਤ ਦਾ ਭਲਾ ਤਾਂ ਹਮੇਸ਼ਾ ਮੰਗਦੀ ਹੀ ਆਈ ਸੀ ਪਰ ਦੇਸਾਂ-ਪ੍ਰਦੇਸਾਂ ਦੀ ਸੁੱਖ ਦੀ ਸੋਚ ਸ਼ਾਇਦ ਮੇਰੇ ਪ੍ਰਦੇਸੀ ਬਣ ਜਾਣ ਤੋਂ ਬਾਅਦ ਉਹਦੇ ਵਿਚ ਅਛੋਪਲੇ ਹੀ ਜਮ੍ਹਾਂ ਹੋ ਗਈ ਸੀ।

ਅੰਮਾ ਦੀ ਇਕ ਹੋਰ ਗੱਲ ਵੀ ਬੜੀ ਯਾਦ ਆਉਂਦੀ ਹੈ। ਉਹ ਗਰਮੀ ਬੜੀ ਮੰਨਦੀ ਸੀ। ਹਰ ਵੇਲੇ ਹੱਥ 'ਚ ਪੱਖੀ ਫੜੀ ਉਹ ਝੱਲ ਮਾਰਦੀ ਰਹਿੰਦੀ ਪਰ ਬਿਜਲੀ ਦੇ ਪੱਖੇ ਥੱਲੇ ਕਦੇ ਨਾ ਬਹਿੰਦੀ। ਬਿਜਲੀ ਦੇ ਪੱਖੇ ਦੀ ਹਵਾ ਨੂੰ ਉਹ ਜੂਠੀ ਹਵਾ ਕਹਿੰਦੀ ਸੀ। ਉਹ ਕਿਹਾ ਕਰਦੀ, "ਖੁੱਲ੍ਹੀ ਤੇ ਸੁੱਚੀ ਹਵਾ ਵਿਚ ਬਹਿਣ-ਸੌਣ ਦਾ ਆਪਣਾ ਹੀ ਆਨੰਦ ਹੈ।"


ਫੋਟੋ-ਯਾਦਵਿੰਦਰ ਯਾਦ

ਸਾਡੇ ਘਰ 'ਚ ਮਸ਼ਹੂਰ ਸੀ ਕਿ ਜਦੋਂ ਅੰਮਾ ਨੂੰ ਬਹੁਤ ਗਰਮੀ ਲੱਗੇਗੀ, ਮੀਂਹ ਪਏਗਾ। ਜਦੋਂ ਔੜ ਸਿਖ਼ਰ 'ਤੇ ਹੁੰਦੀ, ਗਰਮੀ ਨਾਲ ਲੋਕ ਤੇ ਫਸਲਾਂ ਝੁਲਸ ਰਹੀਆਂ ਹੁੰਦੀਆਂ ਤਾਂ ਅੰਮਾ ਨੇ ਪੱਖੀ ਦੇ ਝੱਲ ਨਾਲ ਗਾਉਂਦੀ ਰਹਿਣਾ,

"ਵਰ੍ਹ, ਵਰ੍ਹ, ਵਰ੍ਹ,
ਪਹਾੜਾ ਦਿਆਂ ਮੀਂਹਾਂ ਵੇ ਤੂੰ ਸਾਡੇ ਪਿੰਡ ਵਰ੍ਹ।"

ਮੈਂ ਕਈ ਵਾਰ ਕਹਿਣਾ, "ਅੰਮਾ, ਪਹਾੜ ਤਾਂ ਬਹੁਤ ਦੂਰ ਨੇ, ਕਿਤੇ ਲਾਗੇ-ਬੰਨ੍ਹੇ ਦਾ ਮੀਂਹ ਮੰਗ ਲੈਣਾ ਸੀ।"

ਉਹਨੇ ਹੱਸਦੀ ਨੇ ਕਹਿਣਾ, "ਲਾਗਲੇ ਪਿੰਡ ਵੀ ਤਾਂ ਆਪਣੇ ਵਰਗੇ ਨੇ ਸੁਖਚੈਨ, ਉਨ੍ਹਾਂ ਨੂੰ ਵੀ ਤਾਂ ਮੀਂਹ ਦੀ ਲੋੜ ਸਾਡੇ ਜਿੰਨੀ ਏ।" ਤੇ ਮੈਂ ਵੇਖਿਆ ਸੀ ਕਿ ਇਹੋ ਜਿਹੇ ਔੜ ਦੇ ਦਿਨਾਂ ਵਿਚ ਅੰਮਾ ਨੇ ਗੁੱਡਾ-ਗੁੱਡੀ ਬਣਾਉਣਾ, ਉਨ੍ਹਾਂ ਨੂੰ ਵਿਹੜੇ ਵਿਚ ਹੀ ਸਾੜ ਦੇਣਾ ਤੇ ਫੇਰ ਕੀਰਨੇ ਵਰਗੀ ਹੇਕ ਵਿਚ ਗਾਉਣਾ,

"ਵਰ੍ਹ ਵੇ ਬੱਦਲਾ ਕਾਲਿਆ,
ਅਸੀਂ ਗੁੱਡਾ-ਗੁੱਡੀ ਸਾੜਿਆ
ਵਰ੍ਹ ਵੇ ਬੱਦਲਾ ਕਾਲਿਆ।"

ਫੇਰ ਅੰਮਾ ਨੇ ਅਰਦਾਸ ਕਰਨੀ, "ਹੇ ਰੱਬਾ! ਵਰ੍ਹ ਤੇ ਇਸ ਗੁੱਡੇ-ਗੁੱਡੀ ਦੀ ਚਿਤਾ ਨੂੰ ਠੰਢੀ ਕਰ।" ਤੇ ਪਤਾ ਨਹੀਂ ਇਸ ਅਰਦਾਸ ਵਿਚ ਕਰਾਮਾਤ ਸੀ ਜਾਂ ਫੇਰ ਸਾਨੂੰ ਹੀ ਇੰਜ ਲੱਗਦਾ ਸੀ ਕਿ ਅਕਸਰ ਮੀਂਹ ਪੈ ਜਾਂਦਾ।

ਮੈਂ ਇਸ ਦੇ ਉਲਟ ਵੇਖਿਆ ਸੀ ਕਿ ਜਦ ਕਦੇ ਲੰਮੀ ਝੜੀ ਆ ਜਾਂਦੀ। ਮਾਲ-ਡੰਗਰ ਨੇ ਪੱਠੇ-ਦੱਥੇ ਤੋਂ ਵੀ ਆਤਰ ਹੋ ਜਾਣਾ। ਫਸਲਾਂ ਤਬਾਹ ਹੋਣ ਲੱਗਣੀਆਂ। ਕੋਠੇ ਚੋ-ਚੋ ਕੇ ਢਹਿਣ ਲੱਗ ਪੈਣੇ ਤਾਂ ਅੰਮਾ ਨੇ ਕਹਿਣਾ, "ਬੱਦਲੋ, ਜਾਓ ਚਿੜੀਆਂ ਜਨੌਰ ਬਣ ਕੇ ਪਹਾੜਾਂ ਵੱਲ ਉਡ ਜਾਓ ਤੇ ਉਥੇ ਵਰ੍ਹੋ।" ਕਿਸੇ ਨੇ ਕਹਿਣਾ, "ਅੰਮਾ! ਬੱਦਲਾਂ ਨੂੰ ਵੀ ਪਹਾੜਾਂ ਵਿਚ ਹੀ ਭੇਜ ਦੇਣਾ ਚਾਹੁੰਦੀ ਏ, ਇਹ ਕਿਉਂ?" ਤੇ ਉਹਨੇ ਕਹਿਣਾ, "ਵੇ ਪੁੱਤਰਾ, ਉਥੇ ਪੱਥਰਾਂ ਨੂੰ ਕੀ ਫਰਕ ਪੈਣਾ, ਇੱਥੇ ਲੋਕਾਈ ਤਰਾਸ-ਤਰਾਸ ਕਰ ਰਹੀ ਆ।"

ਫੇਰ ਅੰਮਾ ਨੇ ਕਾਨਿਆਂ ਤੇ ਕੱਪੜੇ ਦਾ ਬੰਦਾ ਜਿਹਾ ਬਣਾਉਣਾ ਜਿਸ ਨੂੰ ਉਹ ਮੁਸਾਫ਼ਰ ਕਿਹਾ ਕਰਦੀ ਸੀ। ਉਹਨੇ ਮੁਸਾਫ਼ਰ ਨੂੰ ਕੋਠੇ ਦੇ ਬਨੇਰੇ 'ਤੇ ਗੱਡ ਦੇਣਾ ਤੇ ਆਪਣਾ ਹੱਥ ਫੇਰ ਦੁਆ ਮੰਗਣ ਵਾਲੇ ਵਾਂਗ ਫੈਲਾਅ ਦੇਣਾ, "ਹੇ ਰੱਬਾ। ਇਸ ਮੁਸਾਫ਼ਰ 'ਤੇ ਰਹਿਮ ਕਰ, ਹੁਣ ਤੇ ਸੋਨੇ ਦੀ ਛਿੱਟ ਵੀ ਗਵਾਰਾ ਨਹੀਓਂ। ਮਿਹਰ ਕਰ ਦਾਤਾ, ਆਪਣੀ ਖੁਦਾਈ 'ਤੇ ਮਿਹਰ ਕਰ।" ਜਦ ਮੀਂਹ ਬੰਦ ਹੋ ਜਾਣਾ ਤਾਂ ਅੰਮਾ ਨੇ ਗੁੜ ਵਾਲੇ ਦਾਣੇ ਬੱਚਿਆਂ 'ਚ ਵੰਡਣੇ।

ਅੰਮਾ ਬਾਬੇ ਦੀਆਂ ਵੀ ਬੜੀਆਂ ਗੱਲਾਂ ਸੁਣਾਇਆ ਕਰਦੀ ਸੀ, "ਬੜੀ ਤੇਜ਼-ਤਪ ਵਾਲਾ ਸੀ ਤੇਰਾ ਬਾਬਾ। ਪਿੰਡ ਦਾ ਆਲ੍ਹਾ ਨੰਬਰਦਾਰ ਸੀ। ਸਰਕਾਰੋਂ-ਦਰਬਾਰੋਂ ਘੋੜੀ ਤੇ ਬੰਦੂਕ ਮਿਲੀ ਹੋਈ ਸੀ। ਅੰਗਰੇਜ਼ ਦੇ ਕਿਸੇ ਜਾਰਜ ਨੇ ਉਹਨੂੰ ਦਿੱਲੀ ਸੱਦ ਕੇ ਆਪਣੀ ਫੋਟੋ ਵਾਲੀ ਮੁੰਦਰੀ ਦਿੱਤੀ ਸੀ। ਘਰ 'ਚ ਲਹਿਰਾਂ-ਬਹਿਰਾਂ ਏਨੀਆਂ ਸਨ ਕਿ ਕਾਮਿਆਂ ਦੀਆਂ ਰੋਟੀਆਂ ਮਹਿਰਾ ਵਹਿੰਗੀ 'ਤੇ ਢੋਂਦਾ ਸੀ। ਫੇਰ ਵੀ ਕੋਈ ਬੋਅ ਮਜਾਜ਼ ਨਹੀਂ ਸੀ ਉਹਦੇ 'ਚ। ਜੀਹਦੇ ਹੱਕ 'ਚ ਖਲ੍ਹੋ ਜਾਣਾ, ਦੁਨੀਆਂ ਏਧਰ ਦੀ ਉਧਰ ਭਉਂ ਜਾਏ, ਪਰ ਉਹਨੇ ਆਪਣੀ ਲੱਤ ਨਾ ਚੁੱਕਣੀ।"

ਫੇਰ ਅੰਮਾ ਉਹਦੀ ਕੋਈ ਕਹਾਣੀ ਛੋਹ ਬਹਿੰਦੀ, "ਸੁਖਚੈਨ! ਇਕ ਵਾਰ ਆਪਾਂ ਵੀਹ ਵਿਘੇ ਨਰਮਾ ਬੀਜਿਆ। ਪਟਵਾਰੀ ਨਾਲ ਬੜਾ ਮੇਲ-ਜੋਲ ਸੀ। ਉਸ ਨੇ ਆਪਣੇ ਵੱਲੋਂ ਤਾਂ ਕੀਤੀ ਮਦਤ ਤੇ ਗਰਦੌਰੀ ਵੇਲੇ ਨਰਮੇ ਵਾਲਾ ਅੱਧਾ ਥਾਂ ਵਾਹਣ ਵਿਖਾ ਦਿੱਤਾ। ਕਰਨੀ ਰੱਬ ਦੀ ਪੁੱਤਰਾ ਕਿ ਮਾਲ ਅਫ਼ਸਰ ਨੇ ਆਪਣੇ ਪਿੰਡ ਦਾ ਦੌਰਾ ਰੱਖ ਲਿਆ। ਵਿਚਾਰਾ ਪਟਵਾਰੀ ਡਰ ਗਿਆ। ਤੇਰੇ ਬਾਬੇ ਕੋਲ ਆ ਕੇ ਕਹਿਣਾ ਲੱਗਾ, "ਨੰਬਰਦਾਰਾ ਤੂੰ ਤਾਂ ਭਾਵੇਂ ਨਹੀਂ ਸੀ ਆਖਿਆ ਪਰ ਮੈਂ ਤੇਰੇ ਮਾਮਲੇ ਦੇ ਚਾਰ ਛਿੱਲੜ ਬਚਾਉਣ ਲਈ ਤੇਰਾ ਅੱਧਾ ਨਰਮਾ ਕਾਗਜ਼ਾਂ 'ਚ ਵਿਖਾ'ਤਾ ਸੀ। ਹੁਣ ਫਲਾਣੀ ਤਰੀਕ ਨੂੰ ਮਾਲ ਅਫ਼ਸਰ ਆ ਰਿਹਾ ਏ, ਜੇ ਉਹਨੂੰ ਪਤਾ ਲੱਗ ਗਿਆ ਤਾਂ ਸਮਝ ਭਈ ਮੇਰੀ ਨੌਕਰੀ ਗਈ। ਮੇਰੀ ਮਦਤ ਕਰ, ਪਹਾੜ ਵਾਲੇ ਪਾਸੇ ਦੇ ਦਸ ਵਿਘੇ ਵਾਹ ਦੇ। ਤੂੰ ਸਰਦਾਰ ਬੰਦਾ, ਤੈਨੂੰ ਬਹੁਤਾ ਫ਼ਰਕ ਨਹੀਂ ਪੈਣਾ, ਪਰ ਜੇ ਅਫ਼ਸਰ ਨੂੰ ਪਤਾ ਲੱਗ ਗਿਆ ਤਾਂ ਗਰੀਬ ਦਾ ਘੁੱਟ ਭਰਿਆ ਜਾਊ।"

"ਪੁੱਤਰਾ ਦਸ ਵਿਘੇ ਨਰਮਾ ਮੂੰਹ ਨਾਲ ਆਖਣਾ ਹੁੰਦਾ" ਅੰਮਾ ਕਹਾਣੀ ਜਾਰੀ ਰੱਖਦੀ, "ਪਰ ਤੇਰੇ ਬਾਬੇ ਨੇ ਇਕ ਵਾਰ ਵੀ ਨਹੀਂ ਸੋਚਿਆ ਤੇ ਮੰਗ ਪਾ ਕੇ ਦਸ ਦੇ ਦਸ ਵਿਘੇ ਵਾਹ ਕੇ ਇੰਜ ਵਾਹਣ ਬਣਾ ਦਿੱਤੇ, ਜਿਵੇਂ ਉਥੇ ਪਹਿਲਾਂ ਕੁਝ ਬੀਜਿਆ ਹੀ ਨਾ ਹੋਵੇ। ਤੇ ਫੇਰ ਅੰਮਾ ਦੱਸਦੀ ਕਿ ਇਸ ਘਟਨਾ ਤੋਂ ਬਾਅਦ ਤੇਰੇ ਬਾਬੇ ਦੇ ਛੋਟੇ ਭਰਾ ਨੇ ਗਿਲਾ ਜਿਹਾ ਕੀਤਾ, "ਭਾਊ, ਤੂੰ ਜੋ ਕੀਤਾ ਠੀਕ ਕੀਤਾ, ਪਰ ਆਪਾਂ ਕਿਹੜਾ ਪਟਵਾਰੀ ਨੂੰ ਇੰਜ ਮਦਤ ਕਰਨ ਲਈ ਕਿਹਾ ਸੀ? ਇੰਜ ਕਰਕੇ ਉਹਨੇ ਕੀ ਪਤਾ ਸਾਥੋਂ ਕੀ ਲਾਹਾ ਲੈਣਾ ਸੀ, ਪਰ ਹੁਣ ਮੁੱਲ ਤਾਂ ਸਾਨੂੰ ਤਾਰਨਾ ਪੈ ਗਿਆ ਨਾ?"

"...ਤੇ ਸੁਖਚੈਨ ਤੇਰੇ ਬਾਬੇ ਨੇ ਆਪਣੇ ਭਰਾ ਨੂੰ ਸਿਰਫ਼ ਏਨਾ ਕਿਹਾ ਸੀ ਕਿ ਵੇਖ ਸੰਤਾ ਸਿਆਂ, ਜਿਥੇ ਮੇਲ-ਜੋਲ ਹੋਵੇ, ਉਥੇ ਨਫ਼ਾ-ਨੁਕਸਾਨ ਨਹੀਂ ਵੇਖੀਦਾ।"

ਫੇਰ ਅੰਮਾ ਇਹ ਵੀ ਦੱਸਦੀ ਕਿ ਬਾਬਾ ਮੈਨੂੰ ਕਹਿੰਦਾ ਸੀ, "ਸਰਦਾਰਨੀਏ। ਆਪਣੇ ਧੀਆਂ-ਪੁੱਤਰਾਂ ਨੂੰ ਵੀ ਸਮਝਾ ਛੱਡ ਕਿ ਸਾਂਝਾਂ ਦੇ ਸਬੰਧ 'ਚ ਨਫ਼ਾ-ਨੁਕਸਾਨ ਬੜੀ ਛੋਟੀ ਸ਼ੈਅ ਹੁੰਦੀ ਏ।" ਏਦਾਂ ਅੰਮਾ ਦੀਆਂ ਸੁਣਾਈਆਂ ਤੇ ਉਹਦੇ ਨਾਲ ਵਾਪਰੀਆਂ ਕਈ ਕਹਾਣੀਆਂ ਯਾਦ ਆ ਰਹੀਆਂ ਹਨ।

ਅੰਮ੍ਰਿਤ ਵੇਲੇ ਗੁਰਦੁਆਰੇ ਪੁੱਜਣ ਵਾਲੀ ਉਹ ਪਹਿਲੀ ਔਰਤ ਹੁੰਦੀ। ਘੜੀ ਵੇਖਣੀ ਉਹਨੂੰ ਆਉਂਦੀ ਨਹੀਂ ਸੀ। ਬੱਸ, ਚੰਨ ਜਾਂ ਗਿੱਟੀਆਂ ਦਾ ਹਿਸਾਬ-ਕਿਤਾਬ ਹੀ ਉਹਦਾ ਅਸਲੀ ਸਮਾਂ ਹੁੰਦਾ। ਇਕ ਵਾਰ ਬੱਦਲਵਾਈ ਹੋਣ ਕਰਕੇ ਉਹਦਾ ਹਿਸਾਬ-ਕਿਤਾਬ ਗ਼ਲਤ ਹੋ ਗਿਆ। ਉਹ ਭਾਈ ਦੇ ਬੂਹਾ ਖੋਲ੍ਹਣ ਤੋਂ ਪਹਿਲਾਂ ਹੀ ਗੁਰਦੁਆਰੇ ਪਹੁੰਚ ਗਈ। ਕਿੰਨਾ ਚਿਰ ਉਡੀਕਦੀ ਰਹੀ ਪਰ ਸਮੇਂ ਦਾ ਫ਼ਰਕ ਵਿਤੋਂ ਵੀ ਜ਼ਿਆਦਾ ਸੀ। ਹਾਰ-ਹੰਭ ਕੇ ਉਹ ਬੂਹੇ ਨਾਲ ਢੋਅ ਲਾ ਕੇ ਬੈਠ ਗਈ ਤੇ ਫੇਰ ਬੈਠਿਆਂ-ਬੈਠਿਆਂ ਹੀ ਉਹਨੂੰ ਨੀਂਦ ਆ ਗਈ। ਉਦੋਂ ਵੀ ਇਸੇ ਬਾਬਾ ਜੀ ਨੇ ਆ ਕੇ ਉਹਨੂੰ ਜਗਾਇਆ।

"ਆਖਰ ਕੀ ਸੁਪਨਾ ਸੀ ਬਾਬਾ ਜੀ ਜਿਹਨੇ ਤੁਹਾਨੂੰ ਪ੍ਰੇਸ਼ਾਨੀ 'ਚ ਪਾ ਦਿੱਤਾ?" ਮੈਂ ਬਾਬਾ ਜੀ ਤੋਂ ਪੁੱਛਿਆ।

ਬਾਬਾ ਜੀ ਕਿੰਨਾ ਚਿਰ ਚੁੱਪ ਰਹੇ ਤੇ ਫੇਰ ਕਹਿਣ ਲੱਗੇ, "ਦੱਸਾਂਗਾ। ਪਹਿਲਾਂ ਉਨ੍ਹਾਂ ਦੀ ਸਿਹਤ ਬਾਰੇ ਪੁੱਛੋ।"

ਮੈਂ ਅੰਮਾ ਦੇ ਕਮਰੇ ਵਿਚ ਗਿਆ। ਉਨ੍ਹਾਂ ਨੂੰ ਆਵਾਜ਼ ਮਾਰੀ, ਪਰ ਕੋਈ ਹੁੰਗਾਰਾ ਨਾ ਮਿਲਿਆ। ਮੈਂ ਹਲੂਣਿਆ ਪਰ ਕੋਈ ਹਿਲਜੁਲ ਨਾ ਹੋਈ। ਚਿੜੀ ਦੀ ਨੀਂਦ ਵਾਲੀ ਅੰਮਾ ਦੇ ਲਾਗਿਓਂ ਕੋਈ ਕੁੱਤਾ ਵੀ ਲੰਘਦਾ ਤਾਂ ਉਹ ਜਾਗ ਪੈਂਦੀ, ਪਰ ਅੱਜ ਉਹ ਬਿਲਕੁਲ ਬੇਸੁਰਤ ਪਈ ਰਹੀ। ਮੈਂ ਰਜਾਈ ਮੂੰਹ ਤੋਂ ਲਾਹ ਕੇ ਜ਼ੋਰ-ਜ਼ੋਰ ਦੀ ਹਲੂਣਿਆ ਤੇ ਆਵਾਜ਼ਾਂ ਮਾਰੀਆਂ ਪਰ ਅੰਮਾ ਸ਼ਾਇਦ ਆਵਾਜ਼ ਦੀ ਦੁਨੀਆਂ ਤੋਂ ਦੂਰ ਜਾ ਚੁੱਕੀ ਸੀ।

ਘਰ ਦੇ ਸਾਰੇ ਜੀਅ ਇਕੱਠੇ ਹੋ ਗਏ। ਰੋਣ ਦੀਆਂ ਆਵਾਜ਼ਾਂ ਉਚੀਆਂ ਹੋਈਆਂ। ਸ਼ਾਂਤ ਤੇ ਕੂਲੀ ਸਵੇਰ ਚੀਕ-ਚਿਹਾੜੇ ਨਾਲ ਵਲੂੰਧਰੀ ਜਿਹੀ ਗਈ।

ਬਾਬਾ ਜੀ ਨੇ ਸਾਰਿਆਂ ਨੂੰ ਚੁੱਪ ਕਰਨ ਦੀ ਬੇਨਤੀ ਕਰਦਿਆਂ ਕਿਹਾ, "ਨਾ ਰੋਵੋ, ਇਹੋ ਜਿਹੀਆਂ ਰੂਹਾਂ ਨੂੰ ਰੋਈਦਾ ਨਹੀਂ ਹੁੰਦਾ। ਸਾਰੇ ਮੇਰੀ ਗੱਲ ਧਿਆਨ ਨਾਲ ਸੁਣੋ।"

ਬਾਬਾ ਜੀ ਦੀ ਗੱਲ ਸੁਣ ਕੇ ਸਾਰਾ ਪਰਿਵਾਰ ਚੁੱਪ ਹੋ ਗਿਆ। ਉਹ ਨੇ ਕਹਿਣਾ ਸ਼ੁਰੂ ਕੀਤਾ, "ਕੋਈ ਘੰਟਾ ਡੇਢ ਘੰਟਾ ਪਹਿਲਾਂ ਮੈਨੂੰ ਸੁਪਨਾ ਆਇਆ ਕਿ ਮਾਤਾ ਜੀ ਨੇ ਆਵਾਜ਼ ਮਾਰ ਕੇ ਜਗਾਇਆ ਤੇ ਕਹਿਣ ਲੱਗੇ, "ਬਾਬਾ ਜੀ ਉਠੋ, ਮਹਾਰਾਜ ਦਾ ਪ੍ਰਕਾਸ਼ ਕਰੋ ਤੇ ਵਾਕ ਲਵੋ। ਅੱਜ ਅਸਾਂ ਸੰਸਾਰ ਤੋਂ ਕੂਚ ਕਰਨਾ ਹੈ।" ਬਾਬਾ ਜੀ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਮੈਂ ਸੁਪਨੇ 'ਚ ਮਹਾਰਾਜ ਦਾ ਪ੍ਰਕਾਸ਼ ਵੀ ਕੀਤਾ ਤੇ ਵਾਕ ਵੀ ਲਿਆ। ਵਾਕ ਸੁਣ ਕੇ ਮਾਤਾ ਜੀ ਨੇ ਫਤਿਹ ਗਜਾਈ ਤਾਂ ਮੇਰੀ ਜਾਗ ਖੁੱਲ੍ਹ ਗਈ। ਲੱਖ ਧਿਆਨ ਏਧਰ-ਉਧਰ ਪਾਵਾਂ, ਪਰ ਚੈਨ ਜਿਹਾ ਨਾ ਆਵੇ। ਸੋਚਾਂ ਮਾਤਾ ਜੀ ਤਾਂ ਰਾਤੀਂ ਚੰਗੇ-ਭਲੇ ਸਨ। ਰਹਿਰਾਸ ਦਾ ਪੂਰਾ ਪਾਠ ਸੁਣ ਕੇ ਗਏ ਸਨ। ਬੱਸ ਲੰਮਾ ਪਿਆ ਮੈਂ ਉਸਲਵੱਟੇ ਭੰਨ੍ਹਦਾ ਰਿਹਾ ਤੇ ਅਖੀਰ ਤੁਹਾਡਾ ਬੂਹਾ ਆ ਖੜਕਾਇਆ।

ਆਪਣਾ ਸੁਪਨਾ ਸੁਣਾ ਕੇ ਬਾਬਾ ਜੀ ਨੇ ਹੱਥ ਜੋੜਦਿਆਂ ਉਤਾਂਹ ਵੱਲ ਵੇਖਦਿਆਂ ਕਿਹਾ, "ਹੇ ਸੱਚਿਆ ਪਾਤਸ਼ਾਹ! ਭਾਣਾ ਮੰਨਣ ਦਾ ਬਲ ਬਖ਼ਸ਼।" ਬਾਬਾ ਜੀ ਦੀਆਂ ਗੱਲਾਂ ਸੁਣ ਕੇ ਸਾਰੇ ਚੁੱਪ ਕਰ ਗਏ। ਦਿਨ ਚੜ੍ਹਦਿਆਂ ਤੱਕ ਜੀਹਨੇ ਵੀ ਸੁਣਿਆ, ਸਾਡੇ ਘਰ ਨੂੰ ਹੋ ਤੁਰਿਆ। ਲੱਗਦਾ ਸੀ ਜਿਵੇਂ ਸਾਰਾ ਪਿੰਡ ਹੀ ਸਾਡੇ ਵਿਹੜੇ ਆ ਢੁੱਕਾ ਹੋਵੇ। ਸਾਰੇ ਲੋਕ ਇਸ ਕਰਾਮਾਤ ਵਰਗੀ ਮੌਤ ਦੀਆਂ ਗੱਲਾਂ ਕਰਦੇ ਜਿਵੇਂ ਅੰਮਾ ਦੀ ਸਮੁੱਚੀ ਜ਼ਿੰਦਗੀ ਨੂੰ ਸਿਜਦਾ ਕਰ ਰਹੇ ਸਨ।

ਘਰੋਂ ਅਰਥੀ ਨਿਕਲੀ ਤਾਂ ਗੋਲ੍ਹਾਂ ਨੇ ਅੜਿੰਗਣਾ ਸ਼ੁਰੂ ਕਰ ਦਿੱਤਾ।

ਇਹੋ ਜਿਹੀ ਹਾਲਤ 'ਚ ਭੁੱਲੀ ਵਿਸਰੀ ਗੋਲ੍ਹਾਂ ਨੇ ਇਕ ਦਮ ਮੇਰਾ ਧਿਆਨ ਖਿੱਚਿਆ। ਮੈਂ ਉਹਦੇ ਕੋਲ ਗਿਆ। ਉਹਦੀਆਂ ਅੱਖਾਂ 'ਚ ਉਜੜੇ ਖੂਹ ਦੀ ਉਦਾਸੀ ਸੀ। ਮੈਂ ਉਹਦੇ ਸਿਰ ਨੂੰ ਪਲੋਸਦਿਆਂ ਜਿਵੇਂ ਭਾਵੁਕ ਜਿਹਾ ਹੋ ਗਿਆ।

"ਗੋਲ੍ਹਾ, ਵੇਖ ਲੈ ਆਖਰੀ ਵੇਲੇ ਅੰਮਾ ਕਿਸੇ ਨੂੰ ਵੀ ਮਿਲ ਕੇ ਨਹੀਂ ਜਾ ਸਕੀ, ਤੈਨੂੰ ਵੀ ਨਹੀਂ।" ਮੈਂ ਵੀ ਆਪਣੀ ਵੇਦਨਾ ਉਸ ਨਾਲ ਸਾਂਝੀ ਕੀਤੀ ਤੇ ਕਾਹਲੀ ਨਾਲ ਅਰਥੀ 'ਚ ਸ਼ਾਮਲ ਹੋ ਗਿਆ। ਗੋਲ੍ਹਾਂ ਆਪਣੇ ਕਿੱਲੇ ਦੁਆਲੇ ਘੁੰਮਦੀ ਹੋਰ ਵੀ ਜ਼ੋਰ-ਜ਼ੋਰ ਦੀ ਅੜਿੰਗਣ ਲੱਗੀ।

ਅੰਮਾ ਦਾ ਸਸਕਾਰ ਕਰ ਕੇ ਵਾਪਸ ਘਰ ਆਏ ਤਾਂ ਵੇਖਿਆ ਕਿ ਗੋਲ੍ਹਾਂ ਦੀ ਥਾਂ ਕਿੱਲੇ ਲਾਗੇ ਟੁੱਟੀ ਸੰਗਲੀ ਹੀ ਸੀ। ਇਹੋ ਜਿਹੇ ਮਾਹੌਲ ਵਿਚ ਜਿੰਨੀ ਕੁ ਭਾਲ ਉਹਦੀ ਕੀਤੀ ਜਾ ਸਕਦੀ ਸੀ, ਕੀਤੀ; ਪਰ ਉਹਦੀ ਕੋਈ ਉਘ-ਸੁਘ ਨਾ ਨਿਕਲੀ। ਸਾਰਿਆਂ ਨੂੰ ਆਸ ਸੀ ਕਿ ਗੋਲ੍ਹਾਂ ਇੰਜ ਨਹੀਂ ਸੀ ਜਾ ਸਕਦੀ। ਉਹ ਤਾਂ ਆਗਿਆਕਾਰੀ ਬੱਚਿਆਂ ਤੋਂ ਵੀ ਵੱਧ ਆਗਿਆਕਾਰ ਸੀ। ਸਾਰੇ ਮਹਿਸੂਸ ਕਰ ਰਹੇ ਸਨ ਕਿ ਭੀੜ-ਭੜੱਕੇ ਤੇ ਸੋਗੀ ਮਾਹੌਲ ਤੋਂ ਘਬਰਾ ਕੇ ਕਿਧਰੇ ਇਧਰ-ਉਧਰ ਹੋ ਗਈ ਹੋਵੇਗੀ ਤੇ ਆਪੇ ਪਰਤ ਆਵੇਗੀ। ਤਰਕਾਲਾਂ ਪਈਆਂ, ਹਨੇਰਾ ਵੀ ਹੋ ਗਿਆ ਪਰ ਉਹਨੂੰ ਵਾਪਸ ਪਰਤਣਾ ਜਿਵੇਂ ਭੁੱਲ-ਵਿਸਰ ਹੀ ਗਿਆ ਸੀ।

ਅਗਲੀ ਸਵੇਰ ਸਾਰੇ ਹੀ ਉਦਾਸ ਤੇ ਚਿੰਤਾਵਾਨ ਸਨ। ਸਾਰਿਆਂ ਦਾ ਕਹਿਣਾ ਸੀ ਕਿ ਅੰਮਾ ਤੋਂ ਬਗ਼ੈਰ ਗੋਲ੍ਹਾਂ ਨੂੰ ਇਹ ਵਿਹੜਾ ਡਰਾਉਣਾ ਜਿਹਾ ਲੱਗਾ ਹੋਵੇਗਾ, ਇਸੇ ਲਈ ਉਹ ਸੰਗਲ ਤੁੜਾ ਕੇ ਕਿਧਰੇ ਚਲੀ ਗਈ ਹੈ। ਘਰ ਦੇ ਸਾਰੇ ਜੀਅ ਕਿਆਫੇ ਲਾ ਰਹੇ ਸਨ ਕਿ ਆਖਰ ਉਹ ਗਈ ਕਿੱਥੇ ਹੋਵੇਗੀ? ਉਹਨੂੰ ਲੱਭਣ ਲਈ ਕੌਣ ਕਿੱਥੇ-ਕਿੱਥੇ ਜਾਵੇ?

ਪਰ ਏਨੇ ਨੂੰ ਸਾਡੇ ਗੁਆਂਢੀ ਡਰਾਈਵਰ ਨੇ ਆ ਕੇ ਦੱਸਿਆ ਕਿ ਉਹਨੇ ਗੋਲ੍ਹਾਂ ਨੂੰ ਮਾਂ ਦੇ ਸਿਵੇ ਕੋਲ ਬੈਠੀ ਵੇਖਿਆ ਹੈ। ਸੁਣ ਕੇ ਸਾਰੇ ਹੈਰਾਨ ਰਹਿ ਗਏ। ਡਰਾਈਵਰ ਦੱਸ ਰਿਹਾ ਸੀ ਕਿ ਮੈਂ ਬਹੁਤ ਕੋਸ਼ਿਸ਼ ਕੀਤੀ ਪਰ ਗੋਲ੍ਹਾਂ ਮਾਂ ਦੇ ਸਿਵੇ ਕੋਲੋਂ ਉਠੀ ਹੀ ਨਹੀਂ। ਜਦੋਂ ਮੈਂ ਉਹਨੂੰ ਆਪਣੀ ਡਾਂਗ ਦੀਆਂ ਦੋ-ਚਾਰ ਹੁੱਝਾਂ ਮਾਰ ਕੇ ਉਠਾਉਣਾ ਚਾਹਿਆ ਤਾਂ ਉਹ ਪਰਲ-ਪਰਲ ਅੱਥਰੂ ਕੇਰਨ ਲੱਗੀ। ਉਹ ਤਾਂ ਬੱਸ ਸਿਵੇ ਦੇ ਨਾਲ ਸਿਵਾ ਹੋਈ-ਹੋਈ ਸੀ। ਮੇਰਾ ਉਹਦੇ ਨਾਲ ਜ਼ੋਰ-ਜਬਰ ਕਰਨ ਦਾ ਹੀਆ ਈ ਨਹੀਂ ਪਿਆ।

ਅਸੀਂ ਹੈਰਾਨੀ ਦੇ ਆਲਮ 'ਚ ਉਡ ਕੇ ਉਥੇ ਅੱਪੜੇ। ਭੁੱਖਣ-ਭਾਣੀ ਤੇ ਉਦਾਸ ਜਿਹੀ ਗੋਲ੍ਹਾਂ ਨੂੰ ਵੇਖ ਕੇ ਸਾਨੂੰ ਘਬਰਾਹਟ ਜਿਹੀ ਹੋਈ। ਮੈਂ ਉਹਦਾ ਸਿਰ ਪਲੋਸਿਆ। ਉਹਦੇ ਪਿੰਡੇ 'ਤੇ ਹੱਥ ਫੇਰਿਆ। ਉਹਦੇ ਗਲ ਨੂੰ ਆਪਣੀ ਗਲਵੱਕੜੀ 'ਚ ਲਿਆ, "ਗੋਲ੍ਹਾਂ, ਆ ਘਰ ਚੱਲੀਏ, ਮਰਿਆਂ ਨਾਲ ਮਰਿਆ ਥੋੜ੍ਹਾ ਜਾਂਦਾ ਏ। ਉਠ ਬੀਬੀ ਰਾਣੀ, ਵੇਖ ਸਾਰੇ ਜਣੇ ਤੈਨੂੰ ਲੈਣ ਆਏ ਨੇ।"

ਉਹਨੇ ਘਰਾਲਾਂ ਵਗਦੀਆਂ ਅੱਖਾਂ ਨਾਲ ਮੇਰੇ ਵੱਲ ਵੇਖਿਆ ਤੇ ਫੇਰ ਸਾਰਿਆਂ ਵੱਲ। ਉਹਨੇ ਮਾਂ ਦੀ ਚਿਖਾ ਦੀ ਪਰਿਕਰਮਾ ਜਿਹੀ ਕੀਤੀ ਤੇ ਫੇਰ ਚੁੱਪ-ਚਾਪ ਤੇ ਉਦਾਸ ਜਿਹੀ ਘਰ ਨੂੰ ਤੁਰ ਪਈ। ਸ਼ਾਇਦ ਉਹਨੂੰ ਯਾਦ ਆਇਆ ਹੋਵੇ ਕਿ ਕਿਤੇ ਵੀ ਜਾਣ ਵੇਲੇ ਅੰਮਾ ਸਾਰੇ ਪਰਿਵਾਰ ਨੂੰ ਦੁੱਧ ਦੇਣ ਦੀ ਜ਼ਿੰਮੇਵਾਰੀ ਉਹਨੂੰ ਸੌਂਪ ਜਾਇਆ ਕਰਦੀ ਸੀ।

#

# ਲੁਧਿਆਣਾ ਤੋਂ ਅਮਰੀਕਾ ਤੱਕ ਗਾਇਕਾ ਨਰਿੰਦਰ ਮਾਵੀ



ਗੀਤ ਸੰਗੀਤ

ਇਕਬਾਲ ਜੱਬੋਵਾਲੀਆ
ਫੋਨ:917-375-6395

"ਬੋਲ ਗੂੰਜਦੇ ਵਿਚ ਹਵਾਵਾਂ,
ਗੱਲ ਹੁੰਦੀ ਪੰਜਾਬ ਦੀ।
ਗੀਤਾਂ ਵਿਚੋਂ ਖੁਸ਼ਬੂ ਆਉਂਦੀ,
ਸੂਹੇ ਰੰਗ ਗੁਲਾਬ ਦੀ।
ਸਭਿਆਚਾਰ ਤੇ ਵਿਰਸਾ ਸਾਡੇ,
ਰੂਹ ਰੰਗਲੇ ਪੰਜਾਬ ਦੀ।
ਵਿਚ ਵਿਦੇਸ਼ਾਂ ਧੁੰਮ ਮਚਾਈ,
ਗਾਉਂਦੀ 'ਮਾਵੀ' ਧੀ ਪੰਜਾਬ ਦੀ।"

ਪੰਜਾਬ ਦੀ ਕੋਇਲ ਮਰਹੂਮ ਨਰਿੰਦਰ ਬੀਬਾ ਦੀ ਹੋਣਹਾਰ ਸ਼ਾਗਿਰਦ ਨਰਿੰਦਰ ਮਾਵੀ ਦਾ ਪੰਜਾਬੀ ਗਾਇਕੀ ਵਿਚ ਨਿਵੇਕਲਾ ਸਥਾਨ ਹੈ। ਮਾਵੀ ਨੇ ਹਮੇਸ਼ਾ ਹੀ ਪਰਿਵਾਰਾਂ ਵਿਚ ਬਹਿ ਕੇ ਸੁਣੇ ਜਾਣ ਵਾਲੇ ਚੰਗੇ ਗੀਤਾਂ ਨੂੰ ਰੂਹ ਨਾਲ ਗਾਇਆ ਤੇ ਲੱਚਰ ਗੀਤਾਂ ਤੋਂ ਹਮੇਸ਼ਾ ਦੂਰ ਰਹੀ। ਦੋਗਾਣਿਆਂ ਦੀ ਬਜਾਏ ਆਪਣੇ ਬਲਬੂਤੇ ਨਰਿੰਦਰ ਬੀਬਾ ਦੇ ਸਹਿਯੋਗ ਨਾਲ ਸਟੇਜਾਂ 'ਤੇ ਧਾਰਮਿਕ ਅਤੇ ਲੋਕ ਗੀਤ ਗਾਏ। ਕਈ ਵਾਰ ਗੀਤਾਂ 'ਚ ਅਲਗੋਜ਼ੇ ਮਾਸਟਰ ਬੇਲੀ ਰਾਮ ਨੇ ਵੀ ਸਟੇਜਾਂ 'ਤੇ ਮਾਵੀ ਦਾ ਸਾਥ ਦਿੱਤਾ ਅਤੇ ਉਸ ਵੇਲੇ ਅਲਗੋਜ਼ਿਆਂ ਦੀ ਧੁਨ 'ਤੇ ਗਾਉਂਦੀ ਮਾਵੀ ਨਰਿੰਦਰ ਬੀਬਾ ਦਾ ਭੁਲੇਖਾ ਪਾਉਂਦੀ। ਮਾਵੀ ਨੇ ਪੰਜਾਬ ਤੋਂ ਵਿਦੇਸ਼ੀ ਧਰਤੀ ਤੱਕ ਕਾਫ਼ੀ ਪ੍ਰਸਿੱਧੀ ਖੱਟੀ। ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਡੈਨਮਾਰਕ ਜਿਹੇ ਮੁਲਕਾਂ ਵਿਚ ਪੰਜਾਬੀਆਂ ਦੇ ਦਿਲਾਂ ਵਿਚ ਗੀਤਾਂ ਰਾਹੀਂ ਧਰਮ, ਸੱਭਿਆਚਾਰ ਅਤੇ ਵਿਰਸੇ ਨੂੰ ਵਸਾਇਆ।

ਮਾਵੀ ਨੇ ਮੁਢਲੀ ਪੜ੍ਹਾਈ ਤੋਂ ਲੈ ਕੇ ਕਾਲਜ ਗਰੈਜੂਏਸ਼ਨ ਲੁਧਿਆਣਾ ਤੋਂ ਕੀਤੀ। ਮਾਵੀ ਪਰਿਵਾਰ ਦਾ ਪਿਛਲਾ ਪਿੰਡ ਵੱਡਾ ਸਮਾਣਾ ਰੋਪੜ ਕੋਲ ਹੈ। ਫਰੀਡਮ ਫਾਈਟਰ ਪਰਿਵਾਰ ਮਰਹੂਮ ਪਿਤਾ ਸ. ਗੁਰਦੇਵ ਸਿੰਘ, ਮਾਤਾ ਗੁਰਦਿਆਲ ਕੌਰ ਦੀ ਲਾਡਲੀ ਧੀ ਮਾਵੀ ਨੂੰ ਕਾਲਜ ਤੋਂ ਹੀ ਗਾਉਣ ਦਾ ਸ਼ੌਕ ਪੈ ਗਿਆ। ਦੋ ਪ੍ਰੋਗਰਾਮਾਂ 'ਤੇ ਨਰਿੰਦਰ ਬੀਬਾ ਨੇ ਮਾਵੀ ਨੂੰ ਗਾਉਂਦੇ ਸੁਣਿਆ ਅਤੇ ਕੋਲ ਸੱਦ ਕੇ ਮਾਵੀ ਨੂੰ ਥਾਪੜਾ ਦਿੰਦਿਆਂ ਕਿਹਾ, "ਤੇਰੀ ਆਵਾਜ਼ ਵਿਚ ਦਮ ਹੈ...ਤੂੰ ਹੋਰ ਅੱਗੇ ਵਧ ਸਕਦੀ ਐ...ਤੂੰ ਸਟੇਜ ਪ੍ਰੋਗਰਾਮ ਕਿਉਂ ਨਹੀਂ ਕਰਦੀ?"

"ਤੁਹਾਨੂੰ ਪਤਾ ਹੈ ਜੀ, ਸਾਡੇ ਜੱਟਾਂ ਦੇ ਕੁੜੀਆਂ ਨੂੰ ਸਟੇਜਾਂ 'ਤੇ ਗਾਉਣਾ ਚੰਗਾ ਨ੍ਹੀਂ ਸਮਝਿਆ ਜਾਂਦਾ।" ਮਾਵੀ ਨੇ ਝਿਜਕਦੇ ਜਿਹੇ ਨਿਰਮਤਾ ਨਾਲ ਜਵਾਬ ਦਿੱਤਾ।

"ਤੂੰ ਕਿਸੇ ਨਾਲ ਨਹੀਂ ਗਾਏਂਗੀ, ਮੇਰੇ ਨਾਲ ਸਟੇਜਾਂ 'ਤੇ ਗਾਇਆ ਕਰੇਂਗੀ ਤੇ ਆਪਾਂ ਧਾਰਮਿਕ ਤੇ ਲੋਕ ਗੀਤ ਪ੍ਰੋਗਰਾਮ ਕਰਿਆ ਕਰਾਂਗੇ।" ਉਸ ਤੋਂ ਬਾਅਦ ਨਰਿੰਦਰ ਬੀਬਾ ਨੇ ਮਾਵੀ ਦੀ ਮਾਤਾ ਨਾਲ ਗੱਲ ਕੀਤੀ। ਸਿਰ 'ਤੇ ਪਿਤਾ ਦਾ ਸਾਇਆ ਨਾ ਹੋਣ ਕਰਕੇ ਮਾਤਾ ਨੇ ਨਾਂਹ-ਨੁਕਰ ਕੀਤੀ। ਬੀਬਾ ਨੇ ਭਰੋਸਾ ਦਿੱਤਾ, "ਇਹ ਮੇਰੀ ਬੇਟੀ ਹੈ। ਜਿਥੇ ਮੈਂ ਜਾਵਾਂਗੀ, ਉਥੇ ਇਹ ਜਾਵੇਗੀ।" ਇਹ ਸੁਣ ਕੇ ਮਾਤਾ ਦੇ ਮਨ ਦਾ ਬੋਝ ਹਲਕਾ ਹੋ ਗਿਆ ਤੇ ਮਾਤਾ ਤੋਂ ਇਜਾਜ਼ਤ ਮਿਲ ਗਈ। ਮਾਵੀ ਨਾਲ ਕਿਤੇ-ਕਿਤੇ ਮਾਤਾ ਵੀ ਪ੍ਰੋਗਰਾਮਾਂ 'ਤੇ ਚਲੇ ਜਾਇਆ ਕਰਦੇ ਸਨ। ਗਰੈਜੂਏਸ਼ਨ ਤੋਂ ਬਾਅਦ ਮਾਵੀ ਨੇ 'ਅਪ੍ਰੇਸ਼ਨ ਥੀਏਟਰ ਟੈਕਨੀਸ਼ੀਅਨ ਦਾ ਡਿਪਲੋਮਾ' ਕੀਤਾ ਅਤੇ ਲੁਧਿਆਣੇ ਦੇ ਇਕ ਹਸਪਤਾਲ ਵਿਚ ਨੌਕਰੀ ਕਰ ਲਈ। ਸਨਿਚਰ-ਐਤਵਾਰ ਛੁੱਟੀ ਹੋਣ ਕਰਕੇ ਬੀਬਾ ਨਾਲ ਸਟੇਜ ਪ੍ਰੋਗਰਾਮ ਲਾਏ ਜਾਂਦੇ। ਬੀਬਾ ਨਾਲ ਤਿੰਨ ਸਾਜ਼ੀ ਹੁੰਦੇ ਸਨ। ਹਾਰਮੋਨੀਅਮ ਉਹ ਖੁਦ ਵਜਾਉਂਦੇ ਸਨ। ਬੀਬਾ ਦਾ ਸ਼ਗਿਰਦ ਸੁਰਿੰਦਰ ਟੂਟੋਮਜਾਰੀਆ ਵੀ ਪ੍ਰੋਗਰਾਮਾਂ 'ਤੇ ਕਦੇ-ਕਦੇ ਨਾਲ ਚਲੇ ਜਾਇਆ ਕਰਦਾ। ਬੀਬਾ ਨੇ ਬੇਟੀਆਂ ਵਾਂਗ ਪਿਆਰ ਦੇ ਕੇ ਮਾਵੀ ਦੀ ਗਾਇਕੀ ਨੂੰ ਚਮਕਾਇਆ।

ਮਾਵੀ ਨੇ ਪਹਿਲੀ ਵਾਰ ਪੈਰੀਟੋਨ ਕੰਪਨੀ ਵੱਲੋਂ "ਪੜ੍ਹਨੋਂ ਹਟਾਈ ਮਿੱਤਰਾ" ਡਿਊਟ ਕੈਸਿਟ ਰਿਕਾਰਡ ਕਰਾਈ। ਦੂਜੀ ਸੋਲੋ ਕੈਸਿਟ ਅਤੁੱਲ ਸ਼ਰਮਾ ਦੇ ਸੰਗੀਤ ਵਿਚ "ਨੱਚਣਾ ਮੈਂ ਘੁੰਡ ਕੱਢ ਕੇ ਬਣ ਮੋਰਨੀ" ਫਾਈਨਟੋਨ ਕੰਪਨੀ ਵੱਲੋਂ ਤਿਆਰ ਕੀਤੀ ਗਈ। ਦੋਹਾਂ ਕੈਸਿਟਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਸਰੋਤਿਆਂ ਤੋਂ ਮਿਲੇ ਪਿਆਰ ਨਾਲ ਗਾਉਣ ਦਾ ਸ਼ੌਕ ਫਿਰ ਪ੍ਰੋਫੈਸ਼ਨ ਬਣ ਗਿਆ। ਉਸ ਤੋਂ ਬਾਅਦ ਟੀ. ਸੀਰੀਜ਼ ਦੀਆਂ "ਦਿਲ ਦਾ ਚੋਰ", "ਹਾਣ ਦਾ ਮੁੰਡਾ", "ਲੱਕ ਦੇ ਹੁਲਾਰੇ" ਅਤੇ "ਸੁਰਮਾ" ਕਈ ਕੈਸਿਟਾਂ ਆਈਆਂ। ਨਵੇਂ ਸਾਲ 'ਤੇ ਸ਼ਮਸ਼ੇਰ ਸੰਧੂ ਨੇ ਵੱਖਰੇ-ਵੱਖਰੇ ਗਾਇਕਾਂ ਨੂੰ ਲੈ ਕੇ ਗੀਤਾਂ ਦੀ ਕੈਸਿਟ ਟੀ. ਸੀਰੀਜ਼ ਵੱਲੋਂ 'ਗੁਲਦਸਤਾ' ਤਿਆਰ ਕੀਤੀ। ਲੋਪ ਹੋਈ ਜਾਂਦੀ ਪੱਗ ਨੂੰ ਸਾਂਭ ਕੇ ਰੱਖਣ ਲਈ ਮਾਵੀ ਨੇ ਸਭ ਨੂੰ ਪੈਗਾਮ ਦਿੱਤਾ ਹੈ:

"ਸੋਹਣੀ ਪੱਗ ਬੰਨ੍ਹ ਵੀਰਨਾ
ਰੁਲ ਜਾਣ ਨਾ ਸਿੱਖੀ ਸਰਦਾਰੀਆਂ।"

ਇਸ ਗੀਤ ਦੀਆਂ ਰਿੰਗ ਟੋਨਾਂ ਵੀ ਸੁਣੀਆਂ ਗਈਆਂ। ਟੀ. ਸੀਰੀਜ਼ ਵੱਲੋਂ ਹੀ ਮਰਹੂਮ ਚਰਨ ਸਿੰਘ ਸਫ਼ਰੀ ਦੇ ਲਿਖੇ ਰਵਿਦਾਸ ਮਹਾਰਾਜ ਦੇ ਧਾਰਮਿਕ ਗੀਤਾਂ ਦੀ ਕੈਸਿਟ ਰਿਕਾਰਡ ਹੋਈ। ਬੀਬਾ ਦੀ ਗਾਇਕੀ ਤੋਂ ਇਲਾਵਾ ਮਾਵੀ ਨੂੰ ਸਰਦੂਲ ਸਿਕੰਦਰ ਦੀ ਗਾਇਕੀ ਬਹੁਤ ਪਸੰਦ ਹੈ। ਮਾਵੀ ਦੇ ਦੱਸਣ ਅਨੁਸਾਰ ਸਰਦੂਲ ਦੇ ਗੀਤਾਂ ਵਿਚੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਪ੍ਰੋ. ਮੋਹਨ ਸਿੰਘ ਮੇਲੇ 'ਤੇ ਲੁਧਿਆਣੇ ਨੂੰ ਪਹਿਲਾਂ ਡਾ. ਨਰਿੰਦਰ ਕੌਰ ਦੇ ਨਾਂ ਨਾਲ ਪੇਸ਼ ਕਰਿਆ ਕਰਦੇ ਸਨ। ਸਰੋਤਿਆਂ ਦੇ ਦੱਸਣ ਅਨੁਸਾਰ ਆਵਾਜ਼ ਮਿਲਦੀ-ਜੁਲਦੀ ਹੋਣ ਕਰਕੇ ਨਰਿੰਦਰ ਬੀਬਾ ਦੀ ਬੇਟੀ ਦਾ ਭੁਲੇਖਾ ਪੈਂਦਾ ਸੀ। ਭੁਲੇਖਾ ਦੂਰ ਕਰਨ ਲਈ ਪਰਿਵਾਰਕ ਗੋਤ 'ਮਾਵੀ' ਹੋਣ ਕਰਕੇ ਡਾ. ਨਰਿੰਦਰ ਕੌਰ ਤੋਂ ਨਰਿੰਦਰ ਮਾਵੀ ਦਾ ਨਾਂ ਦਿੱਤਾ ਗਿਆ। ਗਾਇਕੀ ਖੇਤਰ ਵਿਚ ਨਰਿੰਦਰ ਮਾਵੀ ਦੇ ਨਾਂ ਦੀ ਪੱਕੀ ਮੋਹਰ ਲੱਗ ਗਈ। ਗਜ਼ਬ ਦੀ ਆਵਾਜ਼ ਹੋਣ ਕਰਕੇ ਨਰਿੰਦਰ



ਜਗਦੇਵ ਸਿੰਘ ਜੱਸੋਵਾਲ ਨੇ ਮਾਵੀ ਦੀ ਗਾਇਕੀ ਨੂੰ ਲੋਕਾਂ ਦੇ ਰੂ-ਬ-ਰੂ ਕੀਤਾ। ਜੱਸੋਵਾਲ ਵੱਲੋਂ ਦਿੱਤੇ ਹੌਸਲੇ ਨਾਲ ਮਾਵੀ ਦੀ ਹੋਰ ਪਛਾਣ ਬਣੀ। ਮਾਵੀ ਜੱਸੋਵਾਲ ਦਾ ਬਹੁਤ ਸਤਿਕਾਰ ਕਰਦੀ ਹੈ। ਪਹਿਲੀ ਵਾਰ ਜੱਸੋਵਾਲ ਨਾਲ ਡੈਨਮਾਰਕ ਜਾਣ ਦਾ ਮੌਕਾ ਮਿਲਿਆ। ਉਥੇ ਪ੍ਰੋ. ਮੋਹਣ ਸਿੰਘ ਮੇਲਾ ਲਾਇਆ। ਪ੍ਰਗਟ ਗਰੇਵਾਲ ਚੇਅਰਮੈਨ ਸਨ। ਨਰਿੰਦਰ ਮਾਵੀ ਅਤੇ ਅੰਗਰੇਜ਼ ਅਲੀ ਦੋਵੇਂ ਕਲਾਕਾਰ ਸਨ। ਬਾਕੀ ਉਥੋਂ ਦੇ ਲੋਕ ਕਲਾਕਾਰ ਸਨ ਜਿਨ੍ਹਾਂ ਨੇ ਗਿੱਧਾ, ਭੰਗੜਾ ਅਤੇ ਹੋਰ ਆਈਟਮਾਂ ਪੇਸ਼ ਕਰਕੇ ਵਾਹਵਾ ਰੰਗ ਬੰਨ੍ਹਿਆ।

ਨਰਿੰਦਰ ਬੀਬਾ ਸਟੇਜਾਂ 'ਤੇ ਨਰਿੰਦਰ ਮਾਵੀ ਦਾ ਨਾਂ ਫਿਜ਼ਾਵਾਂ ਵਿਚ ਗੂੰਜਣ ਲੱਗਾ। 25 ਪਿੰਡਾਂ ਦੀਆਂ ਪੰਚਾਇਤਾਂ ਨੇ ਅਜਨਾਲੇ ਵਡਮੁੱਲਾ ਮਾਣ ਸਤਿਕਾਰ ਦੇ ਕੇ ਨਵਾਜ਼ਿਆ। ਲੋਕਾਂ ਦੇ ਪਿਆਰ-ਸਤਿਕਾਰ ਦਾ ਪ੍ਰਤੀਕ, ਬੇਸ਼ੁਮਾਰ ਟਰਾਫ਼ੀਆਂ ਲੁਧਿਆਣੇ ਘਰ ਪਈਆਂ ਹਨ।

1999 'ਚ ਮਾਵੀ ਨੇ ਗ੍ਰਹਿਸਥੀ ਜੀਵਨ ਸ਼ੁਰੂ ਕੀਤਾ। ਜੀਵਨ ਸਾਥੀ ਨੇ ਬੜਾ ਸਾਥ ਦਿੱਤਾ। ਵਿਆਹ ਤੋਂ ਪਹਿਲਾਂ ਮਾਤਾ ਜੀ ਪ੍ਰੋਗਰਾਮਾਂ 'ਤੇ ਨਾਲ ਜਾਇਆ ਕਰਦੇ ਸਨ। ਵਿਆਹ ਤੋਂ ਬਾਅਦ ਇਹ ਜ਼ਿੰਮੇਵਾਰੀ ਜੀਵਨ ਸਾਥੀ ਨੇ ਸੰਭਾਲ ਲਈ ਅਤੇ ਵਿਆਹ ਤੋਂ ਬਾਅਦ ਵੀ ਗਾਇਕੀ ਜੀਵਨ ਵਿਚ ਕਦੇ ਖੜੋਤ ਨਹੀਂ ਆਈ।

ਅਮਰੀਕਾ ਆਉਣ ਤੋਂ ਬਾਅਦ ਵੀ ਗਾਇਕੀ ਵਹਿਣ ਚਲਦਾ ਰਿਹਾ। ਕੈਲੀਫੋਰਨੀਆ ਪ੍ਰੋਗਰਾਮ ਕਰਨ ਜਾਣ ਦਾ ਮੌਕਾ ਮਿਲਿਆ। ਇਸ ਗਰੁਪ ਵਿਚ ਸੁਰਿੰਦਰ ਸ਼ਿੰਦਾ, ਨਰਿੰਦਰ ਮਾਵੀ ਅਤੇ ਬਲਵਿੰਦਰ ਵਿੱਕੀ ਕਲਾਕਾਰ ਸਨ। ਸ਼ਿੰਦਾ ਇਸ ਪ੍ਰੋਗਰਾਮ ਦਾ ਮੁੱਖ ਕਲਾਕਾਰ ਸੀ। ਟੁੱਟ ਭਰਾਵਾਂ ਨੇ ਮਾਵੀ ਦਾ ਨਰਿੰਦਰ ਬੀਬਾ ਐਵਾਰਡ ਨਾਲ ਸਨਮਾਨ ਕੀਤਾ ਅਤੇ 'ਮਿਸ ਪੰਜਾਬਣ' ਚੁਣ ਕੇ 'ਖੰਡਾ' ਪਾਇਆ। ਆਸ਼ਾ ਸ਼ਰਮਾ ਉਸ ਵੇਲੇ ਸਟੇਜ ਸੰਚਾਲਕ ਸੀ। ਮਾਵੀ ਪਰਿਵਾਰ ਸਦਕਾ ਹੀ ਮਰਹੂਮ ਚਰਨ ਸਿੰਘ ਸਫ਼ਰੀ ਨੂੰ ਅਮਰੀਕਾ ਦੀ ਧਰਤੀ ਦੇ ਦਰਸ਼ਨ ਹੋਏ। ਕਈ ਪਾਠਕਾਂ, ਪ੍ਰੇਮੀਆਂ ਅਤੇ ਗੀਤਾਂ ਨਾਲ ਪ੍ਰੇਮ ਕਰਨ ਵਾਲਿਆਂ ਦੇ ਸੱਦੇ ਆਏ ਤੇ ਪ੍ਰਵਾਨ ਕੀਤੇ। ਕਈ ਗੁਰੂ ਘਰਾਂ ਅਤੇ ਸੰਸਥਾਵਾਂ ਵੱਲੋਂ ਮਾਨ-ਸਨਮਾਨ ਕੀਤਾ ਗਿਆ।

ਮਾਵੀ ਨੇ ਕਈ ਗੀਤਕਾਰਾਂ ਦੇ ਲਿਖੇ ਗੀਤ ਗਾਏ ਜਿਵੇਂ ਸਾਜਨ ਰਾਏਕੋਟੀ, ਸ਼ਮਸ਼ੇਰ ਸੰਧੂ, ਜਸਵੀਰ ਗੁਣਾਚੌਰੀਆ, ਗਿੱਲ ਹਰਦੀਪ, ਹਰਵਿੰਦਰ ਉਹੜਪੁਰੀ, ਕਰਮਜੀਤ ਕੱਦੋਂ, ਸਰਬਜੀਤ ਮੰਗਲੀ ਅਤੇ ਹੋਰ।

ਮਾਵੀ ਜ਼ਿੰਦਗੀ ਤੋਂ ਪੂਰਨ ਸੰਤੁਸ਼ਟ ਹਨ। ਪਿਤਾ ਦੀ ਮੌਤ ਤੋਂ ਬਾਅਦ ਸਾਰੀਆਂ ਜ਼ਿੰਮੇਵਾਰੀਆਂ ਮਾਤਾ ਨੇ ਬੜੇ ਹੌਸਲੇ ਨਾਲ ਨਿਭਾਈਆਂ। ਫਰੀਡਮ ਟਾਈਟਰ ਪਰਿਵਾਰ ਵਿਚੋਂ ਮਾਤਾ ਲੁਧਿਆਣਾ ਲੇਡੀ ਵਿੰਗ ਦੇ ਪ੍ਰਧਾਨ ਹਨ। ਤਿੰਨ ਭੈਣਾਂ ਅਤੇ ਇਕ ਭਰਾ ਹੈ। ਇਕ ਭੈਣ ਅਮਰੀਕਾ ਅਤੇ ਦੋ ਲੁਧਿਆਣੇ ਹਨ। ਭਰਾ ਲੁਧਿਆਣੇ ਆਪਣਾ ਕਾਰੋਬਾਰ ਕਰ ਰਿਹਾ ਹੈ। ਦੋ ਬੱਚੇ-ਇਕ ਬੇਟਾ, ਇਕ ਬੇਟੀ।

ਮਾਵੀ ਨੇ ਬੇਸੁਰੀ ਗਾਇਕੀ ਦੇ ਇਸ ਦੌਰ ਵਿਚ ਸੁਰ-ਤਾਲ ਦੀ ਸੁਰ-ਸਾਧਨਾ ਨਾਲ ਹਰ ਵਰਗ ਦੇ ਸਰੋਤਿਆਂ ਲਈ ਧਾਰਮਿਕ, ਲੋਕ ਗੀਤ, ਇਨਕਲਾਬੀ ਅਤੇ ਸਭਿਆਚਾਰਕ ਗੀਤਾ ਗਾ ਕੇ ਲੋਕ ਦਿਲਾਂ 'ਚ ਘਰ ਕੀਤਾ। ਬੀਬਾ ਦੀ ਮੌਤ ਦਾ ਮਾਵੀ ਨੂੰ ਡੂੰਘਾ ਸਦਮਾ ਪੁੱਜਾ। ਜ਼ਿੰਦਗੀ ਅਧੂਰੀ ਹੋ ਗਈ। ਬੀਬਾ ਮਾਵੀ ਨਾਲ ਅਮਰੀਕਾ ਆਉਣ ਦਾ ਪ੍ਰੋਗਰਾਮ ਬਣਾ ਰਹੇ ਸਨ। ਬਹੁਤ ਕੁਝ ਧਰਿਆ-ਧਰਾਇਆ ਰਹਿ ਗਿਆ। ਅੱਜ ਮਾਵੀ ਜੋ ਵੀ ਹੈ, ਨਰਿੰਦਰ ਬੀਬਾ ਦੀ ਬਦੌਲਤ ਹੈ। ਯਾਦਾਂ ਦੀ ਪਿਟਾਰੀ ਨੂੰ ਹਰ ਦਮ ਸੀਨੇ ਨਾਲ ਲਾਈ ਫਿਰਦੀ ਹੈ ਨਰਿੰਦਰ ਮਾਵੀ।

ਜੱਬੋਵਾਲੀਆ ਗਾਉਣਾ ਗਾਉਣਾ ਸਭ ਕਰਦੇ ਨੇ,
ਗਾਉਣ ਨੂੰ ਕੀਹਦਾ ਨੀ ਦਿਲ ਕਰਦਾ।
ਚੰਗੇ ਉਸਤਾਦ ਦਾ ਹੋਵੇ ਚੰਡਿਆ ਜੋ,
ਉਹੀ ਸਟੇਜਾਂ 'ਤੇ ਗਾ ਸਕਦਾ।
ਕੋਇਲ ਪੰਜਾਬ ਦੀ ਬੀਬਾ ਵਾਂਗ,
ਵਾਰਾਂ ਵਿਰਲਾ ਕੋਈ ਗਾ ਸਕਦਾ।
ਕਿਸਮਤ ਵਾਲਾ ਹੀ ਫ਼ਨਕਾਰ ਕੋਈ,
ਬੇਲੀ ਰਾਮ ਦੇ ਅਲਗੋਜ਼ਿਆਂ ਨਾਲ ਗਾ ਸਕਦਾ।

# ਕੀ ਹੈ ਜੋਤਿਸ਼ ਦਾ ਸੱਚ

ਜੋਤਿਸ਼ ਵਿਗਿਆਨ

ਪੰਕਜ ਗੋਗਨਾ ਵੈਨਕੂਵਰ*

ਦਰਅਸਲ ਰਾਸ਼ੀਆਂ ਮਨੁੱਖ ਦੇ ਸੁਭਾਅ ਅਤੇ ਸ਼ਖ਼ਸੀਅਤ ਦਾ ਆਈਨਾ ਹੁੰਦੀਆਂ ਹਨ। ਕਿਸੇ ਰਾਸ਼ੀ ਤੋਂ ਕਿਸੇ ਵੀ ਮਨੁੱਖ ਅਤੇ ਉਸ ਦੀ ਸ਼ਖ਼ਸੀਅਤ ਬਾਰੇ ਡੂੰਘਾਈ ਵਿਚ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਦਾਹਰਣ ਵਾਸਤੇ, ਜੇਕਰ ਕਿਸੇ ਮਨੁੱਖ ਦੀ 'ਸਿੰਘ' ਰਾਸ਼ੀ ਹੈ ਤਾਂ ਉਸ ਮਨੁੱਖ ਦਾ ਆਕਾਰ ਸ਼ੇਰ ਦੀ ਤਰ੍ਹਾਂ ਹੋਵੇਗਾ, ਅਰਥਾਤ ਉਹ ਬਹੁਤ ਜ਼ਿਆਦਾ ਦਲੇਰ, ਚੁਸਤ, ਲੰਬਾ, ਚੌੜਾ, ਮਜ਼ਬੂਤ ਅਤੇ ਆਪਣੇ ਇਲਾਕੇ ਵਿਚ ਇਕੱਲਾ ਰਾਜ ਕਰਨ ਵਾਲਾ ਹੋਵੇਗਾ। ਆਮ ਤੌਰ 'ਤੇ ਲੋਕਾਂ ਨੂੰ ਆਪਣੀਆਂ ਰਾਸ਼ੀਆਂ ਦਾ ਪਤਾ ਹੀ ਨਹੀਂ ਹੁੰਦਾ ਕਿ ਉਹ ਕਿਹੜੀ ਰਾਸ਼ੀ ਨਾਲ ਸਬੰਧਤ ਹਨ। ਕੁਝ ਲੋਕ ਤਾਂ ਜਨਮ ਮਹੀਨੇ ਦੇ ਹਿਸਾਬ ਨਾਲ ਰਾਸ਼ੀਆਂ ਦੀ ਗਣਨਾ ਕਰਦੇ ਹਨ ਅਤੇ ਕੁਝ ਲੋਕ ਆਪਣੇ ਨਾਮ ਦੇ ਅੱਖਰ ਦੇ ਹਿਸਾਬ ਨਾਲ, ਪਰ ਅਸਲ ਵਿਚ ਆਪਣੀ ਰਾਸ਼ੀ ਦੀ ਸਹੀ ਗਣਨਾ ਕਰਨ ਵਾਸਤੇ ਜਨਮ ਕੁੰਡਲੀ ਵੇਖਣੀ ਚਾਹੀਦੀ ਹੈ। ਮਨੁੱਖ ਦੀ ਜਨਮ ਕੁੰਡਲੀ ਵਿਚ ਚੰਦਰਮਾ ਜਿਸ ਰਾਸ਼ੀ ਵਿਚ ਬੈਠਾ ਹੁੰਦਾ ਹੈ, ਉਹ ਰਾਸ਼ੀ ਹੀ ਮਨੁੱਖ ਦੀ ਅਸਲੀ ਰਾਸ਼ੀ ਹੁੰਦੀ ਹੈ। ਚੰਦਰਮਾ ਅਸਲ ਵਿਚ ਮਨ ਦਾ ਕਾਰਕ ਗ੍ਰਹਿ ਹੈ ਅਤੇ ਸਾਡੀ ਧਰਤੀ ਤੋਂ ਬਾਕੀ ਗ੍ਰਹਿਆਂ ਦੇ ਮੁਕਾਬਲੇ ਸਭ ਤੋਂ ਵੱਧ ਨੇੜੇ ਹੈ। ਇਸ ਕਾਰਨ ਚੰਦਰਮਾ ਦਾ ਸਾਡੇ ਮਨ ਅਤੇ ਸਰੀਰ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਜਿਸ ਤਰ੍ਹਾਂ ਕੋਈ ਝੋਲਾ-ਛਾਪ ਡਾਕਟਰ ਸਾਡੇ ਸਰੀਰ ਦੇ ਰੋਗਾਂ ਦੀ ਪਛਾਣ ਨਹੀਂ ਕਰ ਸਕਦਾ ਤੇ ਨਾ ਹੀ ਸਾਡੀ ਬਿਮਾਰੀ ਅਤੇ ਰੋਗ ਦਾ ਇਲਾਜ ਕਰ ਸਕਦਾ ਹੈ, ਉਸੇ ਤਰ੍ਹਾਂ ਕੋਈ ਅਣਜਾਣ ਜੋਤਿਸ਼ੀ ਗ੍ਰਹਿਆਂ ਸਬੰਧੀ ਸਾਡੀਆਂ ਮੁਸੀਬਤਾਂ ਦੂਰ ਨਹੀਂ ਕਰ ਸਕਦਾ। ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਠੱਗ, ਝੋਲਾ-ਛਾਪ ਜੋਤਸ਼ੀਆਂ ਦੀਆਂ ਗੱਲਾਂ ਵਿਚ ਨਾ ਆਈਏ ਜੋ ਸਾਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਸਾਡੀ ਮਿਹਨਤ ਦੀ ਕਮਾਈ ਲੁੱਟਦੇ ਹਨ।

ਕੁੰਡਲੀ ਵੇਖ ਕੇ ਇਹ ਚੰਗੀ ਤਰ੍ਹਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਚੀਜ਼ ਉਸ ਬੰਦੇ ਦੇ ਕਰਮਾਂ ਵਿਚ ਹੈ ਜਾਂ ਨਹੀਂ ਜਿਸ ਦੀ ਉਹ ਕਾਮਨਾ ਕਰ ਰਿਹਾ ਹੈ। ਉਦਾਹਰਣ ਲਈ, ਜੇਕਰ ਕੋਈ ਮਨੁੱਖ ਵਿਦੇਸ਼ ਜਾਣ ਦਾ ਚਾਹਵਾਨ ਹੈ ਤਾਂ ਇਹ ਚੀਜ਼ ਉਸ ਦੀ ਕੁੰਡਲੀ ਵੇਖ ਕੇ ਦੱਸੀ ਜਾ ਸਕਦੀ ਹੈ ਕਿ ਉਹ ਵਿਦੇਸ਼ੀ ਧਰਤੀ 'ਤੇ ਕਦਮ ਰੱਖ ਸਕੇਗਾ ਜਾਂ ਨਹੀਂ। ਇਸ ਚੀਜ਼ ਨੂੰ ਹੀ ਜੋਤਿਸ਼ ਕਿਹਾ ਜਾਂਦਾ ਹੈ ਅਰਥਾਤ ਭਵਿੱਖ ਦਾ ਅੰਦਾਜ਼ਾ ਲਗਾਉਣਾ। ਕਿਸੇ ਕੁਸ਼ਲ ਜੋਤਿਸ਼ੀ ਕੋਲ ਆਪਣੀ ਜਨਮ ਕੁੰਡਲੀ ਦਿਖਾ ਕੇ ਮਨੁੱਖ ਆਪਣੇ ਭਵਿੱਖ ਬਾਰੇ ਥੋੜ੍ਹਾ-ਬਹੁਤ ਅੰਦਾਜ਼ਾ ਲਗਾ ਸਕਦਾ ਹੈ ਅਤੇ ਜ਼ਿੰਦਗੀ ਬਾਰੇ ਸਹੀ ਫੈਸਲਾ ਕਰ ਸਕਦਾ ਹੈ।

ਹੁਣ ਜਨਮ ਕੁੰਡਲੀ ਬਣਾਉਣ ਅਤੇ ਇਸ ਦੇ ਘਰਾਂ ਬਾਰੇ ਗੱਲ ਕਰਦੇ ਹਾਂ ਤਾਂ ਕਿ ਤੁਹਾਨੂੰ ਸਭ ਨੂੰ ਜੋਤਿਸ਼ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਹੋ ਜਾਵੇ ਅਤੇ ਤੁਸੀਂ ਘੱਟੋ-ਘੱਟ ਜੋਤਿਸ਼ ਬਾਰੇ ਇੰਨਾ ਕੁ ਤਾਂ ਜਾਣ ਲਵੋ ਕਿ ਕੋਈ ਤੁਹਾਨੂੰ ਜੋਤਿਸ਼ ਦੇ ਨਾਂ 'ਤੇ ਬੇਵਕੂਫ ਨਾ ਬਣਾ ਸਕੇ। ਕਿਸੇ ਵੀ ਵਿਅਕਤੀ ਦੀ ਜਨਮ ਕੁੰਡਲੀ ਬਣਾਉਣ ਵਾਸਤੇ ਜਨਮ ਤਾਰੀਖ, ਜਨਮ ਸਮਾਂ ਅਤੇ ਜਨਮ ਸਥਾਨ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਵਿਅਕਤੀ ਨੂੰ ਆਪਣੀ ਜਨਮ ਤਰੀਖ, ਸਮਾਂ ਜਾਂ ਸਥਾਨ ਬਾਰੇ ਕੋਈ ਜਾਣਕਾਰੀ ਨਹੀਂ ਹੈ ਤਾਂ ਉਸ ਵਿਅਕਤੀ ਦੀ ਜਨਮ ਕੁੰਡਲੀ, ਪ੍ਰਸ਼ਨ ਕੁੰਡਲੀ ਬਣਾ ਕੇ ਬਣਾਈ ਜਾਂਦੀ ਹੈ ਅਤੇ ਉਸ ਦੀ ਜ਼ਿੰਦਗੀ ਵਿਚ ਅੱਗਿਓਂ ਵਾਪਰਨ ਵਾਲੀਆਂ ਘਟਨਾਵਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਆਮ ਤੌਰ 'ਤੇ ਜਦੋਂ ਕੋਈ ਵਿਅਕਤੀ ਕਿਸੇ ਪਾਖੰਡੀ ਜੋਤਿਸ਼ੀ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਹ ਜੋਤਿਸ਼ੀ ਉਸ ਵਿਅਕਤੀ ਦੀ ਮਾਨਸਿਕ ਹਾਲਤ ਦਾ ਅੰਦਾਜ਼ਾ ਲਗਾ ਕੇ ਉਸ ਨੂੰ ਵਹਿਮ ਵਿਚ ਪਾ ਕੇ ਉਸ ਨੂੰ ਆਰਥਿਕ ਤੌਰ 'ਤੇ ਲੁੱਟਣ ਦੀ ਕੋਸ਼ਿਸ਼ ਕਰਦਾ ਹੈ। ਉਸ ਜੋਤਿਸ਼ੀ ਦਾ ਮੁੱਖ ਹਥਿਆਰ ਹੁੰਦਾ ਹੈ ਕਿ ਤੁਹਾਡੇ ਉਪਰ ਕਿਸੇ ਨੇ ਜਾਦੂ ਟੂਣਾ ਕਰ ਦਿੱਤਾ ਹੈ ਜਿਸ ਕਰਕੇ ਤੁਹਾਡਾ ਕੰਮ ਨਹੀਂ ਬਣਦਾ ਜਾਂ ਬਣਦਾ-ਬਣਦਾ ਰੁਕ ਜਾਂਦਾ ਹੈ। ਇਕ ਤਾਂ ਵਿਅਕਤੀ ਪਹਿਲਾਂ ਹੀ ਕੁਝ ਪ੍ਰੇਸ਼ਾਨ ਹੁੰਦਾ ਹੈ ਅਤੇ ਜਦੋਂ ਉਹ ਅਜਿਹੇ ਜੋਤਿਸ਼ੀ ਉਸ ਨੂੰ ਜਾਦੂ ਟੂਣੇ ਦਾ ਦੱਸਦਾ ਹੈ ਤਾਂ ਉਹ ਹੋਰ ਵੀ ਡਰ ਜਾਂਦਾ ਹੈ ਅਤੇ ਕਿਸੇ ਵੀ ਹਾਲਤ ਵਿਚ ਸਾਰੀਆਂ ਮੁਸੀਬਤਾਂ ਵਿਚੋਂ ਬਾਹਰ ਲਿਆਉਣ ਵਾਸਤੇ ਉਸ ਜੋਤਿਸ਼ੀ ਅੱਗੇ ਪ੍ਰਾਰਥਨਾ ਕਰਦਾ ਹੈ। ਬੱਸ, ਉਸ ਦੀ ਇਸੇ ਮਾਨਸਿਕ ਹਾਲਤ ਦਾ ਫਾਇਦਾ ਉਹ ਪਾਖੰਡੀ ਚੁੱਕ ਲੈਂਦਾ ਹੈ। ਕੁਝ ਲੋਕ ਕੁਝ ਜ਼ਿਆਦਾ ਹੀ ਵਹਿਮੀ-ਭਰਮੀ ਹੁੰਦੇ ਹਨ ਅਤੇ ਉਸ ਪਾਖੰਡੀ ਦੀਆਂ ਗੱਲਾਂ ਨੂੰ ਦਿਲ ਨਾਲ ਲਗਾ ਕੇ ਆਪਣਾ ਸਾਰਾ ਕੁਝ ਬਰਬਾਦ ਕਰ ਲੈਂਦੇ ਹਨ। ਇਸ ਲਈ ਮੈਂ ਆਪਣੇ ਭੈਣ-ਭਰਾਵਾਂ ਨੂੰ ਕਹਿਣਾ ਚਾਹੁੰਦਾ ਹੈ ਕਿ ਜੋਤਿਸ਼ ਦੇ ਨਾਂ 'ਤੇ ਹੋਣ ਵਾਲੀ ਠੱਗੀ ਤੋਂ ਬਚਣਾ ਚਾਹੀਦਾ ਹੈ ਅਤੇ ਜੋਤਿਸ਼ ਦੇ ਜਾਣਕਾਰ ਵਿਅਕਤੀ ਨੂੰ ਹੀ ਆਪਣੀ ਕੁੰਡਲੀ ਅਤੇ ਵਿਚਾਰ ਕਰਨ ਲਈ ਕਹਿਣਾ ਚਾਹੀਦਾ ਹੈ।

*(ਚਲਦਾ)*

**ਫੋਨ: 604-961-6635*

# ਮਾਈ ਗੁਰ ਚਰਨੀ ਚਿਤੁ ਲਾਈਐ॥

ੴ ਸਤਿਗੁਰ ਪ੍ਰਸਾਦਿ
ਦੇਵ ਗੰਧਾਰੀ ਮਹਲਾ 5 ਘਰੁ 2
ਮਾਈ ਗੁਰ ਚਰਨੀ ਚਿਤੁ ਲਾਈਐ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ॥ ਰਹਾਉ॥
ਅੰਤਰਿ ਏਕੋ ਬਾਹਰਿ ਏਕੋ
ਸਭ ਮਹਿ ਏਕੁ ਸਮਾਈਐ॥
ਘਟਿ ਅਵ ਘਟਿ ਰਵਿਆ ਸਭ ਠਾਈ
ਹਰਿ ਪੂਰਨ ਬ੍ਰਹਮ ਦਿਖਾਈਐ॥
ਉਸਤਤਿ ਕਰਹਿ ਸੇਵਕ ਮੁਨਿ ਕੇਤੇ
ਤੇਰਾ ਅੰਤੁ ਨ ਕਤਹੂ ਪਾਈਐ॥
ਸੁਖ ਦਾਤੇ ਦੁਖ ਭੰਜਨ ਸੁਆਮੀ
ਜਨ ਨਾਨਕ ਸਦ ਬਲਿ ਜਾਈਐ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਪਾਵਨ ਸ਼ਬਦ ਅੰਦਰ ਸੰਸਾਰ ਦੇ ਜੀਵਾਂ ਨੂੰ ਪ੍ਰੇਰਨਾ ਦੇ ਰਹੇ ਹਨ ਕਿ ਹੇ ਭਾਈ! ਗੁਰੂ ਦੀ ਕ੍ਰਿਪਾ ਸਦਕਾ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ।

ਮਾਈ ਗੁਰ ਚਰਨੀ ਚਿਤੁ ਲਾਈਐ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ॥ ਰਹਾਉ॥

ਹੇ ਮਾਂ! ਸਾਨੂੰ ਆਪਣਾ ਚਿਤ ਸਦਾ ਹੀ ਗੁਰੂ ਦੇ ਚਰਨਾਂ ਵਿਚ ਜੋੜਨਾ ਚਾਹੀਦਾ ਹੈ, ਕਿਉਂਕਿ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਹੀ ਉਹ ਮਾਲਕ ਪ੍ਰਭੂ ਜਦ ਮਿਹਰਬਾਨ ਹੁੰਦਾ ਹੈ ਤਾਂ ਹਿਰਦਾ ਰੂਪੀ ਕੰਵਲ ਫੁੱਲ ਖਿੜ ਉਠਦਾ ਹੈ; ਤਾਂ ਤੇ, ਹੇ ਮਾਂ! ਆਪਣੇ ਗੁਰੂ ਦੀ ਮੱਤ ਨੂੰ ਲੈ ਕੇ ਉਸ ਪਾਵਨ ਪ੍ਰਭੂ ਦੀ ਅਰਾਧਨਾ ਕਰਨੀ ਚਾਹੀਏ ਅਤੇ ਹਰ ਸਮੇਂ ਹੀ ਉਸ ਨੂੰ ਯਾਦ ਕਰਨਾ ਚਾਹੀਏ,

ਅੰਤਰਿ ਏਕੋ ਬਾਹਰਿ ਏਕੋ
ਸਭ ਮਹਿ ਏਕੁ ਸਮਾਈਐ॥
ਘਟਿ ਅਵ ਘਟਿ ਰਵਿਆ ਸਭ ਠਾਈ
ਹਰਿ ਪੂਰਨ ਬ੍ਰਹਮ ਦਿਖਾਈਐ॥

ਸਭ ਜੀਵਾਂ ਦੇ ਅੰਦਰ ਉਹ ਇਕ ਪ੍ਰਭੂ ਹੀ ਨਿਵਾਸ ਕਰਦਾ ਹੈ ਅਤੇ ਬਾਹਰ ਭਾਵ ਇਸ ਸਾਰੇ

ਗੁਰਬਾਣੀ ਗਿਆਨ

ਸੰਸਾਰ 'ਚ ਜੋ ਦਿਖਾਈ ਦਿੰਦਾ ਹੈ, ਉਸ ਸਭ ਵਿਚ ਭੀ ਉਹ ਆਪ ਹੀ ਵੱਸ ਰਿਹਾ ਹੈ ਅਤੇ ਇਸ ਸਾਰੀ ਸ੍ਰਿਸ਼ਟੀ ਵਿਚ ਭੀ ਉਹ ਪ੍ਰਭੂ ਆਪ ਹੀ ਸਮਾਇਆ ਹੋਇਆ ਹੈ। ਹੇ ਮਾਂ! ਹਰ ਇਕ ਸਰੀਰ 'ਚ ਅਤੇ ਹਰ ਥਾਂ 'ਤੇ ਪ੍ਰਭੂ ਆਪ ਹੀ ਵੱਸਿਆ ਹੋਇਆ ਹੈ ਕਿਉਂਕਿ ਇਹ ਜਗਤ ਉਹਦਾ ਹੀ ਸਰੂਪ ਹੈ,

ਉਸਤਤਿ ਕਰਹਿ ਸੇਵਕ ਮੁਨਿ ਕੇਤੇ
ਤੇਰਾ ਅੰਤੁ ਨ ਕਤਹੂ ਪਾਈਐ॥
ਸੁਖ ਦਾਤੇ ਦੁਖ ਭੰਜਨ ਸੁਆਮੀ
ਜਨ ਨਾਨਕ ਸਦ ਬਲਿ ਜਾਈਐ॥

ਹੇ ਮੇਰੇ ਸੋਹਣੇ ਪ੍ਰਭ ਜੀਉ! ਅਣਗਿਣਤ ਹੀ ਰਿਸ਼ੀ-ਮੁਨੀ ਅਤੇ ਅਣਗਿਣਤ ਹੀ ਤੇਰੇ ਸੇਵਕ ਜਨ ਭੀ ਤੇਰੀ ਉਸਤਤ ਕਰ ਰਹੇ ਹਨ, ਪਰ ਮੇਰੇ ਪ੍ਰਭੂ ਜੀਉ! ਕਿਸੇ ਪਾਸੋਂ ਭੀ ਤੇਰਾ ਅੰਤ ਨਹੀਂ ਪਾਇਆ ਜਾ ਸਕਿਆ ਅਤੇ ਹੇ ਮੇਰੇ ਸੁਖਦਾਤੇ! ਸਾਨੂੰ ਸੁੱਖ ਦੇਣ ਵਾਲੇ ਪ੍ਰਭੂ ਜੀਉ, ਅਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਮੇਰੇ ਸੁਆਮੀ ਜੀਉ, ਇਹ ਨਾਨਕ ਦਾਸ ਭੀ ਸਦਾ ਹੀ ਆਪ ਜੀ ਤੋਂ ਬਲਿਹਾਰ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# 'ਬਾਂਦਰਾਂ ਹੱਥ ਬੰਦੂਕਾਂ' ਵਾਲੀ ਕਹਾਵਤ ਲਾਗੂ ਹੋਣ ਲੱਗੀ ਪੰਜਾਬੀ ਗਾਇਕੀ 'ਤੇ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਤੁਹਾਨੂੰ ਯਾਦ ਹੀ ਹੋਵੇਗਾ ਕਿ ਪਿੱਛੇ ਜਿਹੇ ਇੱਕ ਕਲਾਕਾਰ ਸਟੇਜ 'ਤੇ ਗਾ ਰਿਹਾ ਸੀ ਤਾਂ ਸ਼ਰਾਬੀ ਬਰਾਤੀਆਂ ਨੱਚਦਿਆਂ-ਨੱਚਦਿਆਂ ਉਹਦੇ ਵੱਲ ਰਿਵਾਲਵਰ ਕਰਕੇ ਗੋਲੀ ਚਲਾ ਦਿੱਤੀ ਸੀ। ਅਗਲੇ ਦਿਨ ਖ਼ਬਰਾਂ ਛਪੀਆਂ ਸੀ ਕਿ 'ਚੰਡੀਗੜ੍ਹੀਆ ਕਲਾਕਾਰ ਵਾਲ-ਵਾਲ ਬਚਿਆ।' ਉਸ ਦੇ ਬਚਾਅ ਦੀ ਖੁਸ਼ੀ ਤਾਂ ਹੋਈ ਪਰ ਨਾਲ ਹੀ ਦੋ ਕੁ ਮਹੀਨੇ ਪਹਿਲਾਂ ਇੱਕ ਗੀਤ ਦੇ ਫ਼ਿਲਮਾਂਕਣ ਵਿਚ ਉਸ ਵੱਲੋਂ ਚਲਾਈਆਂ ਦਰਜਨ ਤੋਂ ਵੱਧ ਗੋਲੀਆਂ ਵਾਲਾ ਵਾਕਾ ਚੇਤੇ ਆ ਗਿਆ। ਮਿੱਤਰਾਂ ਦਾ ਨਾਂ ਸੁਰਖੀਆਂ 'ਚ ਰਹਿਣ ਨਾਲ ਸਬੰਧਤ ਉਸ ਦੇ ਢਾਈ-ਤਿੰਨ ਮਿੰਟ ਦੇ ਗਾਣੇ ਵਿਚ ਅੰਨ੍ਹੇਵਾਹ ਫਾਇਰਿੰਗ ਦਿਖਾਈ ਗਈ ਸੀ। ਗਾਣਾ ਸਿੱਧ ਕਰਦਾ ਸੀ ਕਿ ਬੰਦੂਕਾਂ ਰੱਖਣ ਵਾਲੇ ਤੇ ਗੋਲੀਆਂ ਚਲਾਉਣ ਗ਼ੈਰਤ ਦੇ ਪੁੰਜ ਹੁੰਦੇ ਨੇ। ਪਰ ਜਦੋਂ ਖੁਦ ਵੱਲ ਗੋਲੀ ਚੱਲੀ ਤਾਂ ਉਹ ਕਲਾਕਾਰ ਘਬਰਾ ਗਿਆ।

ਕਹਿਣ ਦਾ ਭਾਵ ਕਲਾਕਾਰ ਗਾਣਿਆਂ ਜ਼ਰੀਏ ਲੋਕਾਂ ਦੇ ਨਿਆਣਿਆਂ ਨੂੰ ਡੱਬ 'ਚ ਰਿਵਾਲਵਰ ਰੱਖਣ ਅਤੇ ਜੀਹਨੂੰ ਮਰਜ਼ੀ ਗੋਲੀ ਮਾਰਨ ਦੀ ਸਲਾਹ ਦਿੰਦੇ ਨੇ ਪਰ ਜਦੋਂ ਖੁਦ ਨੂੰ ਬਿਪਤਾ ਪੈਂਦੀ ਹੈ ਤਾਂ ਸਟੇਜ ਤੋਂ ਵਾਰ-ਵਾਰ ਕਹਿੰਦੇ ਨੇ, 'ਜੇ ਗੋਲੀ ਚਲਾਓਗੇ ਤਾਂ ਮੈਂ ਗਾਉਣਾ ਬੰਦ ਕਰ ਦਿਆਂਗਾ... ਏਦਾਂ ਕਿਸੇ ਦਾ ਵੀ ਨੁਕਸਾਨ ਹੋ ਸਕਦੈ।'

ਪਿਛਲੇ ਕੁੱਝ ਸਮੇਂ ਤੋਂ ਪੰਜਾਬ ਦੇ ਇੱਕ ਕਲਾਕਾਰ ਦੀ ਪਛਾਣ ਹੀ ਗੋਲੀਆਂ ਵਾਲੇ ਗਾਇਕ ਵਜੋਂ ਬਣੀ ਹੋਈ ਏ, ਉਹਦੇ ਤਿੰਨ-ਚਾਰ ਇਹੋ ਜਿਹੇ ਗਾਣੇ ਹਿੱਟ ਵੀ ਹੋਏ ਨੇ। ਜਦੋਂ ਉਹ ਉਨ੍ਹਾਂ ਗੀਤਾਂ ਨੂੰ ਸਟੇਜ 'ਤੇ ਗਾਉਂਦੈ ਤਾਂ ਭੂਸਰੀ ਮੁੰਡੀਰ ਰਿਵਾਲਵਰ ਕੱਢ ਫਾਇਰਿੰਗ ਕਰਨ ਲੱਗਦੀ ਏ। ਉਸ ਵੇਲੇ ਕਲਾਕਾਰ ਦੇ ਸਾਹ ਸੁੱਕਣ ਲੱਗਦੇ ਨੇ। ਉਹ ਵਾਰ-ਵਾਰ ਆਖਦੈ, 'ਮੈਂ ਅਸਲ 'ਚ ਗੋਲੀਆਂ ਚਲਾਉਣ ਤੋਂ ਡਰਦਾ ਹਾਂ...ਵੀਡੀਓ 'ਚ ਚਲਾਈਆਂ ਗੋਲੀਆਂ ਦੀ ਰੀਸ ਨਾ ਕਰੋ...ਉਹ ਤਾਂ ਨਕਲੀ ਹੁੰਦੀਆਂ ਨੇ... ਏਦਾਂ ਬੰਦਾ ਮਰ ਸਕਦੈ...ਇਨ੍ਹਾਂ ਤੋਂ ਬਚੋ...ਬਚੋ।'

ਹੈ ਨਾ ਕਮਾਲ ਕਿ ਜਿਹੜੇ ਗਾਇਕ ਗੀਤਾਂ ਜ਼ਰੀਏ ਨੌਜਵਾਨਾਂ ਨੂੰ ਬੰਦੇ ਮਾਰਨ ਲਈ ਉਕਸਾਉਂਦੇ ਨੇ, ਡੱਬ 'ਚ ਰਿਵਾਲਵਰ ਨੂੰ ਸ਼ਾਨ ਦਾ ਪ੍ਰਤੀਕ ਦੱਸਦੇ ਨੇ ਤੇ ਜੀਹਨੂੰ ਜਦੋਂ ਮਰਜ਼ੀ ਮਾਰ ਦੇਣ ਦੀ ਰਾਇ ਦਿੰਦੇ ਨੇ, ਜੇ ਉਨ੍ਹਾਂ ਵੱਲ ਕੋਈ ਸ਼ਰਾਬੀ ਫਾਇਰ ਕਰ ਦੇਵੇ ਤਾਂ ਉਨ੍ਹਾਂ ਦੀ ਪੈਂਟ ਗਿੱਲੀ ਹੁੰਦਿਆਂ ਦੇਰ ਨਹੀਂ ਲੱਗਦੀ। ਲੋਕਾਂ ਨੂੰ ਪੁੱਠੀ ਮੱਤ ਦੇਣ ਵਾਲੇ ਖੁਦ ਏਨੀ ਛੇਤੀ ਕਿਉਂ ਘਬਰਾ ਜਾਂਦੇ ਨੇ? ਇਹ ਤਾਂ ਰੱਬ ਹੀ ਜਾਣਦੈ, ਪਰ ਇੱਕ ਗੱਲ ਪੱਕੀ ਹੈ ਕਿ ਰਿਵਾਲਵਰਾਂ, ਰਫ਼ਲਾਂ, ਗੰਡਾਸਿਆਂ ਤੇ ਕਿਰਚਾਂ ਦੀ ਗੱਲ ਕਰਨ ਵਾਲਿਆਂ 'ਚੋਂ ਬਹੁਤੇ ਅਜਿਹੇ ਨੇ ਜਿਨ੍ਹਾਂ ਕਦੇ ਕੁੱਤੇ ਦੇ ਸੋਟੀ ਨਹੀਂ ਮਾਰੀ ਹੁੰਦੀ।

ਕਲਾਕਾਰਾਂ ਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਰਹਿੰਦੈ ਕਿ ਸਾਡੇ ਗਾਣਿਆਂ 'ਤੇ ਵਾਰ-ਵਾਰ ਕਿੰਤੂ ਕੀਤਾ ਜਾਂਦੈ ਪਰ ਇਸ ਗੱਲ 'ਤੇ ਉਨ੍ਹਾਂ ਕਦੇ ਅਫ਼ਸੋਸ ਨਹੀਂ ਕੀਤਾ ਕਿ ਉਹ ਗਾ ਕੀ ਰਹੇ ਨੇ?

ਇਨ੍ਹੀਂ ਦਿਨੀਂ ਚਾਰ ਅਜਿਹੇ ਗੀਤਾਂ ਦੀ ਚਰਚਾ ਹੈ, ਜਿਨ੍ਹਾਂ 'ਚੋਂ ਦੋ ਅਸਲੋਂ ਨਵਿਆਂ ਦੇ ਹਨ ਤੇ ਦੋ ਅਜਿਹਿਆਂ ਦੇ ਜਿਨ੍ਹਾਂ ਆਪਣੇ ਗਾਇਕੀ ਸਫ਼ਰ ਦੌਰਾਨ ਅਕਲ ਦੀ ਗੱਲ ਕਰਨ ਨੂੰ ਗੁਨਾਹ ਤੋਂ ਵੱਧ ਕੁੱਝ ਨਹੀਂ ਸਮਝਿਆ। ਬੱਲੀ ਰਿਆੜ ਨਾਂ ਦਾ ਇੱਕ ਕਲਾਕਾਰ ਟੀ.ਵੀ. 'ਤੇ ਸਲਮਾਨ ਖ਼ਾਨ ਵਾਂਗ ਸ਼ਰਟ ਉਤਾਰ ਕੇ ਕਹਿੰਦਾ ਹੈ, 'ਮਿੱਤਰਾਂ ਦੀ ਅੱਖ ਅੱਜ ਲਾਲ ਐ, ਜੇ ਕੋਈ ਬੰਦਾ ਬੁੰਦਾ ਮਾਰਨੈ ਤਾਂ ਦੱਸ ਨੀਂ।' ਉਹਦਾ ਗਾਣਾ ਸੁਣਿਆਂ ਇੰਜ ਜਾਪਦੈ ਜਿਵੇਂ ਗਾਉਣ ਵਾਲਿਆਂ ਨੂੰ 302 ਧਾਰਾ ਦਾ ਕੋਈ ਡਰ ਨਹੀਂ, ਉਥੇ ਇਹ ਵੀ ਭਾਸਦੈ ਕਿ ਕੁੜੀ ਉਹਨੂੰ ਜਿਹੜਾ-ਜਿਹੜਾ ਬੰਦਾ ਗੱਡੀ ਚਾੜ੍ਹਨ ਲਈ ਆਖੇਗੀ, ਉਸ ਨੂੰ ਪਲਕ ਝਪਕਦਿਆਂ ਧਰਮਰਾਜ ਕੋਲ ਪੁਚਾ ਦਿੱਤਾ ਜਾਵੇਗਾ।

ਫੇਰ ਕਦੇ-ਕਦੇ ਇੰਜ ਜਾਪਦੈ ਜਿਵੇਂ ਇਸ ਕਲਾਕਾਰ ਵਿਚ 'ਮੱਕੜਾਂ' ਦੀ ਰੂਹ ਆਉਂਦੀ ਹੋਵੇ। ਹਾਲੇ ਬਹੁਤੇ ਦਿਨ ਨਹੀਂ ਲੰਘੇ ਜਦੋਂ ਆਦਮਪੁਰ ਦੇ ਅਕਾਲੀ ਐਮ.ਐਲ.ਏ. ਸਰਬਜੀਤ ਮੱਕੜ ਦੇ ਭਤੀਜੇ ਪ੍ਰਿੰਸ ਮੱਕੜ ਤੇ ਉਸ ਦੇ ਤਿੰਨ ਹੋਰ ਅਕਲੋਂ ਹੌਲੇ, ਪਰ ਜੇਬੋਂ ਭਾਰੇ ਦੋਸਤਾਂ ਨੇ ਛੋਟੀ-ਮੋਟੀ ਗੱਲ 'ਤੇ ਗੁਰਕੀਰਤ ਸੇਖੋਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਜੇ ਬੱਲੀ ਰਿਆੜ 'ਬੰਦਾ-ਬੁੰਦਾ ਮਾਰਨ' ਵਾਲੇ ਗਾਣੇ ਨੂੰ ਟੀ.ਵੀ. 'ਤੇ ਚਲਾਉਣ ਤੋਂ ਪਹਿਲਾਂ 'ਮੱਕੜਾਂ' ਦੀਆਂ ਪ੍ਰੇਸ਼ਾਨੀਆਂ ਵੱਲ ਝਾਤ ਮਾਰ ਲੈਂਦਾ ਤਾਂ ਸ਼ਾਇਦ ਉਹਦੀ ਜ਼ਮੀਰ ਉਸ ਨੂੰ ਝੰਜੋੜਦੀ ਕਿ ਏਦਾਂ ਦੀਆਂ ਕਰਤੂਤਾਂ ਟੱਬਰ ਉਜਾੜਨ ਤੇ ਬਦਨਾਮੀ ਦੇ ਟਿੱਕੇ ਲਵਾਉਣ ਵਾਲੀਆਂ ਹੁੰਦੀਆਂ ਨੇ, ਸੋ ਇਨ੍ਹਾਂ ਕਾਰਿਆਂ ਤੋਂ ਬਚਣਾ ਚਾਹੀਦੈ।

ਦੂਜਾ ਕਲਾਕਾਰ ਉਹਦੇ ਨਾਲੋਂ ਵੀ ਦੋ ਕਦਮ ਅੱਗੇ ਐ। ਉਹਨੇ ਕੁੜੀਆਂ ਬਾਰੇ ਜਿੰਨੀ 'ਚੰਗੀ' ਵਿਚਾਰਧਾਰਾ ਪੇਸ਼ ਕੀਤੀ ਏ, ਉਹ ਆਪਣੇ ਆਪ 'ਚ ਮਿਸਾਲ ਏ। ਉਹ ਗਵੱਈਆ ਘੱਟ ਤੇ ਗੌਲਫ਼ ਖਿਡਾਰੀ ਟਾਈਗਰ ਵੁੱਡਜ਼ ਦਾ ਚੇਲਾ ਵੱਧ ਜਾਪਦੈ ਕਿਉਂਕਿ ਵੁੱਡਜ਼ ਨੇ ਵੀ ਆਪਣੇ ਕੈਰੀਅਰ ਦੌਰਾਨ ਬਥੇਰੀਆਂ ਨਾਲ ਚੱਕਰ ਚਲਾਏ ਤੇ ਬਦਨਾਮੀ ਦੇ ਮੈਡਲ ਜਿੱਤੇ ਨੇ। ਹੈਰੀ ਨਾਂ ਦੇ ਉਸ ਕਲਾਕਾਰ ਨੇ ਗਾਇਐ,

ਜਿੰਨੀਆਂ ਜੀਅ ਕਰਦਾ ਫਸਾਓ ਕੁੜੀਆਂ,  
ਪਰ ਕਦੇ ਦਿਲ 'ਤੇ ਨਾ ਲਾਓ ਕੁੜੀਆਂ।  
ਡੇਟ 'ਤੇ ਲਿਜਾਓ, ਬੱਟ ਵੰਨ ਬਾਏ ਵੰਨ,  
ਫਨ ਕਰੋ ਫਨ, ਯਾਰੋ ਫਨ ਕਰੋ ਫਨ।

'ਫ਼ਨ ਕਰੋ ਫ਼ਨ' ਲਿਖਣ ਤੇ ਗਾਉਣ ਵਾਲੇ ਨੂੰ ਇਸ ਗੱਲ ਦਾ ਭੋਰਾ ਅੰਦਾਜ਼ਾ ਨਹੀਂ ਕਿ ਕੱਲ੍ਹ ਨੂੰ ਸਾਡੀ ਇੱਜ਼ਤ 'ਤੇ ਵੀ ਹਮਲਾ ਹੋ ਸਕਦੈ। ਕੁੜੀਆਂ ਨੂੰ ਸਿਰਫ਼ ਮਨੋਰੰਜਨ ਵਾਲੀਆਂ ਮਸ਼ੀਨਾਂ ਸਮਝਣ ਵਾਲੇ ਇਨ੍ਹਾਂ ਲੋਕਾਂ ਨੂੰ ਜਾਂ ਤਾਂ ਕੋਈ ਰਾਇ ਨਹੀਂ ਦਿੰਦਾ ਹੋਵੇਗਾ ਕਿ ਇਹੋ ਜਿਹੇ ਗੀਤ ਤੁਹਾਡੇ ਟੱਬਰ ਸੁਣਨਗੇ ਤਾਂ ਤੁਸੀਂ ਨਜ਼ਰਾਂ ਤੋਂ ਡਿੱਗ ਜਾਓਗੇ ਤੇ ਜਾਂ ਫਿਰ ਇਹ ਸੋਚਦੇ ਹੋਣਗੇ ਅਸੀਂ ਕਿਤੇ ਜਾਈਏ 'ਸਾਡੀਆਂ' ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਤੇ ਉਹ ਕਿਤੇ ਜਾਣ, ਸਾਨੂੰ ਕੋਈ ਇਤਰਾਜ਼ ਨਹੀਂ।

ਅਗਲਾ ਗਾਣਾ ਉਸ ਭੱਦਰ ਪੁਰਸ਼ ਦਾ ਲਿਖਿਆ ਹੋਇਐ, ਜੀਹਦੀ ਅਕਲ ਤੋਂ ਚੰਗਾ ਲਿਖਣ ਦੀ ਉਮੀਦ ਘੱਟ ਹੀ ਕੀਤੀ ਜਾਂਦੀ ਰਹੀ ਹੈ। ਇਹ ਕਰਮਜੀਤ ਪੁਰੀ ਹੀ ਹੈ ਜਿਸ ਨੇ ਲੰਮਾ ਸਮਾਂ ਦੋਗਾਣਿਆਂ ਜ਼ਰੀਏ ਇੱਜ਼ਤਾਂ ਨੂੰ ਸੰਨ੍ਹ ਲਾਉਣ ਦੀਆਂ ਨਵੀਆਂ-ਨਵੀਆਂ ਤਰਕੀਬਾਂ ਦੱਸੀਆਂ ਤੇ ਹੁਣ ਜਦੋਂ ਦੋਗਾਣਿਆਂ ਦਾ ਭੋਗ ਪੈ ਚੁੱਕੈ ਤਾਂ ਜਤਿੰਦਰ ਗਿੱਲ ਵਰਗੇ ਤੋਂ ਉਜੱਡਪੁਣੇ ਵਾਲੇ ਨਵੇਂ-ਨਵੇਂ ਗੀਤ ਗੁਆ ਰਿਹੈ। ਇਕੱਲੇ ਪੁਰੀ ਦਾ ਦੋਸ਼ ਨਹੀਂ, ਉਹ ਪਿਸਤੌਲ ਦੀ ਨੋਕ 'ਤੇ ਨਹੀਂ ਗਵਾਉਂਦਾ, ਸਗੋਂ ਗਾਉਣ ਵਾਲਾ ਵੀ ਮੂਰਖਤਾ 'ਚ ਬਰਾਬਰ ਦਾ ਭਾਗੀਦਾਰ ਹੈ। ਪੁਰੀ ਨੇ ਲਿਖਿਆ, 'ਜਿਹੜੀ ਕੁੜੀ ਕੋਲ ਨੈਟ ਐ, ਸਮਝੋ ਉਹ ਕੁੜੀ ਸੈਟ ਐ।' ਏਸ ਗੀਤ ਦੀ 'ਫੇਸਬੁੱਕ' ਉਤੇ ਏਨੀ ਜ਼ਿਆਦਾ ਆਲੋਚਨਾ ਹੋਈ ਕਿ ਗਾਉਣ ਤੇ ਲਿਖਣ ਵਾਲਾ ਡਰ ਗਏ। ਲੋਕਾਂ ਦੀ ਸੁੱਤੀ ਗੈਰਤ ਜਾਗੀ ਤੇ ਉਨ੍ਹਾਂ ਦੋਹਾਂ ਨੂੰ ਪਾਣੀ ਪੀ-ਪੀ ਨਿੰਦਿਆ, ਸਿੱਟੇ ਵਜੋਂ ਪਿਛਲੇ ਦਿਨੀਂ ਪੁਰੀ ਦਾ ਬਿਆਨ ਛਪਿਆ ਕਿ ਇਹ ਗੀਤ ਲਿਖਣ ਦਾ ਮੈਨੂੰ ਅਫ਼ਸੋਸ ਹੈ, ਅਸੀਂ ਮਾਰਕੀਟ 'ਚੋਂ ਸਾਰੀਆਂ ਕੈਸਿਟਾਂ ਵਾਪਸ ਲੈ ਰਹੇ ਹਾਂ ਤੇ ਜਦੋਂ ਮਾਰਕੀਟ 'ਚੋਂ ਕੈਸਿਟ ਦੀ ਹੋਰ ਮੰਗ ਆਵੇਗੀ ਤਾਂ ਏਸ ਗੀਤ ਨੂੰ ਕੱਢ ਦਿੱਤਾ ਜਾਵੇਗਾ।

ਉਹਨੇ ਏਨਾ ਕਹਿ ਕੇ ਪੱਲਾ ਝਾੜ ਲਿਆ ਤੇ ਵਿਰੋਧ ਕਰਨ ਵਾਲਿਆਂ ਨੂੰ 'ਜਿੱਤ ਗਏ' ਮਹਿਸੂਸ ਹੋਇਆ। ਪਰ ਕਿਸੇ ਨੂੰ ਨਹੀਂ ਪਤਾ ਕਿ 'ਹੋਰ ਕੈਸਿਟ ਤਿਆਰ ਕਰਨ' ਵਾਲੀ ਗੱਲ ਲੋਕਾਂ ਨੂੰ ਬੁੱਧੂ ਬਣਾਉਣ ਵਾਲੀ ਹੈ। ਇਹ ਸੋਚਣਾ ਹੀ ਬੇਵਕੂਫ਼ੀ ਹੈ ਕਿ ਅੱਜ ਦੇ ਸਮੇਂ ਵਿਚ ਮਾਰਕੀਟ ਵਿਚੋਂ 'ਰਪੀਟ' ਨਾਂ ਦੀ ਕੋਈ ਚੀਜ਼ ਆਉਂਦੀ ਹੈ।

ਇੱਕ ਪਾਸੇ ਪੰਜਾਬ ਸਰਕਾਰ ਪੰਜਵੀਂ ਕਲਾਸ ਤੋਂ ਬੱਚੀਆਂ ਲਈ ਕੰਪਿਊਟਰ ਸਿੱਖਿਆ ਸ਼ੁਰੂ ਕਰਨ ਦੀ ਗੱਲ ਕਰ ਰਹੀ ਹੈ ਪਰ ਲਿਖਣ ਤੇ ਗਾਉਣ ਵਾਲੇ ਕਹਿ ਰਹੇ ਨੇ ਕਿ ਜਿਹੜੀ ਕੁੜੀ ਨੈਟ ਵਰਤਦੀ ਹੈ, ਉਹਦਾ ਕਿਰਦਾਰ ਸ਼ੱਕੀ ਹੁੰਦੈ ਤਾਂ ਲੋੜ ਹੈ ਇਹੋ ਜਿਹੇ ਕਲਾਕਾਰਾਂ ਦੇ ਛਤਰੌਲ ਫੇਰਨ ਦੀ।

ਚੌਥਾ ਗਾਣਾ ਹੈ ਹੀ ਓਸ ਗਵੱਈਏ ਦਾ, ਜੀਹਨੇ ਆਪਣੇ ਗਾਇਕੀ ਸਫ਼ਰ ਦੌਰਾਨ ਅਕਲ ਦੀ ਗੱਲ ਕਦੇ ਨਹੀਂ ਕੀਤੀ। ਭਾਵੇਂ ਉਸ ਨੂੰ ਗਾਉਣਾ ਆਉਂਦਾ ਹੈ ਪਰ ਅੱਜ ਤੱਕ ਉਹਨੇ ਅਜਿਹਾ ਗੀਤ ਨਹੀਂ ਗਾਇਆ, ਜੀਹਦਾ ਕੋਈ ਅਰਥ ਨਿਕਲਦਾ ਹੋਵੇ। ਦਲੇਰ ਮਹਿੰਦੀ ਦਾ ਨਵਾਂ ਗੀਤ ਹੈ, 'ਸਾਡਾ ਖਾਂਦਾ ਘੋੜਾ' ਤੇ ਇਸ ਗੀਤ ਵਿਚ ਉਸ ਨੇ ਉਜਡਪੁਣੇ ਦੀਆਂ ਜਿਹੜੀਆਂ ਉਦਾਹਰਣਾਂ ਪੇਸ਼ ਕੀਤੀਆਂ ਨੇ, ਉਹ ਉਸ ਨੂੰ ਲਾਹਨਤਾਂ ਪਾਉਣ ਲਈ ਕਾਫ਼ੀ ਨੇ। ਪਹਿਲੀ ਗੱਲ ਤਾਂ ਗੀਤ ਦਾ ਕੋਈ ਮੂੰਹ ਸਿਰ ਨਹੀਂ ਬਣਦਾ ਤੇ ਦੂਜੀ ਗੱਲ ਉਹ ਵੀਡੀਓ ਵਿਚ ਅਜਿਹੇ ਇਸ਼ਾਰੇ ਕਰਦੈ, ਜਿਨ੍ਹਾਂ ਨੂੰ ਦੇਖ ਅਨਪੜ੍ਹ ਬੰਦਾ ਵੀ ਸਮਝ ਜਾਂਦੈ ਕਿ ਗਾਉਣ ਵਾਲਾ ਆਖ ਕੀ ਰਿਹੈ?

ਬੇਹੂਦਾ ਗਾਇਕੀ ਦੀਆਂ ਇਹ ਉਦਾਹਰਣਾਂ ਕਾਫੀ ਨਹੀਂ, ਪਿਛਲੇ ਲੰਮੇ ਸਮੇਂ ਤੋਂ ਇਹ ਸਭ ਕੁੱਝ ਚੱਲ ਰਿਹੈ ਤੇ ਬੇਗ਼ੈਰਤ ਪੰਜਾਬੀ ਇਸ ਸਭ ਨੂੰ ਬਰਦਾਸ਼ਤ ਕਰ ਰਹੇ ਨੇ। 'ਫੇਸਬੁੱਕ' ਉਤੇ ਸੌ-ਪੰਜਾਹ ਬੰਦੇ ਕਦੇ-ਕਦੇ ਮਾੜੇ ਨੂੰ ਮਾੜਾ ਜ਼ਰੂਰ ਕਹਿੰਦੇ ਨੇ ਪਰ ਮਾੜੀ ਗਾਇਕੀ ਖਿਲਾਫ਼ ਕਦੇ ਵੀ ਲੋਕ ਲਹਿਰ ਨਹੀਂ ਬਣੀ। ਲੋਕ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਨਾ ਜਾਣਦੇ ਨੇ, ਸਰਕਾਰਾਂ ਦੇ ਪੁਤਲੇ ਵੀ ਫੂਕਦੇ ਨੇ, 'ਮੁਰਦਾਬਾਦ' ਦੇ ਨਾਅਰੇ ਗੂੰਜਦੇ ਨੇ ਪਰ ਪੰਜਾਬੀ ਗਾਇਕੀ ਵਿਚਲੀ ਸੁੱਚਤਾ ਬਰਕਰਾਰ ਰੱਖਣ ਤੇ ਮਾੜਿਆਂ ਨੂੰ ਘੜੀਸਣ ਵਾਲੀ ਲਹਿਰ ਕਦੇ ਨਹੀਂ ਬਣੀ, ਇਹੀ ਕਾਰਨ ਹੈ ਕਿ ਇੱਕ ਪਾਸੇ ਕੁੜੀਆਂ ਨੂੰ ਸਿਰਫ਼ ਫ਼ਨ-ਸ਼ਨ ਵਾਲੀਆਂ ਚੀਜ਼ਾਂ ਦੱਸਿਆ ਜਾ ਰਿਹੈ, ਦੂਜੇ ਪਾਸੇ ਨੈਟ ਵਰਤਣ ਵਾਲੀਆਂ ਦੇ ਮਾੜੇ ਚਰਿੱਤਰ ਦੀ ਗੱਲ ਕੀਤੀ ਜਾਂਦੀ ਹੈ ਤੇ ਤੀਜੇ ਪਾਸੇ ਬੰਦਾ ਵੱਢਣ-ਟੁੱਕਣ ਨੂੰ ਨਵੀਂ ਖੇਡ ਵਿਚ ਸ਼ਾਮਲ ਕਰ ਦਿੱਤਾ ਗਿਐ।

## ਚੱਲਦੇ-ਚੱਲਦੇ

'ਸੁਰਾਂ ਦੇ ਵਾਰਿਸ' ਕਿਤਾਬ ਰਿਲੀਜ਼ ਹੋਈ ਤਾਂ ਜਲੰਧਰ ਦੇ 'ਮਾਈ ਐਫ਼.ਐਮ' ਨੇ ਕਿਤਾਬ 'ਚ ਸ਼ਾਮਲ ਬਹੁਤੇ ਮੰਦੜੇ ਹਾਲ ਪੰਜ ਗਵੱਈਆਂ ਨੂੰ ਸਨਮਾਨਤ ਕਰਨ ਦਾ ਫ਼ੈਸਲਾ ਕਰ ਲਿਆ।

'ਕੇ. ਐਲ. ਸਹਿਗਲ ਮੈਮੋਰੀਅਲ ਹਾਲ' 'ਚ ਖ਼ੂਬ ਰੌਣਕਾਂ ਲੱਗੀਆਂ। ਉਮਰ ਦੇ ਇਸ ਪੜਾਅ 'ਚ ਇੱਕ ਵਾਰ ਫਿਰ ਸਟੇਜ 'ਤੇ ਚੜ੍ਹਨ ਕਰਕੇ ਪੰਜੇ 'ਬਾਪੂ' ਫੁੱਲੇ ਨਾ ਸਮਾਏ। ਮਾਈਕ ਤੋਂ ਬੋਲਣ ਲੱਗਿਆਂ ਰੋ ਪਏ... 'ਬਿੱਲੋ ਖਾ ਲੈ ਨਾਸ਼ਪਾਤੀਆਂ' ਵਾਲੇ ਦਲੀਪ ਸਿੰਘ ਦੀਪ ਤਾਂ ਏਨੇ ਭਾਵੁਕ ਹੋਏ ਕਿ ਮਾਹੌਲ ਗ਼ਮਗੀਨ ਹੋ ਗਿਆ।

ਸਭ ਨੇ ਆਖਿਆ, 'ਵਕਤ ਦੇ ਬਦਲੇ ਮਿਜਾਜ਼ ਨੇ ਸਾਨੂੰ ਪੱਟ ਸੁੱਟਿਆ। ਹੁਣ ਨਾ ਘਰਦਿਆਂ ਨੂੰ ਕੋਈ ਕਦਰ ਹੈ ਤੇ ਨਾ ਸੁਣਨ ਵਾਲਿਆਂ ਨੂੰ। ਜਦੋਂ ਉਤਮ ਸਿੰਘ ਭੋਲਾ ਨਾਥ ਨੂੰ ਸਨਮਾਨ ਰਾਸ਼ੀ ਵਾਲਾ ਇਕਵੰਜਾ ਸੌ ਫੜਾਇਆ ਤਾਂ ਉਨ੍ਹਾਂ ਮੇਰੇ ਕੰਨ 'ਚ ਕਿਹਾ, 'ਪੁੱਤ ਪੰਦਰਾਂ-ਵੀਹ ਸਾਲ ਬਾਅਦ ਮੈਂ ਏਨੇ ਪੈਸੇ 'ਕੱਠੇ ਦੇਖੇ ਨੇ...।' ਇਹ ਸੁਣ ਮੇਰੀਆਂ ਵੀ ਅੱਖਾਂ ਨਮ ਹੋ ਗਈਆਂ।



ਗੁਰਪਾਲ ਸਿੰਘ ਪਾਲ, ਲੱਖੀ ਵਣਜਾਰਾ, ਉਤਮ ਸਿੰਘ ਭੋਲਾ ਨਾਥ ਅਤੇ ਲੇਖਕ

ਉਸ ਦਿਨ ਗੁਰਪਾਲ ਸਿੰਘ ਪਾਲ ਦੀ ਤੂੰਬੀ ਨੇ ਖ਼ੂਬ ਰੰਗ ਬੰਨ੍ਹਿਆ ਤੇ ਲੱਖੀ ਵਣਜਾਰਾ ਦੇ ਗੀਤਾਂ ਨੇ ਵੀ ਪੁਰਾਣਾ ਵੇਲਾ ਚੇਤੇ ਕਰਾ ਦਿੱਤਾ। ਤਸਵੀਰ ਵਿਚ ਤਿੰਨ ਉਹ ਫ਼ਨਕਾਰ ਬੈਠੇ ਨੇ, ਜਿਹੜੇ ਚੜ੍ਹਤ ਦੇ ਦਿਨਾਂ 'ਚ ਕਦੇ ਕਿਸੇ ਪ੍ਰੋਗਰਾਮ 'ਚ ਤੇ ਕਦੇ ਕਿਸੇ 'ਚ ਮਿਲ ਪੈਂਦੇ ਸਨ ਪਰ ਬਿਰਧ ਅਵਸਥਾ 'ਚ ਉਨ੍ਹਾਂ ਦੇ ਸਬੱਬੀਂ ਮੇਲੇ ਹੋਏ। ਉਨ੍ਹਾਂ ਖਿੱਚ ਕੇ ਮੈਨੂੰ ਵੀ ਆਪਣੇ ਨਾਲ ਬਿਠਾ ਲਿਆ, ਲੱਖੀ ਵਣਜਾਰਾ ਤੇ ਗੁਰਪਾਲ ਸਿੰਘ ਪਾਲ ਤੂੰਬੀਆਂ ਵਜਾਉਣ ਲੱਗੇ ਤੇ ਉਤਮ ਸਿੰਘ ਭੋਲਾ ਨਾਥ ਹੋ ਰਹੇ ਨੂੰ ਗਹੁ ਨਾਲ ਤੱਕਦੇ ਰਹੇ।

# ਰਿਸ਼ਤਿਆਂ ਦੀ ਤੰਦ

ਦੇਵਿੰਦਰ ਗੁਰਾਇਆ, ਵਰਜੀਨੀਆ
ਫੋਨ: 571-315-9593

ਰਿਸ਼ਤਿਆਂ ਦੀ ਗੱਲ ਕਰੀਏ ਤਾਂ ਲੱਗਦਾ ਹੈ ਕਿ ਖ਼ੂਨ ਦੀ ਸਾਂਝ ਹੀ ਇਸ ਦਾ ਮੂਲ ਹੈ ਪਰ ਨਹੀਂ; ਕੁਝ ਐਸਾ ਵੀ ਹੈ ਜੋ ਖ਼ੂਨ ਦੇ ਰਿਸ਼ਤੇ ਤੋਂ ਬਿਨਾਂ ਵੀ ਆਪਸੀ ਸਾਂਝ ਦੀ ਪਵਿੱਤਰਤਾ ਨੂੰ ਨਿਭਾਅ ਜਾਂਦਾ ਹੈ; ਤੇ ਉਹ ਹੈ ਦਿਲ-ਦਿਮਾਗ ਦਾ ਤਵਾਜ਼ਨ ਬਣਾਈ ਰੱਖਣ ਵਾਲੀ ਕੁਝ ਜਜ਼ਬਾਤੀ, ਕੁਝ ਇਖ਼ਲਾਕੀ ਤੇ ਬੇਗਰਜ਼ ਸਾਂਝ। ਇਸ ਰਿਸ਼ਤੇ ਦੀ ਓਟ ਬੜੀ ਨਾਜ਼ੁਕ ਅਤੇ ਬਰੀਕ ਹੁੰਦੀ ਹੈ। ਇਸ ਤੇਜ਼ ਰਫ਼ਤਾਰ ਯੁੱਗ ਵਿਚ ਇਸ ਨੂੰ ਪਾਲਣਾ ਅਤੇ ਸੰਭਾਲ ਕੇ ਰੱਖਣਾ ਕਿਸੇ ਅਤਿ ਸੰਵੇਦਨਸ਼ੀਲ ਇਨਸਾਨ ਦੇ ਹਿੱਸੇ ਹੀ ਆਇਆ ਹੈ।

ਰਿਸ਼ਤਿਆਂ ਦਾ ਨਿੱਘ ਮਾਣਨ ਵਾਸਤੇ ਇਨ੍ਹਾਂ ਦੇ ਦੁੱਖਾਂ-ਤਕਲੀਫ਼ਾਂ 'ਚੋਂ ਬਲੀ ਦੇ ਬੱਕਰੇ ਵਾਂਗ ਗੁਜ਼ਰਨਾ ਪੈਂਦਾ ਹੈ। ਫਰਜ਼ਾਂ ਨੂੰ ਪਾਲ ਕੇ ਜੋ ਦਿਲ ਨੂੰ ਤਸੱਲੀ ਅਤੇ ਸਕੂਨ ਮਿਲਦਾ ਹੈ, ਉਹ ਸਾਡੀ ਸੋਚ ਨੂੰ ਹੋਰ ਨਿੱਗਰ ਅਤੇ ਮਜ਼ਬੂਤ ਕਰਦਾ ਹੈ। ਜੋ ਲੋਕ ਫਰਜ਼ਾਂ ਤੋਂ ਕੁਤਾਹੀ ਕਰਦੇ ਹਨ, ਉਹ ਰਿਸ਼ਤਿਆਂ ਦੀ ਕਦਰ ਵੀ ਭੁੱਲ ਜਾਂਦੇ ਹਨ। ਉਹ ਖ਼ੁਦ ਤਾਂ ਖਿੰਡਦੇ ਹੀ ਹਨ, ਬਾਕੀ ਸਭ ਨੂੰ ਵੀ ਟੁਕੜਿਆਂ 'ਚ ਵੰਡਣ ਦਾ ਕਾਰਨ ਬਣਦੇ ਹਨ। ਇਸ ਟੁੱਟ-ਭੱਜ ਦਾ ਦੁੱਖ ਬੜਾ ਅਕਹਿ ਹੁੰਦਾ ਹੈ। ਹਮੇਸ਼ਾ ਇਕ ਚੀਸ ਦਿਲ ਦੀ ਗਹਿਰਾਈ ਵਿਚ ਉਤਰਦੀ ਰਹਿੰਦੀ ਹੈ ਜੋ ਹੰਝੂ ਬਣ ਕੇ ਅੱਖਾਂ ਵਿਚ ਆਪਣੀ ਹੋਂਦ ਬਣਾਈ ਰੱਖਦੀ ਹੈ।

ਭਾਵੁਕ, ਨਿਮਰ ਅਤੇ ਕੁਦਰਤ ਨੂੰ ਪਿਆਰ ਕਰਨ ਵਾਲਾ ਮਨੁੱਖ ਕਦੇ ਵੀ ਰਿਸ਼ਤਿਆਂ ਤੋਂ ਵਾਂਝਾ ਨਹੀਂ ਹੋ ਸਕਦਾ। ਉਸ ਲਈ ਇਹ ਸਾਂਝ ਬੜੀ ਵਡਮੁੱਲੀ ਅਤੇ ਅਮਰ ਹੁੰਦੀ ਹੈ। ਇਸ ਦੇ ਸਾਹਮਣੇ ਛਿਣ ਭਰ ਦੀ ਨਫ਼ਰਤ/ਈਰਖਾ ਦਮ ਤੋੜ ਜਾਂਦੀ ਹੈ। ਕਈ ਵਾਰ ਅੱਕ-ਥੱਕ ਕੇ ਅਸੀਂ ਆਖ ਦਿੰਦੇ ਹਾਂ ਕਿ ਇਨ੍ਹਾਂ ਬੰਧਨਾਂ ਤੋਂ ਮੁਕਤ ਹੋ ਕੇ ਆਜ਼ਾਦ ਜੀਵਿਆ ਜਾਵੇ, ਕੀ ਲੈਣਾ ਇਨ੍ਹਾਂ ਰਿਸ਼ਤਿਆਂ ਦੇ ਝੰਜਟ ਤੋਂ? ਉਸ ਵਕਤ ਅਸੀਂ ਮਾਨਸਿਕ ਰੋਗੀ ਹੁੰਦੇ ਹਾਂ। ਬੰਧਨਾਂ ਤੋਂ ਅਲੱਗ ਹੋਣ ਦਾ ਢੌਂਗ ਕਰਦੇ ਹਾਂ। ਬਾਹਰ ਸਾਬਤ-ਸਬੂਤ ਅਤੇ ਖੁਸ਼ ਹੋਣ ਦਾ ਦਾਅਵਾ ਕਰਦੇ ਇਕੱਲੇ ਅੰਦਰ ਵੜ-ਵੜ ਕੇ ਰੋਂਦੇ ਹਾਂ। ਇਹ ਆਪਣੇ-ਆਪ 'ਤੇ ਤਸ਼ੱਦਦ ਕਰਨ ਦੀ ਅਖ਼ੀਰ ਹੁੰਦੀ ਹੈ।

ਮਨੁੱਖ ਸਮਾਜਿਕ ਜੀਵ ਹੈ। ਸਮਾਜ ਮਨੁੱਖਾਂ ਨਾਲ ਬਣਦਾ ਹੈ। ਪਰਿਵਾਰ ਜੀਆਂ ਨਾਲ ਬਣਦਾ ਹੈ। ਰਿਸ਼ਤੇ ਮਨੁੱਖ ਦੀ ਲੋੜ ਹਨ। ਫਿਰ ਕੋਈ ਮਨੁੱਖ ਇਸ ਸਮਾਜ ਤੋਂ, ਇਸ ਪਰਿਵਾਰ ਤੋਂ, ਇਨ੍ਹਾਂ ਰਿਸ਼ਤਿਆਂ ਤੋਂ ਬਿਨਾਂ, ਇਕੱਲਾ ਕਿਵੇਂ ਰਹਿ ਸਕਦਾ ਹੈ? ਹਰ ਰਿਸ਼ਤੇ ਨੂੰ ਸਾਬਤ-ਸਬੂਤ ਰੱਖਣਾ ਅਤੇ ਨਿਭਾਉਣਾ ਮਨੁੱਖ ਦਾ ਮੁਢਲਾ ਫਰਜ਼ ਹੈ। ਉਸ ਨੂੰ ਤਾਂ ਹੀ ਜ਼ਿੰਦਗੀ ਦਾ ਹਰ ਸੁੱਖ ਮਿਲੇਗਾ ਜੇ ਉਹ ਸਮਾਜ ਵਿਚ, ਪਰਿਵਾਰ ਅਤੇ ਰਿਸ਼ਤਿਆਂ ਵਿਚ ਤਵਾਜ਼ਨ ਬਣਾਈ ਰੱਖਣ ਦੀ ਕੋਸ਼ਿਸ਼ ਕਰੇਗਾ, ਇਨ੍ਹਾਂ ਨੂੰ ਬਚਾਈ ਰੱਖੇਗਾ।

ਰਿਸ਼ਤਿਆਂ ਦੀ ਪਰਿਭਾਸ਼ਾ ਦੋ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਬਾਹਰੀ ਰਿਸ਼ਤੇ ਅਤੇ ਅੰਦਰੂਨੀ ਸਾਂਝ ਵਾਲੇ ਰਿਸ਼ਤੇ। ਬਾਹਰੀ ਰਿਸ਼ਤਿਆਂ ਨੂੰ ਖ਼ੂਨ ਨਾਲ ਜਾਂ ਸਮਾਜਿਕ ਪ੍ਰਵਾਨਗੀ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਇਹ ਰਿਸ਼ਤੇ ਫਰਜ਼ਾਂ ਅਤੇ ਹੱਕਾਂ ਦੀ ਡੋਰ ਵਿਚ ਬੰਨ੍ਹੇ, ਇਨ੍ਹਾਂ ਨੂੰ ਨਿਭਾਉਂਦੇ-ਤੋੜਦੇ, ਪਲ ਭਰ ਦੀਆਂ ਖੁਸ਼ੀਆਂ ਬਟੋਰਦੇ, ਗਮਾਂ ਨੂੰ ਸਮੇਟਦੇ, ਕਦੀ ਸਮਾਜ ਦੀ ਵਡਿਆਈ ਤੇ ਕਦੀ ਰੁਸਵਾਈ ਦੇ ਪਾਤਰ ਬਣਦੇ ਰਹਿੰਦੇ ਹਨ। ਇਹ ਰਿਸ਼ਤੇ ਹੱਕ ਜਮਾਉਂਦੇ, ਦਾਅਵੇ ਕਰਦੇ, ਰੁੱਸਦੇ-ਮੰਨਦੇ, ਲੜਦੇ-ਝਗੜਦੇ, ਪਿਆਰ ਜਤਾਉਂਦੇ, ਨਫ਼ਰਤ ਦਿਖਾਉਂਦੇ, ਇਜ਼ਤਾਂ ਪਾਲਦੇ, ਮਰ ਮਿਟਦੇ ਤੇ ਮਰ ਮਿਟਣ ਲਈ ਮਜਬੂਰ ਕਰਦੇ, ਕਦੇ ਵੀ ਚੈਨ ਦੀ ਨੀਂਦ ਨਹੀਂ ਸੌਂਦੇ ਪਰ ਅਸਲ ਵਿਚ ਇਹ ਸਭ ਕੁਝ ਹੀ ਤਾਂ ਜ਼ਿੰਦਗੀ ਦਾ ਮਿਸ਼ਰਣ ਹੈ। ਇਹ ਅਸਾਵਾਂਪਣ ਹੀ ਤਾਂ ਜ਼ਿੰਦਗੀ ਦੀ ਸੰਪੂਰਨਤਾ ਹੈ, ਡੋਰ ਹੈ; ਜੋ ਮਨੁੱਖ ਨੂੰ ਰਿਸ਼ਤਿਆਂ ਦਾ ਮੁੱਲ ਦੱਸਦਾ ਤੇ ਉਨ੍ਹਾਂ ਦੀ ਪਛਾਣ ਕਰਾਉਂਦਾ ਹੈ।

ਦੂਜੀ ਕਿਸਮ ਦੇ ਰਿਸ਼ਤੇ ਜਜ਼ਬਾਤੀ, ਇਖ਼ਲਾਕੀ ਜਾਂ ਸਾਹਿਤਕ ਸਾਂਝ ਦੀਆਂ ਤੰਦਾਂ 'ਚ ਬੰਨ੍ਹੇ ਹੁੰਦੇ ਹਨ। ਇਹ ਰਿਸ਼ਤੇ ਚੁੱਪ-ਚਾਪ ਜਨਮ ਲੈਂਦੇ ਅਤੇ ਜਵਾਨ ਹੁੰਦੇ ਹਨ। ਇਨ੍ਹਾਂ ਵਿਚੋਂ ਹੱਕਾਂ ਤੇ ਫਰਜ਼ਾਂ ਦਾ ਰੌਲਾ ਨਹੀਂ ਹੁੰਦਾ। ਇਹ ਬੇਗਰਜ਼ ਹੁੰਦੇ ਹਨ, ਸਮਾਜਿਕ ਬੰਧਨਾਂ ਤੋਂ ਮੁਕਤ। ਕਈ ਵਾਰ ਇਹ ਰੂਹ ਦੀ ਖ਼ੁਰਾਕ ਬਣ ਜਾਂਦੇ ਹਨ, ਤੁਹਾਨੂੰ ਮਾਨਸਿਕ ਸ਼ਕਤੀ ਦਿੰਦੇ ਹਨ, ਖ਼ੂਨ ਦੇ ਰਿਸ਼ਤੇ ਸੰਭਾਲਣ 'ਚ ਵੀ ਸਹਾਈ ਹੁੰਦੇ ਹਨ। ਇਸ ਰਿਸ਼ਤੇ ਦੀ ਸਾਂਝ ਅਗਰ ਖ਼ੂਨ ਦੇ ਰਿਸ਼ਤੇ ਜਾਂ ਸਮਾਜਿਕ ਬੰਧਨ 'ਚੋਂ ਜਨਮ ਲੈ ਲਏ ਤਾਂ ਉਹ ਰਿਸ਼ਤਿਆਂ ਦੀ ਉਤਮ ਸਾਂਝ ਹੋ ਨਿਬੜਦੀ ਹੈ; ਸਿਖਰ ਹੋ ਨਿਬੜਦੀ ਹੈ। ਇਹ ਸਾਂਝ ਬੜੀ ਮਹਾਨ ਹੁੰਦੀ ਹੈ।

ਇਹ ਰਿਸ਼ਤੇ ਦੁਨਿਆਵੀ ਬੰਧਨਾਂ ਵਿਚ ਬੰਨ੍ਹੇ ਹੋਏ ਵੀ ਆਜ਼ਾਦ ਦਿਸਦੇ ਹਨ। ਇਨ੍ਹਾਂ ਰਿਸ਼ਤਿਆਂ 'ਚ ਕੁੜੱਤਣ ਨਹੀਂ ਹੁੰਦੀ। ਧੁਰ ਅੰਦਰ ਤੱਕ ਸਮਝਣ ਅਤੇ ਮੁਆਫ਼ ਕਰਨ ਦੀ ਸਮਰੱਥਾ ਰੱਖਦੇ ਨੇ ਇਹ ਰਿਸ਼ਤੇ। ਇਸ ਤਰ੍ਹਾਂ ਦੀ ਸਾਂਝ ਨਿਭਾਉਂਦੇ ਮਨੁੱਖ ਚੁੱਪ-ਚਾਪ ਤੁਰਨਾ, ਸਹਿਣਾ ਅਤੇ ਵਿਚਰਨਾ ਜਾਣਦੇ ਹਨ। ਉਹ ਧੀਰਜਵਾਨ ਹੁੰਦੇ ਹਨ। ਸਹਿਜ-ਸਲੀਕੇ ਨਾਲ ਸੰਭਲਦੇ ਅਤੇ ਸੰਭਾਲਦੇ ਉਹ ਪਰਿਵਾਰ, ਸਮਾਜ ਅਤੇ ਮਨੁੱਖਤਾ ਲਈ ਆਪਣਾ ਫਰਜ਼ ਬਖ਼ੂਬੀ ਨਿਭਾਅ ਜਾਂਦੇ ਹਨ। ਰਿਸ਼ਤਾ ਕੋਈ ਵੀ ਹੋਵੇ ਇਸ ਨੂੰ ਜ਼ਿੰਦਾ ਅਤੇ ਕਾਇਮ ਰੱਖਣ ਲਈ ਸਭ ਤੋਂ ਜ਼ਰੂਰੀ ਗੱਲ ਹੈ ਕਿ ਨਫ਼ਰਤ ਤੇ ਈਰਖਾ ਦਾ ਇਨ੍ਹਾਂ ਉਤੇ ਪਰਛਾਵਾਂ ਨਾ ਪੈਣ ਦਿੱਤਾ ਜਾਵੇ। ਕਿਸੇ ਦੇ ਬੋਲ-ਕੁਬੋਲ ਨੂੰ ਉਸ ਦਾ ਆਪਣੇ 'ਤੇ ਹੱਕ ਸਮਝ ਕੇ ਭੁੱਲ ਜਾਓ ਅਤੇ ਉਸ ਨੂੰ ਇੱਜ਼ਤ ਤੇ ਪਿਆਰ, ਆਪਣਾ ਫਰਜ਼ ਸਮਝ ਕੇ ਕਰੋ। ਫਿਰ ਦੇਖੋ, ਦੁਨੀਆਂ ਕਿੰਨੀ ਰੰਗੀਨ ਹੈ। ਤੁਸੀਂ ਆਪਣੇ-ਆਪ ਨੂੰ ਕਿੰਨਾ ਹਲਕਾ ਮਹਿਸੂਸ ਕਰਦੇ ਹੋ?

ਆਓ! ਯਾਦ ਕਰੀਏ ਬਚਪਨ ਨੂੰ  
ਇਕੱਠੇ ਰੋਈਏ ਇਕੱਠੇ ਹੱਸੀਏ  
ਖੋਹ-ਖੋਹ ਕੇ ਖਾਧੀਆਂ ਬੁਰਕੀਆਂ ਦਾ  
ਮੁੜ ਕੇ ਸੁਆਦ ਚੱਖੀਏ  
ਇਕ ਮਾਂ, ਇਕ ਸੀ ਵਿਹੜਾ  
ਇਸ ਦੀ ਕੁਝ ਤਾਂ ਲਾਜ ਰੱਖੀਏ।

# ਮੁੰਬਈ 'ਚ ਪੰਜਾਬ ਦੀ ਬੁਲੰਦ ਆਵਾਜ਼ ਬਲਰਾਜ ਸਾਹਨੀ

ਬਲਰਾਜ ਸਾਹਨੀ 1913 ਵਿਚ ਰਾਵਲਪਿੰਡੀ ਦੇ ਖੁਸ਼ਹਾਲ ਖੱਤਰੀ ਪਰਿਵਾਰ ਵਿਚ ਜਨਮਿਆ। ਉਸ ਦਾ ਭਰਾ ਭੀਸ਼ਮ ਸਾਹਨੀ ਵੀ ਚੰਗਾ ਲੇਖਕ ਸੀ। ਰਾਵਲਪਿੰਡੀ ਦੇ ਕੋਲ਼ ਸਵਾਂਅ ਨਦੀ ਦੇ ਕਿਨਾਰਿਆਂ 'ਤੇ ਉਸ ਦੇ ਬਚਪਨ ਦੇ ਬਹੁਤ ਅਮੀਰ ਯਾਦਗਾਰੀ ਲਮ੍ਹੇ ਬੀਤੇ। ਬਲਰਾਜ ਸਾਹਨੀ ਨੇ 1930 'ਚ ਟੈਗੋਰ ਦੀ ਯੂਨੀਵਰਸਿਟੀ ਵਿਸ਼ਵ ਭਾਰਤੀ ਸ਼ਾਂਤੀ ਨਿਕੇਤਨ 'ਚ ਬਤੌਰ ਅੰਗਰੇਜ਼ੀ ਅਧਿਆਪਕ ਕੰਮ ਕੀਤਾ। ਇੱਥੇ ਉਸ ਦੇ ਲੜਕੇ ਪ੍ਰੀਕਸ਼ਤ ਸਾਹਨੀ ਦਾ ਜਨਮ ਹੋਇਆ। 1936 'ਚ ਕੁਝ ਸਮਾਂ ਮਹਾਤਮਾ ਗਾਂਧੀ ਨਾਲ਼ ਬਿਤਾਉਣ ਮਗਰੋਂ ਬੀ.ਬੀ.ਸੀ. ਲੰਦਨ ਤੋਂ ਅਨਾਊਂਸਰ ਵਜੋਂ ਸੇਵਾਵਾਂ ਦਿੱਤੀਆਂ।



ਉਨ੍ਹਾਂ 1946 ਵਿਚ ਵਾਪਸ ਭਾਰਤ ਆ ਕੇ 'ਇਨਸਾਫ' ਫ਼ਿਲਮ ਨਾਲ਼ ਕੈਰੀਅਰ ਦੀ ਸ਼ੁਰੂਆਤ ਕੀਤੀ ਤੇ 'ਧਰਤੀ ਕੇ ਲਾਲ' ਫ਼ਿਲਮ ਨਾਨ ਚਮਕਿਆ ਪਰ 1953 'ਚ ਬਿਮਲ ਰਾਏ ਦੀ ਫ਼ਿਲਮ 'ਦੋ ਬੀਘਾ ਜ਼ਮੀਨ' ਨੇ ਬਲਰਾਜ ਸਾਹਨੀ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਫ਼ਿਲਮ 'ਕਾਬਲੀਵਾਲਾ' ਉਸ ਦੀ ਉਸ ਦੌਰ ਦੀ ਹਿੱਟ ਫ਼ਿਲਮ ਸੀ। ਉਸ ਦੌਰ ਦੀਆਂ ਹਿੱਟ ਅਭਿਨੇਤਰੀਆਂ ਮੀਨਾ ਕੁਮਾਰੀ, ਵੈਜੰਤੀਮਾਲਾ, ਨੂਤਨ, ਨਰਗਿਸ ਉਸ ਨਾਲ ਕਿਰਦਾਰ ਕਰਕੇ ਖ਼ੁਸ਼ੀ ਮਹਿਸੂਸ ਕਰਦੀਆਂ। ਉਸ ਨੇ ਫ਼ਿਲਮ 'ਸੀਮਾ' (1955), 'ਭਾਬੀ ਕੀ ਚੂੜੀਆਂ' (1955), 'ਕਠਪੁਤਲੀ' (1957), 'ਲਾਜਵੰਤੀ' (1958), 'ਘਰ ਸੰਸਾਰ' (1958) ਤੋਂ ਇਲਾਵਾ ਹੋਰ ਅਨੇਕਾਂ ਫ਼ਿਲਮਾ 'ਚ ਨਾਇਕ ਵਜੋਂ ਭੂਮਿਕਾ ਨਿਭਾਈ। ਫ਼ਿਲਮ 'ਗਰਮ ਹਵਾ' 'ਚ ਉਸ ਦੀ ਭੂਮਿਕਾ ਆਪਣੀ ਚਰਮ ਸੀਮਾ 'ਤੇ ਪਹੁੰਚੀ। ਉਸ ਨੇ ਪੰਜਾਬੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' ਤੇ 'ਸਤਲੁਜ ਦੇ ਕੰਢੇ' ਵੀ ਬਣਾਈਆਂ। ਬਲਰਾਜ ਸਾਹਨੀ ਐਕਟਰ ਤੋਂ ਇਲਾਵਾ ਲੇਖਕ ਵੀ ਸੀ। ਉਸ ਨੇ 'ਮੇਰਾ ਰੂਸੀ ਸਫਰਨਾਮਾ', ਤੇ 'ਮੇਰਾ ਪਾਕਿਸਤਾਨੀ ਸਫਰਨਾਮਾ' ਲਿਖਿਆ। ਉਸ ਨੇ 1951 'ਚ ਫ਼ਿਲਮ 'ਬਾਜ਼ੀ' ਦੀ ਕਹਾਣੀ ਲਿਖੀ। ਇਸ ਫ਼ਿਲਮ ਦਾ ਹੀਰੋ ਦੇਵ ਅਨੰਦ ਸੀ ਤੇ ਡਾਇਰੈਕਟਰ ਗੁਰੂ ਦੱਤ। ਇਸ ਫ਼ਿਲਮ ਦੀ ਕਹਾਣੀ ਨੂੰ 'ਪਦਮਸ੍ਰੀ' ਐਵਾਰਡ ਮਿਲਿਆ। ਉਹ 'ਪੰਜਾਬੀ ਕਲਾ ਕੇਂਦਰ ਬੰਬਈ' ਦਾ ਫਾਊਂਡਰ ਵੀ ਸੀ। ਬਲਰਾਜ ਸਾਹਨੀ ਨੂੰ ਉਸ ਦੀ ਪਤਨੀ ਦਮਯੰਤੀ ਦੀ ਮੌਤ ਨੇ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ। ਉਸ ਦੀ ਲਾਡਲੀ ਧੀ ਸ਼ਬਨਮ ਦੇ ਆਤਮ-ਹੱਤਿਆ ਕਰ ਜਾਣ ਤੋਂ ਬਾਅਦ ਉਹ ਨਿਰਾਸ਼ ਤੇ ਉਦਾਸ ਰਹਿਣ ਲੱਗਾ। ਸਮੇਂ ਦਾ ਖਿਸਕਦਾ ਹੋਇਆ ਪੱਲੂ ਉਸ ਦਾ ਬਹੁਤ ਕੁਝ ਖੋਹ ਕੇ ਲੈ ਗਿਆ ਸੀ ਤੇ ਉਸ ਦੀ ਹਿੱਕ ਦੁਖ ਵਿਚ ਸੁਲਘਦੀ ਰਹਿੰਦੀ।

1973 ਦੀ ਇਕ ਬੇਹੱਦ ਉਦਾਸ ਸ਼ਾਮ ਸੀ। ਖਾਮੋਸ਼ ਜਿਹੀ ਵਗਦੀ ਰਾਵੀ ਨਦੀ ਦੇ ਕਿਨਾਰੇ ਨੂੰ ਸ਼ਾਇਦ ਇਲਮ ਨਹੀਂ ਸੀ ਕਿ ਬਲਰਾਜ ਸਾਹਨੀ ਦੀਆਂ ਪੈੜਾਂ ਮੁੜ ਉਸ ਦੇ ਨਸੀਬ ਵਿਚ ਨਹੀਂ ਸਨ। ਬਲਰਾਜ ਸਾਹਨੀ ਸਮੁੰਦਰ ਦੇ ਕਿਨਾਰੇ ਸੈਰ ਕਰਨ ਨਿਕਲਿਆ। ਸੂਰਜ ਢਲਦੇ ਵੇਲਿਆਂ ਦੀ ਲਾਲੀ ਬਖੇਰ ਕੇ ਦੂਰ ਸਮੁੰਦਰ 'ਚ ਲਹਿ ਰਿਹਾ ਸੀ। ਜਿਵੇਂ ਆਪਣੇ ਹੀ ਸੇਕ ਤੋਂ ਤੰਗ ਆਇਆ ਖੁਦਕੁਸ਼ੀ ਕਰ ਰਿਹਾ ਹੋਵੇ। ਬਲਰਾਜ ਸਾਹਨੀ ਨੇ ਡੁੱਬ ਰਹੇ ਸੂਰਜ ਵੱਲ ਵੇਖ ਕੇ ਗਹਿਰਾ ਹੌਕਾ ਲਿਆ ਤੇ ਜ਼ਿੰਦਗੀ ਦੇ ਸੇਕ ਦੇ ਸਮੁੰਦਰ ਵਿਚ ਲਹਿੰਦਾ ਹੋਇਆ ਸੰਸਾਰ ਤੋਂ ਚਲਾ ਗਿਆ। ਪੂਰੇ ਸੰਸਾਰ ਲਈ ਦੁੱਖ ਦੀ ਖ਼ਬਰ ਸੀ ਕਿ ਬਲਰਾਜ ਸਾਹਨੀ ਦਿਲ ਦਾ ਦੌਰਾ ਪੈਣ ਕਾਰਨ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

# ਕਿਸਮਤ ਦੀ ਧਨੀ ਸੋਨਾਕਸ਼ੀ



ਆਮਿਰ ਖਾਨ ਸਟਾਰਰ 'ਗਜਨੀ' 'ਚ ਅਸਿਨ ਨੇ ਕਮਾਲ ਦਾ ਅਸਰ ਛੱਡਿਆ ਸੀ। ਉਸ ਫ਼ਿਲਮ 'ਚ ਉਸ ਦੀ ਪੇਸ਼ਕਾਰੀ ਦੇਖਣ ਪਿੱਛੋਂ ਆਸ ਕੀਤੀ ਜਾ ਰਹੀ ਸੀ ਕਿ ਆਉਣ ਵਾਲੇ ਸਮੇਂ 'ਚ ਉਹ ਬਾਲੀਵੁੱਡ 'ਚ ਸਿਖਰ ਦੀ ਨਾਇਕਾ ਵਜੋਂ ਆਪਣਾ ਮੁਕਾਮ ਬਣਾ ਲਵੇਗੀ ਪਰ ਅੱਜ ਅਸਿਨ ਫ਼ਿਲਮਾਂ ਲਈ ਮੁਹਤਾਜ ਹੈ। ਅਸਿਨ ਵਾਂਗ ਸੋਨਾਕਸ਼ੀ ਸਿਨਹਾ ਵੀ ਬਹੁਤ ਕਿਸਮਤ ਵਾਲੀ ਰਹੀ ਕਿਉਂਕਿ ਪਹਿਲੀ ਹੀ ਫ਼ਿਲਮ 'ਚ ਉਸ ਨੂੰ ਸਲਮਾਨ ਖਾਨ ਨਾਲ ਇੰਨੀ ਜ਼ਬਰਦਸਤ ਬ੍ਰੇਕ ਮਿਲੀ ਤੇ ਉਸ ਦੇ ਕੈਰੀਅਰ ਦੀ ਪਹਿਲੀ ਫ਼ਿਲਮ 'ਦਬੰਗ' 2010 ਦੀ ਸੁਪਰਹਿੱਟ ਫ਼ਿਲਮ ਸਿੱਧ ਹੋਈ।

ਜਿਸ ਵੇਲੇ ਸੋਨਾਕਸ਼ੀ ਕੋਲ 'ਦਬੰਗ' ਦੀ ਪੇਸ਼ਕਸ਼ ਆਈ, ਉਸ ਵੇਲੇ ਉਹ ਕਾਫੀ ਨਰਵਸ ਸੀ। ਉਸ ਦੇ ਮਨ 'ਚ ਇਹ ਸ਼ੰਕਾ ਸੀ ਕਿ ਪਤਾ ਨਹੀਂ ਉਹ ਇਸ ਕਿਰਦਾਰ ਨੂੰ ਨਿਭਾਅ ਸਕੇਗੀ ਜਾਂ ਨਹੀਂ ਪਰ ਉਸ ਕੋਲ ਜੋ ਪ੍ਰਤਿਭਾ ਸੀ, ਉਸ ਦੇ ਦਮ 'ਤੇ ਉਹ ਸਫਲ ਰਹੀ। ਸਰੀਰ ਤੋਂ ਵਧੇਰੇ ਸੋਨਾਕਸ਼ੀ ਨੇ ਅੱਖਾਂ ਨਾਲ ਅਦਾਕਾਰੀ ਕੀਤੀ ਤੇ ਦਰਸ਼ਕਾਂ ਨੂੰ ਉਹ ਪਸੰਦ ਆ ਗਈ। 'ਦਬੰਗ' ਦੀ ਸਫਲਤਾ ਸੋਨਾਕਸ਼ੀ ਲਈ ਹੈਰਾਨ ਕਰ ਦੇਣ ਵਾਲੀ ਸੀ। ਇਸ ਫ਼ਿਲਮ ਦੇ ਇਸ ਤਰ੍ਹਾਂ ਹਿੱਟ ਹੋਣ ਪਿੱਛੋਂ ਅਚਾਨਕ ਸੋਨਾਕਸ਼ੀ ਦਾ ਰੁਤਬਾ ਕਾਫੀ ਵਧ ਗਿਆ ਹੈ। ਅੱਜ ਸੋਨਾਕਸ਼ੀ ਕੋਲ ਫ਼ਿਲਮਾਂ ਦੀ ਘਾਟ ਨਹੀਂ ਹੈ।

# ਛੋਟੇ ਬਜਟ ਮੋਟੀ ਕਮਾਈ

ਛੋਟੇ ਤੇ ਮੱਧ ਦਰਜੇ ਵਾਲੇ ਬਜਟ ਦੀਆਂ ਫਿਲਮਾਂ ਬਾਕਸ ਆਫਿਸ 'ਤੇ ਕਮਾਲ ਕਰ ਰਹੀਆਂ ਹਨ। ਇਨ੍ਹਾਂ ਦੀ ਕਮਾਈ 16 ਤੋਂ 40 ਕਰੋੜ ਦਰਮਿਆਨ ਹੋ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਇਸ ਗੱਲ ਵੱਲ ਇਸ਼ਾਰਾ ਹੈ ਕਿ ਲੋਕਾਂ ਦੀ ਭੁੱਖ ਮਨੋਰੰਜਨ ਦੇ ਨਾਲ ਨਾਲ ਮਿਆਰ ਦੀ ਵੀ ਹੈ।

ਕਿਰਨ ਰਾਓ ਦੀ ਪੰਜ ਕਰੋੜ ਰੁਪਏ ਦੇ ਬਜਟ ਵਾਲੀ ਪਹਿਲੀ 'ਧੋਬੀ ਘਾਟ' ਨੇ 16 ਕਰੋੜ ਰੁਪਏ ਦੀ ਕਮਾਈ ਕੀਤੀ ਜਦਕਿ ਰੋਮਾਂਟਿਕ ਕਾਮੇਡੀ ਫਿਲਮ 'ਤਨੂ ਵੈਡਜ਼ ਮਨੂ' ਨੇ 16 ਕਰੋੜ ਰੁਪਏ ਖਰਚ ਕੇ 40 ਕਰੋੜ ਰੁਪਏ ਕਮਾਏ। ਰਾਜਕੁਮਾਰ ਗੁਪਤਾ ਦੀ ਅਸਲ ਜ਼ਿੰਦਗੀ 'ਤੇ ਆਧਾਰਤ ਫਿਲਮ 'ਨੋ ਵਨ ਕਿਲਡ ਜੈਸਿਕਾ' ਨੇ ਖਿੜਕੀ 'ਤੇ 28 ਕਰੋੜ ਰੁਪਏ ਦੀ ਕਮਾਈ ਕੀਤੀ ਜਦਕਿ ਇਸ ਨੂੰ ਬਣਾਉਣ 'ਤੇ 9 ਕਰੋੜ ਰੁਪਏ ਲੱਗੇ ਸਨ। ਪਿਛਲੇ ਸਾਲ ਵੀ ਛੋਟੇ ਤੇ ਮੱਧ ਦਰਜੇ ਦੇ ਬਜਟ ਵਾਲੀਆਂ 'ਉਡਾਨ' ਤੇ 'ਪੀਪਲੀ ਲਾਈਵ' ਵਰਗੀਆਂ ਫਿਲਮਾਂ ਨੇ ਕਾਫੀ ਧੂਮ ਪਾਈ।



*ਤਨੂ ਵੈਡਜ਼ ਮਨੂ 'ਚ ਕੰਗਨਾ ਰਣੌਤ*

ਯੂ.ਟੀ.ਵੀ. ਮੋਸ਼ਨ ਪਿਕਚਰਜ਼ ਦੇ ਸੀ.ਈ.ਓ. ਸਿਧਾਰਥ ਕਪੂਰ ਦਾ ਮੰਨਣਾ ਹੈ ਕਿ ਛੋਟੇ ਬਜਟ ਵਾਲੀਆਂ ਫਿਲਮਾਂ ਦੀ ਸਫਲਤਾ ਤੋਂ ਪਤਾ ਲਗਦਾ ਹੈ ਕਿ ਦਰਸ਼ਕ ਮਨੋਰੰਜਨ ਦੇ ਨਾਲ-ਨਾਲ ਮਿਆਰ ਵੀ ਚਾਹੁੰਦੇ ਹਨ। ਜੇਕਰ ਦਰਸ਼ਕਾਂ ਨੂੰ ਦਿਲਚਸਪ ਢੰਗ ਨਾਲ ਚੰਗੀਆਂ ਗੱਲਾਂ ਪਰੋਸੀਆਂ ਜਾਣ ਤਾਂ ਉਹ ਇਸ ਦਾ ਜ਼ਿਆਦਾ ਲੁਤਫ਼ ਲੈਂਦੇ ਹਨ। ਜੇਕਰ ਇਨ੍ਹਾਂ ਫਿਲਮਾਂ ਵਿਚ ਵੱਡੇ ਕਲਾਕਾਰ ਨਾ ਵੀ ਹੋਣ ਤਾਂ ਵੀ ਲੋਕ ਇਨ੍ਹਾਂ ਦੇ ਵਿਸ਼ਾ-ਵਸਤੂ ਨੂੰ ਪਸੰਦ ਕਰਦੇ ਹਨ। ਸਾਲ ਦੇ ਪਹਿਲੇ ਅੱਧ ਵਿਚ 'ਯਮਲਾ ਪਗਲਾ ਦੀਵਾਨਾ' ਤੇ 'ਸਾਤ ਖ਼ੂਨ ਮਾਫ਼' ਵਰਗੀਆਂ ਫਿਲਮਾਂ ਰਿਲੀਜ਼ ਹੋਈਆਂ। ਧਰਮਿੰਦਰ ਤੇ ਉਨ੍ਹਾਂ ਦੇ ਪੁੱਤਰਾਂ ਸੰਨੀ ਤੇ ਬੌਬੀ ਦਿਓਲ ਨੇ ਜਿਥੇ ਕਾਮੇਡੀ ਦਾ ਚੰਗਾ ਤੜਕਾ ਲਾਇਆ, ਉਥੇ 'ਸਾਤ ਖ਼ੂਨ ਮਾਫ਼' ਲਈ ਵਿਸ਼ਾਲ ਭਾਰਦਵਾਜ ਨੂੰ ਵੀ ਚੰਗਾ ਹੁੰਗਾਰਾ ਮਿਲਿਆ। ਇਸੇ ਦੌਰਾਨ ਵੱਡੇ ਬਜਟ ਵਾਲੀਆਂ ਤੇ ਜ਼ੋਰ-ਸ਼ੋਰ ਨਾਲ ਪ੍ਰਚਾਰੀਆਂ ਗਈਆਂ 'ਪਟਿਆਲਾ ਹਾਊਸ' ਤੇ 'ਗੇਮ' ਵਰਗੀਆਂ ਫਿਲਮਾਂ ਕੋਈ ਖਾਸ ਲਾਭ ਨਾ ਦੇ ਸਕੀਆਂ।

ਸ੍ਰੀ ਕਪੂਰ ਨੇ ਕਿਹਾ ਕਿ ਦਰਸ਼ਕ ਵੱਡੇ ਬਜਟ ਦੀਆਂ ਫਿਲਮਾਂ ਨਾਲੋਂ ਚੰਗੀਆਂ ਤੇ ਛੋਟੇ ਬਜਟ ਵਾਲੀਆਂ ਫਿਲਮਾਂ ਦੇਖਣਾ ਪਸੰਦ ਕਰਦੇ ਹਨ। 'ਨੋ ਵਨ ਕਿਲਡ ਜੈਸਿਕਾ' ਵਿਚ ਵਿਦਿਆ ਬਾਲਨ ਤੇ ਰਾਣੀ ਮੁਖਰਜੀ ਦੀ ਅਦਾਕਾਰੀ ਕਾਫੀ ਪਸੰਦ ਕੀਤੀ ਗਈ। ਇਹ ਫ਼ਿਲਮ ਸਾਬਕਾ ਮੰਤਰੀ ਵਿਨੋਦ ਸ਼ਰਮਾ ਦੇ ਲੜਕੇ ਮਨੂ ਸ਼ਰਮਾ ਵੱਲੋਂ 1999 ਵਿਚ ਮਾਡਲ ਜੈਸਿਕਾ ਲਾਲ ਦੇ ਕਥਿਤ ਕਤਲ 'ਤੇ ਆਧਾਰਤ ਸੀ। ਵਿਦਿਆ ਬਾਲਨ ਦੀ ਸਾਦਗੀ ਨੇ ਜਿਥੇ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ, ਉਥੇ ਰਾਣੀ ਵੱਲੋਂ ਕੱਢੀਆਂ ਗਾਲ੍ਹਾਂ ਨੇ ਭਾਵੇਂ ਕਈਆਂ ਨੂੰ ਨਾਰਾਜ਼ ਕੀਤਾ ਪਰ ਉਸ ਦੀ ਸਾਹਸੀ ਪੱਤਰਕਾਰ ਦੀ ਭੂਮਿਕਾ ਨੂੰ ਕਾਫੀ ਪਸੰਦ ਕੀਤਾ ਗਿਆ।

# ਪਰਵਾਸ ਦੀ ਹਕੀਕਤ 'ਦੇਸੀ ਮੁੰਡੇ'



ਪੰਜਾਬੀ ਸਿਨੇਮਾ ਹੁਣ ਮਨਰੋਜੰਨ ਦੇ ਨਾਲ-ਨਾਲ ਸਮਾਜ ਦੀਆਂ ਉਨ੍ਹਾਂ ਸਮੱਸਿਆਵਾਂ ਤੇ ਕੁਰੀਤੀਆਂ ਨੂੰ ਵੀ ਪਰਦੇ 'ਤੇ ਪੇਸ਼ ਕਰਨ ਦਾ ਯਤਨ ਕਰਨ ਲੱਗਾ ਹੈ ਜਿਨ੍ਹਾਂ 'ਤੇ ਸੰਵਾਦ ਰਚਾਉਣਾ ਸਮੇਂ ਦੀ ਮੰਗ ਬਣ ਚੁੱਕੀ ਹੈ। ਪੰਜਾਬੀ ਫਿਲਮ 'ਦੇਸੀ ਮੁੰਡੇ' ਜ਼ਰੀਏ ਵੀ ਪੰਜਾਬ ਦੀ ਜਵਾਨੀ ਨੂੰ ਰਾਹ ਤੋਂ ਭਟਕਾ ਰਹੀ ਅਜਿਹੀ ਹੀ ਸਮੱਸਿਆ 'ਤੇ ਝਾਤ ਪਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਵੀ.ਆਈ.ਪੀ.ਜੀ. ਫਿਲਮਜ਼ (ਯੂ.ਐਸ.ਏ) ਦੀ ਪੇਸ਼ਕਸ਼ ਤੇ ਪੁਰੇਵਾਲ ਫਿਲਮਜ਼ ਇੰਟਰਨੈਸ਼ਨਲ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦੀ ਸ਼ੂਟਿੰਗ ਇੰਨ੍ਹੀ ਦਿਨੀਂ ਪੰਜਾਬ ਦੀਆਂ ਵੱਖ-ਵੱਖ ਖ਼ੂਬਸੂਰਤ ਥਾਂਵਾਂ 'ਤੇ ਕੀਤੀ ਜਾ ਰਹੀ ਹੈ।

ਨਿਰਮਾਤਾ ਪੀ.ਐਸ. ਪੁਰੇਵਾਲ ਤੇ ਗੁਰਜੀਤ ਕੌਰ ਹੀਰ ਦੀ ਇਸ ਫਿਲਮ ਦੇ ਨਿਰਦੇਸ਼ਕ ਚਰਚਿਤ ਫਿਲਮਸਾਜ਼ ਮਨਦੀਪ ਬੈਨੀਪਾਲ ਹਨ। ਇਸ ਫਿਲਮ ਜ਼ਰੀਏ ਜਿੱਥੇ ਪੰਜਾਬੀ ਗਾਇਕ ਬਲਕਾਰ ਸਿੱਧੂ ਬਤੌਰ ਨਾਇਕ ਫਿਲਮੀ ਪਰਦੇ 'ਤੇ ਪੇਸ਼ ਹੋ ਰਿਹਾ ਹੈ, ਉਥੇ ਬਾਲੀਵੁੱਡ ਦੇ ਕਈ ਚਰਚਿਤ ਸਿਤਾਰੇ ਵੀ ਪਹਿਲੀ ਵਾਰ ਪੰਜਾਬੀ ਫਿਲਮ 'ਚ ਅਦਾਕਾਰੀ ਕਰ ਰਹੇ ਹਨ। ਬਲਕਾਰ ਸਿੱਧੂ ਦੇ ਨਾਲ ਅਦਾਕਾਰ ਤੇ ਮਾਡਲ ਬੰਟੀ ਗਰੇਵਾਲ ਤੇ ਗੁਰਲੀਨ ਚੋਪੜਾ ਮੁੱਖ ਭੂਮਿਕਾ ਨਿਭਾ ਰਹੇ ਹਨ। ਇਸ ਤੋਂ ਇਲਾਵਾ ਗੁਰਲੀਨ ਰੰਧਾਵਾ, ਪ੍ਰਕਿਸ਼ਤ ਸਾਹਨੀ, ਰਜ਼ਾ ਮੁਰਾਦ, ਦਲਜੀਤ ਕੌਰ, ਭੋਟੂ ਸ਼ਾਹ, ਕਹਾਣੀਕਾਰ ਵਰਿਆਮ ਸੰਧੂ ਦਾ ਬੇਟਾ ਸੁਪਨ ਸੰਧੂ, ਰਜ਼ੀਆ ਸੁਖਬੀਰ, ਰੁਪਿੰਦਰ ਰੂਪੀ, ਸਤਵੰਤ ਕੌਰ ਵੀ ਇਸ ਫਿਲਮ 'ਚ ਕੰਮ ਕਰ ਰਹੇ ਹਨ।

ਨਿਰਮਾਤਾ ਪੀ.ਐਸ. ਪੁਰੇਵਾਲ ਤੇ ਨਿਰਦੇਸ਼ਕ ਮਨਦੀਪ ਬੈਨੀਪਾਲ ਅਨੁਸਾਰ ਇਸ ਫਿਲਮ ਦੀ ਕਹਾਣੀ ਬਲਵਿੰਦਰ ਸਿੰਘ ਹੀਰ ਤੇ ਸੰਵਾਦ ਬੀ.ਬੀ. ਵਰਮਾ ਨੇ ਲਿਖੇ ਹਨ। ਇਹ ਫਿਲਮ ਉਨ੍ਹਾਂ ਨੌਜਵਾਨਾਂ 'ਤੇ ਆਧਾਰਤ ਹੈ ਜੋ ਵਿਦੇਸ਼ ਜਾਣ ਦਾ ਸੁਪਨਾ ਰੱਖਦੇ ਹਨ। ਅਖੌਤੀ ਏਜੰਟਾਂ ਦੇ ਧੱਕੇ ਚੜ੍ਹ ਕੇ ਐਸੇ ਨੌਜਵਾਨ ਜਿੱਥੇ ਖੁਦ ਮਾੜੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਂਦੇ ਹਨ, ਉਥੇ ਆਪਣੇ ਪਰਿਵਾਰ 'ਚ ਵੀ ਇਕ ਅਜੀਬ ਕਿਸਮ ਦਾ ਤਣਾਅ ਪੈਦਾ ਕਰ ਦਿੰਦੇ ਹਨ। ਕਾਮੇਡੀ, ਭਾਵੁਕਤਾ ਤੇ ਐਕਸ਼ਨ ਭਰਪੂਰ ਇਹ ਇਕ ਸੰਵੇਦਨਸ਼ੀਲ ਪਰਿਵਾਰਕ ਫਿਲਮ ਹੈ।

ਪੰਜਾਬੀ ਸਿਨੇਮਾ ਦੀ ਸਦਾਬਹਾਰਾ ਅਦਾਕਾਰਾ ਦਲਜੀਤ ਕੌਰ ਇਸ ਫਿਲਮ 'ਚ ਇਕ ਵਿਧਵਾ ਦਾ ਕਿਰਦਾਰ ਨਿਭਾ ਰਹੀ ਹੈ ਜੋ ਕਿਸੇ ਬਿਮਾਰੀ ਤੋਂ ਪੀੜਤ ਹੈ ਤੇ ਆਪਣੇ ਦੋ ਪੁੱਤਰਾਂ ਦੇ ਸਹਾਰੇ ਜ਼ਿੰਦਗੀ ਕੱਟ ਰਹੀ ਹੈ। ਉਸ ਦਾ ਇਕ ਪੁੱਤਰ ਵਿਦੇਸ਼ ਜਾਣ ਦਾ ਇਛੁੱਕ ਹੈ। ਉਸ ਦਾ ਇਹ ਕਿਰਦਾਰ ਪੰਜਾਬ ਦੀਆਂ ਉਨ੍ਹਾਂ ਹਜ਼ਾਰਾਂ ਮਾਂਵਾਂ ਦੀ ਬਾਤ ਪਾਵੇਗਾ ਜੋ ਆਪਣੇ ਪੁੱਤ ਨੂੰ ਕਲੇਜੇ ਨਾਲ ਲਾ ਕੇ ਰੱਖਣਾ ਚਾਹੁੰਦੀਆਂ ਹਨ ਪਰ ਆਖਰ 'ਚ ਪੁੱਤਾਂ ਦੀ ਇੱਛਾ ਅੱਗੇ ਝੁਕ ਜਾਂਦੀਆਂ ਹਨ। ਬਲਕਾਰ ਸਿੱਧੂ ਇਕ ਐਸੇ ਨੌਜਵਾਨ ਦੀ ਭੂਮਿਕਾ ਨਿਭਾ ਰਿਹਾ ਹੈ ਜੋ ਆਪਣੇ ਭਰਾ ਤੇ ਵਿਧਵਾ ਮਾਂ ਨੂੰ ਛੱਡ ਕੇ ਵਿਦੇਸ਼ ਜਾਣ ਦੀ ਮਨਸ਼ਾ ਰੱਖਦਾ ਹੈ। ਸੰਗੀਤ ਸੰਤੋਸ਼ ਕਟਾਰੀਆ ਦਾ ਹੈ ਤੇ ਗੀਤ ਨਿਰਮਲ ਪੁਰੇਵਾਲ ਤੇ ਰਾਜ ਕਾਕੜਾ ਨੇ ਲਿਖੇ ਹਨ। ਇਹ ਫਿਲਮ ਸਤੰਬਰ ਤੱਕ ਰਿਲੀਜ਼ ਹੋ ਜਾਵੇਗੀ।


Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਏ ਦਸਤ॥

# ਗੁਰਦੁਆਰਾ ਗੁਰੂ ਨਾਨਕ ਮਿਸ਼ਨ ਬੇਕਰਸਫੀਲਡ ਵਿਖੇ

# ਕੀਰਤਨ ਸਮਾਗਮ

## 7 ਮਈ 2011 ਸਨੀਵਾਰ ਅਤੇ 8 ਮਈ ਐਤਵਾਰ 2011

ਬੇਕਰਸਫੀਲਡ ਦੀਆਂ ਸਮੂਹ ਸੰਗਤਾਂ ਲਈ ਖੁਸ਼ੀ ਦੀ ਗੱਲ ਹੈ ਕਿ ਪੰਥ ਦੇ ਮਹਾਨ ਵਿਦਵਾਨ ਅਤੇ ਕੀਰਤਨੀਏ, ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਖਾਲਸਾ (ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਹੇਠ ਲਿੱਖੇ ਪ੍ਰੋਗਰਾਮ ਅਨੁਸਾਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਦੀ ਸੇਵਾ ਕਰਨਗੇ। ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਅਦੁਤੀ ਕੀਰਤਨ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਨ ਦੀ ਕਿਰਪਾਲਤਾ ਕਰੋ ਅਤੇ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ।

## ਕੀ ਕੋਈ ਸੱਚ ਨੂੰ ਜਾਣਦਾ ਹੈ ?

ਸਿੱਖ ਕੋਮ ਦੇ ਜਖੇਦਾਰਾਂ ਵਲੋਂ ਪ੍ਰੋ: ਦਰਸ਼ਨ ਸਿੰਘ ਜੀ ਬਾਰੇ ਪਾਏ ਬਰਮ ਭੁਲੇਖੇ ਅਤੇ ਵਾਦ ਵਿਵਾਦ ਦੀ ਅਸਲੀਅਤ ਤੋਂ ਕੀ ਕੋਈ ਜਾਣੂ ਹੈ? ਜੇ ਨਹੀਂ ਤਾਂ ਹੇਠ ਲਿਖੇ ਸਵਾਲਾਂ ਉੱਤੇ ਵੀਚਾਰ ਕੋਰ ਜੀ।

੧. ਕੀ ਕੋਈ ਜਾਣਦਾ ਹੈ ਕਿ ਇਹ ਪੰਥਕ ਮਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਗੱਦੀ ਦਿਵਸ ਸਮੇਂ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ੁਰੂ ਹੋਇਆ ਸੀ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬਚਿਤ੍ਰ ਨਾਟਕ (ਦਸਮ ਗ੍ਰੰਥ) ਦਾ ਪ੍ਰਕਾਸ਼ ਕੀਤਾ ਜਾਂਦਾ ਹੈ?
੨. ਕੀ ਕੋਈ ਇਸ ਸੱਚ ਤੋਂ ਜਾਣੂ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ, ਕਿਸੇ ਹੋਰ ਗ੍ਰੰਥ ਨੂੰ ਨਹੀਂ?
੩. ਕੀ ਕੋਈ ਜਾਣਦਾ ਹੈ ਕਿ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਜਾ ਪੁਸਤਕ ਦਾ ਪ੍ਰਕਾਸ਼ ਕਰਨ ਤੋਂ ਮਨਾਹੀ ਕੀਤੀ ਹੋਈ ਹੈ?
੪. ਕੀ ਕੋਈ ਜਾਣਦਾ ਹੈ ਕਿ ਅਖੌਤੀ ਦਸਮ ਗ੍ਰੰਥ ਵਿੱਚ ਸਾਰੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਹੈ ਜਿਵੇਂ ਚਰਿਤ੍ਰੋ ਪਖਯਾਨ ਆਦਿ?
੫. ਕੀ ਕੋਈ ਜਾਣੂੰ ਹੈ ਕਿ ਸ੍ਰੀ ਅਕਾਲ ਤਖਤ ਸਹਿਬ ਦੇ ਫ਼ੈਸਲੇ ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੇ ਪੱਤਰ ਨੰ: ੩੬੬੭੨ ਮਿਤਿ: ੦੩-੦੯-੧੯੭੩ ਅਨੁਸਾਰ ਚਰਿਤ੍ਰੋ ਪਖਯਾਨ ਦੀ ਅਸ਼ਲੀਲ ਰਚਨਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਹਿਬ ਜੀ ਦੀ ਰਚਨਾ ਨਹੀ ਮੰਨਿਆ ਗਿਆ?
੬. ਕੀ ਕੋਈ ਜਾਣਦਾ ਹੈ ਕਿ ਗੁਰਦੁਆਰਾ ਰੋਚੈਸਟਰ ਨਿਊਯਾਰਕ ਵਿਖੇ ਪ੍ਰੋ: ਦਰਸ਼ਨ ਸਿੰਘ ਜੀ ਨੇ ਆਪਣੇ ਕੀਰਤਨ ਪ੍ਰੋਗਰਾਮ ਰਾਹੀਂ ਇੱਕ ਬਹੁਤ ਹੀ ਘਟੀਆ ਮਨ ਘੜਤ ਕਹਾਣੀ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੋੜੀ ਗਈ ਹੈ ਨੂੰ ਗਲਤ ਅਤੇ ਝੂਠੀ ਦੱਸਿਆ, ਅਤੇ ਕਿਹਾ ਹੈ ਕਿ ਮੇਰਾ ਸਤਿਗੁਰੂ ਐਸਾ ਨਹੀ ਹੋ ਸਕਦਾ। ਪਰ ਗੁਰਚਰਨਜੀਤ ਸਿੰਘ ਲਾਂਬਾ ਨੇ ਇਸ ਅਸਲੀਅਤ ਨੂੰ ਤਰੋੜ ਮਰੋੜ ਕੇ ਆਪਣੇ T.V. Channel (ਜੱਸ ਪੰਜਾਬੀ) ਰਾਂਹੀ ਭੰਡੀ ਪ੍ਰਚਾਰ ਕਰਕੇ ਸੰਗਤਾ ਨੂੰ ਭੜਕਾਇਆ ਅਤੇ ਗੁਮਰਾਹ ਕਰਣ ਦਾ ਯਤਨ ਕੀਤਾ ? ਕਿ ਕਿਸੇ ਨੇ ਇਸ ਕੀਰਤਨ ਪ੍ਰੋਗਰਾਮ ਦੀ ਸਾਰੀ ਟੇਪ ਆਪ ਦੇਖੀ ਤੇ ਸੁਣੀ ਹੈ?
੭. ਕੀ ਇਸ ਸੱਚਾਈ ਨੂੰ ਜਾਨਣ ਲਈ ਕੌਮ ਦੇ ਜਥੇਦਾਰਾਂ ਨੇ ਗੁਰਦੁਆਰਾ ਰੋਚੈਸਟਰ ਨਿਊਯਾਰਕ ਦੀ ਪ੍ਰੰਬਧਕ ਕਮੇਟੀ ਜਾ ਉਥੋਂ ਦੀ ਸਿੱਖ ਸੰਗਤ ਪਾਸੋਂ ਪੁੱਛ ਗਿੱਛ ਕਰਕੇ ਅਸਲੀਅਤ ਤੋਂ ਜਾਣੂ ਹੋਣ ਦੀ ਕੋਸ਼ਿਸ ਕੀਤੀ ? ਨਹੀ !!!!!!
੮. ਕੀ ਕੋਈ ਜਾਣਦਾ ਹੈ ਕਿ ਕੌਮ ਦੇ ਜਥੇਦਾਰਾਂ ਨੇ ਕਿਸੇ ਸਿਆਸੀ ਪ੍ਰਭਾਵ ਥੱਲੇ ਬਿਨਾ ਸੋਚੇ ਸਮਝੇ ਪ੍ਰੋ: ਦਰਸ਼ਨ ਸਿੰਘ ਜੀ ਤੋਂ ਕੋਈ ਸਪੱਸ਼ਟੀਕਰਣ ਲਏ ਬਗੈਰ ਹੀ "ਗੁਰੂ ਨਿੰਦਕ" ਹੋਣ ਦਾ ਫਤਵਾ ਦਿੱਤਾ ਹੈ ?
੯. ਕੀ ਕੋਈ ਜਾਣਦਾ ਹੈ ਕਿ ਪ੍ਰੋ ਦਰਸ਼ਨ ਸਿੰਘ ਜੀ ਨੂੰ ਸਿੱਖ ਪੰਥ ਤੋਂ ਛੇਕਣ ਸਮੇ ਪੰਜਾਂ ਜਥੇਦਾਰਾ ਵਿੱਚ ਆਪਸੀ ਏਕਤਾ ਨਹੀਂ ਸੀ ਅਤੇ ਫੈਸਲਾ ਸਰਬਸੰਮਤੀ ਨਾਲ ਨਹੀ ਕੀਤਾ ਗਿਆ ? ਜਿਸ ਨੂੰ ਪ੍ਰਵਾਣ ਨਹੀ ਕੀਤਾ ਜਾ ਸਕਦਾ ।
੧੦. ਕੀ ਕੋਈ ਜਾਣਦਾ ਹੈ ਕਿ ਕੌਮ ਦੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਤ ਮਰਿਯਾਦਾ ਨੂੰ ਆਪ ਨਹੀਂ ਮੰਨਦੇ, ਸਗੋਂ ਉਲੰਘਣਾ ਕਰ ਰਹੇ ਹਨ ਅਤੇ ਸਿੱਖ ਕੌਮ ਅਵੇਸਲੀ ਹੋ ਕੇ ਸੁਤੀ ਪਈ ਹੈ?



ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ

## ਖਾਲਸਾ ਜੀ ਲੋੜ ਹੈ ਜਾਗਣ ਦੀ ਅਤੇ ਆਪਣੇ ਫ਼ਰਜ਼ ਨੂੰ ਪਛਾਣ ਕੇ ਸੱਚ ਤੇ ਪਹਿਰਾ ਦੇਣ ਦੀ ॥

ਵੱਲੋਂ:- ਅਵਾਜ਼ ਪੰਜਾਬ ਦੀ

ਹੋਰ ਜਾਣਕਾਰੀ ਅਤੇ ਆਪਣੇ ਵੀਚਾਰ ਭੇਜਣ ਲਈ ਸੰਪਰਕ ਕਰੋ: www.AwazPunjabDi@Gmail.com

### ਪ੍ਰੋਗਰਾਮ

**7 ਮਈ ਦਿਨ ਸ਼ਨੀਵਾਰ ਸ਼ਾਮ**

6:00 ਤੋਂ 6:30 - ਪਾਠ ਸੋਦਰ
6:30 ਤੋਂ 9:00 - ਕੀਰਤਨ ਅਤੇ ਵੀਚਾਰਾਂ

**8 ਮਈ ਦਿਨ ਐਤਵਾਰ ਸਵੇਰੇ**

9:00 ਤੋਂ 10:30 - ਪਾਠ ਸ੍ਰੀ ਸੁਖਮਨੀ ਸਾਹਿਬ ਜੀ
10:30 ਤੋਂ 1:00 - ਕੀਰਤਨ ਅਤੇ ਵੀਚਾਰਾਂ

**Address: 8601 So. H Street, Bakersfield, CA. (661-827-9716)**

ਹੋਰ ਜਾਣਕਾਰੀ ਲਈ: 661-827-9716 - 661-703-5618